ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 153| 11 Dec. to 17 Dec., 2024 | Ph.: (510) 240-5949 | Email: asrtimes@gmail.com

# ਸ਼੍ਰੋਮਣੀ ਕਮੇਟੀ ਵੱਲੋਂ ਭਾਈ ਚੌੜਾ ਨੂੰ ਪੰਥ ’ਚੋਂ ਛੇਕਣ ਦੀ ਮੰਗ ਕਿੰਨੀ ਕੁ ਉਚਿਤ ?



## ਬਾਦਲ ਦਲ ਦੇ ਆਈ.ਟੀ. ਵਿੰਗ ਨੇ ਸ਼ੋਸ਼ਲ ਮੀਡੀਆ ’ਤੇ ਚਲਾਈ ਮੁਹਿੰਮ

### ਬਾਦਲ ਦਲ ਸੁਖਬੀਰ ’ਤੇ ਹੋਏ ਹਮਲੇ ਨੂੰ ਆਪਣੀ ਸਿਆਸੀ ਹੋਂਦ ਉਸਾਰਨ ਲਈ ਵਰਤਣ ਲੱਗਿਆ

ਪ੍ਰੋ. ਬਲਵਿੰਦਰ ਪਾਲ ਸਿੰਘ
9815700916

ਬਾਦਲ ਅਕਾਲੀ ਦਲ ਸੁਖਬੀਰ ਸਿੰਘ ਬਾਦਲ ਉੱਪਰ ਦਰਬਾਰ ਸਾਹਿਬ ਦੇ ਬਾਹਰ ਚੋਬਦਾਰੀ ਦੀ ਸੇਵਾ ਨਿਭਾਉਣ ਦੌਰਾਨ ਭਾਈ ਨਰਾਇਣ ਸਿੰਘ ਵੱਲੋਂ ਕੀਤੇ ਹਮਲੇ ਨੂੰ ਸਿਆਸੀ ਵਰਦਾਨ ਵਜੋਂ ਦੇਖਣ ਲੱਗਿਆ ਹੈ ਤੇ ਇਸ ਹਮਲੇ ਨੂੰ ਆਪਣੀ ਖਤਮ ਹੋਈ ਸਿਆਸੀ ਹੋਂਦ ਨੂੰ ਚਮਕਾਉਣ ਲਈ ਵਰਤਣ ਲੱਗਿਆ ਹੈ। ਇਸ ਮੁਹਿੰਮ ਵਿੱਚ ਬਾਦਲ ਅਕਾਲੀ ਦਲ ਨੇ ਆਪਣੀ ਸਿਆਸੀ ਮੁਹਿੰਮ ਵਿੱਚ ਸ਼੍ਰੋਮਣੀ ਕਮੇਟੀ ਤੇ ਆਈ.ਟੀ. ਵਿੰਗ ਨੂੰ ਸਰਗਰਮ ਕਰ ਦਿੱਤਾ ਹੈ।

ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ’ਤੇ ਹੋਏ ਹਮਲੇ ਨੂੰ ਲੈ ਕੇ ਪਾਰਟੀ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਬੀਤੇ ਦਿਨੀਂ ਪੁਲਿਸ ਮੁਖੀ ਗੌਰਵ ਯਾਦਵ ਨੂੰ ਪੱਤਰ ਲਿਖਿਆ ਸੀ, ਜਿਸ ਵਿੱਚ ਉਨ੍ਹਾਂ ਨੇ ਡੀ.ਜੀ.ਪੀ. ਨੂੰ ਸੁਖਬੀਰ ’ਤੇ ਹੋਏ ਕਾਤਲਾਨਾ ਹਮਲੇ ਦੀ ਜਾਂਚ ਡੀ.ਆਈ.ਜੀ. ਗੁਰਪ੍ਰੀਤ ਸਿੰਘ ਭੁੱਲਰ ਤੋਂ ਵਾਪਸ ਲੈਣ ਅਤੇ ਇਸ ਦੀ ਜਾਂਚ ਖ਼ੁਦ ਕਰਨ ਜਾਂ ਫ਼ਿਰ ਡੀ.ਜੀ.ਪੀ. ਪ੍ਰਬੋਧ ਕੁਮਾਰ ਨੂੰ ਜਾਂਚ ਦੇ ਹੁਕਮ ਦੇਣ ਦੀ ਗੱਲ ਕੀਤੀ ਸੀ। ਪੱਤਰ ਵਿੱਚ ਮਜੀਠੀਆ ਨੇ ਕਿਹਾ ਸੀ ਕਿ ਪ੍ਰਬੋਧ ਕੁਮਾਰ ਨੇ ਵਰਦੀ ਪ੍ਰਤੀ ਆਪਣੀ ਵਫ਼ਾਦਾਰੀ ਸਾਬਤ ਕੀਤੀ ਹੈ ਅਤੇ ਸਾਬਤ ਕਰ ਦਿਖਾਇਆ ਹੈ ਕਿ ਉਹ ਲਾਰੈਂਸ ਬਿਸ਼ਨੋਈ ਇੰਟਰਵਿਊ ਕੇਸ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਸੌਂਪੀ ਆਪਣੀ ਰਿਪੋਰਟ ਵਿੱਚ ਸਾਬਤ ਕੀਤੇ ਸੱਚ ਦੇ ਨਾਲ ਖੜ੍ਹੇ



ਹੋ ਸਕਦੇ ਹਨ। ਮਜੀਠੀਆ ਨੇ ਐਫ.ਆਈ.ਆਰ. ਦਰਜ ਕਰਨ ਅਤੇ ਐਸ.ਪੀ. ਹਰਪਾਲ ਸਿੰਘ ਰੰਧਾਵਾ ਨੂੰ ਗ੍ਰਿਫ਼ਤਾਰ ਕਰਨ ਅਤੇ ਕਤਲ ਦੀ ਕੋਸ਼ਿਸ਼ ਤਹਿਤ ਉਸ ਦੀ ਭੂਮਿਕਾ ਅਤੇ ਲਾਪਰਵਾਹੀ ਦੀ ਡੂੰਘਾਈ ਨਾਲ ਜਾਂਚ ਕਰਨ ਦੀ ਮੰਗ ਵੀ ਕੀਤੀ ਸੀ।

ਇਸ ਮਸਲੇ ਨੂੰ ਲੈ ਕੇ ਅਕਾਲੀ ਦਲ ਦੇ ਆਗੂਆਂ ਵੱਲੋਂ ਭਾਈ ਨਰਾਇਣ ਸਿੰਘ ਚੌੜਾ ਦੀ ਪੱਗ ਉਤਾਰੇ ਜਾਣ ’ਤੇ ਵੀ ਵਿਵਾਦ ਖੜ੍ਹਾ ਹੋ ਗਿਆ ਸੀ। ਦਲ ਖ਼ਾਲਸਾ ਨੇ ਇਸ ਸਬੰਧੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਿਕਾਇਤ ਵੀ ਕੀਤੀ ਸੀ। ਦਰਅਸਲ ਸੁਖਬੀਰ ਬਾਦਲ ’ਤੇ ਫ਼ਾਇਰਿੰਗ ਕਰਨ ਤੋਂ ਬਾਅਦ ਨਰਾਇਣ ਸਿੰਘ ਚੌੜਾ ਨੂੰ ਪੁਲਿਸ ਹਿਰਾਸਤ ਦੌਰਾਨ ਅਕਾਲੀ ਦਲ ਦੇ ਸਮਰਥਕਾਂ ਨੇ ਪੁਲਿਸ ਦੀ ਭੀੜ ਵਿਚਕਾਰ ਜਾ ਕੇ ਨਰਾਇਣ ਸਿੰਘ ਚੌੜਾ ਦੀ ਪੱਗ ਲਾਹ ਕੇ ਹੇਠਾਂ ਸੁੱਟ ਦਿੱਤੀ ਸੀ।

ਜਦੋਂਕਿ ਅਕਾਲੀ ਦਲ ਨੇ ਇਸ ਨੂੰ ਗੋਲੀਬਾਰੀ ਦੀ ਘਟਨਾ ਤੋਂ ਬਾਅਦ ਪ੍ਰਤੀਕਰਮ ਕਰਾਰ ਦਿੰਦਿਆਂ ਕਿਹਾ ਸੀ ਕਿ ਇਸ ਨੂੰ ਮੁੱਦਾ ਨਾ ਬਣਾਇਆ ਜਾਵੇ।

ਦੂਜੇ ਪਾਸੇ ਭਾਜਪਾ ਆਗੂ ਤੇ ਕੇਂਦਰੀ ਮੰਤਰੀ ਰਵਨੀਤ ਬਿੱਟੂ ਨੇ ਨਰਾਇਣ ਸਿੰਘ ਚੌੜਾ ਬਾਰੇ ਵਿਅੰਗ ਰੂਪ ਵਿੱਚ ਟਿਪਣੀ ਕਰਦਿਆਂ ਕਿਹਾ ਸੀ ਕਿ ਭਾਈ ਚੌੜਾ ਨੇ ਜੋ ਕਦਮ ਵੀ ਚੁੱਕਿਆ ਹੈ ਉਹ ਭਾਵਨਾਵਾਂ ਵਿੱਚ ਆ ਕੇ ਚੁੱਕਿਆ ਹੈ। ਇਸ ਲਈ ਅਕਾਲੀ ਦਲ ਨੂੰ ਭਾਈ ਚੌੜਾ ਨੂੰ ਸਨਮਾਨਿਤ ਕਰਨਾ ਚਾਹੀਦਾ ਹੈ ਜਿਸ ਤਰ੍ਹਾਂ ਉਹ ਬਾਕੀ ਹਮਲਾਵਰਾਂ ਨੂੰ ਸਨਮਾਨਿਤ ਕਰਦੇ ਹਨ।

ਬਿਟੂ ਦੇ ਬਿਆਨ ਦੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਬਿਕਰਮਜੀਤ ਸਿੰਘ ਮਜੀਠੀਆ ਤੇ ਬਲਵਿੰਦਰ ਸਿੰਘ ਭੂੰਦੜ ਨੇ ਨਿਖੇਧੀ ਵੀ ਕੀਤੀ ਸੀ।

ਹੁਣੇ ਜਿਹੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਗੁਰੂ ਪੰਥ ਦੀ ਥਾਂ ਬਾਦਲ ਪਰਿਵਾਰ ਦੇ ਪ੍ਰਭਾਵ ਅਧੀਨ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਦੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਅਕਾਲ ਤਖ਼ਤ ਦੇ ਜਥੇਦਾਰ ਤੋਂ ਮੰਗ ਕਰਦਿਆਂ ਕਿਹਾ ਸੀ ਕਿ ਸੁਖਬੀਰ ਸਿੰਘ ਬਾਦਲ ’ਤੇ ਹਮਲਾ ਕਰਨ ਵਾਲੇ ਨਰਾਇਣ ਸਿੰਘ ਚੌੜਾ ਨੂੰ ਪੰਥ ਵਿਚੋਂ ਛੇਕਿਆ ਜਾਵੇ। (ਬਾਕੀ ਸਫ਼ਾ 30 ’ਤੇ)

## ਬਹਿਬਲ ਗੋਲੀ ਕਾਂਡ ਦੇ ਪੀੜਤ ਪਰਿਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਤੋਂ ਅਸਤੁੰਸ਼ਟ

### ਕਿਹਾ ਕਿ ਜਥੇਦਾਰਾਂ ਨੇ ਸਾਡਾ ਪੱਖ ਕਿਉਂ ਨਹੀਂ ਸੁਣਿਆ ?



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਰਹੇ ਸੁਖਬੀਰ ਸਿੰਘ ਬਾਦਲ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ’ਤੇ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਵਿੱਚ ਧਾਰਮਿਕ ਸਜ਼ਾ ਭੁਗਤੀ ਜਾ ਰਹੀ ਹੈ। ਪਰ ਸਾਲ 2015 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਬਹਿਬਲ ਕਲਾਂ ਗੋਲੀ ਕਾਂਡ ਵਿੱਚ ਮਾਰੇ ਗਏ ਸਿੱਖ ਪ੍ਰਦਰਸ਼ਨਕਾਰੀਆਂ ਦੇ ਪਰਿਵਾਰਾਂ ਦੇ ਜ਼ਖਮ ਮੁੜ ਹਰੇ ਹੋ ਗਏ ਹਨ ਤੇ ਉਹ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਤੋਂ ਸੰਤੁਸ਼ਟ ਨਹੀਂ ਹਨ। ਯਾਦ ਰਹੇ ਕਿ 14 ਅਕਤੂਬਰ 2015 ਨੂੰ ਪੰਜਾਬ ਪੁਲਿਸ ਵੱਲੋਂ ਜ਼ਿਲ੍ਹਾ ਫ਼ਰੀਦਕੋਟ ਅਧੀਨ ਪੈਂਦੇ ਪਿੰਡ ਬਹਿਬਲ ਕਲਾਂ ਨੇੜੇ ਸਿੱਖ ਪ੍ਰਦਰਸ਼ਨਕਾਰੀਆਂ ਉੱਪਰ ਗੋਲੀ ਚਲਾ ਦਿੱਤੀ ਗਈ ਸੀ, ਜਿਸ ਵਿੱਚ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਬਿੱਟੂ ਦੀ ਮੌਤ ਹੋ ਗਈ ਸੀ। ਉਸ ਵੇਲੇ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਲੋਕ ਬਠਿੰਡਾ-ਕੋਟਕਪੁਰਾ ਮੁੱਖ ਮਾਰਗ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ‘ਇਨਸਾਫ਼’ ਲੈਣ ਲਈ ਪ੍ਰਦਰਸ਼ਨ ਕਰ ਰਹੇ ਸਨ। ਕ੍ਰਿਸ਼ਨ ਭਗਵਾਨ ਸਿੰਘ ਜ਼ਿਲ੍ਹਾ ਫ਼ਰੀਦਕੋਟ ਅਧੀਨ ਪੈਂਦੇ ਪਿੰਡ ਬਹਿਬਲ ਖੁਰਦ ਨਿਆਮੀਵਾਲਾ ਅਤੇ ਗੁਰਜੀਤ ਸਿੰਘ ਬਿੱਟੂ ਜ਼ਿਲ੍ਹਾ ਫ਼ਰੀਦਕੋਟ ਦੇ ਹੀ ਪਿੰਡ ਸਰਾਵਾਂ ਦੇ ਵਸਨੀਕ ਸਨ ਹੁਣ ਜਿਵੇਂ ਹੀ ਉਸ ਵੇਲੇ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਅਕਾਲ ਤਖਤ ਸਾਹਿਬ ਉੱਪਰ ਪੇਸ਼ ਹੋ ਕੇ ਆਪਣੇ ਗੁਨਾਹਾਂ ਦਾ ਕਬੂਲਨਾਮਾ ਕੀਤਾ ਤਾਂ ਬਹਿਬਲ ਕਲਾਂ ਗੋਲੀਕਾਂਡ ਦੇ ਪੀੜਤ ਪਰਿਵਾਰ ਆਪਣੀ ਗੱਲ ਰੱਖਣ ਲਈ ਸਾਹਮਣੇ ਆ ਗਏ। ਗੋਲੀ ਕਾਂਡ ਵਿੱਚ ਸ਼ਹੀਦ ਹੋਏ ਗੁਰਜੀਤ ਸਿੰਘ ਬਿੱਟੂ ਦੇ ਪਿਤਾ ਸਾਧੂ ਸਿੰਘ ਮਠਾੜੂ ਦਾ ਤਰਕ ਹੈ ਕਿ ਸੁਖਬੀਰ ਸਿੰਘ ਬਾਦਲ ਨੂੰ ਧਾਰਮਿਕ ਸਜ਼ਾ ਸੁਣਾਏ ਜਾਣ ਤੋਂ ਪਹਿਲਾਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਦੂਜੇ ਸਿੰਘ ਸਾਹਿਬਾਨਾਂ ਵੱਲੋਂ ਪੀੜਤ ਪਰਿਵਾਰਾਂ (ਬਾਕੀ ਸਫ਼ਾ 30 ’ਤੇ)

## ਭਾਈ ਚੌੜਾ ਦੇ ਹੱਕ ’ਚ ਡਟੇ ਦਲ ਖ਼ਾਲਸਾ ਤੇ ਅਕਾਲੀ ਦਲ ਅੰਮ੍ਰਿਤਸਰ

### ਚੌੜਾ ਨੂੰ ਪੰਥ ’ਚੋਂ ਛੇਕਣ ਦੀ ਮੰਗ ਦਾ ਦਲ ਖ਼ਾਲਸਾ ਤੇ ਮਾਨ ਵੱਲੋਂ ਸਖ਼ਤ ਵਿਰੋਧ
### ਕਿਹਾ- ਅੰਤ੍ਰਿੰਗ ਕਮੇਟੀ ਦੀ ਅਪੀਲ ਸਿੱਖ ਪੰਥ ਵਿੱਚ ਵੰਡੀ ਪਾਉਣ ਵਾਲੀ

ਜਲੰਧਰ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ’ਤੇ ਹਮਲਾ ਕਰਨ ਵਾਲੇ ਨਰਾਇਣ ਸਿੰਘ ਚੌੜਾ ਨੂੰ ਪੰਥ ਵਿਚੋਂ ਛੇਕੇ ਜਾਣ ਬਾਰੇ ਐੱਸ.ਜੀ.ਪੀ.ਸੀ. ਦੀ ਅੰਤ੍ਰਿੰਗ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਨੂੰ ਮਿਲ ਕੇ ਕੀਤੀ ਗਈ ਮੰਗ ਦਾ ਦਲ ਖ਼ਾਲਸਾ ਤੇ ਅਕਾਲੀ ਦਲ ਅੰਮ੍ਰਿਤਸਰ ਨੇ ਸਖ਼ਤ ਵਿਰੋਧ ਕੀਤਾ ਹੈ।





ਦਲ ਖ਼ਾਲਸਾ ਦੇ ਕੰਵਰਪਾਲ ਸਿੰਘ ਨੇ ਕਿਹਾ ਕਿ ਸਿੱਖ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਅਕਾਲੀ ਦਲ ਦੇ ਆਦੇਸ਼ਾਂ ’ਤੇ ਐੱਸ.ਜੀ.ਪੀ.ਸੀ. ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਐੱਸ.ਜੀ.ਪੀ.ਸੀ. ਦੀ ਅੰਤ੍ਰਿੰਗ ਕਮੇਟੀ ਵੱਲੋਂ ਗਲਤ ਪਿਰਤ ਪਾਈ ਜਾ ਰਹੀ ਹੈ ਅਤੇ ਉਨ੍ਹਾਂ ਵੱਲੋਂ ਇਹ ਗੱਲ ਕੌਮ ਦੇ ਅੰਦਰ ਵੰਡੀਆਂ ਨੂੰ ਹੋਰ ਗਹਿਰਾ ਕਰੇਗੀ ਤੇ ਆਪਸੀ ਖਾਨਾਜੰਗੀ ਦਾ ਮਾਹੌਲ ਸਿਰਜੇਗੀ। ਖ਼ਾਲਸਾ ਨੇ ਕਿਹਾ ਕਿ ਐੱਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਘਟਨਾ ਬਾਰੇ ਗਲਤ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਕੀਤੀ ਹੈ। ਉਹ ਕਹਿ ਰਹੇ ਹਨ ਕਿ ਭਾਈ ਨਰਾਇਣ ਸਿੰਘ ਚੌੜਾ ਨੇ ਦਰਬਾਰ ਸਾਹਿਬ ’ਤੇ ਗੋਲੀ ਚਲਾਈ ਹੈ, ਜੋ ਬੇਬੁਨਿਆਦ ਤੇ ਨਿਰਾਧਾਰ ਹੈ। ਉਨ੍ਹਾਂ ਕਿਹਾ ਕਿ ਭਾਈ ਚੌੜਾ ਨੇ ਦਰਬਾਰ ਸਾਹਿਬ ’ਤੇ ਨਹੀਂ, ਸਜ਼ਾ ਭੁਗਤ ਰਹੇ ਵਿਅਕਤੀ ’ਤੇ ਹਮਲਾ ਕੀਤਾ ਹੈ। ਨਰਾਇਣ ਸਿੰਘ ਚੌੜਾ ਪੜ੍ਹੇ-ਲਿਖੇ, ਸੂਝਵਾਨ ਤੇ ਦ੍ਰਿੜ੍ਹ ਇਰਾਦੇ ਦੇ ਵਿਅਕਤੀ ਹਨ ਅਤੇ ਉਨ੍ਹਾਂ ਵੱਲੋਂ ਕੀਤਾ ਗਿਆ ਹਮਲਾ ਸਿੱਖ ਕੌਮ ਦਾ ਬਾਦਲਾਂ ਪ੍ਰਤੀ ਰੋਹ ਦਾ ਪ੍ਰਗਟਾਵਾ ਹੈ।

ਖ਼ਾਲਸਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਾਰੇ ਘਟਨਾਕ੍ਰਮ ਨੂੰ ਨਵਾਂ ਮੋੜ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਸਿੱਖ ਲਹਿਰ ਵੇਲੇ ਵੀ ਅਕਾਲੀ ਆਗੂਆਂ ’ਤੇ ਬਹੁਤ ਸਾਰੇ ਹਮਲੇ ਹੋਏ ਹਨ। 25 ਅਪ੍ਰੈਲ 1983 ਵਿੱਚ ਆਈ.ਪੀ.ਐੱਸ. ਅਵਤਾਰ ਸਿੰਘ ਅਟਵਾਲ ’ਤੇ ਵੀ ਇਸੇ ਜਗ੍ਹਾ ਹਮਲਾ ਹੋਇਆ ਸੀ। ਕਦੇ ਵੀ ਇਹ ਮੰਗ ਨਹੀਂ ਉੱਠੀ ਕਿ ਹਮਲਾ ਕਰਨ ਵਾਲਿਆਂ ਨੂੰ ਪੰਥ ਵਿਚੋਂ ਛੇਕਿਆ ਜਾਵੇ। ਉਨ੍ਹਾਂ ਕਿਹਾ ਕਿ ਭਾਈ ਨਰਾਇਣ ਸਿੰਘ ਚੌੜਾ ਨੂੰ ਪੰਥ ਵਿਚੋਂ ਛੇਕਣ ਦੀ ਮੰਗ ਕਰਨ ਦੀ ਤਾਂ ਡੇਰਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਮਾਫ਼ੀ ਦੇਣ ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆ ਘਟਨਾਵਾਂ ਕਬੂਲਣ ਲਈ ਸੁਖਬੀਰ ਸਿੰਘ ਬਾਦਲ ਤੇ ਸਾਥੀਆ ਨੂੰ ਪੰਥ ਵਿੱਚ ਛੇਕਿਆ ਜਾਣਾ ਚਾਹੀਦਾ ਹੈ।

(ਬਾਕੀ ਸਫ਼ਾ 30 ’ਤੇ)

## ਮਜੀਠੀਆ ਨੇ ਪੇਸ਼ ਕੀਤੇ ਨਵੇਂ ਸਬੂਤ, ਪੁਲਿਸ ਦੀ ਥਿਊਰੀ ’ਤੇ ਚੁੱਕੇ ਸਵਾਲ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ’ਤੇ ਪਿਛਲੇ ਦਿਨੀਂ ਹੋਏ ਹਮਲੇ ਵਿੱਚ ਪੁਲਿਸ ਦੀ ਜਾਂਚ ਤੋਂ ਨਾਖੁਸ਼ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਸਾਰੇ ਤੱਥਾਂ ਤੇ ਸਬੂਤਾਂ ਨੂੰ ਘੋਖਣ ਬਾਅਦ ਉਹ ਹਾਈ ਕੋਰਟ ਵਿੱਚ ਮਾਮਲੇ ਦੀ ਜਾਂਚ ਲਈ ਰਿੱਟ ਪਟੀਸ਼ਨ ਜਾਂਚ ਕਰਨਗੇ। ਉਨ੍ਹਾਂ ਕਿਹਾ ਕਿ ਪੁਲਿਸ ਨੇ ਅਧੂਰੀ ਤੇ ਦੋਸ਼ੀ ਨੂੰ ਫ਼ਾਇਦਾ ਪਹੁੰਚਾਉਣ ਵਾਲੀ ਐੱਫ.ਆਈ.ਆਰ .ਦਰਜ ਕੀਤੀ ਹੈ। ਮਜੀਠੀਆ ਨੇ ਸੀ.ਸੀ.ਟੀ.ਵੀ. ਵੀਡਿਓ ਦਿਖਾਉਂਦਿਆਂ ਕਿਹਾ ਕਿ ਪੁਲਿਸ ਨੂੰ ਇਹ ਸਪਸ਼ਟ ਕਰਨਾ ਚਾਹੀਦਾ ਹੈ ਕਿ ਹਮਲਾਵਰ ਨਰਾਇਣ ਸਿੰਘ ਚੌੜਾ ਦੇ ਨਾਲ ਖ਼ਾਲਿਸਤਾਨ ਕਮਾਂਡੋ ਫ਼ੋਰਸ (ਕੇ. ਸੀ. ਐੱਫ.) ਦਾ ਖਾੜਕੂ ਧਰਮ ਸਿੰਘ ਅਤੇ ਇੱਕ ਹੋਰ ਅਣਪਛਾਤਾ ਵਿਅਕਤੀ ਸੀ। ਮਜੀਠੀਆ ਨੇ ਕਿਹਾ ਕਿ (ਬਾਕੀ ਸਫ਼ਾ 30 ’ਤੇ)

# ਕੈਨੇਡੀਅਨ ਸੰਸਦ ਨੇ 1984 ਦੀ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਐਲਾਨਣ ਦੇ ਪ੍ਰਸਤਾਵ ਨੂੰ ਕੀਤਾ ਰੱਦ

## ਚੰਦਰ ਆਰੀਆ ਵਰਗੇ ਸਾਂਸਦਾਂ ਦੇ ਵਿਰੋਧ ਕਾਰਨ ਮਤਾ ਹੋਇਆ ਫ਼ੇਲ੍ਹ

## ਜਗਮੀਤ ਸਿੰਘ ਨੇ ਕਿਹਾ ਕਿ ਨਸਲਵਾਦੀ ਅਤੇ ਉਦਾਰਵਾਦੀ ਬਣੇ ਅੜਿੱਕਾ







ਕੈਨੇਡਾ ਦੀ ਨਿਊ ਡੈਮੋਕਰੇਟਿਕ ਪਾਰਟੀ (ਐਨ.ਡੀ.ਪੀ.) ਨੇ ਬੀਤੇ ਦਿਨੀਂ ਨਵੰਬਰ 1984 ਦੇ ਸਿੱਖਾਂ ਵਿਰੁੱਧ ਹਿੰਸਾ ਨੂੰ ਨਸਲਕੁਸ਼ੀ ਵਜੋਂ ਮਾਨਤਾ ਦੇਣ ਲਈ ਮਤਾ ਪੇਸ਼ ਕੀਤਾ। ਹਾਲਾਂਕਿ, ਚੰਦਰ ਆਰੀਆ ਵਰਗੇ ਸੰਸਦ ਮੈਂਬਰਾਂ ਦੇ ਸਖ਼ਤ ਵਿਰੋਧ ਕਾਰਨ ਮਤਾ ਪਾਸ ਕਰਨ ਵਿੱਚ ਅਸਫ਼ਲ ਰਿਹਾ, ਜਿਨ੍ਹਾਂ ਨੇ ਦਾਅਵਾ ਕੀਤਾ ਕਿ ਇਹ ਕੋਸ਼ਿਸ਼ ਸਿਆਸੀ ਤੌਰ ’ਤੇ ਸ਼ਕਤੀਸ਼ਾਲੀ ਖ਼ਾਲਿਸਤਾਨੀ ਲਾਬੀ ਦੁਆਰਾ ਚਲਾਈ ਗਈ ਸੀ।

ਐੱਨ.ਡੀ.ਪੀ. ਦੇ ਸੰਸਦ ਮੈਂਬਰ ਸੁੱਖ ਧਾਲੀਵਾਲ ਨੇ ਹਾਊਸ ਆਫ਼ ਕਾਮਨਜ਼ ਦੀ ਵਿਦੇਸ਼ ਮਾਮਲਿਆਂ ਅਤੇ ਕੌਮਾਂਤਰੀ ਵਿਕਾਸ ਬਾਰੇ ਸਥਾਈ ਕਮੇਟੀ ਦੇ ਸਾਹਮਣੇ ਇਹ ਮਤਾ ਪੇਸ਼ ਕੀਤਾ ਸੀ।

ਇਸ ਕਦਮ ਦਾ ਵਿਰੋਧ ਕਰਨ ਵਾਲੇ ਚੰਦਰ ਆਰੀਆ ਨੇ ਕਿਹਾ ਸੀ ਕਿ ਉਹ ਇਕੱਲੇ ਸੰਸਦ ਮੈਂਬਰ ਸਨ ਜਿਨ੍ਹਾਂ ਨੇ ਇਸ ਮਤੇ ਦਾ ਵਿਰੋਧ ਕਰਦਿਆਂ ਇਸ ਦੇ ਪਾਸ ਹੋਣ ਨੂੰ ਰੋਕਿਆ ਸੀ। ਯਾਦ ਰਹੇ ਕਿ ਆਰੀਆ ਭਗਵੇਂ ਫ਼ਿਰਕੂਵਾਦ ਨੂੰ ਕੈਨੇਡਾ ਵਿੱਚ ਪਸਾਰ ਰਹੇ ਹਨ ਤੇ ਸਿੱਖ ਹੱਕਾਂ ਦੇ ਵਿਰੋਧ ਵਿੱਚ ਖੜਦੇ ਹਨ। ਐਕਸ ਨੂੰ ਲੈ ਕੇ, ਆਰੀਆ ਨੇ ਕਿਹਾ ਸੀ ਕਿ ਅੱਜ, ਸਰੀ-ਨਿਊਟਨ ਤੋਂ ਸੰਸਦ ਮੈਂਬਰ ਨੇ ਭਾਰਤ ਵਿੱਚ 1984 ਦੇ ਸਿੱਖਾਂ ਵਿਰੁੱਧ ਹੋਈ ਹਿੰਸਾ ਨੂੰ ਨਸਲਕੁਸ਼ੀ ਕਰਾਰ ਦੇਣ ਦੀ ਕੋਸ਼ਿਸ਼ ਕੀਤੀ। ਉਸਨੇ ਹਾਊਸ ਆਫ਼ ਕਾਮਨਜ਼ ਦੇ ਸਾਰੇ ਮੈਂਬਰਾਂ ਤੋਂ ਇਸ ਨੂੰ ਪਾਸ ਕਰਨ ਲਈ ਸਰਬਸੰਮਤੀ ਨਾਲ ਸਹਿਮਤੀ ਮੰਗੀ। ਮਤੇ ’ਤੇ ਨਾਂਹ ਕਹਿਣ ਵਾਲਾ ਮੈਂ ਹੀ ਸਦਨ ਵਿੱਚ ਮੌਜੂਦ ਸੀ ਅਤੇ ਮੇਰਾ ਇਕ ਇਤਰਾਜ਼ ਇਸ ਮਤੇ ਨੂੰ ਮਨਜ਼ੂਰੀ ਦੇਣ ਤੋਂ ਰੋਕਣ ਲਈ ਕਾਫ਼ੀ ਸੀ ।ਸੰਸਦ ਮੈਂਬਰ ਨੇ ਦੋਸ਼ ਲਾਇਆ ਕਿ ਇਸ ਕਦਮ ਦਾ ਵਿਰੋਧ ਕਰਨ ’ਤੇ ਉਸ ਨੂੰ ਸੰਸਦ ਦੇ ਬਾਹਰ ਧਮਕੀਆਂ ਦਿੱਤੀਆਂ ਗਈਆਂ ਸਨ। ਆਰੀਆ ਨੇ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਉਸ ਨੂੰ ਅਜਿਹੇ ਸਟੈਂਡ ਲੈਣ ਲਈ ਖ਼ਾਲਿਸਤਾਨੀ ਪੱਖੀਆਂ ਵੱਲੋਂ ਨਿਸ਼ਾਨਾ ਬਣਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਸੰਸਦ ਦੇ ਅੰਦਰ ਅਤੇ ਬਾਹਰ, ਮੈਨੂੰ ਹਿੰਦੂ-ਕੈਨੇਡੀਅਨਾਂ ਦੀਆਂ ਚਿੰਤਾਵਾਂ ਨੂੰ ਖੁੱਲ੍ਹ ਕੇ ਅਤੇ ਜਨਤਕ ਤੌਰ ’ਤੇ ਆਵਾਜ਼ ਉਠਾਉਣ ਤੋਂ ਰੋਕਣ ਲਈ ਕਈ ਕੋਸ਼ਿਸ਼ਾਂ ਹੋਈਆਂ ਹਨ। ਜਦੋਂ ਕਿ ਮੈਨੂੰ ਅੱਜ ਇਸ ਵੰਡਣ ਵਾਲੇ ਏਜੰਡੇ ਨੂੰ ਕਾਮਯਾਬ ਹੋਣ ਤੋਂ ਰੋਕਣ ’ਤੇ ਮਾਣ ਹੈ। ਅਗਲੀ ਵਾਰ, ਅਸੀਂ ਇੰਨੇ ਕਿਸਮਤ ਵਾਲੇ ਨਹੀਂ ਹੋ ਸਕਦੇ।

ਸਿਆਸੀ ਤੌਰ ’ਤੇ ਤਾਕਤਵਰ ਖ਼ਾਲਿਸਤਾਨੀ ਲਾਬੀ ਬਿਨਾਂ ਸ਼ੱਕ 1984 ਦੀ ਹਿੰਸਾ ਨੂੰ ਨਸਲਕੁਸ਼ੀ ਵਜੋਂ ਲੇਬਲ ਕਰਨ ਲਈ ਸੰਸਦ ’ਤੇ ਦਬਾਅ ਪਾਉਣ ਲਈ ਦੁਬਾਰਾ ਕੋਸ਼ਿਸ਼ ਕਰੇਗੀ। ਇਸ ਗੱਲ ਦੀ ਕੋਈ ਗਾਰੰਟੀ ਨਹੀਂ ਹੈ ਕਿ ਅਗਲੀ ਵਾਰ ਜਦੋਂ ਕੋਈ ਹੋਰ ਮੈਂਬਰ, ਕਿਸੇ ਵੀ ਸਿਆਸੀ ਪਾਰਟੀ ਰਾਹੀਂ ਲਿਆਉਣ ਦੀ ਕੋਸ਼ਿਸ਼ ਕਰੇਗਾ ਤਾਂ ਮੈਂ ਸਦਨ ਵਿੱਚ ਇਸ ਨੂੰ ਰੋਕਣ ਲਈ ਹੋਵਾਂਗਾ। ਇਸ ਦੌਰਾਨ, ਨਿਊ ਡੈਮੋਕ੍ਰੇਟਿਕ ਪਾਰਟੀ (ਐਨ.ਡੀ.ਪੀ.) ਦੇ ਆਗੂ ਜਗਮੀਤ ਸਿੰਘ, ਜਿਸ ਨੇ ਅਕਸਰ 1984 ਦੇ ਸਿੱਖ ਵਿਰੋਧੀ ਹਿੰਸਾ ਲਈ ਸੰਸਦ ਵਿੱਚ ਮਾਨਤਾ ਦੀ ਮੰਗ ਕੀਤੀ ਹੈ, ਨੇ ਕਿਹਾ ਕਿ ਉਦਾਰਵਾਦੀਆਂ ਅਤੇ ਰੂੜ੍ਹੀਵਾਦੀਆਂ ਨੇ ‘ਸਿੱਖ ਨਸਲਕੁਸ਼ੀ ਨੂੰ ਮਾਨਤਾ ਦੇਣ ਦੇ ਪ੍ਰਸਤਾਵ ਨੂੰ ਰੋਕਣ ਲਈ ਮਿਲ ਕੇ ਕੰਮ ਕੀਤਾ’। ਉਨ੍ਹਾਂ ਨੇ ਨਸਲਵਾਦੀ ਅਤੇ ਉਦਾਰਵਾਦੀਆਂ ’ਤੇ ਕੈਨੇਡਾ ਵਿੱਚ ਰਹਿੰਦੇ ਸਿੱਖ ਭਾਈਚਾਰੇ ਨੂੰ ਇਨਸਾਫ਼ ਦਿਵਾਉਣ ਵਿੱਚ ਅੜਿੱਕਾ ਬਣਨ ਦਾ ਦੋਸ਼ ਲਾਇਆ। ਕਿਹਾ ਕਿ ਉਨ੍ਹਾਂ ਨੇ ਨਿਆਂ ਤੋਂ ਮੂੰਹ ਮੋੜ ਲਿਆ ਹੈ ।ਮਤਾ ਪੇਸ਼ ਕਰਨ ਵਾਲੇ ਸੁੱਖ ਧਾਲੀਵਾਲ ਨੇ ਸਦਨ ਦੀ ਮਨਜ਼ੂਰੀ ਨਾ ਮਿਲਣ ’ਤੇ ਨਿਰਾਸ਼ਾ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਅੱਜ, ਮੈਂ 1984 ਦੌਰਾਨ ਅਤੇ ਬਾਅਦ ਵਿੱਚ ਭਾਰਤ ਵਿੱਚ ਸਿੱਖਾਂ ਵਿਰੁੱਧ ਕੀਤੇ ਗਏ ਅਪਰਾਧਾਂ ਨੂੰ ਨਸਲਕੁਸ਼ੀ ਵਜੋਂ ਮਾਨਤਾ ਦੇਣ ਲਈ ਸੰਸਦ ਵਿੱਚ ਸਰਬਸੰਮਤੀ ਨਾਲ ਸਹਿਮਤੀ ਮਤਾ ਪੇਸ਼ ਕੀਤਾ ਸੀ। ਅਫ਼ਸੋਸ ਦੀ ਗੱਲ ਹੈ ਕਿ ਕੁਝ ਕੰਜ਼ਰਵੇਟਿਵ ਸੰਸਦ ਮੈਂਬਰਾਂ ਅਤੇ ਇੱਕ ਲਿਬਰਲ ਸੰਸਦ ਮੈਂਬਰ ਨੇ ਇਸਦਾ ਵਿਰੋਧ ਕੀਤਾ ਸੀ।

ਐਨ.ਡੀ.ਪੀ. ਦੇ ਆਗੂ ਜਗਮੀਤ ਸਿੰਘ ਨੇ ਲਗਾਤਾਰ 1984 ਦੇ ਸਿੱਖ ਹਿੰਸਾ ਨੂੰ ਨਸਲਕੁਸ਼ੀ ਵਜੋਂ ਮਾਨਤਾ ਦੇਣ ਦੀ ਵਕਾਲਤ ਕੀਤੀ ਹੈ। ਇਸ ਸਾਲ ਦੇ ਸ਼ੁਰੂ ਵਿੱਚ, ਜਗਮੀਤ ਸਿੰਘ ਅਤੇ ਐਨ.ਡੀ.ਪੀ. ਨੇ ਇਸ ਮਸਲੇ ਨੂੰ ਲੈ ਕੇ ਆਪਣੀ ਵਚਨਬੱਧਤਾ ’ਤੇ ਜ਼ੋਰ ਦਿੰਦੇ ਹੋਏ ਸਿੱਖ ਕਤਲੇਆਮ 40 ਸਾਲਾਂ ਦੀ ਬਰਸੀ ’ਤੇ, ਇੱਕ ਮੁਹਿੰਮ ਸ਼ੁਰੂ ਕੀਤੀ ਸੀ ਕਿ ਉਹ ਕੈਨੇਡੀਅਨ ਪਾਰਲੀਮੈਂਟ ਵਿੱਚ 1984 ਦੀ ਸਿੱਖ ਨਸਲਕੁਸ਼ੀ ਨੂੰ ਅਧਿਕਾਰਤ ਤੌਰ ’ਤੇ ਮਾਨਤਾ ਦਿਵਾਉਣ ਲਈ ਜ਼ੋਰ ਦੇਣਗੇ। ਸਿੰਘ ਨੇ ਅਪ੍ਰੈਲ ਵਿੱਚ ਸਰੀ, ਬ੍ਰਿਟਿਸ਼ ਕੋਲੰਬੀਆ ਵਿੱਚ ਵਿਸਾਖੀ ਪਰੇਡ ਦੌਰਾਨ ਇਸ ਰੁਖ ਨੂੰ ਦੁਹਰਾਇਆ, ਜਿੱਥੇ ਉਸਨੇ ਟਿੱਪਣੀ ਕੀਤੀ ਸੀ ਕਿ ਇਸ ਸਾਲ ਸਿੱਖ ਨਸਲਕੁਸ਼ੀ ਦੀ 40ਵੀਂ ਵਰ੍ਹੇਗੰਢ ਹੈ ਅਤੇ ਇਸਨੂੰ ਰਸਮੀ ਤੌਰ ’ਤੇ ਸੰਘੀ ਪੱਧਰ ’ਤੇ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ।

(ਬਾਕੀ ਸਫ਼ਾ 30 ’ਤੇ)

# ਪਰਵਾਸ ਕਾਰਨ ਡੂੰਘੇ ਸੰਕਟ ’ਚ ਕਿਉਂ ਫ਼ਸੇ ਪੰਜਾਬੀ ਵਿਦਿਆਰਥੀ ?

## ਵਿਦੇਸ਼ਾਂ ’ਚ ਸਖ਼ਤ ਨਿਯਮਾਂ ਕਾਰਨ ਪੰਜਾਬ ਤੋਂ ਪਰਵਾਸ ਘਟਣ ਲੱਗਿਆ

## 90 ਫ਼ੀਸਦੀ ਆਈਲੈਟਸ ਸੈਂਟਰ ਹੋਏ ਬੰਦ



ਵਿਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਪੰਜਾਬ ਦੇ ਪੜ੍ਹਨ ਗਏ ਮੁੰਡੇ-ਕੁੜੀਆਂ ਨੂੰ ਵਾਪਸ ਭੇਜਣ ਦੀਆਂ ਸੋਸ਼ਲ ਮੀਡੀਆ ’ਤੇ ਫ਼ੈਲੀਆਂ ਅਫ਼ਵਾਹਾਂ ਨੇ ਆਈਲੈੱਟਸ ਸੈਂਟਰਾਂ ਨੂੰ ਪੱਕੇ ਤੌਰ ’ਤੇ ਬਹੁਤੇ ਥਾਈਂ ਤਾਲੇ ਲਗਵਾ ਦਿੱਤੇ ਹਨ। ਕੋਈ ਸਮਾਂ ਸੀ ਕਿ ਇਸ ਦੌੜ ਨੇ ਪੰਜਾਬ ਦੇ ਵੱਡੇ-ਵੱਡੇ ਡਿਗਰੀ ਕਾਲਜਾਂ ਸਣੇ ਹੋਰ ਉੱਚ ਤਾਲੀਮ ਵਿੱਦਿਆ ਦੇਣ ਵਾਲੇ ਕਾਲਜਾਂ ਨੂੰ ਬੰਦ ਹੋਣ ਦੀ ਕਗਾਰ ’ਤੇ ਲੈ ਆਂਦਾ ਸੀ। ਕਿਉਂਕਿ ਉਸ ਸਮੇਂ ਕੋਈ ਵੀ ਵਿਦਿਆਰਥੀ 12ਵੀਂ ਕਲਾਸ ਤੋਂ ਅੱਗੇ ਕਾਲਜਾਂ ਵਿੱਚ ਦਾਖ਼ਲਾ ਨਹੀਂ ਲੈ ਰਿਹਾ ਸੀ, ਬਲਕਿ 10ਵੀਂ ਜਾਂ 12ਵੀਂ ਪਾਸ ਕਰਦਿਆਂ ਹੀ ਆਈਲੈੱਟਸ ਸੈਂਟਰਾਂ ’ਚ ਜਾ ਵੜਦੇ ਸਨ। ਉੱਥੇ ਕੁਝ ਮਹੀਨਿਆਂ ਵਿੱਚ ਹੀ ਆਪਣੇ ਆਈਲੈੱਟਸ ਟੈਸਟ ਨੂੰ ਪਾਸ ਕਰ ਕੇ ਅਗਲੇਰੀ ਪੜ੍ਹਾਈ ਲਈ ਵਿਦੇਸ਼ ਵੱਲ ਕੂਚ ਕਰ ਜਾਂਦੇ ਸਨ। ਹੁਣ ਵਿਦੇਸ਼ੀ ਸਰਕਾਰ ਵੱਲੋਂ ਇਨ੍ਹਾਂ ਵਿਦਿਆਰਥੀਆਂ ਨੂੰ ਲੱਖਾਂ ਦੀ ਤਦਾਦ ਵਿੱਚ ਵਾਪਸ ਭੇਜਣ ਦੀਆਂ ਖਬਰਾਂ ਮੀਡੀਆ ਵਿੱਚ ਆ ਰਹੀਆਂ ਨੇ, ਜਿਸ ਕਰਕੇ ਮੁੜ ਪੰਜਾਬ ਦੀ ਜਵਾਨੀ ਨੇ 12ਵੀਂ ਜਮਾਤ ਤੋਂ ਅੱਗੇ ਪੜ੍ਹਨ ਲਈ ਸੂਬੇ ਦੇ ਕਾਲਜਾਂ ਵਲ ਰੁਖ ਕੀਤਾ ਹੈ ਤੇ ਆਈਲੈੱਟਸ ਸੈਂਟਰਾਂ ਦੇ ਬੂਹੇ ਵਿਦਿਆਰਥੀਆਂ ਦੀ ਘਾਟ ਕਾਰਨ ਬੰਦ ਹੋਣ ਲੱਗੇ ਹਨ। ਕਾਲਜਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਫ਼ਿਰ ਵਧਣ ਲੱਗੀ ਹੈ।

ਥੋੜ੍ਹਾ ਸਮਾਂ ਪਹਿਲਾਂ ਹੀ ਬਰਨਾਲਾ ਬੱਸ ਸਟੈਂਡ ਦੀ ਪਿਛਲੀ ਸਾਈਡ 16 ਏਕੜ ਦੀ ਮਾਰਕੀਟ ਤੇ ਬਠਿੰਡਾ ਦਾ ਅਜੀਤ ਰੋਡ ਆਈਲੈੱਟਸ ਸੈਂਟਰਾਂ ਦਾ ਗੜ੍ਹ ਮੰਨਿਆ ਜਾਂਦਾ ਸੀ। ਇਸ ਤੋਂ ਇਲਾਵਾ ਜਲੰਧਰ, ਮੋਗਾ, ਪਟਿਆਲੇ ਵੀ ਵੱਡੇ ਪੰਜਾਬ ਦੇ ਨਾਮੀ ਆਈਲੈੱਟਸ ਸੈਂਟਰਾਂ ਦੀਆਂ ਬ੍ਰਾਂਚਾਂ ਸਨ। ਕੁਝ ਹੀ ਸਮੇਂ ’ਚ ਹੋਰਾਂ ਜਿਲ੍ਹਿਆਂ ’ਚੋਂ ਜਿੱਥੇ ਬ੍ਰਾਂਚਾਂ ਬੰਦ ਹੋਈਆਂ, ਉੱਥੇ ਹੀ ਬਰਨਾਲਾ ਤੇ ਬਠਿੰਡਾ ਜ਼ਿਲ੍ਹਿਆਂ ’ਚ ਆਈਲੈੱਟਸ ਸੈਂਟਰਾਂ ਦੇ ਵੱਡੇ-ਵੱਡੇ ਬ੍ਰੈਂਡ ਵੀ ਇਸ ਕਾਰੋਬਾਰ ਤੋਂ ਤੌਬਾ ਕਰਦਿਆਂ ਹੱਥ ਖੜ੍ਹੇ ਕਰਕੇ ਤਾਲੇ ਲਗਾ ਗਏ। ਬਰਨਾਲਾ ਵਿੱਚ ਈਸਕੂਲ, ਟੱਚ ਸਟੋਨ, ਡੈਪਰੋਟੈੱਲ, ਗ੍ਰੇ ਮੇਟਰ, ਮੈਕਰੋ ਗਲੋਬਲ, ਰਾਈਟਵੇ ਏਅਰਲਿੰਕਸ ਤੇ ਫ਼ਲਾਇੰਗ ਫ਼ੈਦਰ ਸਣੇ ਕਈ ਵੱਡੇ-ਵੱਡੇ ਸੈਂਟਰ ਆਪਣੇ ਆਈਲੈੱਟਸ ਬੰਦ ਕਰ ਚੁੱਕੇ ਹਨ। ਇਸ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਸਿੰਘ ਬਿੱਟੂ ਨੇ ਦੱਸਿਆ ਕਿ ਕਰੀਬ 90 ਫ਼ੀਸਦੀ ਆਈਲੈੱਟਸ ਸੈਂਟਰ ਬੰਦ ਹੋ ਚੁੱਕੇ ਹਨ, ਇਹ ਕਿੱਤਾ ਹੁਣ ਘਾਟੇ ਦਾ ਸੌਦਾ ਬਣ ਕੇ ਰਹਿ ਗਿਆ ਹੈ। ਵਿਦਿਆਰਥੀਆਂ ਦਾ ਹੁਣ ਵਿਦੇਸ਼ ਜਾਣ ਵਾਲਾ ਮੋਹ ਭੰਗ ਹੋ ਚੁੱਕਿਆ ਹੈ ਤੇ ਉਹ ਇੱਥੇ ਹੀ ਉੱਚ ਤਾਲੀਮ ਹਾਸਲ ਕਰਕੇ ਸਰਕਾਰੀ ਜਾਂ ਗ਼ੈਰ-ਸਰਕਾਰੀ ਅਦਾਰਿਆਂ ਵਿੱਚ ਨੌਕਰੀ ਜਾਂ ਆਪਣੇ ਵਪਾਰ ਨੂੰ ਤਵੱਜੋ ਦੇਣ ਲੱਗੇ ਹਨ।

**ਪੰਜਾਬੀ ਜਵਾਨੀ ਵਿਦੇਸ਼ਾਂ ਵਿੱਚ ਕਿਉਂ ਹੋ ਰਹੀ ਹੈ ਫ਼ੇਲ੍ਹ**

ਪੰਜਾਬ ਤੋਂ ਪਰਵਾਸ ਕਰਨ ਵਾਲੇ 95% ਤੋਂ ਵੀ ਵੱਧ ਨੌਜਵਾਨਾਂ ਦਾ ਉਦੇਸ਼ ਕੈਨੇਡਾ ਵਿੱਚ ਪੜ੍ਹ ਕੇ ਕੈਨੇਡਾ ਦੇ ਸੰਸਥਾਈ ਢਾਂਚੇ ਦਾ ਹਿੱਸਾ ਬਣਨਾ ਨਹੀਂ ਬਲਕਿ ਪੈਸੇ ਕਮਾਉਣ ਤੱਕ ਸੀਮਤ ਹੈ। ਇਸ ਕਰ ਕੇ ਉਹ ਪਰਵਾਸ ਏਜੰਟਾਂ ਤੋਂ ਕਦੇ ਇਹ ਪੁੱਛਣਾ ਵਾਜਬ ਨਹੀਂ ਸਮਝਦੇ ਕਿ ਜਿਹੜੇ ਕੋਰਸ ਅਤੇ ਕਾਲਜ ਵਿੱਚ ਏਜੰਟ ਉਨ੍ਹਾਂ ਨੂੰ ਭੇਜ ਰਿਹਾ ਹੈ ? ਉਸ ਦੀ ਕਿਰਤ ਬਾਜ਼ਾਰ ਵਿੱਚ ਕਿੰਨੀ ਕੁ ਮੰਗ ਹੈ ? ਪੰਜਾਬੀ ਨੌਜਵਾਨਾਂ ਦੀ ਇਹ ਪੜ੍ਹਾਈ ਅਤੇ ਕਾਲਜ ਨੂੰ ਆਪਣੀ ਕੈਨੇਡਾ ਵਾਲੀ ਜ਼ਿੰਦਗੀ ਵਿੱਚ ਸੈਕੰਡਰੀ ਜਾਂ ਮਨਫ਼ੀ ਕਰ ਦੇਣ ਦਾ ਰੁਝਾਨ ਕੈਨੇਡਾ ਦੇ ਪੂੰਜੀਵਾਦੀ ਪ੍ਰਬੰਧ ਲਈ ਪੂੰਜੀ ਦਾ ਕੰਮ ਕਰਦੀ ਹੈ। ਪੂੰਜੀ ਦਾ ਇਹ ਰੂਪ ਸਸਤੀ ਕਿਰਤ ਸ਼ਕਤੀ, ਪੜ੍ਹਨ ਅਤੇ ਕਾਲਜ ਜਾਣ ਦੀ ਇੱਛਾ ਨਾ ਰੱਖਣਾ, ਉੱਚ ਪੱਧਰੀ ਕਿਰਤ ਸ਼ਕਤੀ ਨਾਲ ਮੁਕਾਬਲੇ ਵਿੱਚ ਨਾ ਆਉਣਾ, ਸੰਸਥਾਈ ਢਾਂਚੇ ਦਾ ਹਿੱਸਾ ਨਾ ਬਣਨਾ, ਅੰਨ੍ਹਾ ਉਪਭੋਗਤਾਵਾਦ ਆਦਿ ਹਨ। ਇਹ ਪੂੰਜੀ ਕੈਨੇਡੀਅਨ ਪੂੰਜੀਵਾਦ ਦੇ ਸੰਕਟ ਦੇ ਹੱਲ ਲਈ ਸਭ ਤੋਂ ਢੁਕਵੀਂ ਹੈ। ਅਜੋਕੇ ਰੁਝਾਨ ਅਨੁਸਾਰ ਪੰਜਾਬੀ ਨੌਜਵਾਨ ਪੜ੍ਹਾਈ ਤੋਂ ਗੁਰੇਜ਼ ਰੱਖ ਕੇ ਅਤੇ ਕੈਨੇਡਾ ਦੇ ਪੱਕੇ ਵਸਨੀਕ ਬਣ ਕੇ ਇੱਥੋਂ ਦੀ ਰਾਜਨੀਤਕ ਜਮਾਤ ਲਈ ਵੋਟ ਬੈਂਕ ਤਾਂ ਬਣ ਸਕਦੇ ਹਨ ਪਰ ਕੈਨੇਡਾ ਦੇ ਆਰਥਿਕ ਅਤੇ ਸੰਸਥਾਈ ਢਾਂਚੇ ਦੇ ਥੰਮ੍ਹਾਂ (ਆਰਥਿਕ ਨੀਤੀਆਂ ਵਾਲੇ ਅਦਾਰੇ, ਯੂਨੀਵਰਸਿਟੀਆਂ, ਖੋਜ ਸੰਸਥਾਵਾਂ ਆਦਿ) ਅੰਦਰ ਆਪਣੀ ਹੋਂਦ ਨਹੀਂ ਬਣਾ ਸਕਦੇ।

(ਬਾਕੀ ਸਫ਼ਾ 30 ’ਤੇ)

## ਕੈਨੇਡਾ ਤੇ ਭਾਰਤ ਦਾ ਤਣਾਅ ਪੰਜਾਬੀ ਵਿਦਿਆਰਥੀਆਂ ਲਈ ਬਣਿਆ ਮੁਸੀਬਤ

ਭਾਰਤ ਤੇ ਕੈਨੇਡਾ ਦੇ ਰਿਸ਼ਤੇ ਵਿੱਚ ਤਕਰਾਰ ਵਿਦਿਆਰਥੀਆਂ ’ਤੇ ਭਾਰੂ ਪੈਣ ਲੱਗਾ ਕਿਉਂਕਿ ਜ਼ਿਆਦਾਤਰ ਵਿਦਿਆਰਥੀ ਭਾਰਤ ਤੋਂ ਹੀ ਕੈਨੇਡਾ ਜਾਂਦੇ ਹਨ। ਇਸ ਜ਼ਿੱਦ ਕਾਰਨ ਕੈਨੇਡਾ ਸਰਕਾਰ ਨੇ 1 ਦਸੰਬਰ ਤੋਂ ਫ਼ੀਸਾਂ ਦਾ ਵਾਧਾ ਕਰ ਦਿੱਤਾ ਸੀ। 30 ਤੋਂ 35 ਫ਼ੀਸਦੀ ਵਿਦਿਆਰਥੀ ਫ਼ੀਸਾਂ ਦੇ ਵਾਧੇ ਕਾਰਨ ਕੈਨੇਡਾ ਛੱਡਣ ਲਈ ਮਜਬੂਰ ਹੋ ਗਏ ਹਨ। ਦੂਜੇ ਪਾਸੇ ਟਰੂਡੋ ਦੀ ਸਰਕਾਰ ਇਮੀਗ੍ਰੇਸ਼ਨ ਨੂੰ ਲੈ ਕੇ ਸਖ਼ਤ ਹੋ ਰਹੀ ਹੈ। ਅਜਿਹੇ ਵਿੱਚ ਭਾਰਤ ਦੇ ਵਿਦਿਆਰਥੀਆਂ ਸਮੇਤ 7 ਲੱਖ ਵਿਦੇਸ਼ੀ ਵਿਦਿਆਰਥੀਆਂ ਦਾ ਭਵਿੱਖ ਖ਼ਤਰੇ ਵਿੱਚ ਹੈ। ਕੈਨੇਡਾ ਵਿੱਚ 2025 ਦੇ ਅੰਤ ਤੱਕ ਲਗਭਗ 50 ਲੱਖ ਅਸਥਾਈ ਪਰਮਿਟ ਖ਼ਤਮ ਹੋਣ ਵਾਲੇ ਹਨ। ਅਜਿਹੀ ਸਥਿਤੀ ਵਿੱਚ ਕੈਨੇਡੀਅਨ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਉਮੀਦ ਹੈ ਕਿ ਪਰਮਿਟ ਖ਼ਤਮ ਹੋਣ ਤੋਂ ਬਾਅਦ ਜ਼ਿਆਦਾਤਰ ਪ੍ਰਵਾਸੀ ਕੈਨੇਡਾ ਛੱਡ ਜਾਣਗੇ। ਕੈਨੇਡੀਅਨ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਇਸ ਹਫ਼ਤੇ ਦੇ ਸ਼ੁਰੂ ਵਿੱਚ ਦੱਸਿਆ ਸੀ ਕਿ 50 ਲੱਖ ਪਰਮਿਟ ਜਿਨ੍ਹਾਂ ਦੀ ਮਿਆਦ ਖ਼ਤਮ ਹੋ ਰਹੀ ਹੈ, ਵਿੱਚੋਂ 7 ਲੱਖ ਪਰਮਿਟ ਵਿਦੇਸ਼ੀ ਵਿਦਿਆਰਥੀਆਂ ਦੇ ਹਨ, ਜਿਨ੍ਹਾਂ ਨੂੰ ਟਰੂਡੋ ਸਰਕਾਰ ਦੀਆਂ ਪ੍ਰਵਾਸ ਵਿਰੋਧੀ ਨੀਤੀਆਂ ਕਾਰਨ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਅਸਥਾਈ ਵਰਕ ਪਰਮਿਟ ਆਮ ਤੌਰ ’ਤੇ 9 ਮਹੀਨਿਆਂ ਤੋਂ 3 ਸਾਲਾਂ ਦੀ ਮਿਆਦ ਲਈ ਜਾਰੀ ਕੀਤੇ ਜਾਂਦੇ ਹਨ। ਇਹ ਵਰਕ ਪਰਮਿਟ ਡਿਪਲੋਮਾ ਜਾਂ ਡਿਗਰੀ ਵਾਲੇ ਵਿਦੇਸ਼ੀ ਵਿਦਿਆਰਥੀਆਂ ਨੂੰ ਕੈਨੇਡਾ ਵਿੱਚ ਸਥਾਈ ਨਿਵਾਸ ਲਈ ਅਰਜ਼ੀ ਦੇਣ ਲਈ ਲੋੜੀਂਦਾ ਤਜਰਬਾ ਹਾਸਲ ਕਰਨ ਲਈ ਦਿੱਤੇ ਜਾਂਦੇ ਹਨ। ਮਿਲਰ ਨੇ ਕਿਹਾ ਹੈ ਕਿ ਵੱਡੀ ਗਿਣਤੀ ਵਿੱਚ ਵਿਦਿਆਰਥੀ ਕੈਨੇਡਾ ਵਿੱਚ ਰਹਿਣ ਲਈ ਅਪਲਾਈ ਕਰ ਰਹੇ ਹਨ, ਜੋ ਚਿੰਤਾਜਨਕ ਹੈ।

ਮਿਲਰ ਨੇ ਕਿਹਾ ਕਿ ਸਾਰੇ ਅਸਥਾਈ ਪ੍ਰਵਾਸੀਆਂ ਨੂੰ ਦੇਸ਼ ਛੱਡਣ ਦੀ ਜ਼ਰੂਰਤ ਨਹੀਂ ਹੋਵੇਗੀ। ਸਗੋਂ ਕੁਝ ਨੂੰ ਨਵੇਂ ਪਰਮਿਟ ਜਾਂ ਪੋਸਟ ਗ੍ਰੈਜੂਏਟ ਵਰਕ ਪਰਮਿਟ ਦਿੱਤੇ ਜਾਣਗੇ। ਪਰ ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਕੈਨੇਡਾ ਸਰਕਾਰ ਵਿਦੇਸ਼ੀ ਵਿਦਿਆਰਥੀਆਂ ਨੂੰ ਦੇਸ਼ ਛੱਡਣ ਲਈ ਮਜਬੂਰ ਨਹੀਂ ਕਰ ਰਹੀ ਤਾਂ ਰੋਜ਼-ਰੋਜ਼ ਵਿਦਿਆਰਥੀਆਂ ਲਈ ਨਵੀਆਂ ਨੀਤੀਆਂ ਕਿਉਂ ਘੜੀਆਂ ਜਾ ਰਹੀਆਂ ਹਨ ਤੇ ਰੋਜ਼-ਰੋਜ਼ ਪ੍ਰਵਾਸੀਆਂ ਬਾਰੇ ਬਿਆਨ ਕਿਉਂ ਦਾਗ਼ੇ ਜਾਂਦੇ ਹਨ।

# ਦਿੱਲੀ ਸਲਤਨਤ 'ਤੇ ਵਾਰ- ਵਾਰ ਚੜ੍ਹਾਈ ਕਰਨ ਲਈ ਮਜ਼ਬੂਰ ਕਿਉਂ ਹੁੰਦੇ ਨੇ ਕਿਸਾਨ ?

## ਵੱਡਾ ਰੂਪ ਲੈ ਸਕਦਾ ਹੈ ਮੌਜੂਦਾ ਕਿਸਾਨ ਅੰਦੋਲਨ

## ਭਾਰਤ ਦੇ ਅੰਨਦਾਤਿਆਂ ਦੇ ਕਦੋਂ ਬਦਲਣਗੇ ਹਾਲਾਤ ?





**ਪੰਜਾਬ ਦਾ ਅਰਥਚਾਰਾ ਬੁਨਿਆਦੀ ਤੌਰ 'ਤੇ ਖੇਤੀ ਖੇਤਰ ਨਾਲ ਜੁੜਿਆ ਹੋਇਆ ਹੈ। ਸੂਬੇ ਵਿੱਚ ਸਨਅਤੀਕਰਨ ਦੀਆਂ ਸੰਭਾਵਨਾਵਾਂ ਸੀਮਤ ਹਨ, ਜਿਸ ਕਾਰਨ ਖੇਤੀ ਖੇਤਰ ਵੱਲ ਵੱਧ ਧਿਆਨ ਦੇਣਾ ਜ਼ਰੂਰੀ ਬਣ ਜਾਂਦਾ ਹੈ ਪਰ ਇਸ ਗੱਲ ਨੂੰ ਨਾ ਤਾਂ ਸੂਬਾ ਸਰਕਾਰ ਸਮਝਦੀ ਹੈ ਤੇ ਨਾ ਹੀ ਕੇਂਦਰੀ ਹਕੂਮਤ। ਦਿੱਲੀ ਵਿੱਚ ਰਾਜ ਕਰਦੀ ਭਾਜਪਾ ਸਰਕਾਰ ਦਾ ਹਾਲ ਤਾਂ ਇਹ ਹੈ ਕਿ ਉਹ ਕਿਸਾਨਾਂ ਦੀ ਗੱਲ ਸੁਣਨ ਲਈ ਹੀ ਤਿਆਰ ਨਹੀਂ, ਜਿਸ ਕਰਕੇ ਹੀ ਕਿਸਾਨ ਆਪਣੀ ਗੱਲ ਕੇਂਦਰ ਸਰਕਾਰ ਤੱਕ ਪਹੁੰਚਾਉਣ ਲਈ ਦਿੱਲੀ ਕੂਚ ਦੀ ਤਿਆਰੀ ਕਰੀ ਬੈਠੇ ਹਨ। ਇਸ ਸਮੇਂ ਦਿੱਲੀ ਵਿੱਚ ਸੰਸਦ ਦਾ ਸ਼ੈਸ਼ਨ ਚੱਲ ਰਿਹਾ ਹੈ, ਪਰ ਦੁੱਖ ਤਾਂ ਇਸ ਗੱਲ ਦਾ ਹੈ ਕਿ ਕਿਸਾਨਾਂ ਨੂੰ ਦਿੱਲੀ ਜਾਣ ਹੀ ਨਹੀਂ ਦਿੱਤਾ ਜਾ ਰਿਹਾ।**

ਸਾਡੇ ਮੁਲਕ ਵਿੱਚ ਹਰਾ ਤੇ ਚਿੱਟਾ ਇਨਕਲਾਬ ਲਿਆਉਣ ਵਾਲੇ ਪੰਜਾਬ ਸਮੇਤ ਵੱਖ- ਵੱਖ ਸੂਬਿਆਂ ਦੇ ਕਿਸਾਨ ਦਿੱਲੀ ਦੀਆਂ ਬਰੂਹਾਂ 'ਤੇ ਚਾਰ ਸਾਲ ਪਹਿਲਾਂ ਚੱਲੇ ਕਿਸਾਨ ਅੰਦੋਲਨ ਵਾਂਗ ਹੀ ਮੁੜ ਸੰਘਰਸ਼ ਦੇ ਰਾਹ 'ਤੇ ਹਨ। ਕਿਸਾਨਾਂ ਦਾ ਇਹ ਦੂਜਾ ਅੰਦੋਲਨ 13 ਫਰਵਰੀ ਨੂੰ ਸ਼ੁਰੂ ਹੋਇਆ ਸੀ ਤੇ ਹੁਣ ਤੱਕ ਇਸ ਅੰਦੋਲਨ ਨੂੰ ਸ਼ੁਰੂ ਹੋਏ ਨੂੰ 300 ਦੇ ਕਰੀਬ ਦਿਨ ਹੋ ਗਏ ਹਨ ਪਰ ਇਸ ਦੇ ਬਾਵਜੂਦ ਹਰਿਆਣਾ ਸਰਕਾਰ ਨੇ ਕਿਸਾਨਾਂ ਨੂੰ ਦਿੱਲੀ ਜਾਣ ਲਈ ਸ਼ੰਭੂ ਬੈਰੀਅਰ ਹੀ ਨਹੀਂ ਟੱਪਣ ਦਿੱਤਾ। ਕਿਸਾਨਾਂ ਨੇ ਪਹਿਲਾਂ 13 ਫਰਵਰੀ ਅਤੇ 21 ਫਰਵਰੀ ਨੂੰ ਦਿੱਲੀ ਜਾਣ ਦਾ ਯਤਨ ਕੀਤਾ ਸੀ ਪਰ ਹਰਿਆਣਾ ਸਰਕਾਰ ਨੇ ਕਿਸਾਨਾਂ ਨੂੰ ਸ਼ੰਭੂ ਬੈਰੀਅਰ 'ਤੇ ਹੀ ਰੋਕੀ ਰੱਖਿਆ। ਹੁਣ ਪੈਦਲ ਹੀ ਦਿੱਲੀ ਜਾ ਰਹੇ 101 ਕਿਸਾਨਾਂ ਦੇ ਦਿੱਲੀ ਜਾ ਰਹੇ ਜਥੇ ਨੂੰ ਹਰਿਆਣਾ ਸਰਕਾਰ ਵੱਲੋਂ ਜਿਸ ਤਰ੍ਹਾਂ ਹੰਝੂ ਗੈਸ ਦਾ ਇਸਤੇਮਾਲ ਕਰਕੇ ਰੋਕਿਆ ਗਿਆ, ਉਸ ਤੋਂ ਪਤਾ ਚੱਲ ਜਾਂਦਾ ਹੈ ਕਿ ਕੇਂਦਰ ਅਤੇ ਹਰਿਆਣਾ ਸਰਕਾਰ ਦੀ ਪਹੁੰਚ ਅਤੇ ਰਵੱਈਏ ਵਿੱਚ ਕੋਈ ਤਬਦੀਲੀ ਨਹੀਂ ਆਈ। ਕਿਸਾਨਾਂ ਨੂੰ ਪੈਦਲ ਹੀ ਦਿੱਲੀ ਜਾਣ ਤੋਂ ਵਾਰ ਵਾਰ ਰੋਕਣ ਕਰਕੇ ਵੱਡੇ ਸਵਾਲ ਖੜੇ ਹੋ ਰਹੇ ਹਨ ਕਿ ਕੀ ਕਿਸਾਨਾਂ ਨੂੰ ਪੈਦਲ ਹੀ ਦਿੱਲੀ ਜਾਣ ਤੋਂ ਰੋਕਿਆ ਜਾਣਾ ਕਾਨੂੰਨ ਅਨੁਸਾਰ ਸਹੀ ਹੈ ? ਕੀ ਇਹ ਕਿਸਾਨਾਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾਂ ਤਾਂ ਨਹੀਂ ? ਕਿਸਾਨ ਆਗੂ ਸਵਾਲ ਕਰ ਰਹੇ ਹਨ ਕਿ ਦੇਸ਼ ਦੇ ਕਿਸਾਨਾਂ ਤੋਂ ਹਰਿਆਣਾ ਅਤੇ ਕੇਂਦਰ ਸਰਕਾਰਾਂ ਏਨਾ ਡਰ ਕਿਉਂ ਰਹੀਆਂ ਹਨ ? ਕੀ ਇਹਨਾਂ ਸਰਕਾਰਾਂ ਨੂੰ ਕਿਸਾਨਾਂ ਦੇ ਦਿੱਲੀ ਪਹੁੰਚ ਜਾਣ ਨਾਲ ਆਪਣੀ ਸੱਤਾ ਖੋਹੇ ਜਾਣ ਦਾ ਡਰ ਹੈ?

ਇੱਕ ਪਾਸੇ ਕੇਂਦਰ ਦੀ ਮੋਦੀ ਸਰਕਾਰ ਆਪਣੇ ਆਪ ਨੂੰ ਕਿਸਾਨ ਹਿਤੈਸ਼ੀ ਦੱਸਦੀ ਹੈ, ਜਦਕਿ ਦੂਜੇ ਪਾਸੇ ਕਿਸਾਨਾਂ ਦੀ ਗੱਲ ਸੁਣਨ ਨੂੰ ਵੀ ਤਿਆਰ ਨਹੀਂ। ਖੇਤੀਬਾੜੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਐਲਾਨ ਕਰਦੇ ਹੋਏ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਸੀ ਕਿ ਉਹ ਕਿਸਾਨਾਂ ਤੋਂ ਸਿਰਫ ਇੱਕ ਫੋਨ ਕਾਲ ਦੀ ਦੂਰੀ 'ਤੇ ਹਨ ਅਤੇ ਉਹ ਜਦੋਂ ਚਾਹੁਣ ਉਨ੍ਹਾਂ ਨੂੰ ਮਿਲ ਸਕਦੇ ਹਨ। ਅੱਜ ਤਿੰਨ ਸਾਲ ਹੋ ਗਏ ਹਨ ਪਰ ਪ੍ਰਧਾਨ ਮੰਤਰੀ ਜਾਂ ਉਨ੍ਹਾਂ ਦੇ ਕਿਸੇ ਵੀ ਮੰਤਰੀ ਕੋਲ ਏਨਾ ਸਮਾਂ ਨਹੀਂ ਹੈ, ਨਾ ਹੀ ਉਨ੍ਹਾਂ ਦਾ ਕੋਈ ਇਰਾਦਾ ਹੈ ਕਿ ਉਹ ਕਿਸਾਨਾਂ ਨਾਲ ਗੱਲਬਾਤ ਕਰ ਕੇ ਕਿਸਾਨਾਂ ਨੂੰ ਕੋਈ ਰਾਹਤ ਦੇਣ।

ਕੇਂਦਰ ਸਰਕਾਰ ਦੇ ਰਵੱਈਏ ਤੋਂ ਸਪਸ਼ਟ ਹੈ ਕਿ ਉਹ ਪਹਿਲਾਂ ਵਾਂਗ ਹੀ ਅੜੀ ਹੋਈ ਹੈ ਅਤੇ ਕਿਸਾਨਾਂ ਦੀਆਂ ਮੰਗਾਂ ਪ੍ਰਤੀ ਬਿਲਕੁਲ ਵੀ ਗੰਭੀਰ ਨਹੀਂ ਹੈ। ਇਸ ਸਭ ਤੋਂ ਸਰਕਾਰ ਦੀ ਨੀਅਤ ਸਪਸ਼ਟ ਹੈ ਕਿ ਉਹ ਕਿਸਾਨਾਂ ਨਾਲ ਗੱਲ ਨਹੀਂ ਕਰਨਾ ਚਾਹੁੰਦੀ ਅਤੇ ਉਨ੍ਹਾਂ ਨੂੰ ਏਨਾ ਨਿਰਾਸ਼ ਅਤੇ ਕਮਜ਼ੋਰ ਕਰਨਾ ਚਾਹੁੰਦੀ ਹੈ ਕਿ ਕਿਸਾਨ ਆਪਣੀ ਐਮ.ਐਸ.ਪੀ.ਦੀ ਮੁੱਖ ਮੰਗ ਨੂੰ ਹੀ ਭੁੱਲ ਜਾਣ।





ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਦੇਸ਼ ਨੂੰ ਭੁੱਖਮਰੀ ਤੋਂ ਬਚਾਉਣ ਲਈ ਜਿਹੜੇ ਕਿਸਾਨਾਂ ਨੇ ਦਿਨ ਰਾਤ ਖੇਤਾਂ ਵਿੱਚ ਮਿਹਨਤ ਕਰਕੇ ਦੇਸ਼ ਦੇ ਅੰਨ ਭੰਡਾਰ ਭਰੇ, ਉਨ੍ਹਾਂ ਹੀ ਕਿਸਾਨਾਂ ਨੂੰ ਦੇਸ਼ ਦੀ ਰਾਜਧਾਨੀ ਵਿੱਚ ਜਾਣ ਤੋਂ ਰੋਕਣ ਲਈ ਕਿਸੇ ਦੁਸ਼ਮਣ ਦੇਸ਼ ਵਾਂਗ ਬੈਰੀਕੇਡ, ਕੰਡਿਆਲੀਆਂ ਤਾਰਾਂ ਅਤੇ ਵੱਡੀਆਂ ਰੋਕਾਂ ਲਗਾ ਦਿੱਤੀਆਂ ਗਈਆਂ ਹਨ। ਜਿਸ ਕਰਕੇ ਕਿਸਾਨ ਆਗੂ ਕਹਿਣ ਲੱਗ ਪਏ ਹਨ ਕਿ ਸਰਕਾਰ ਸ਼ਾਇਦ ਉਨ੍ਹਾਂ ਨੂੰ ਇਸ ਦੇਸ਼ ਦੇ ਨਾਗਰਿਕ ਹੀ ਨਹੀਂ ਸਮਝਦੀ, ਜਿਸ ਕਰਕੇ ਹੀ ਦੇਸ਼ ਦੀ ਰਾਜਧਾਨੀ ਵਿੱਚ ਜਾਣ ਤੋਂ ਕਿਸਾਨਾਂ ਨੂੰ ਰੋਕਿਆ ਜਾ ਰਿਹਾ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਆਖ਼ਰ ਉਹ ਕਿਹੜੇ ਕਾਰਨ ਹਨ, ਜਿਨ੍ਹਾਂ ਕਾਰਨ ਕਿਸਾਨ ਵਾਰ- ਵਾਰ ਦਿੱਲੀ ਸਲਤਨਤ 'ਤੇ ਚੜ੍ਹਾਈ ਕਰਨ ਲਈ ਤਿਆਰ ਹੋ ਜਾਂਦੇ ਹਨ ਤਾਂ ਕਿਸਾਨ ਆਗੂ ਇਸ ਦਾ ਜਵਾਬ ਇਹ ਦਿੰਦੇ ਹਨ ਕਿ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾ ਰਹੀਆਂ, ਜਿਸ ਕਾਰਨ ਕਿਸਾਨ ਵਾਰ- ਵਾਰ ਸੰਘਰਸ਼ ਕਰਨ ਲਈ ਮਜ਼ਬੂਰ ਹਨ। ਜ਼ਿਕਰਯੋਗ ਹੈ ਕਿ ਪੰਜਾਬ, ਹਰਿਆਣਾ ਅਤੇ ਉੱਤਰ-ਪ੍ਰਦੇਸ਼ ਦੇ ਕਈ ਹੋਰ ਸੂਬਿਆਂ ਦੀਆਂ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ 'ਦਿੱਲੀ ਚੱਲੋ' ਕਿਸਾਨ ਅੰਦੋਲਨ ਵਿੱਢਿਆ ਗਿਆ ਹੈ।ਕਈ ਲੋਕ 2020-21 ਦੇ ਅੰਦੋਲਨ ਨਾਲ ਜੋੜ ਕੇ ਇਸ ਨੂੰ ਕਿਸਾਨ ਅੰਦੋਲਨ 2.0 ਦਾ ਨਾਮ ਦੇ ਰਹੇ ਹਨ ਪਰ ਮੌਜੂਦਾ ਅੰਦੋਲਨ ਕਈ ਮਾਅਨਿਆਂ ਵਿੱਚ ਉਸ ਅੰਦੋਲਨ ਨਾਲ਼ੋਂ ਵੱਖਰਾ ਹੈ।ਮੋਟੇ ਰੂਪ ਵਿੱਚ ਮੌਜੂਦਾ ਅੰਦੋਲਨ ਦੀ ਅਗਵਾਈ ਕਰਨ ਵਾਲੇ ਚਿਹਰੇ ਵੀ ਵੱਖਰੇ ਹਨ, ਸਰਕਾਰ ਦਾ ਰਵੱਈਆ ਵੀ ਵੱਖਰਾ ਹੈ ਅਤੇ ਮੰਗਾਂ ਵੀ ਵੱਖਰੀਆਂ ਹਨ ਪਰ ਮੌਜੂਦਾ ਅੰਦੋਲਨ ਨੂੰ, 2020-21 ਦੇ ਕਿਸਾਨੀ ਅੰਦੋਲਨ ਦਾ ਅਗਲਾ ਪੜਾਅ ਵੀ ਕਿਹਾ ਜਾ ਰਿਹਾ ਹੈ।

ਕਿਸਾਨ ਅੰਦੋਲਨ, ਕਿਸਾਨ ਅਧਿਕਾਰਾਂ ਲਈ ਖੇਤੀਬਾੜੀ ਨੀਤੀ ਨਾਲ ਸਬੰਧਿਤ ਇੱਕ ਸਮਾਜਿਕ ਲਹਿਰ ਹੈ।ਕਿਸਾਨੀ ਲਹਿਰਾਂ ਦਾ ਇੱਕ ਲੰਮਾ ਇਤਿਹਾਸ ਹੈ ਜਿਸਦਾ ਮਨੁੱਖੀ ਇਤਿਹਾਸ ਵਿੱਚ ਦੁਨੀਆਂ ਦੇ ਵੱਖ-ਵੱਖ ਖੇਤਰਾਂ ਵਿੱਚ ਵਾਪਰਨ ਵਾਲੇ ਅਨੇਕਾਂ ਕਿਸਾਨੀ ਵਿਦਰੋਹਾਂ ਦਾ ਪਤਾ ਲਗਾਇਆ ਜਾ ਸਕਦਾ ਹੈ। ਮੁੱਢਲੇ ਕਿਸਾਨੀ ਅੰਦੋਲਨ ਆਮ ਤੌਰ 'ਤੇ ਜਗੀਰੂ ਅਤੇ ਅਰਧ-ਜਗੀਰੂ ਸਮਾਜਾਂ ਵਿੱਚ ਤਣਾਅ ਦਾ ਨਤੀਜਾ ਹੁੰਦੇ ਸਨ ਅਤੇ ਨਤੀਜੇ ਵਜੋਂ ਹਿੰਸਕ ਵਿਦਰੋਹ ਦੇ ਰੂਪ ਵਿੱਚ ਪ੍ਰਗਟ ਹੁੰਦੇ ਸਨ। ਨੇੜਲੇ ਸਮੇਂ ਦੇ ਕਿਸਾਨ ਅੰਦੋਲਨ, ਸਮਾਜਿਕ ਅੰਦੋਲਨਾਂ ਦੀ ਪਰਿਭਾਸ਼ਾ ਵਿੱਚ ਆਉਂਦੇ ਹਨ ਜੋ ਆਮ ਤੌਰ 'ਤੇ ਬਹੁਤ ਘੱਟ ਹਿੰਸਕ ਹੁੰਦੇ ਹਨ ਅਤੇ ਉਹਨਾਂ ਦੀਆਂ ਮੰਗਾਂ ਖੇਤੀਬਾੜੀ ਉਤਪਾਦਾਂ ਲਈ ਵਧੀਆ ਕੀਮਤਾਂ, ਬਿਹਤਰ ਉਜਰਤ, ਖੇਤੀਬਾੜੀ ਕਾਮਿਆਂ ਲਈ ਕੰਮ ਕਰਨ ਦੀਆਂ ਬਿਹਤਰ ਸਥਿਤੀਆਂ ਅਤੇ ਖੇਤੀ ਉਤਪਾਦਨ ਨੂੰ ਵਧਾਉਣ 'ਤੇ ਕੇਂਦ੍ਰਿਤ ਹੁੰਦੀਆਂ ਹਨ।ਚਾਰ ਸਾਲ ਪਹਿਲਾਂ ਦਿੱਲੀ ਦੀਆਂ ਬਰੂਹਾਂ 'ਤੇ ਚੱਲੇ ਕਿਸਾਨ ਅੰਦੋਲਨ ਨੇ ਇਤਿਹਾਸ ਸਿਰਜ ਦਿੱਤਾ ਸੀ ਅਤੇ ਪੰਜਾਬ ਦੇ ਕਿਸਾਨ ਹੁਣ ਇੱਕ ਵਾਰ ਫਿਰ ਅੰਦੋਲਨ ਦੇ ਰਾਹ ਪੈ ਗਏ ਹਨ ਅਤੇ ਦਿੱਲੀ ਜਾ ਕੇ ਆਪਣੀ ਗੱਲ ਪੂਰੀ ਦੁਨੀਆਂ ਅੱਗੇ ਰੱਖਣ ਲਈ ਜਦੋਜਹਿਦ ਕਰ ਰਹੇ ਹਨ।

ਕਿਸਾਨਾਂ ਦੀਆਂ ਮੁੱਖ ਮੰਗਾਂ ਵਿੱਚ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਮੁਤਾਬਕ ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ, ਲੈਂਡ ਐਕੁਈਜ਼ੀਸ਼ਨ ਐਕਟ 2013 ਨੂੰ ਕੌਮੀ ਪੱਧਰ 'ਤੇ ਲਾਗੂ ਕਰਨਾ, ਜ਼ਮੀਨ ਐਕੁਆਇਰ ਕਰਨ ਬਾਰੇ ਕਿਸਾਨ ਦੀ ਲਿਖਤੀ ਸਹਿਮਤੀ ਅਤੇ ਕੁਲੈਕਟਰ ਰੇਟ ਤੋਂ ਚਾਰ ਗੁਣਾ ਭਾਅ ਦੇਣਾ, ਬਿਜਲੀ ਸੋਧ ਬਿੱਲ 2020 ਨੂੰ ਰੱਦ ਕਰਨਾ, ਮਨਰੇਗਾ ਨੂੰ ਖੇਤੀ ਨਾਲ ਜੋੜਨਾ ਅਤੇ 700 ਰੁਪਏ ਦੀ ਦਿਹਾੜੀ ਮੁਤਾਬਕ ਸਾਲ ਵਿੱਚ 200 ਦਿਨ ਦੇ ਰੁਜ਼ਗਾਰ ਦੀ ਗਾਰੰਟੀ, ਕਿਸਾਨਾਂ ਅਤੇ ਮਜ਼ਦੂਰਾਂ ਦੀ ਮੁਕੰਮਲ ਕਰਜ਼ਾ ਮੁਕਤੀ, ਲਖੀਮਪੁਰ ਖੀਰੀ ਕਾਂਡ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾਵਾਂ, 2020-21 ਦੇ ਦਿੱਲੀ ਕਿਸਾਨ ਅੰਦੋਲਨ ਦੌਰਾਨ ਜਾਨ ਗੁਆਉਣ ਵਾਲੇ ਕਿਸਾਨਾਂ ਦੇ ਪਰਿਵਾਰ ਵਿੱਚੋਂ ਇੱਕ ਜੀਅ ਨੂੰ ਸਰਕਾਰੀ ਨੌਕਰੀ, ਕਿਸਾਨਾਂ ਅਤੇ ਮਜ਼ਦੂਰਾਂ ਨੂੰ ਬੁਢਾਪਾ ਪੈਨਸ਼ਨ ਸਕੀਮ ਲਾਗੂ ਕਰਨ, ਨਕਲੀ ਕੀਟਨਾਸ਼ਕਾਂ, ਖਾਦਾਂ ਅਤੇ ਬੀਜ ਬਣਾਉਣ ਵਾਲੀਆਂ ਕੰਪਨੀਆਂ ਤੇ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਦਾ ਪ੍ਰਬੰਧ, ਹਲਦੀ, ਮਿਰਚਾਂ ਅਤੇ ਹੋਰ ਮਸਾਲਿਆਂ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਕਮਿਸ਼ਨ ਸਥਾਪਨਾ ਕਰਨਾ ਸ਼ਾਮਲ ਹਨ।

ਇਸ ਸਮੇਂ ਭਾਵੇਂ ਕਿਸਾਨਾਂ ਦੀਆਂ ਕੁਝ ਜਥੇਬੰਦੀਆਂ ਹੀ ਦਿੱਲੀ ਜਾਣ ਲਈ ਸੰਘਰਸ਼ ਕਰ ਰਹੀਆਂ ਹਨ, ਪਰ ਆਉਣ ਵਾਲੇ ਦਿਨਾਂ ਦੌਰਾਨ ਕਿਸਾਨਾਂ ਦੀਆਂ ਹੋਰ ਜਥੇਬੰਦੀਆਂ ਦੇ ਵੀ ਇਸ ਅੰਦੋਲਨ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਬਣੀ ਹੋਈ ਹੈ। ਜਿਸ ਕਾਰਨ ਕਿਸਾਨ ਅੰਦੋਲਨ ਦੇ ਵੱਡਾ ਰੂਪ ਅਖ਼ਤਿਆਰ ਕਰਨ ਵਿੱਚ ਸਮਾਂ ਨਹੀਂ ਲੱਗੇਗਾ। ਵੱਡੀ ਗਿਣਤੀ ਕਿਸਾਨ ਆਪ ਮੁਹਾਰੇ ਵੀ ਇਸ ਅੰਦੋਲਨ ਵਿੱਚ ਸ਼ਾਮਲ ਹੋ ਰਹੇ ਹਨ। ਕਿਸਾਨਾਂ ਦਾ ਦਾਅਵਾ ਹੈ ਕਿ ਉਹ ਪੂਰੇ ਸ਼ਾਂਤਮਈ ਢੰਗ ਨਾਲ ਦਿੱਲੀ ਜਾਣਾ ਚਾਹੁੰਦੇ ਹਨ ਇਸ ਦੇ ਬਾਵਜੂਦ ਉਨ੍ਹਾਂ ਨੂੰ ਦਿੱਲੀ ਨਹੀਂ ਜਾਣ ਦਿੱਤਾ ਜਾ ਰਿਹਾ। ਕਿਸਾਨਾਂ ਨੂੰ ਆਪਣੇ 10 ਸਾਲ ਪੁਰਾਣੇ ਟਰੈਕਟਰ ਚਲਾਉਣ ਦੀ ਵੀ ਇਜਾਜ਼ਤ ਨਹੀਂ ਹੈ। ਕਿਸਾਨਾਂ ਦੀਆਂ ਫ਼ਸਲਾਂ ਦੇ ਭਾਅ ਨਹੀਂ ਵਧੇ। ਕਿਸਾਨਾਂ ਦੇ ਹਾਲਾਤ ਜਾਣਨ ਅਤੇ ਸਮਝਣ ਦੀ ਲੋੜ ਹੈ।

ਭਾਰਤ ਵਿੱਚ ਲੋਕਤੰਤਰੀ ਪ੍ਰਣਾਲੀ ਹੋਣ ਦੇ ਬਾਵਜੂਦ ਪੂੰਜੀਵਾਦ ਆਪਣੇ ਪੈਰ ਪਸਾਰ ਰਿਹਾ ਹੈ। ਕਿਸਾਨ ਪੂੰਜੀਵਾਦ ਦੇ ਖ਼ਿਲਾਫ਼ ਹਨ।ਕਿਸਾਨਾਂ ਨੂੰ ਖ਼ਦਸ਼ਾ ਹੈ ਕਿ ਕੇਂਦਰ ਸਰਕਾਰ ਕਿਸਾਨਾਂ ਤੋਂ ਜ਼ਮੀਨ ਲੈ ਕੇ ਪੂੰਜੀਪਤੀਆਂ ਨੂੰ ਦੇ ਸਕਦੀ ਹੈ, ਜਿਸ ਕਾਰਨ ਕਿਸਾਨ ਆਪਣੀ ਜ਼ਮੀਨ 'ਤੇ ਹੀ ਮਜ਼ਦੂਰ ਬਣ ਕੇ ਰਹਿ ਜਾਣਗੇ ਅਤੇ ਉਨ੍ਹਾਂ ਦੀ ਆਪਣੀ ਜ਼ਮੀਨ ਦੀ ਮਾਲਕੀ ਖ਼ਤਮ ਹੋ ਜਾਵੇਗੀ। ਜੇ ਹਾਲਾਤ ਇਹੀ ਰਹੇ ਅਤੇ ਕੇਂਦਰ ਸਰਕਾਰ ਪੂੰਜੀਪਤੀਆਂ ਦੇ ਹਿੱਤਾਂ ਵਿੱਚ ਭੁਗਤਦੀ ਰਹੀ ਤਾਂ ਭਾਰਤ ਮਜ਼ਦੂਰ ਦੇਸ਼ ਬਣ ਜਾਵੇਗਾ ਅਤੇ ਸਭ ਕੁਝ ਵੱਡੇ ਘਰਾਣਿਆਂ ਦੇ ਹੱਥਾਂ ਵਿੱਚ ਹੀ ਰਹੇਗਾ। ਦੇਸ਼ ਦੇ ਹਾਲਾਤ ਅਜਿਹੇ ਹਨ ਕਿ ਇਸ ਨਾਲ ਛੋਟੇ ਦੁਕਾਨਦਾਰ ਅਤੇ ਛੋਟੇ ਕਾਰੋਬਾਰ ਵੀ ਤਬਾਹ ਹੋ ਜਾਣਗੇ। ਬ੍ਰਾਜ਼ੀਲ ਦੀ ਜ਼ਿਆਦਾਤਰ ਜ਼ਮੀਨ 285 ਲੋਕਾਂ ਦੇ ਹੱਥਾਂ 'ਚ ਹੈ।ਭਾਰਤ ਵਿੱਚ ਵੀ ਅਜਿਹੀ ਹੀ ਸਥਿਤੀ ਹੋ ਸਕਦੀ ਹੈ। ਕਿਸਾਨਾਂ ਅਤੇ ਸਰਕਾਰ ਦੇ ਟਕਰਾਓ ਨੂੰ ਰੋਕਣ ਲਈ ਜ਼ਰੂਰੀ ਹੈ ਕਿ ਕੇਂਦਰ ਸਰਕਾਰ ਕਿਸਾਨਾਂ ਦੀ ਗੱਲ ਸੁਣੇ ਅਤੇ ਕਿਸਾਨਾਂ ਨੂੰ ਦਿੱਲੀ ਜਾਣ ਦਿੱਤਾ ਜਾਵੇ। ਭਾਰਤ ਖੇਤੀਬਾੜੀ ਪ੍ਰਧਾਨ ਦੇਸ਼ ਹੈ ਅਤੇ ਖੇਤੀਬਾੜੀ ਦੇਸ਼ ਦੀ ਆਰਥਿਕਤਾ ਦੀ ਰੀੜ ਦੀ ਹੱਡੀ ਹੈ। ਇਸ ਲਈ ਜੇ ਕਿਸਾਨ ਅਤੇ ਖੇਤੀ ਖੇਤਰ ਮਜ਼ਬੂਤ ਹੋਣਗੇ ਤਾਂ ਦੇਸ਼ ਦੀ ਆਰਥਿਕਤਾ ਵੀ ਹੋਰ ਮਜ਼ਬੂਤ ਹੋਵੇਗੀ। ਕਿਸਾਨ ਮਸਲੇ ਹੱਲ ਕਰਨ ਲਈ ਕੇਂਦਰ ਸਰਕਾਰ, ਵੱਖ- ਵੱਖ ਸੂਬਿਆਂ ਦੀਆਂ ਸਰਕਾਰਾਂ, ਕਿਸਾਨ ਜਥੇਬੰਦੀਆਂ, ਖੇਤੀ ਮਾਹਿਰਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਆਪਸੀ ਸਹਿਯੋਗ ਨਾਲ ਕੰਮ ਕਰਦੇ ਹੋਏ ਖੇਤੀ ਖੇਤਰ ਵਿੱਚ ਨਵੇਂ ਦਿਸਹੱਦਿਆਂ ਦੀ ਤਲਾਸ਼ ਕਰਨੀ ਚਾਹੀਦੀ ਹੈ।ਕੇਂਦਰ ਸਰਕਾਰ ਨੂੰ ਪੂੰਜੀਪਤੀਆਂ ਦੇ ਹੱਕ ਵਿੱਚ ਭੁਗਤਣ ਦੀ ਥਾਂ ਕਿਸਾਨਾਂ ਦੇ ਹੱਕ ਵਿੱਚ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ ਅਤੇ ਕਿਸਾਨਾਂ ਦੀਆਂ ਜਾਇਜ਼ ਮੰਗਾਂ ਨੂੰ ਪੂਰਾ ਕਰਨਾ ਚਾਹੀਦਾ ਹੈ।



# ਅਮਰੀਕਾ ’ਚ ਘੁਸਪੈਠ ਵਧੀ, ਕੈਨੇਡਾ ਬਾਰਡਰ ’ਤੇ ਫ਼ੜੇ ਗਏ 43 ਹਜ਼ਾਰ ਭਾਰਤੀ

ਨਿਊਯਾਰਕ/ਏ.ਟੀ.ਨਿਊਜ਼: ਇਸ ਸਾਲ ਕੈਨੇਡਾ ਦੀ ਸਰਹੱਦ ’ਤੇ 2 ਲੱਖ ਲੋਕ ਫ਼ੜੇ ਗਏ, ਜਿਨ੍ਹਾਂ ’ਚੋਂ 22 ਫ਼ੀਸਦੀ ਭਾਰਤੀ ਹਨ। ਕੈਨੇਡਾ ਅਤੇ ਅਮਰੀਕਾ ਦੀ ਸਰਹੱਦ ’ਤੇ ਭਾਰਤੀ ਪ੍ਰਵਾਸੀਆਂ ਦੀ ਗੈਰ-ਕਾਨੂੰਨੀ ਘੁਸਪੈਠ ਪਿਛਲੇ ਕੁਝ ਸਾਲਾਂ ਤੋਂ ਵਧੀ ਹੋਈ ਹੈ। ਯੂ.ਐਸ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ (ਯੂ.ਐਸ.ਸੀ.ਬੀ.ਪੀ) ਦੇ ਅੰਕੜਿਆਂ ਅਨੁਸਾਰ ਸੰਨ 2024 ਵਿੱਚ ਹੁਣ ਤੱਕ ਇਸ ਸਰਹੱਦ ’ਤੇ 43,764 ਭਾਰਤੀਆਂ ਨੂੰ ਫ਼ੜਿਆ ਗਿਆ ਹੈ, ਜੋ ਕਿ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਕੁੱਲ 1,98,929 ਮਾਮਲਿਆਂ ਦਾ 22% ਪ੍ਰਤੀਸ਼ਤ ਹੈ। ਸਾਲ 2022 ’ਚ ਕੈਨੇਡਾ ਤੋਂ ਅਮਰੀਕਾ ਜਾਣ ਵਾਲੇ ਗੈਰ-ਕਾਨੂੰਨੀ ਤਰੀਕੇ ਨਾਲ 1,09,535 ਵਿਅਕਤੀ ਫ਼ੜੇ ਗਏ ਸਨ। ਜਿਨ੍ਹਾਂ ਵਿੱਚੋਂ 16% ਭਾਰਤੀ ਸਨ। ਜਦੋਂ ਕਿ 2023 ਵਿੱਚ 1,89,402 ਲੋਕਾਂ ਨੇ ਲਾਂਘੇ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਵਿੱਚੋਂ 30,010 ਭਾਰਤੀ ਨਾਗਰਿਕ ਸਨ। ਇਹ ਉਹ ਗਿਣਤੀ ਹੈ ਜੋ ਬਾਰਡਰ ਕਰਾਸਿੰਗ ’ਤੇ ਫ਼ੜੇ ਗਏ ਹਨ। ਇਸ ਵਿੱਚ ਅਮਰੀਕਾ ਵਿੱਚ ਦਾਖਲ ਹੋਣ ਵਾਲੇ ਲੋਕਾਂ ਦੀ ਗਿਣਤੀ ਸ਼ਾਮਲ ਨਹੀਂ ਹੈ।



ਕੈਨੇਡਾ ਰਾਹੀਂ ਅਮਰੀਕਾ ਵਿੱਚ ਦਾਖ਼ਲ ਹੋਣ ਵਾਲੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੇ ਮਾਮਲੇ ਵਿੱਚ ਭਾਰਤੀ ਲਾਤੀਨੀ ਅਮਰੀਕਾ ਅਤੇ ਕੈਰੇਬੀਅਨ ਤੋਂ ਬਾਅਦ ਦੂਜੇ ਨੰਬਰ ’ਤੇ ਭਾਰਤ ਹੈ। ਭਾਰਤੀ ਕੈਨੇਡਾ ਨੂੰ ਕਿਉਂ ਚੁਣਦੇ ਹਨ? ਕੈਨੇਡਾ ਦੇ ਰਸਤੇ ਅਮਰੀਕਾ ਜਾਣ ਦੇ ਕਈ ਕਾਰਨ ਹਨ। ਵਾਸ਼ਿੰਗਟਨ ਸਥਿਤ ਥਿੰਕ ਟੈਂਕ ਨਿਸਕੈਨਨ ਸੈਂਟਰ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਵਧਣ ਦਾ ਕਾਰਨ ਕੈਨੇਡਾ ਦੀ ਆਸਾਨ ਵੀਜ਼ਾ ਪ੍ਰਕਿਰਿਆ ਨੂੰ ਦੱਸਿਆ ਹੈ। ਨਿਸਕੈਨਨ ਸੈਂਟਰ ਦੀ ਇੱਕ ਰਿਪੋਰਟ ਅਨੁਸਾਰ ਕੈਨੇਡੀਅਨ ਵੀਜ਼ਾ ਲਈ ਔਸਤ ਸਮਾਂ 76 ਦਿਨ ਸੀ, ਜਦੋਂ ਕਿ ਅਮਰੀਕਾ ਲਈ ਲਗਭਗ 1 ਸਾਲ ਹੈ। ਨਾਲ ਹੀ ਅਮਰੀਕਾ ਦੇ ਮੁਕਾਬਲੇ ਕੈਨੇਡਾ ਲਈ ਵਿਦਿਆਰਥੀ ਵੀਜ਼ਾ ਪ੍ਰਾਪਤ ਕਰਨਾ ਬਹੁਤ ਸੌਖਾ ਹੈ। ਭਾਰਤੀ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਮੁੱਦੇ ’ਤੇ ਮਾਹਿਰ ਰਸਲ ਏ. ਸਟੈਮੇਟਸ ਅਨੁਸਾਰ ਭਾਰਤੀ ਆਰਥਿਕ ਸੁਧਾਰ ਦੇ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਖਤਰਨਾਕ ਜੋਖਮ ਉਠਾਉਣ ਲਈ ਮਜਬੂਰ ਹੁੰਦੇ ਹਨ।

ਤਸਕਰੀ ਦੇ ਨੈਟਵਰਕ ਅਤੇ ਬਾਈਡੇਨ ਪ੍ਰਸ਼ਾਸਨ ਦੀਆਂ ਨੀਤੀਆਂ ਦੇ ਕਾਰਨ ਇਹ ਗਿਣਤੀ ਵਧੀ ਹੈ। ਇਸ ਘੁਸਪੈਠ ਨੂੰ ਵਧਾਉਣ ਵਿੱਚ ਬਾਈਡਨ ਪ੍ਰਸ਼ਾਸਨ ਦੀ ਖੁੱਲ੍ਹੀ ਸਰਹੱਦ ਦੀ ਨੀਤੀ ਵੀ ਭੂਮਿਕਾ ਨਿਭਾ ਰਹੀ ਹੈ। ਤਸਕਰੀ ਦੇ ਨੈੱਟਵਰਕ ਸਰਹੱਦ ’ਤੇ ਢਿੱਲੀ ਸੁਰੱਖਿਆ ਦਾ ਫ਼ਾਇਦਾ ਉਠਾ ਰਹੇ ਹਨ। ਇਹ ਨੈੱਟਵਰਕ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਸੁਰੱਖਿਅਤ ਰਸਤੇ ਅਤੇ ਆਸਾਨ ਦਾਖਲੇ ਦਾ ਵਾਅਦਾ ਕਰਦਾ ਹੈ। ਸੋਸ਼ਲ ਮੀਡੀਆ ’ਤੇ ਵੀ ਇਨ੍ਹਾਂ ਰੂਟਾਂ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ, ਜਿਸ ਕਾਰਨ ਜ਼ਿਆਦਾ ਲੋਕ ਇਸ ਖਤਰਨਾਕ ਯਾਤਰਾ ਲਈ ਤਿਆਰ ਹੋ ਰਹੇ ਹਨ। ਵਕੀਲ ਜੀਸ਼ਾਨ ਫ਼ਾਰੂਕੀ ਮੁਤਾਬਕ ਸੀਮਾ ਸੁਰੱਖਿਆ ਨਿਯਮਾਂ ਵਿੱਚ ਬਦਲਾਅ ਦੀ ਲੋੜ ਹੈ।

ਲੰਬੀ ਅਮਰੀਕਾ-ਕੈਨੇਡਾ ਸਰਹੱਦ ਅਤੇ ਘੱਟ ਸੁਰੱਖਿਆ ਇਸ ਸਮੱਸਿਆ ਨੂੰ ਵਧਾਉਂਦੇ ਹੋਏ ਅਮਰੀਕਾ-ਕੈਨੇਡਾ ਸਰਹੱਦ ਦੀ ਲੰਬਾਈ (8,891 ਕਿਲੋਮੀਟਰ) ਹੈ। ਇਸ ਤੋਂ ਇਲਾਵਾ ਇਸ ਸਰਹੱਦ ’ਤੇ ਸੁਰੱਖਿਆ ਬਹੁਤ ਘੱਟ ਹੈ। ਇਹ ਗੈਰ-ਕਾਨੂੰਨੀ ਘੁਸਪੈਠ ਲਈ ਇੱਕ ਆਸਾਨ ਰਸਤਾ ਬਣਾਉਂਦਾ ਹੈ। ਉਸ ਦੇ ਮੁਕਾਬਲੇ ਅਮਰੀਕਾ-ਮੈਕਸੀਕੋ ਸਰਹੱਦ ’ਤੇ ਬਹੁਤ ਸਖ਼ਤ ਸੁਰੱਖਿਆ ਹੈ। ਸਰਹੱਦੀ ਗਸ਼ਤ ਸੀਮਤ ਹੈ, ਜਿਸ ਕਾਰਨ ਘੁਸਪੈਠ ਨੂੰ ਰੋਕਣਾ ਮੁਸ਼ਕਲ ਹੋ ਰਿਹਾ ਹੈ। ਮਾਹਿਰ ਇਸ ਸਮੱਸਿਆ ਦੇ ਹੱਲ ਲਈ ਦੋਵਾਂ ਦੇਸ਼ਾਂ ਵਿਚਾਲੇ ਮਜ਼ਬੂਤ ਨਿਗਰਾਨੀ ਅਤੇ ਸੁਰੱਖਿਆ ਪ੍ਰਬੰਧਨ ਦੀ ਸਿਫ਼ਾਰਸ਼ ਕਰ ਰਹੇ ਹਨ। ਕੈਨੇਡਾ ਨੇ ਸਰਹੱਦੀ ਸਮੱਸਿਆ ਨੂੰ ਹੱਲ ਕੀਤਾ, ਜਾਂ ਟੈਰਿਫ਼: ਗੈਰ-ਕਾਨੂੰਨੀ ਪ੍ਰਵਾਸੀਆਂ ’ਤੇ ਟਰੰਪ ਕੈਨੇਡਾ-ਅਮਰੀਕਾ ਸਰਹੱਦ ਹੁਣ ਤੱਕ ਸਿਆਸੀ ਹਲਕਿਆਂ ਵਿੱਚ ਚਰਚਾ ਦਾ ਵਿਸ਼ਾ ਨਹੀਂ ਰਹੀ ਹੈ। ਪਰ ਟਰੰਪ ਦੇ ਰਾਸ਼ਟਰਪਤੀ ਚੁਣੇ ਜਾਣ ਤੋਂ ਬਾਅਦ ਇਹ ਚਰਚਾ ’ਚ ਹੈ। ਅਮਰੀਕਾ ਦੇ ਨਵੇਂ ਰਾਸ਼ਟਰਪਤੀ ਟਰੰਪ ਅਤੇ ਉਨ੍ਹਾਂ ਦੇ ਚੁਣੇ ਗਏ ਬਾਰਡਰ ਚੀਫ਼ ਟੌਮ ਹੋਮਨ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਲੈ ਕੇ ਕੈਨੇਡਾ ਨੂੰ ਧਮਕੀ ਦਿੱਤੀ ਹੈ। ਹਾਉਮੈਨ ਦੇ ਅਨੁਸਾਰ, ਕੈਨੇਡਾ ਨੂੰ ਅਮਰੀਕਾ ਆਉਣ ਵਾਲੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਰੋਕਣਾ ਚਾਹੀਦਾ ਹੈ ਜਾਂ 25% ਟੈਰਿਫ਼ ਲਈ ਤਿਆਰ ਰਹਿਣਾ ਚਾਹੀਦਾ ਹੈ। ਟਰੰਪ ਨੇ ਕੁਝ ਸਮਾਂ ਪਹਿਲਾਂ ਇਸ ਮੁੱਦੇ ’ਤੇ ਕੈਨੇਡਾ ਦੇ ਪੀ.ਐਮ ਜਸਟਿਨ ਟਰੂਡੋ ਨਾਲ ਵੀ ਮੁਲਾਕਾਤ ਕੀਤੀ ਸੀ।

# ਚੰਡੀਗੜ੍ਹ ਦੀ ਹਰਮੀਤ ਢਿੱਲੋਂ ਨੂੰ ਟਰੰਪ ਦੀ ਟੀਮ ’ਚ ਮਿਲੀ ਵੱਡੀ ਜ਼ਿੰਮੇਵਾਰੀ

ਨਵੀਂ ਦਿੱਲੀ/ਏ.ਟੀ.ਨਿਊਜ਼: ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਟੀਮ ਵਿੱਚ ਭਾਰਤੀ ਮੂਲ ਦੇ ਲੋਕਾਂ ਦਾ ਖ਼ਤਰਾ ਵਧਦਾ ਜਾ ਰਿਹਾ ਹੈ। ਹੁਣ ਟਰੰਪ ਨੇ ਆਪਣੀ ਨਵੀਂ ਕੈਬਨਿਟ ਵਿੱਚ ਇੱਕ ਹੋਰ ਭਾਰਤੀ ਨੂੰ ਵੱਡੀ ਜ਼ਿੰਮੇਵਾਰੀ ਦਿੱਤੀ ਹੈ। ਟਰੰਪ ਨੇ ਭਾਰਤੀ-ਅਮਰੀਕੀ ਵਕੀਲ ਹਰਮੀਤ ਕੇ. ਢਿੱਲੋਂ ਨੂੰ ਨਿਆਂ ਵਿਭਾਗ ਵਿੱਚ ਨਾਗਰਿਕ ਅਧਿਕਾਰਾਂ ਲਈ ਸਹਾਇਕ ਅਟਾਰਨੀ ਜਨਰਲ ਵਜੋਂ ਨਾਮਜ਼ਦ ਕੀਤਾ।



ਡੋਨਾਲਡ ਟਰੰਪ ਨੇ ਇਸ ਸਬੰਧੀ ਇੱਕ ਪੋਸਟ ਵੀ ਲਿਖੀ, ਉਨ੍ਹਾਂ ਨੇ ਕਿਹਾ, ‘ਮੈਂ ਹਰਮੀਤ ਕੇ. ਢਿੱਲੋਂ ਨੂੰ ਅਮਰੀਕੀ ਨਿਆਂ ਵਿਭਾਗ ਵਿੱਚ ਸਿਵਲ ਰਾਈਟਸ ਲਈ ਸਹਾਇਕ ਅਟਾਰਨੀ ਜਨਰਲ ਵਜੋਂ ਨਾਮਜ਼ਦ ਕਰਕੇ ਖੁਸ਼ ਹਾਂ। ਆਪਣੇ ਪੂਰੇ ਕੈਰੀਅਰ ਦੌਰਾਨ, ਹਰਮੀਤ ਸਾਡੀਆਂ ਪਿਆਰੀਆਂ ਨਾਗਰਿਕ ਸੁਤੰਤਰਤਾਵਾਂ ਦੀ ਰੱਖਿਆ ਲਈ ਲਗਾਤਾਰ ਖੜ੍ਹੀ ਰਹੀ ਹੈ। ਹਰਮੀਤ ਅਮਰੀਕਾ ਦੇ ਚੋਟੀ ਦੇ ਵਕੀਲਾਂ ਵਿੱਚੋਂ ਇੱਕ ਹੈ। ਉਹ ਡਾਰਟਮਾਊਥ ਕਾਲਜ ਅਤੇ ਯੂਨੀਵਰਸਿਟੀ ਆਫ਼ ਵਰਜੀਨੀਆ ਲਾਅ ਸਕੂਲ ਦਾ ਗ੍ਰੈਜੂਏਟ ਹੈ।

**ਢਿੱਲੋ ਸੰਵਿਧਾਨਕ ਅਧਿਕਾਰਾਂ ਦੀ ਰਾਖੀ ਕਰਨਗੇ**

ਟਰੰਪ ਨੇ ਇਹ ਵੀ ਕਿਹਾ ਕਿ ਢਿੱਲੋਂ ਨੇ ਬੋਲਣ ਦੀ ਆਜ਼ਾਦੀ ’ਤੇ ਰੋਕ ਲਗਾਉਣ ਲਈ ਤਕਨੀਕੀ ਕੰਪਨੀਆਂ ਨੂੰ ਘੇਰਿਆ, ਜੋ ਈਸਾਈਆਂ ਦੀ ਨੁਮਾਇੰਦਗੀ ਕਰਦੇ ਹਨ ਜਿਨ੍ਹਾਂ ਨੂੰ ਕੋਵਿਡ -19 ਮਹਾਂਮਾਰੀ ਦੌਰਾਨ ਇਕੱਠੇ ਪ੍ਰਾਰਥਨਾ ਕਰਨ ਤੋਂ ਰੋਕਿਆ ਗਿਆ ਸੀ। ਡੋਨਾਲਡ ਟਰੰਪ ਨੇ ਅੱਗੇ ਕਿਹਾ ਕਿ ਹਰਮੀਤ ਸਿੱਖ ਭਾਈਚਾਰੇ ਦੀ ਸਤਿਕਾਰਤ ਮੈਂਬਰ ਹੈ। ਨਿਆਂ ਵਿਭਾਗ ਵਿਖੇ, ਹਰਮੀਤ ਸਾਡੇ ਸੰਵਿਧਾਨਕ ਅਧਿਕਾਰਾਂ ਦਾ ਅਣਥੱਕ ਰਖਵਾਲੀ ਹੋਵੇਗੀ ਅਤੇ ਸਾਡੇ ਨਾਗਰਿਕ ਅਧਿਕਾਰਾਂ ਅਤੇ ਚੋਣ ਕਾਨੂੰਨਾਂ ਨੂੰ ਨਿਰਪੱਖ ਅਤੇ ਜ਼ੋਰਦਾਰ ਢੰਗ ਨਾਲ ਲਾਗੂ ਕਰੇਗੀ।

ਇਸ ਤੋਂ ਬਾਅਦ, ਵਕੀਲ ਹਰਮੀਤ ਕੇ ਢਿੱਲੋਂ ਦਾ ਜਵਾਬ ਵੀ ਸਾਹਮਣੇ ਆਇਆ, ਉਸਨੇ ਜਵਾਬ ਦਿੱਤਾ, ਮੈਂ ਨਾਮਜ਼ਦ ਹੋਣ ਅਤੇ ਟਰੰਪ ਦੇ ਅਟਾਰਨੀ ਜਨਰਲ-ਚੁਣੇ ਪੈਮ ਬੌਂਡੀ ਦੀ ਅਗਵਾਈ ਵਿੱਚ ਵਕੀਲਾਂ ਦੀ ਇੱਕ ਸ਼ਾਨਦਾਰ ਟੀਮ ਦਾ ਹਿੱਸਾ ਬਣ ਕੇ ਬਹੁਤ ਮਾਣ ਮਹਿਸੂਸ ਕਰ ਰਿਹੀ ਹਾਂ।

## ਕੈਲੀ.ਫੋਰਨੀਆ ਵਿੱਚ ਚੋਣ ਜਿੱਤੀ ਭਾਰਤੀ ਮੂਲ ਦੀ ਡਾਕਟਰ ਪਟੇਲ ਨੇ ਵਿਧਾਇਕ ਵਜੋਂ ਸਹੁੰ ਚੁੱਕੀ

ਸੈਕਰਾਮੈਂਟੋ, ਕੈਲੀ.ਫੋਰਨੀਆ (ਹੁਸਨ ਲੜੋਆ ਬੰਗਾ)- ਕੈਲੀ.ਫੋਰਨੀਆ ਦੇ 76ਵੇਂ ਅਸੰਬਲੀ ਡਿਸਟ੍ਰਿਕਟ ਤੋਂ ਚੋਣ ਜਿੱਤੀ ਡੈਮੋਕਰੈਟਿਕ ਆਗੂ ਭਾਰਤੀ ਮੂਲ ਦੀ ਡਾਕਟਰ ਦਰਸ਼ਨਾ ਆਰ ਪਟੇਲ ਨੇ ਸਟੇਟ ਅਸੰਬਲੀ ਮੈਂਬਰ ਵਜੋਂ ਸਹੁੰ ਚੁੱਕੀ। ਇਸ ਮੌਕੇ ਆਪਣੇ ਸੰਖੇਪ ਸੰਬੋਧਨ ਵਿੱਚ ਉਨ੍ਹਾਂ ਨੇ ਹਲਕੇ ਦੇ ਵਸਨੀਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਉਨ੍ਹਾਂ ਦੀਆਂ ਉਮੀਦਾਂ ਉਪਰ ਖਰ੍ਹਾ ਉਤਰਨ ਦੀ ਪੂਰੀ ਕੋਸ਼ਿਸ਼ ਕਰਾਂਗੀ। ਉਨ੍ਹਾਂ ਕਿਹਾ ਕਿ ਹਲਕੇ ਦੇ ਵਸਨੀਕਾਂ ਨੇ ਮੈਨੂੰ ਸਟੇਟ ਅਸੰਬਲੀ ਵਿੱਚ 76 ਵੇਂ ਡਿਸਟ੍ਰਿਕਟ ਦੀ ਪ੍ਰਤੀਨਿੱਧਤਾ ਕਰਨ ਦਾ ਮਾਣ ਬਖਸ਼ਿਆ ਹੈ ਤੇ ਮੈ ਉਨ੍ਹਾਂ ਲਈ ਕੰਮ ਕਰਨ ਵਾਸਤੇ (ਬਾਕੀ ਸਫ਼ਾ 31 ’ਤੇ)



# ਰੂਸ ਤੇ ਯੂਕ੍ਰੇਨ ਤੁਰੰਤ ਜੰਗਬੰਦੀ ਕਰਕੇ ਗੱਲਬਾਤ ਸ਼ੁਰੂ ਕਰਨ : ਟਰੰਪ

ਸੈਕਰਾਮੈਂਟੋ, ਕੈਲੀ.ਫੋਰਨੀਆ/ ਹੁਸਨ ਲੜੋਆ ਬੰਗਾ: ਰਾਸ਼ਟਰਪਤੀ ਚੁਣੇ ਗਏ ਡੋਨਾਲਡ ਟਰੰਪ ਨੇ ਰੂਸ ਤੇ ਯੂਕ੍ਰੇਨ ਵਿਚਾਲੇ ਤੁਰੰਤ ਜੰਗਬੰਦੀ ਦਾ ਸੱਦਾ ਦਿੰਦਿਆਂ ਕਿਹਾ ਹੈ ਕਿ ਖਿੱਤੇ ਵਿੱਚ ਪਾਗਲਪਣ ਖਤਮ ਹੋਣਾ ਚਾਹੀਦਾ ਹੈ। ਟਰੰਪ ਨੇ ਇਹ ਸੁਨੇਹਾ ਯੂਕਰੇਨ ਦੇ ਰਾਸ਼ਟਰਪਤੀ ਵੋਲਾਦੀਮੀਰ ਜ਼ੇਲੈਂਸਕੀ ਨਾਲ ਪੈਰਿਸ ਵਿੱਚ ਹੋਈ ਮੀਟਿੰਗ ਤੋਂ ਬਾਅਦ ਟਰੁੱਥ ਸੋਸ਼ਲ ਉਪਰ ਸਾਂਝਾ ਕੀਤਾ ਹੈ। ਟਰੰਪ ਨੇ ਆਪਣੀ ਚੋਣ ਮੁਹਿੰਮ ਦੌਰਾਨ ਐਲਾਨ ਕੀਤਾ ਸੀ ਕਿ ਚੋਣ ਜਿੱਤਣ ਉਪਰੰਤ ਉਹ ਰੂਸ ਤੇ ਯੂਕ੍ਰੇਨ ਵਿਚਾਲੇ ਜੰਗ ਖਤਮ ਕਰ ਦੇਣਗੇ ਹਾਲਾਂ ਕਿ ਅਜਿਹਾ ਕਰਨ ਲਈ ਉਨ੍ਹਾਂ ਨੇ ਕਿਸੇ ਢੰਗ ਤਰੀਕੇ ਦਾ ਕੋਈ ਜ਼ਿਕਰ ਨਹੀਂ ਕੀਤਾ ਸੀ। ਟਰੰਪ ਨੇ ਆਪਣੇ ਤਾਜ਼ਾ ਸੁਨੇਹੇ ਵਿੱਚ ਲਿਖਿਆ ਹੈ ਕਿ ਜੇਲੈਂਸਕੀ ਤੇ ਰੂਸ ਇੱਕ ਸਮਝੌਤੇ ਤਹਿਤ ਪਾਗਲਪਣ ਬੰਦ ਕਰ ਦੇਣ ਤੇ ਤੁਰੰਤ ਜੰਗਬੰਦੀ ਲਾਗੂ ਕਰਕੇ ਗੱਲਬਾਤ ਸ਼ੁਰੂ ਹੋਣੀ ਚਾਹੀਦੀ ਹੈ। ਟਰੰਪ ਨੇ ਹੋਰ ਕਿਹਾ ਹੈ ਕਿ ਮੈਂ ਵਲਾਦੀਮੀਰ ਪੂਤਿਨ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਉਸ ਲਈ ਇਹ ਸਮਾਂ ਹੁਣ ਕਾਰਵਾਈ ਕਰਨ ਦਾ ਹੈ। ਚੀਨ ਇਸ ਵਿੱਚ ਮੱਦਦ ਕਰ ਸਕਦਾ ਹੈ। ਵਿਸ਼ਵ ਇਸ ਸਮੇਂ ਦੀ ਉਡੀਕ ਕਰ ਰਿਹਾ ਹੈ। ਇਸ ਪੋਸਟ ਵਿੱਚ ਟਰੰਪ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਪਿਛਲੇ ਮਹੀਨੇ ਫ਼ੋਨ ਉਪਰ ਹੋਈ ਗੱਲਬਾਤ ਦਾ ਹਵਾਲਾ ਵੀ ਦਿੱਤਾ ਹੈ। ਹਾਲਾਂ ਕਿ ਉਸ ਸਮੇਂ ਰੂਸ ਨੇ ਅਜਿਹੀ ਕਿਸੇ ਗੱਲਬਾਤ ਤੋਂ ਇਨਕਾਰ ਕੀਤਾ ਸੀ। ਇਸੇ ਪੋਸਟ ਵਿੱਚ ਟਰੰਪ ਨੇ ਕਿਹਾ ਹੈ ਕਿ ਸੀਰੀਆ ਵਿੱਚ ਬਾਗੀ ਰਾਸ਼ਟਰਪਤੀ ਬਸ਼ਰ ਅਸਦ ਦਾ ਤਖਤਾ ਉਲਟਾਉਣ ਵਿੱਚ ਇਸ ਲਈ ਸਫ਼ਲ ਹੋਏ ਹਨ ਕਿਉਂਕਿ ਰੂਸ ਨੇ ਯੂਕ੍ਰੇਨ ਨਾਲ ਜੰਗ ਜਿੱਤਣ ਵੱਲ ਧਿਆਨ ਦੇਣ ਵਾਸਤੇ ਅਸਦ ਨੂੰ ਬਚਾਉਣ ਲਈ ਦਿਲਚਸਪੀ ਲੈਣੀ ਬੰਦ ਕਰ ਦਿੱਤੀ ਸੀ। ਟਰੰਪ ਨੇ ਪਿਛਲੇ ਮਹੀਨੇ ਦੇ ਅੰਤ ਵਿੱਚ ਜੰਗ ਖਤਮ ਕਰਨ ਲਈ ਇੱਕ ਵਿਸ਼ੇਸ਼ ਦੂਤ ਦੀ ਨਾਮਜ਼ਦਗੀ ਦਾ ਐਲਾਨ ਕੀਤਾ ਸੀ। ਇਸ ਤੋਂ ਪਹਿਲਾਂ ਫ਼ਰਾਂਸ ਲਈ ਰਵਾਨਾ ਹੋਣ ਸਮੇ ‘ਮੀਟ ਦਾ ਪ੍ਰੈਸ’ ਗੱਲਬਾਤ ਦੌਰਾਨ ਟਰੰਪ ਨੇ ਕਿਹਾ ਸੀ ਕਿ ਜੇਕਰ ਉਹ ਕਰ ਸਕਿਆ ਤਾਂ ਜੰਗ ਖਤਮ ਕਰ ਦੇਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਬਾਕੀ ਦੇਸ਼ ਆਪਣਾ ਹਿੱਸਾ ਪਾਉਣ ਲਈ ਅੱਗੇ ਆਉਣਗੇ ਤਾਂ ਅਮਰੀਕਾ ਨਾਟੋ ਦਾ ਮੈਂਬਰ ਬਣਿਆ ਰਹੇਗਾ। ਉਨ੍ਹਾਂ ਕਿਹਾ ਕਿ ਬਾਕੀ ਦੇਸ਼ਾਂ ਨੂੰ ਆਪਣੀ ਰਹਿੰਦੀ ਅਦਾਇਗੀ ਕਰਨੀ ਪਵੇਗੀ। ਇਸ ਸਮੇ ਨਾਟੋ ਦੇ ਕੁਲ 32 ਮੈਂਬਰਾਂ ਵਿਚੋਂ 23 ਆਪਣੇ ਕੁਲ ਘਰੇਲੂ ਉਤਪਾਦਨ ਦਾ ਘੱਟੋ ਘੱਟ 2% ਗਠਜੋੜ ਦੇ ਰਖਿਆ ਖਰਚ ਵਿੱਚ ਯੋਗਦਾਨ ਪਾ ਰਹੇ ਹਨ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸਕਾਟਲੈਂਡ ਦੀ ਸਿੱਖ ਕਲਾਕਾਰ ਜਸਲੀਨ ਕੌਰ ਨੇ ਜਿੱਤਿਆ ਵੱਕਾਰੀ ਟਰਨਰ ਪੁਰਸਕਾਰ 2024

## ਪੁਰਸਕਾਰ ਪ੍ਰਾਪਤ ਕਰਨ ਤੋਂ ਬਾਅਦ ਜਸਲੀਨ ਕੌਰ ਨੇ ਆਪਣੇ ਸੰਬੋਧਨ 'ਚ ਫ਼ਲਸਤੀਨ ਨਾਲ ਮਜ਼ਬੂਤ ਇਕਜੁਟਤਾ ਪ੍ਰਗਟ ਕੀਤੀ

ਲੰਡਨ/ਏ.ਟੀ.ਨਿਊਜ਼ : 'ਨਿੱਜੀ, ਸਿਆਸੀ ਅਤੇ ਅਧਿਆਤਮਿਕ' ਪਹਿਲੂਆਂ ਨੂੰ ਇਕੱਠਿਆਂ ਦਰਸਾਉਣ ਵਾਲੀ ਗਲਾਸਗੋ 'ਚ ਜਨਮੀ ਭਾਰਤੀ ਮੂਲ ਦੀ ਕਲਾਕਾਰ ਜਸਲੀਨ ਕੌਰ ਨੇ ਬਰਤਾਨੀਆਂ ਦਾ ਵੱਕਾਰੀ ਟਰਨਰ ਪੁਰਸਕਾਰ 2024 ਜਿੱਤਿਆ ਹੈ। ਜਸਲੀਨ ਦੀਆਂ ਰਚਨਾਵਾਂ ਸਕਾਟਲੈਂਡ ਦੇ ਸਿੱਖ ਭਾਈਚਾਰੇ 'ਚ ਵੱਡੇ ਹੋਣ ਦੌਰਾਨ ਉਸ ਦੇ ਜੀਵਨ ਤੋਂ ਪ੍ਰੇਰਿਤ ਹਨ।

ਜਸਲੀਨ ਕੌਰ ਨੂੰ ਪਿਛਲੇ ਦਿਨੀਂ ਲੰਡਨ ਦੇ ਟੇਟ ਬਰਤਾਨੀਆਂ ਵਿੱਚ ਹੋਏ ਇੱਕ ਸਮਾਰੋਹ ਵਿੱਚ ਅਪਣੀ ਕਲਾ ਪ੍ਰਦਰਸ਼ਨੀ 'ਆਲਟਰ ਆਲਟਰ' ਲਈ ਲਗਭਗ 26.84 ਲੱਖ ਰੁਪਏ ਦਾ ਇਨਾਮ ਮਿਲਿਆ। ਪ੍ਰਦਰਸ਼ਨੀ 'ਚ ਇਕੱਤਰ ਕੀਤੀਆਂ ਅਤੇ ਦੁਬਾਰਾ ਬਣਾਈਆਂ ਗਈਆਂ ਵਸਤੂਆਂ ਤੋਂ ਬਣਾਈਆਂ ਮੂਰਤੀਆਂ ਨੂੰ ਪੇਸ਼ ਕੀਤਾ ਗਿਆ ਸੀ।

ਪੁਰਸਕਾਰ ਪ੍ਰਾਪਤ ਕਰਨ ਤੋਂ ਬਾਅਦ ਜਸਲੀਨ ਕੌਰ ਨੇ ਅਪਣੇ ਸੰਬੋਧਨ 'ਚ ਫ਼ਲਸਤੀਨ ਨਾਲ ਮਜ਼ਬੂਤ ਇਕਜੁਟਤਾ ਪ੍ਰਗਟ ਕੀਤੀ। ਪ੍ਰੋਗਰਾਮ ਦੌਰਾਨ ਲੰਡਨ ਦੇ ਟੇਟ ਮਾਡਰਨ ਦੇ ਬਾਹਰ ਇਕੱਠੇ ਹੋਏ ਪ੍ਰਦਰਸ਼ਨਕਾਰੀ ਗੈਲਰੀ ਵੱਲੋਂ ਇਜ਼ਰਾਈਲ ਨਾਲ ਵਿੱਤੀ ਸਬੰਧ ਰੱਖਣ ਵਾਲੇ ਸੰਗਠਨਾਂ ਨਾਲ ਸਬੰਧ ਤੋੜਨ ਦੀ ਮੰਗ ਕਰ ਰਹੇ ਸਨ। ਪਿਛਲੇ ਹਫ਼ਤੇ, ਜਸਲੀਨ ਕੌਰ ਨੇ ਇਸ ਮੁਹਿੰਮ ਦੇ ਸਮਰਥਨ 'ਚ ਇੱਕ ਖੁੱਲ੍ਹੀ ਚਿੱਠੀ 'ਤੇ ਦਸਤਖਤ ਕੀਤੇ ਸਨ। ਉਨ੍ਹਾਂ ਨੇ ਪੁਰਸਕਾਰ ਪ੍ਰਾਪਤ ਕਰਨ ਦੌਰਾਨ ਫ਼ਲਸਤੀਨੀ ਝੰਡੇ ਦੇ ਰੰਗ ਦਾ ਸਕਾਰਫ਼ ਪਾਇਆ ਹੋਇਆ ਸੀ। ਉਨ੍ਹਾਂ ਕਿਹਾ, "ਮੈਂ ਬਾਹਰ ਪ੍ਰਦਰਸ਼ਨਕਾਰੀਆਂ ਦੀਆਂ ਆਵਾਜ਼ਾਂ ਦੀ ਗੂੰਜ ਬਣਨਾ ਚਾਹੁੰਦੀ ਹਾਂ।"





ਟਰਨਰ ਪੁਰਸਕਾਰ ਜਿਊਰੀ ਨੇ ਕਿਹਾ ਕਿ ਉਨ੍ਹਾਂ ਨੇ ਜਸਲੀਨ ਕੌਰ ਨੂੰ ਰੋਜ਼ਾਨਾ ਦੀਆਂ ਚੀਜ਼ਾਂ 'ਤੇ ਉਸ ਦੇ ਵਿਚਾਰਾਂ ਲਈ ਚੁਣਿਆ ਜਿਸ ਵਿੱਚ ਉਸ ਨੇ ਆਵਾਜ਼ ਅਤੇ ਸੰਗੀਤ ਰਾਹੀਂ ਉਨ੍ਹਾਂ ਨੂੰ ਜੀਵਤ ਕਰ ਕੇ 'ਭਾਈਚਾਰਕ ਅਤੇ ਸਭਿਆਚਾਰਕ ਵਿਰਾਸਤ' ਨੂੰ ਸਾਹਮਣੇ ਲਿਆਂਦਾ। ਜਿਊਰੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਜਿਊਰੀ ਨੇ ਨੋਟ ਕੀਤਾ ਕਿ ਕਿਵੇਂ ਜਸਲੀਨ ਕੌਰ ਨੇ ਅਪਣੀ ਪ੍ਰਦਰਸ਼ਨੀ 'ਆਲਟਰ ਆਲਟਰ' ਵਿੱਚ ਨਿੱਜੀ, ਸਿਆਸੀ ਅਤੇ ਅਧਿਆਤਮਕ ਪਹਿਲੂਆਂ ਨੂੰ ਇਕੱਠੇ ਕੀਤਾ ਹੈ, ਜਿਸ ਵਿੱਚ ਇੱਕ ਵਿਜ਼ੂਅਲ ਅਤੇ ਆਡੀਓ ਅਨੁਭਵ ਦਾ ਨਿਰਦੇਸ਼ਨ ਕੀਤਾ ਗਿਆ ਹੈ ਜੋ ਇਕਜੁੱਟਤਾ ਅਤੇ ਖੁਸ਼ੀ ਦੋਹਾਂ ਦਾ ਸੰਕੇਤ ਦਿੰਦਾ ਹੈ।

ਅਪਣੇ ਸੰਬੋਧਨ 'ਚ ਜਸਲੀਨ ਕੌਰ ਨੇ ਕਿਹਾ, "ਅੱਜ ਮੈਨੂੰ ਸਥਾਨਕ ਸਿੱਖ ਭਾਈਚਾਰੇ ਅਤੇ ਉਨ੍ਹਾਂ ਲੋਕਾਂ ਤੋਂ ਬਹੁਤ ਸਾਰੇ ਸੰਦੇਸ਼ ਮਿਲੇ ਹਨ ਜਿਨ੍ਹਾਂ ਨਾਲ ਮੈਂ ਵੱਡੀ ਹੋਈ। ਇਸ ਕਿਸਮ ਦੀ ਚੀਜ਼ ਬਹੁਤ ਸਾਰੇ ਲੋਕਾਂ ਲਈ ਬਹੁਤ ਮਾਇਨੇ ਰਖਦੀ ਹੈ। ਇਹ ਵੱਖ-ਵੱਖ ਸਮੂਹਾਂ ਲਈ ਮਹੱਤਵਪੂਰਨ ਹੈ ਅਤੇ ਮੈਂ ਉਨ੍ਹਾਂ ਸਾਰਿਆਂ ਦੀ ਨੁਮਾਇੰਦਗੀ ਕਰਨ ਲਈ ਤਿਆਰ ਹਾਂ।"

ਟਰਨਰ ਪੁਰਸਕਾਰ, ਵਿਜ਼ੂਅਲ ਆਰਟਸ ਲਈ ਦੁਨੀਆਂ ਦੇ ਸਭ ਤੋਂ ਮਸ਼ਹੂਰ ਪੁਰਸਕਾਰਾਂ 'ਚੋਂ ਇਕ ਹੈ, ਜਿਸ ਦਾ ਉਦੇਸ਼ ਸਮਕਾਲੀ ਬ੍ਰਿਟਿਸ਼ ਕਲਾ 'ਚ ਨਵੇਂ ਵਿਕਾਸ ਬਾਰੇ ਜਨਤਕ ਬਹਿਸ ਸ਼ੁਰੂ ਕਰਨਾ ਹੈ। 1984 'ਚ ਸਥਾਪਤ, ਪੁਰਸਕਾਰ ਦਾ ਨਾਮ ਕ੍ਰਾਂਤੀਕਾਰੀ ਚਿੱਤਰਕਾਰ ਜੇ.ਐਮ. ਡਬਲਯੂ ਟਰਨਰ (1775-1851) ਦੇ ਨਾਮ 'ਤੇ ਰੱਖਿਆ ਗਿਆ ਹੈ ਅਤੇ ਹਰ ਸਾਲ ਇੱਕ ਬ੍ਰਿਟਿਸ਼ ਕਲਾਕਾਰ ਨੂੰ ਉਸ ਦੇ ਕੰਮ ਦੀ ਸ਼ਾਨਦਾਰ ਪ੍ਰਦਰਸ਼ਨੀ ਜਾਂ ਪੇਸ਼ਕਾਰੀ ਲਈ ਦਿੱਤਾ ਜਾਂਦਾ ਹੈ। ਇਸ ਤੋਂ ਪਹਿਲਾਂ ਬ੍ਰਿਟਿਸ਼-ਭਾਰਤੀ ਮੂਰਤੀਕਾਰ ਅਨੀਸ਼ ਕਪੂਰ ਵੀ ਇਹ ਪੁਰਸਕਾਰ ਪ੍ਰਾਪਤ ਕਰ ਚੁਕੇ ਸਨ।

# ਯੂਨਾਈਟਿਡ ਸਿੱਖਸ ਦੀ ਮਦਦ ਨਾਲ ਵਤਨ ਪਰਤਣ 'ਚ ਕਾਮਯਾਬ ਹੋਈ ਰੇਸ਼ਮ ਕੌਰ

ਲੰਡਨ/ਏ.ਟੀ.ਨਿਊਜ਼ : ਵਿਦੇਸ਼ਾਂ 'ਚ ਜਾ ਕੇ ਸੰਘਰਸ਼ਪੂਰਨ ਜੀਵਨ ਜੀਣ ਅਤੇ ਤੰਗੀਆਂ-ਤੁਰਸੀਆਂ ਦਾ ਸਾਹਮਣਾ ਕਰਨ ਵਾਲਿਆਂ ਲਈ ਯੂਨਾਈਟਡ ਸਿੱਖਜ਼ ਨਵਾਂ ਜੀਵਨਦਾਨ ਲੈ ਕੇ ਆਇਆ ਹੈ। ਯੂਨਾਈਟਡ ਸਿੱਖਜ਼ ਦਾ ਯੂ.ਕੇ. ਹੈਲਪਡੈਸਕ (ਯੂਨਾਈਟਿਡ ਹਿਊਮੈਨੀਟੇਰੀਅਨ ਸਿੱਖ ਏਡ ਦਾ ਇੱਕ ਪ੍ਰੋਜੈਕਟ, ਅੰਤਰਰਾਸ਼ਟਰੀ ਸੰਗਠਨ, ਯੂਨਾਈਟਿਡ ਸਿੱਖਜ਼ ਦਾ ਯੂਕੇ ਪ੍ਰੋਜੈਕਟ) ਉਨ੍ਹਾਂ ਵਿਅਕਤੀਆਂ ਲਈ ਜੀਵਨ ਰੇਖਾ ਹੈ ਜੋ ਅਕਲਪਣਯੋਗ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ।



ਕੁੱਝ ਇਸੇ ਤਰ੍ਹਾਂ ਦੀ ਕਹਾਣੀ ਰੇਸ਼ਮ ਕੌਰ ਦੀ ਹੈ ਜੋ 2007 'ਚ ਯੂ.ਕੇ. ਆਈ ਸੀ ਅਤੇ ਉਦੋਂ ਤੋਂ ਵਿੱਤੀ ਤੰਗੀਆਂ-ਤੁਰਸੀਆਂ ਦਾ ਸਾਹਮਣਾ ਕਰ ਰਹੀ ਸੀ। ਇੱਥੇ ਆ ਕੇ ਉਸ ਦਾ ਜੀਵਨ ਸੰਘਰਸ਼ਮਈ ਹੋਣ ਕਾਰਨ ਉਸ ਨੇ ਵਾਪਸ ਪੰਜਾਬ ਪਰਤਣ ਦਾ ਫੈਸਲਾ ਕੀਤਾ ਪਰ ਉਸ ਕੋਲ ਵਾਪਸ ਜਾਣ ਜੋਗੇ ਵੀ ਪੈਸੇ ਨਹੀਂ ਇਕੱਠੇ ਹੋਏ ਸਨ। ਇਸ ਹਾਲਤ 'ਚ ਜਦੋਂ ਉਨ੍ਹਾਂ ਨੂੰ ਲੰਡਨ ਦੇ ਸਾਊਥਾਲ 'ਚ ਪਾਰਕ ਐਵੀਨਿਊ ਵਿਖੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ 'ਚ ਸਥਿਤ ਯੂਨਾਈਟਿਡ ਸਿੱਖਸ ਦੀ ਟੀਮ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਦੀ ਜ਼ਿੰਦਗੀ 'ਚ ਆਸ ਦੀ ਇੱਕ ਕਿਰਨ ਜਾਗ ਪਈ। ਉਨ੍ਹਾਂ ਦੀ ਯੂਨਾਈਟਡ ਸਿੱਖਜ਼ ਨੇ ਨਾ ਸਿਰਫ਼ ਟਿਕਟ ਖ਼ਰੀਦਣ 'ਚ ਮਦਦ ਕੀਤੀ ਬਲਕਿ 3000 ਪਾਊਂਡ ਦੇ ਕੇ ਘਰ ਪਰਤਣ ਮਗਰੋਂ ਵਿੱਤੀ ਮਦਦ ਦਾ ਪ੍ਰਬੰਧ ਵੀ ਕੀਤਾ।

ਯੂ.ਕੇ. ਦੀ ਸੋਸ਼ਲ ਸਰਵੀਸਿਜ਼ ਦੇ ਡਾਇਰੈਕਟਰ ਨਰਪਿੰਦਰ ਕੌਰ ਮਾਨ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਮਰਜ਼ੀ ਅਨੁਸਾਰ ਭਾਰਤ ਵਾਪਸ ਭੇਜਣ ਦਾ ਪ੍ਰਬੰਧ ਕਰਨ ਲਈ ਅਣਥੱਕ ਮਿਹਨਤ ਕੀਤੀ ਅਤੇ ਉਨ੍ਹਾਂ ਨੂੰ ਹਵਾਈ ਜਹਾਜ਼ ਦੀ ਟਿਕਟ ਸਮੇਤ ਅਤੇ ਹੋਰ ਦਸਤਾਵੇਜ਼ ਮੁਹੱਈਆ ਕਰਵਾਏ। ਯੂ.ਕੇ. ਤੋਂ ਤੁਰਨ ਲਗਿਆਂ ਉਨ੍ਹਾਂ ਨੇ ਯੂਨਾਈਟਡ ਸਿੱਖਜ਼ ਦਾ ਧਨਵਾਦ ਕੀਤਾ ਅਤੇ ਕਿਹਾ, "ਮੈਨੂੰ ਗੁਰੂ ਘਰ ਤੋਂ ਯੂਨਾਈਟਡ ਸਿੱਖਜ਼ ਬਾਰੇ ਪਤਾ ਲੱਗਾ ਕਿ ਉਹ ਮੇਰੇ ਵਰਗਿਆਂ ਦੀ ਮਦਦ ਕਰਦੇ ਹਨ। ਇਨ੍ਹਾਂ ਦੀ ਸਰਵਿਸ ਬਹੁਤ ਵਧੀਆ ਹੈ। ਇਨ੍ਹਾਂ ਦਾ ਬਹੁਤ-ਬਹੁਤ ਧਨਵਾਦ।"

ਜ਼ਿਕਰਯੋਗ ਹੈ ਕਿ ਯੂਨਾਈਟਡ ਸਿੱਖਜ਼ ਨੇ 2024 ਵਿੱਚ 700 ਤੋਂ ਵੱਧ ਡਿਪੋਰਟ ਕੀਤੇ ਗਏ ਲੋਕਾਂ ਦੀ ਮਦਦ ਕੀਤੀ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਨਾਲ ਮਿਲਾਇਆ। ਸੜਕਾਂ 'ਤੇ ਸੰਘਰਸ਼ ਕਰਨ ਤੋਂ ਲੈ ਕੇ ਇੱਜ਼ਤ ਅਤੇ ਉਮੀਦ ਨਾਲ ਘਰ ਜਾਣ ਲਈ ਉਡਾਣ ਭਰਨ ਤੱਕ, ਇਹ ਯਾਤਰਾਵਾਂ ਮਨੁੱਖਤਾ ਅਤੇ ਹਮਦਰਦੀ ਦੀ ਸ਼ਕਤੀ ਦਾ ਸਬੂਤ ਹਨ।

### ਮਾਮਲਾ ਗੁਟਕਾ ਸਾਹਿਬ ਦੀ ਬੇਅਦਬੀ ਦਾ

# ਆਵਾਸ ਮੰਤਰੀ ਵੱਲੋਂ ਦੋਸ਼ੀ ਨੂੰ ਆਸਟ੍ਰੇਲੀਆ 'ਚੋਂ ਕੱਢਣ ਦਾ ਐਲਾਨ

ਮੈਲਬਰਨ/ਏ.ਟੀ.ਨਿਊਜ਼: ਆਸਟ੍ਰੇਲੀਆ ਨੇ ਗੁਰਬਾਣੀ ਦੀ ਬੇਅਦਬੀ ਅਤੇ ਗੁਟਕਾ ਸਾਹਿਬ ਦੇ ਅੰਗ ਖਿਲਾਰਨ ਵਾਲੇ ਕਥਿਤ ਦੋਸ਼ੀ ਦਾ ਵੀਜ਼ਾ ਰੱਦ ਕਰਦਿਆਂ ਉਸ ਨੂੰ ਮੁਲਕ ਵਿਚੋਂ ਕੱਢਣ ਦਾ ਫ਼ੈਸਲਾ ਕੀਤਾ ਹੈ। ਜਾਣਕਾਰੀ ਮੁਤਾਬਕ ਅਗਸਤ ਵਿੱਚ ਪਰਥ ਸਥਿਤ ਗੁਰਦੁਆਰਾ ਕੈਨਿੰਗਵੇਲ ਦੇ ਬਾਹਰ ਗੁਟਕਾ ਸਾਹਿਬ ਦੀ ਬੇਅਦਬੀ ਕਰਨ ਦੀ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਸੀ ਅਤੇ ਬੇਅਦਬੀ ਕਰਨ ਦੇ ਦੋਸ਼ ਹੇਠ ਖਿਜਾਰ ਹਿਆਤ (21) ਨੂੰ ਵੈਸਟਰਨ ਆਸਟ੍ਰੇਲੀਆ ਪੁਲਿਸ ਦੀਆਂ ਟੀਮਾਂ ਨੇ ਘਟਨਾ ਤੋਂ ਕੁਝ ਦਿਨਾਂ ਬਾਅਦ ਹੀ ਗ੍ਰਿਫ਼ਤਾਰ ਕਰਨ ਮਗਰੋਂ ਸਥਾਨਕ ਅਦਾਲਤ ਵਿੱਚ ਪੇਸ਼ ਕੀਤਾ ਸੀ, ਪਰ ਅਦਾਲਤੀ ਕਾਨੂੰਨ ਮੁਤਾਬਕ ਉਕਤ ਕਥਿਤ ਦੋਸ਼ੀ ਨੂੰ ਸਖ਼ਤ ਸਜ਼ਾ ਨਾ ਦੇਣ ਤੋਂ ਸਿੱਖ ਸੰਸਥਾਵਾਂ ਵੱਲੋਂ ਨਾਰਾਜ਼ਗੀ ਦਾ ਪ੍ਰਗਟਾਵਾ ਕਰਦਿਆਂ ਕੇਂਦਰ ਸਰਕਾਰ ਨੂੰ ਇਸ ਬਾਰੇ ਸਖ਼ਤ ਕਦਮ ਚੁੱਕਣ ਦੀ ਅਪੀਲ ਕੀਤੀ ਗਈ ਸੀ। ਹੁਣ ਸਖ਼ਤ ਕਦਮ ਚੁੱਕਦਿਆਂ ਮੁਲਕ ਦੇ ਆਵਾਸ ਮੰਤਰੀ ਟੋਨੀ ਬਰਕ ਨੇ ਕਥਿਤ ਦੋਸ਼ੀ ਦਾ ਵੀਜ਼ਾ ਰੱਦ ਕਰਦਿਆਂ ਉਸ ਨੂੰ ਮੁਲਕ ਵਿਚੋਂ ਕੱਢਣ ਦਾ ਐਲਾਨ ਕੀਤਾ ਹੈ। ਅਗਲੇਰੀ ਕਾਰਵਾਈ ਮਗਰੋਂ ਇਸ ਸਮੇਂ ਆਵਾਸ ਬੰਦੀ ਕੇਂਦਰ ਵਿੱਚ ਨਜ਼ਰਬੰਦ ਖਿਜਾਰ ਹਿਆਤ ਨੂੰ ਦੇਸ਼ ਨਿਕਾਲਾ ਦੇ ਦਿੱਤਾ ਜਾਵੇਗਾ। ਜਾਣਕਾਰੀ ਮੁਤਾਬਕ ਉਸ ਦਾ ਪਿਛੋਕੜ ਪਾਕਿਸਤਾਨ ਦਾ ਹੈ। ਸਿੱਖ ਐਸੋਸੀਏਸ਼ਨ ਆਫ਼ ਵੈਸਟਰਨ ਆਸਟਰੇਲੀਆ ਨੇ ਆਵਾਸ ਮੰਤਰੀ ਟੋਨੀ ਬਰਕ ਤੇ ਸੂਬਾ ਸੰਸਦ ਮੈਂਬਰ ਸੈਮ ਲਿਮ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਹੈ।



# ਦੁਨੀਆਂ ਦੇ 10 ਸਭ ਤੋਂ ਆਕਰਸ਼ਕ ਸ਼ਹਿਰਾਂ ਦੀ ਸੂਚੀ ਜਾਰੀ

ਪੈਰਿਸ/ਏ.ਟੀ.ਨਿਊਜ਼: ਯੂਰੋਮੋਨੀਟਰ ਇੰਟਰਨੈਸ਼ਨਲ ਨੇ ਦੁਨੀਆਂ ਦੇ 100 ਸਭ ਤੋਂ ਆਕਰਸ਼ਕ ਸ਼ਹਿਰਾਂ ਦੀ ਸੂਚੀ ਜਾਰੀ ਕੀਤੀ ਹੈ, ਜਿਸ ਵਿੱਚ ਪੈਰਿਸ (ਫਰਾਂਸ) ਸਭ ਤੋਂ ਉੱਪਰ ਹੈ। ਇਹ ਲਗਾਤਾਰ ਚੌਥੀ ਵਾਰ ਹੈ ਜਦੋਂ ਫਰਾਂਸ ਦੀ ਰਾਜਧਾਨੀ ਪੈਰਿਸ ਨੇ ਚੋਟੀ ਦੇ 10 ਸ਼ਹਿਰਾਂ ਦੀ ਡੈਸਟੀਨੇਸ਼ਨ ਸੂਚੀ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਸਾਲ 7 ਕਰੋੜ ਲੋਕਾਂ ਨੇ ਸਿਟੀ ਆਫ ਲਾਈਟ ਕਹੇ ਜਾਣ ਵਾਲੇ ਪੈਰਿਸ ਦੀ ਯਾਤਰਾ ਕੀਤੀ ਹੈ। ਵੱਡੀ ਗੱਲ ਇਹ ਹੈ ਕਿ ਸਿਖਰਲੇ 10 ਵਿੱਚ ਯੂਰਪ ਦਾ ਦਬਦਬਾ ਰਿਹਾ ਹੈ। ਸਿਖਰਲੇ 10 ਵਿੱਚ 6 ਸ਼ਹਿਰਾਂ ਦੇ ਨਾਲ ਯੂਰਪ 2024 ਦੀ ਰੈਂਕਿੰਗ ਵਿੱਚ ਸਭ ਤੋਂ ਉੱਪਰ ਹੈ। ਇਸ ਤੋਂ ਬਾਅਦ ਮੈਡ੍ਰਿਡ (ਸਪੇਨ), ਟੋਕੀਓ (ਜਾਪਾਨ), ਰੋਮ (ਇਟਲੀ), ਮਿਲਾਨ (ਇਟਲੀ), ਨਿਊਯਾਰਕ (ਅਮਰੀਕਾ), ਐਮਸਟਰਡਮ (ਨੀਦਰਲੈਂਡ), ਸਿਡਨੀ (ਆਸਟ੍ਰੇਲੀਆ), ਸਿੰਗਾਪੁਰ ਅਤੇ ਬਾਰਸੀਲੋਨਾ (ਸਪੇਨ) ਦਾ ਨੰਬਰ ਆਉਂਦਾ ਹੈ। (ਬਾਕੀ ਸਫ਼ਾ 31 'ਤੇ)



# ਕੈਨੇਡਾ ਛੱਡ ਹੁਣ ਨਿਊਜ਼ੀਲੈਂਡ ਵੱਲ ਤੁਰ ਪਏ ਭਾਰਤੀ ਵਿਦਿਆਰਥੀ

ਨਿਊਜ਼ੀਲੈਂਡ/ਏ.ਟੀ.ਨਿਊਜ਼: ਜਿਵੇਂ-ਜਿਵੇਂ ਕੈਨੇਡਾ ਆਪਣੇ ਨਿਯਮ ਸਖ਼ਤ ਕਰਦਾ ਜਾ ਰਿਹਾ ਹੈ ਉਵੇਂ-ਉਵੇਂ ਭਾਰਤੀ ਵਿਦਿਆਰਥੀ ਦੂਜੇ ਦੇਸ਼ਾਂ ਦਾ ਰੁਖ਼ ਕਰ ਰਹੇ ਹਨ। ਤਾਜ਼ਾ ਜਾਣਕਾਰੀ ਮੁਤਾਬਕ ਸਟੱਡੀ ਲਈ ਭਾਰਤੀ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਨਿਊਜ਼ੀਲੈਂਡ ਵਿੱਚ ਅਪਲਾਈ ਕੀਤਾ ਹੈ। ਹਾਲ ਹੀ ਵਿੱਚ ਤੀਜੇ ਦਰਜੇ ਦੀ ਸਿੱਖਿਆ ਅਤੇ ਹੁਨਰ ਮੰਤਰੀ ਪੈਨੀ ਸਿਮੰਡਜ਼ ਨੇ ਘੋਸ਼ਣਾ ਕੀਤੀ ਹੈ ਕਿ ਨਿਊਜ਼ੀਲੈਂਡ ਵਿੱਚ ਅੰਤਰਰਾਸ਼ਟਰੀ ਸਿੱਖਿਆ ਖੇਤਰ ਵਿੱਚ 24% ਦਾ ਵਾਧਾ ਹੋਇਆ ਹੈ ਅਤੇ ਇਹ 2023 ਦੇ ਕੁੱਲ ਨਾਲੋਂ 6% ਵੱਧ ਗਿਆ ਹੈ। ਵੱਡੀ ਗਿਣਤੀ ਵਿੱਚ ਭਾਰਤੀ ਵਿਦਿਆਰਥੀਆਂ ਨੇ ਅਪਲਾਈ ਕੀਤਾ ਹੈ।




ਸਿਮੰਡਜ਼ ਮੁਤਾਬਕ, ਜਨਵਰੀ ਤੋਂ ਅਗਸਤ 2024 ਦਰਮਿਆਨ 73,535 ਨਾਮਾਂਕਣਾਂ ਦੇ ਨਾਲ ਇਸ ਸਾਲ ਸਿਰਫ਼ ਦੋ ਸੈਸ਼ਨਾਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਜ਼ਿਆਦਾ ਦਾਖਲੇ ਹੋਏ ਹਨ। ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ ਵਿੱਚ ਇਹ ਮਜ਼ਬੂਤ ਵਾਧਾ ਉੱਚ-ਗੁਣਵੱਤਾ ਵਾਲੀ ਸਿੱਖਿਆ ਲਈ ਨਿਊਜ਼ੀਲੈਂਡ ਦੀ ਵਿਸ਼ਵਵਿਆਪੀ ਪ੍ਰਤਿਸ਼ਠਾ ਦਾ ਪ੍ਰਮਾਣ ਹੈ। ਸਿਮੰਡਜ਼ ਮੁਤਾਬਕ ਇਹ ਵਿਦਿਆਰਥੀ ਨਾ ਸਿਰਫ਼ ਸਾਡੇ ਕੈਂਪਸ ਨੂੰ ਅਮੀਰ ਬਣਾਉਂਦੇ ਹਨ, ਸਗੋਂ ਦੇਸ਼ ਭਰ ਵਿੱਚ ਨੌਕਰੀਆਂ, ਸਥਾਨਕ ਕਾਰੋਬਾਰਾਂ ਅਤੇ ਭਾਈਚਾਰਿਆਂ ਵਿੱਚ ਯੋਗਦਾਨ ਪਾਉਂਦੇ ਹੋਏ ਸਾਡੀ ਆਰਥਿਕਤਾ ਨੂੰ ਵੀ ਮਹੱਤਵਪੂਰਨ ਤੌਰ 'ਤੇ ਹੁਲਾਰਾ ਦਿੰਦੇ ਹਨ।

**ਯੂਨੀਵਰਸਿਟੀਆਂ ਤੇ ਸਕੂਲਾਂ ਵਿਚ ਵਧੇ ਵਿਦਿਆਰਥੀ**

ਸਿਮੰਡਜ਼ ਨੇ ਅੱਗੇ ਕਿਹਾ ਕਿ ਨਿਊਜ਼ੀਲੈਂਡ ਦੀਆਂ ਯੂਨੀਵਰਸਿਟੀਆਂ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ ਵਿੱਚ 14% ਅਤੇ ਸਕੂਲਾਂ ਵਿੱਚ 33% ਵਾਧਾ ਹੋਇਆ ਹੈ। ਸਿਮੰਡਜ਼ ਮੁਤਾਬਕ, ਯੂਨੀਵਰਸਟੀਆਂ ਅਤੇ ਸਕੂਲ ਵਿਕਾਸ ਕਰ ਰਹੇ ਹਨ। ਯੂਨੀਵਰਸਿਟੀਆਂ 31,345 ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦਾਖਲ ਕਰ ਰਹੀਆਂ ਹਨ, ਜੋ 14 ਪ੍ਰਤੀਸ਼ਤ ਵਾਧਾ ਹੈ ਅਤੇ ਸਕੂਲਾਂ ਵਿਚ 33% ਦਾ ਵਾਧਾ ਹੋਇਆ ਹੈ ਜੋ 16,815 ਵਿਦਿਆਰਥੀ ਹਨ, ਜਿਸ ਵਿੱਚ ਪ੍ਰਾਇਮਰੀ ਸਕੂਲਾਂ ਦੇ ਦਾਖਲਿਆਂ ਵਿੱਚ 69% ਵਾਧਾ ਸ਼ਾਮਲ ਹੈ। (ਬਾਕੀ ਸਫ਼ਾ 31 'ਤੇ)



# ਭਿਆਨਕ ਖ਼ਾਨਾ-ਜੰਗੀ ਦੀ ਅੱਗ 'ਚ ਸੜਦਾ ਸੀਰੀਆ

## ਕੀ ਸੀਰੀਆ ਦਾ ਤਖ਼ਤਾਪਲਟ ਆਮ ਲੋਕਾਂ ਦੇ ਰਿਸਦੇ ਜ਼ਖ਼ਮਾਂ 'ਤੇ ਲਗਾ ਸਕੇਗਾ ਮਲ੍ਹਮ ?

ਦੱਖਣ-ਪੱਛਮੀ ਏਸ਼ੀਆ ਵਿੱਚ ਸਥਿਤ ਮਹੱਤਵਪੂਰਨ ਦੇਸ਼ ਸੀਰੀਆ ਪਿਛਲੇ 13 ਸਾਲਾਂ ਤੋਂ ਭਿਆਨਕ ਖ਼ਾਨਾ-ਜੰਗੀ ਦੀ ਅੱਗ ਵਿੱਚ ਸੜਦਾ ਆ ਰਿਹਾ ਹੈ।ਹੁਣ ਸੀਰੀਆ ਵਿੱਚ ਬਾਗੀਆਂ ਨੇ ਰਾਸ਼ਟਰਪਤੀ ਬਸ਼ਰ ਅਲ-ਅਸਦ ਦਾ ਤਖ਼ਤਾਪਲਟ ਕਰ ਦਿੱਤਾ ਹੈ ਅਤੇ ਰਾਸ਼ਟਰਪਤੀ ਅਸਦ ਨੂੰ ਦੇਸ਼ ਛੱਡ ਕੇ ਵਿਦੇਸ਼ ਜਾਣ ਲਈ ਮਜਬੂਰ ਹੋਣਾ ਪਿਆ ਹੈ। ਕਿਹਾ ਜਾ ਰਿਹਾ ਹੈ ਕਿ ਸੀਰੀਆ ਦੇ ਰਾਸ਼ਟਰਪਤੀ ਅਸਦ ਪਰਿਵਾਰ ਸਮੇਤ ਰੂਸ ਵਿੱਚ ਸ਼ਰਨ ਲੈ ਚੁੱਕੇ ਹਨ। ਉਂਝ ਵੀ ਰੂਸ ਨੂੰ ਸੀਰੀਆ ਦਾ ਹਮਦਰਦ ਦੇਸ਼ ਸਮਝਿਆ ਜਾਂਦਾ ਹੈ।

ਸੀਰੀਆ ਦੀ ਸਰਹੱਦ ਪੱਛਮ ਵੱਲ ਲੇਬਨਾਨ ਅਤੇ ਭੂਮੱਧ ਸਾਗਰ, ਦੱਖਣ-ਪੱਛਮ ਵੱਲ ਇਜ਼ਰਾਇਲ, ਦੱਖਣ ਵੱਲ ਜਾਰਡਨ, ਪੂਰਬ ਵੱਲ ਇਰਾਕ ਅਤੇ ਉੱਤਰ ਵੱਲ ਤੁਰਕੀ ਨਾਲ ਲੱਗਦੀ ਹੈ। ਇਜ਼ਰਾਇਲ ਅਤੇ ਇਰਾਕ ਦੇ ਵਿਚਕਾਰ ਸਥਿਤ ਹੋਣ ਕਾਰਨ ਸੀਰੀਆ ਮੱਧ ਪੂਰਬ ਦਾ ਇੱਕ ਮਹੱਤਵਪੂਰਨ ਦੇਸ਼ ਹੈ। ਇਸ ਦੀ ਰਾਜਧਾਨੀ ਦਮਿਸ਼ਕ ਹੈ, ਜੋ ਉਮਯਦ ਖ਼ਲੀਫ਼ਾ ਅਤੇ ਮਮਲੂਕ ਸਾਮਰਾਜ ਦੀ ਰਾਜਧਾਨੀ ਰਹੀ ਹੈ।

ਅਪ੍ਰੈਲ 1946 ਵਿੱਚ ਫ਼ਰਾਂਸ ਤੋਂ ਆਜ਼ਾਦੀ ਮਿਲਣ ਤੋਂ ਬਾਅਦ, ਬਾਥ ਪਾਰਟੀ ਨੇ ਇੱਥੇ ਸ਼ਾਸਨ ਵਿੱਚ ਦਬਦਬਾ ਬਣਾਇਆ ਹੈ। ਇੱਥੇ 1963 ਤੋਂ ਐਮਰਜੈਂਸੀ ਦੀ ਸਥਿਤੀ ਹੈ, ਜਿਸ ਕਾਰਨ 1970 ਤੋਂ ਇੱਥੋਂ ਦੇ ਸ਼ਾਸਕ ਅਸਦ ਪਰਿਵਾਰ ਵਿੱਚੋਂ ਹੀ ਆ ਰਹੇ ਸਨ ਪਰ ਹੁਣ ਸੀਰੀਆ ਵਿੱਚ ਸਥਿਤੀ ਬਦਲ ਗਈ ਹੈ ਅਤੇ ਅਸਦ ਪਰਿਵਾਰ ਦਾ ਬਾਗੀਆਂ ਨੇ ਤਖ਼ਤਾ ਪਲਟ ਕਰ ਦਿੱਤਾ ਹੈ। ਜਿਹੜੇ ਅਸਦ ਪਰਿਵਾਰ ਕਾਰਨ ਸੀਰੀਆ ਦੇ ਲੱਖਾਂ ਲੋਕਾਂ ਨੂੰ ਬੀਤੇ ਸਾਲਾਂ ਦੌਰਾਨ ਸ਼ਰਨਾਰਥੀ ਬਣਨਾ ਪਿਆ ਸੀ, ਹੁਣ ਉਹੀ ਅਸਦ ਪਰਿਵਾਰ ਖੁਦ ਸੀਰੀਆ ਤੋਂ ਫ਼ਰਾਰ ਹੋ ਕੇ ਰੂਸ ਵਿੱਚ ਸ਼ਰਨਾਰਥੀ ਬਣਿਆ ਹੋਇਆ ਹੈ।

ਸੀਰੀਆ ਵਿੱਚ 13 ਸਾਲ ਪਹਿਲਾਂ ਬਗਾਵਤ ਸ਼ੁਰੂ ਕਰਨ ਲਈ ਕੋਈ ਵਿਸ਼ੇਸ਼ ਯੋਜਨਾ ਜਾਂ ਰੂਪ ਰੇਖਾ ਨਹੀਂ ਸੀ ਬਣਾਈ ਗਈ ਸਗੋਂ ਇਹ ਬਗਾਵਤ ਇੱਕ ਛੋਟੇ ਚਿੱਤਰ ਨਾਲ ਸ਼ੁਰੂ ਹੋ ਗਈ ਸੀ। ਮਾਰਚ 2011 'ਚ ਸੀਰੀਆ ਦੇ ਦੱਖਣੀ ਸ਼ਹਿਰ ਦਾਰਾ 'ਚ ਚਾਰ ਬੱਚਿਆਂ ਨੇ ਇੱਕ ਕੰਧ 'ਤੇ ਲਿਖਿਆ ਸੀ, "ਹੁਣ ਤੁਹਾਡੀ ਵਾਰੀ ਹੈ ਡਾਕਟਰ।" ਉਦੋਂ ਸ਼ਾਇਦ ਹੀ ਕਿਸੇ ਨੇ ਕਲਪਨਾ ਕੀਤੀ ਸੀ ਕਿ ਸੀਰੀਆ ਦੇ ਰਾਸ਼ਟਰਪਤੀ ਅਤੇ ਬਰਤਾਨੀਆ ਦੇ ਪੜ੍ਹੇ-ਲਿਖੇ ਨੇਤਰ-ਵਿਗਿਆਨੀ ਬਸ਼ਰ ਅਲ-ਅਸਦ ਦੀ ਹਕੂਮਤ ਟਿਊਨੀਸ਼ੀਆ ਦੇ ਬੇਨ ਅਲ, ਮਿਸਰ ਦੇ ਹੋਸਨੀ ਮੁਬਾਰਕ ਅਤੇ ਲੀਬੀਆ ਦੇ ਗੱਦਾਫ਼ੀ ਦੇ ਬਰਾਬਰ ਆਉਣ ਦੇ ਸੰਕੇਤ ਹਨ। ਹਾਲਾਂ ਕਿ ਬਾਅਦ 'ਚ ਸੀਰੀਆ ਦੀ ਕਹਾਣੀ ਨੇ ਨਵਾਂ ਮੋੜ ਲੈ ਲਿਆ। ਉਸ ਸਮੇਂ ਰਾਸ਼ਟਰਪਤੀ ਅਸਦ ਦੇ ਸੁਰੱਖਿਆ ਬਲਾਂ ਨੇ ਕੰਧ ਚਿੱਤਰ ਬਣਾਉਣ ਵਾਲੇ ਚਾਰ ਕਲਾਕਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ ਪਰ ਉਹਨਾਂ ਬਾਲ ਕਲਾਕਾਰਾਂ ਨੇ ਸੁਰੱਖਿਆ ਬਲਾਂ ਨੂੰ ਆਪਣੇ ਮਾਪਿਆਂ ਬਾਰੇ ਕੋਈ ਵੀ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਦੋ ਹਫ਼ਤਿਆਂ ਬਾਅਦ, ਦਾਰਾ ਦੇ



ਅੰਦਰੂਨੀ ਖ਼ਾਨਾ-ਜੰਗੀ ਤੋਂ ਇਲਾਵਾ ਲੱਖਾਂ ਲੋਕਾਂ ਦੇ ਉਜਾੜੇ, ਸੋਕਾ, ਹੈਜ਼ਾ ਅਤੇ ਹੋਰ ਬਿਮਾਰੀਆਂ, ਪਿਛਲੇ ਸਾਲ ਦੇ ਵਿਨਾਸ਼ਕਾਰੀ ਭੂਚਾਲ ਅਤੇ ਹੋਰ ਅਨੇਕਾਂ ਕੁਦਰਤੀ ਆਫ਼ਤਾਂ ਦਾ ਸਾਹਮਣਾ ਕਰ ਰਹੇ ਸੀਰੀਆ ਦੀ 90% ਆਬਾਦੀ ਗ਼ਰੀਬੀ ਵਿੱਚ ਰਹਿੰਦੀ ਹੈ। ਸੀਰੀਆ ਵਿੱਚ ਲੱਖਾਂ ਲੋਕ ਬੇਘਰ ਹੋ ਚੁੱਕੇ ਹਨ। ਉਹਨਾਂ ਕੋਲ ਨਾ ਤਾਂ ਸਿਰ ਢੱਕਣ ਲਈ ਕੋਈ ਥਾਂ ਹੈ ਤੇ ਨਾ ਹੀ ਉਹਨਾਂ ਕੋਲ ਖਾਣ ਲਈ ਦੋ ਵਕਤ ਦੀ ਰੋਟੀ ਹੈ। 13 ਸਾਲਾਂ ਦੀ ਲੜਾਈ ਤੋਂ ਬਾਅਦ, ਸੀਰੀਆ ਆਪਣੇ ਤਾਜ਼ਾ ਇਤਿਹਾਸ ਵਿੱਚ ਸਭ ਤੋਂ ਵੱਡੀਆਂ ਮਾਨਵਤਾ ਵਾਦੀ ਲੋੜਾਂ ਦਾ ਸਾਹਮਣਾ ਕਰ ਰਿਹਾ ਹੈ। ਇਹ ਦੁਨੀਆਂ ਦਾ ਛੇਵਾਂ ਸਭ ਤੋਂ ਵੱਧ ਭੋਜਨ-ਅਸੁਰੱਖਿਅਤ ਦੇਸ਼ ਹੈ ਅਤੇ 16.7 ਮਿਲੀਅਨ ਸੀਰੀਆਈ ਜਿਉਂਦੇ ਰਹਿਣ ਲਈ ਮਾਨਵਤਾ ਵਾਦੀ ਸਹਾਇਤਾ 'ਤੇ ਨਿਰਭਰ ਹਨ।



ਵਸਨੀਕਾਂ ਨੇ ਬੱਚਿਆਂ ਦੀ ਰਿਹਾਈ ਲਈ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ।ਇਸ ਵਿਰੋਧ ਪ੍ਰਦਰਸ਼ਨ 'ਤੇ ਸੁਰੱਖਿਆ ਬਲਾਂ ਨੇ ਗੋਲੀਬਾਰੀ ਕੀਤੀ ਅਤੇ ਕਈ ਲੋਕਾਂ ਦੀ ਜਾਨ ਚਲੀ ਗਈ। ਫਿਰ ਸਥਿਤੀ ਵਿਗੜਨ ਲੱਗੀ, ਜਿਸ 'ਤੇ ਅੱਜ ਤੱਕ ਕਾਬੂ ਨਹੀਂ ਪਾਇਆ ਗਿਆ।ਜਿਸਦਾ ਨਤੀਜਾ ਹੁਣ ਸੀਰੀਆ ਵਿੱਚ ਹੋਇਆ ਤਖ਼ਤਾਪਲਟ ਨਿਕਲਿਆ ਹੈ।ਹੁਣ ਤੱਕ ਇਸ ਖ਼ਾਨਾ-ਜੰਗੀ ਵਿੱਚ ਪੰਜ ਲੱਖ ਦੇ ਕਰੀਬ ਲੋਕ ਮਾਰੇ ਜਾ ਚੁੱਕੇ ਹਨ।ਮਾਰੇ ਗਏ ਲੋਕਾਂ ਦੇ ਹਰ ਅੰਤਿਮ ਸੰਸਕਾਰ 'ਤੇ ਰੋਸ ਦੀ ਆਵਾਜ਼ ਬੁਲੰਦ ਹੁੰਦੀ ਗਈ।

13 ਸਾਲ ਪਹਿਲਾਂ 15 ਮਾਰਚ 2011 ਨੂੰ ਸੀਰੀਆ ਦੇ ਦੱਖਣੀ ਸ਼ਹਿਰ ਡੇਰਾ ਵਿੱਚ ਲੋਕਤੰਤਰ ਪੱਖੀ ਪ੍ਰਦਰਸ਼ਨ ਤੋਂ ਬਾਅਦ ਹਿੰਸਾ ਭੜਕ ਗਈ ਸੀ। ਇਹ ਪ੍ਰਦਰਸ਼ਨ ਲੋਕਤੰਤਰ ਦੀ ਬਹਾਲੀ ਨੂੰ ਲੈ ਕੇ ਸੀਰੀਆ ਦੇ ਕਈ ਗੁਆਂਢੀ ਦੇਸ਼ਾਂ ਵਿੱਚ ਫ਼ੈਲੀ ਅਰਬ ਬਸੰਤ ਦੇ ਪ੍ਰਭਾਵ ਹੇਠ ਹੋਇਆ।ਜਦੋਂ ਸੀਰੀਆ ਦੀ ਸਰਕਾਰ ਨੇ ਡੇਰੇ ਵਿੱਚ ਪ੍ਰਦਰਸ਼ਨਕਾਰੀਆਂ ਦੀ ਆਵਾਜ਼ ਨੂੰ ਦਬਾਉਣ ਲਈ ਤਾਕਤ ਦੀ ਵਰਤੋਂ ਕੀਤੀ, ਤਾਂ ਦੇਸ਼ ਭਰ ਵਿੱਚ ਰਾਸ਼ਟਰਪਤੀ ਬਸ਼ਰ ਅਲ-ਅਸਦ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਅੰਦੋਲਨ ਸ਼ੁਰੂ ਹੋ ਗਿਆ। ਇਸ ਤੋਂ ਬਾਅਦ ਜਿਵੇਂ-ਜਿਵੇਂ ਅੰਦੋਲਨ ਵਧਦਾ ਗਿਆ, ਜਬਰ ਵੀ ਵਧਦਾ ਗਿਆ।ਫਿਰ ਹਿੰਸਾ ਪੂਰੇ ਦੇਸ਼ ਵਿੱਚ ਤੇਜ਼ੀ ਨਾਲ ਫੈਲ ਗਈ। ਵਿਰੋਧੀ ਸਮਰਥਕਾਂ ਨੇ ਹਥਿਆਰ ਚੁੱਕ ਲਏ ਅਤੇ ਇਸ ਤਰ੍ਹਾਂ ਸੀਰੀਆ ਖ਼ਾਨਾ-ਜੰਗੀ ਵਿੱਚ ਫਸ ਗਿਆ।ਇਸ ਤੋਂ ਬਾਅਦ ਦੇਸ਼ ਵਿੱਚ ਹਜ਼ਾਰਾਂ ਬਾਗੀ ਗਰੁੱਪ ਉਭਰ ਕੇ ਸਾਹਮਣੇ ਆਏ। ਇਸ ਸੰਘਰਸ਼ ਨੂੰ ਰਾਸ਼ਟਰਪਤੀ ਅਸਦ ਦੇ ਹੱਕ ਵਿੱਚ ਅਤੇ ਵਿਰੁੱਧ ਸੀਰੀਆ ਦੇ ਨਾਗਰਿਕਾਂ ਵਿਚਕਾਰ ਜੰਗ ਬਣਨ ਵਿੱਚ ਜ਼ਿਆਦਾ ਦੇਰ ਨਹੀਂ ਲੱਗੀ।

ਹੁਣ ਸੀਰੀਆ ਦਾ ਨਾਂਅ ਵੀ ਉਨ੍ਹਾਂ ਦੇਸ਼ਾਂ ਦੀ ਸੂਚੀ 'ਚ ਸ਼ਾਮਲ ਹੋ ਗਿਆ ਹੈ, ਜਿਨ੍ਹਾਂ ਨੇ ਹਾਲ ਦੇ ਸਾਲਾਂ 'ਚ ਤਖ਼ਤਾਪਲਟ ਦਾ ਸਾਹਮਣਾ ਕੀਤਾ ਹੈ।





ਸੀਰੀਆ ਵਿੱਚ ਬਸ਼ਰ ਅਲ-ਅਸਦ ਦੇ ਸ਼ਾਸਨ ਦਾ ਤਖਤਾ ਪਲਟਣ ਲਈ ਦ੍ਰਿੜ੍ਹ ਬਾਗੀ ਸਮੂਹ ਹਯਾਤ ਤਹਿਰੀਰ ਅਲ ਸ਼ਾਮ ਨੇ ਪਿਛਲੇ ਹਫ਼ਤੇ ਤੋਂ ਆਪਣੀ ਮੁਹਿੰਮ ਤੇਜ਼ ਕਰ ਦਿੱਤੀ ਹੈ ਅਤੇ ਅਲੇਪੋ, ਹਾਮਾ, ਹੋਮਸ ਅਤੇ ਦਾਰਾ ਵਰਗੇ ਵੱਡੇ ਸ਼ਹਿਰਾਂ 'ਤੇ ਕਬਜ਼ਾ ਕਰ ਲਿਆ ਹੈ।ਰਾਜਧਾਨੀ ਦਮਿਸ਼ਕ 'ਤੇ ਕਬਜ਼ਾ ਕਰਨ ਨਾਲ ਇਹ ਤੈਅ ਹੋ ਗਿਆ ਸੀ ਕਿ ਸੀਰੀਆ 'ਚ ਅਸਦ ਪਰਿਵਾਰ ਦਾ 50 ਸਾਲ ਪੁਰਾਣਾ ਸ਼ਾਸਨ ਖਤਮ ਹੋ ਗਿਆ ਹੈ।

2011 ਦੀ 'ਅਰਬ ਬਸੰਤ' ਵਿੱਚ ਕਈ ਮੁਲਕਾਂ ਵਿੱਚ ਤਖ਼ਤਾ ਪਲਟ ਹੋਏ, ਤਿੰਨ-ਚਾਰ ਦਹਾਕਿਆਂ ਤੋਂ ਰਾਜ ਕਰ ਰਹੇ ਅਖੌਤੀ ਤਾਨਾਸ਼ਾਹਾਂ ਨੂੰ ਲੋਕਤੰਤਰ ਮੁਹਿੰਮ ਦੇ ਨਾਂ 'ਤੇ ਉਲਟਾ ਦਿੱਤਾ ਗਿਆ। ਹੋਸਨੀ ਮੁਬਾਰਕ ਅਤੇ ਕਰਨਲ ਗੱਦਾਫ਼ੀ ਵਰਗੇ ਸ਼ਾਸਕਾਂ ਦੇ ਰਾਜ ਦਾ ਅੰਤ ਹੋ ਗਿਆ ਅਤੇ ਸੀਰੀਆ ਵਿੱਚ ਵੀ ਉਹੀ ਸਫ਼ਲਤਾ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਪਰ ਬਸ਼ਰ ਅਲ-ਅਸਦ ਨੂੰ ਗੱਦੀ ਤੋਂ ਹਟਾਉਣ ਲਈ 13 ਸਾਲਾਂ ਦੀ ਲੰਮੀ ਉਡੀਕ ਕਰਨੀ ਪਈ। ਅਰਬ ਬਸੰਤ ਦੇ ਦੌਰਾਨ, ਸੀਰੀਆ ਵਿੱਚ ਬਾਗੀਆਂ ਨੂੰ ਬਸ਼ਰ ਅਲ-ਅਸਦ ਦੁਆਰਾ ਪੂਰੀ ਤਾਕਤ ਨਾਲ ਕੁਚਲ ਦਿੱਤਾ ਗਿਆ ਸੀ। ਹਾਲਾਂ ਕਿ, ਉਸ ਨੂੰ ਸੱਤਾ ਸੰਭਾਲੇ ਨੂੰ ਸਿਰਫ਼ ਦਸ ਸਾਲ ਹੋਏ ਸਨ ਅਤੇ ਉਸ ਦਾ ਰਾਜਨੀਤਿਕ ਨਜ਼ਰੀਆ ਤਾਨਾਸ਼ਾਹਾਂ ਨਾਲੋਂ ਬਿਲਕੁਲ ਵੱਖਰਾ ਸੀ।

ਪਿਛਲੇ 13 ਸਾਲਾਂ ਵਿੱਚ ਸੀਰੀਆ ਦੇ ਸੰਘਰਸ਼ ਦੌਰਾਨ ਦੁਨੀਆਂ ਨੇ ਬਹੁਤ ਤਬਾਹੀ ਅਤੇ ਖ਼ੂਨ-ਖ਼ਰਾਬਾ ਦੇਖਿਆ ਹੈ। ਸੀਰੀਆ ਦੇ ਨਾਗਰਿਕਾਂ ਨੂੰ ਯੋਜਨਾਬੱਧ ਅਤੇ ਵਿਆਪਕ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਸਾਹਮਣਾ ਕਰਨਾ ਪਿਆ ਹੈ। ਦੋਵੇਂ ਧਿਰਾਂ ਨੇ ਵੀ ਵਾਰ-ਵਾਰ ਅੰਤਰਰਾਸ਼ਟਰੀ ਮਾਨਵਤਾ ਵਾਦੀ ਕਾਨੂੰਨ ਦੀ ਉਲੰਘਣਾ ਕੀਤੀ ਹੈ। ਸੀਰੀਆ ਦੀ ਅੰਦਰੂਨੀ ਖ਼ਾਨਾ-ਜੰਗੀ ਦੌਰਾਨ ਸਭ ਤੋਂ ਵੱਧ ਨੁਕਸਾਨ ਸੀਰੀਆ ਦੇ ਆਮ ਲੋਕਾਂ ਦਾ ਹੋਇਆ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਸੀਰੀਆ ਵਿੱਚ ਤਖ਼ਤਾਪਲਟ ਤੋਂ ਬਾਅਦ ਸੀਰੀਆਈ ਲੋਕਾਂ ਦੇ ਰਿਸਦੇ ਹੋਏ ਜ਼ਖ਼ਮਾਂ 'ਤੇ ਮਲ੍ਹਮ ਲਗਾਈ ਜਾਵੇਗੀ ਜਾਂ ਉਹਨਾਂ ਨੂੰ ਮੁੜ ਰੱਬ ਆਸਰੇ ਜ਼ਿੰਦਗੀ ਜਿਉਣ ਲਈ ਛੱਡ ਦਿੱਤਾ ਜਾਵੇਗਾ ?

## ਜੰਗ ਤੇ ਪਾਬੰਦੀਆਂ ਨੇ ਤਬਾਹ ਕੀਤਾ ਸੀਰੀਆ ਦਾ ਅਰਥਚਾਰਾ

ਇਥੇ ਜ਼ਿਕਰਯੋਗ ਹੈ ਕਿ ਕਰੀਬ 13 ਸਾਲਾਂ ਤੱਕ, ਸੀਰੀਆ ਨੇ ਭਿਆਨਕ ਖ਼ਾਨਾ-ਜੰਗੀ ਝੱਲੀ ਹੈ ਜਿਸ ਵਿੱਚ 5,00,000 ਤੋਂ ਵੱਧ ਜਾਨਾਂ ਗਈਆਂ ਅਤੇ ਲੱਖਾਂ ਲੋਕ ਉੱਜੜੇ ਹਨ। ਅਸਦ ਦਾ ਸ਼ਾਸਨ, ਜਿਸ ਨੂੰ ਕਦੇ ਰੂਸ ਤੇ ਇਰਾਨ ਦਾ ਥਾਪੜਾ ਸੀ, ਆਪਣੇ ਹੀ ਭ੍ਰਿਸ਼ਟਾਚਾਰ ਤੇ ਹਿੰਸਾ ਦੇ ਬੋਝ ਹੇਠਾਂ ਦੱਬਿਆ ਗਿਆ। ਫਿਰ ਵੀ ਇਸਲਾਮਿਕ ਧੜੇ ਐੱਚਟੀਐੱਸ ਦੀ ਜਿੱਤ ਮੁਕੰਮਲ ਸਥਿਰਤਾ ਦਾ ਭਰੋਸਾ ਨਹੀਂ ਦਿੰਦੀ। ਇਸ ਦੇ ਆਗੂ ਅਬੂ ਮੁਹੰਮਦ ਅਲ-ਜੋਲਾਨੀ ਨੇ ਜਿੱਥੇ ਗਰੁੱਪ ਦਾ ਬਿਰਤਾਂਤ ਕੌਮੀ ਆਜ਼ਾਦੀ ਹਾਸਿਲ ਕਰਨ ਵੱਲ ਨੂੰ ਮੋੜ ਦਿੱਤਾ ਹੈ, ਉੱਥੇ ਆਲੋਚਕ ਐੱਚਟੀਐੱਸ ਦੀ ਵਿਆਪਕ ਪੱਧਰ 'ਤੇ ਸਰਕਾਰ ਚਲਾਉਣ ਦੀ ਸਮਰੱਥਾ 'ਤੇ ਸਵਾਲ ਵੀ ਚੁੱਕ ਰਹੇ ਹਨ।




ਸੀਰੀਆ ਲਈ ਫ਼ੌਰੀ ਚੁਣੌਤੀਆਂ ਬਹੁਤ ਵੱਡੀਆਂ ਹਨ। ਸੀਰੀਆ ਦੀਆਂ ਸੰਸਥਾਵਾਂ ਤਹਿਸ-ਨਹਿਸ ਹੋ ਚੁੱਕੀਆਂ ਹਨ। ਇਸ ਦਾ ਅਰਥਚਾਰਾ ਜੰਗ ਤੇ ਪਾਬੰਦੀਆਂ ਨੇ ਤਬਾਹ ਕਰ ਕੇ ਰੱਖ ਦਿੱਤਾ ਹੈ। ਅੰਦਰੂਨੀ ਤੌਰ 'ਤੇ ਉੱਜੜੇ ਨਾਗਰਿਕ ਤੇ ਸ਼ਰਨਾਰਥੀ ਸਾਧਾਰਨ ਹਾਲਾਤ ਦੇਖਣ ਲਈ ਤਰਸ ਗਏ ਹਨ। ਨਸਲੀ ਤੇ ਫਿਰਕੂ ਵੰਡ ਦਾ ਖ਼ਦਸ਼ਾ ਵੀ ਬਣਿਆ ਹੋਇਆ ਹੈ। ਲੋਕਤੰਤਰ ਦੇ ਵਾਅਦੇ 'ਤੇ ਲਿਬੀਆ ਤੇ ਇਰਾਕ ਦਾ ਪਰਛਾਵਾਂ ਵੀ ਹੈ, ਜਿੱਥੇ ਤਬਦੀਲੀਆਂ ਨੇ ਇਕਜੁੱਟਤਾ ਦੀ ਥਾਂ ਉਥਲ-ਪੁਥਲ ਨੂੰ ਜਨਮ ਦਿੱਤਾ।

ਤੁਰਕੀ, ਖਾੜੀ ਦੇਸ਼ਾਂ ਅਤੇ ਪੱਛਮੀ ਤਾਕਤਾਂ ਦੇ ਆਪੋ ਆਪਣੇ ਮੁਫ਼ਾਦ ਹਨ ਜਦੋਂਕਿ ਇਜ਼ਰਾਇਲ ਅਤੇ ਇਰਾਨ ਨੂੰ ਇਹ ਡਰ ਬਣਿਆ ਹੋਇਆ ਹੈ ਕਿ ਉੱਥੋਂ ਦੀ ਅਸਥਿਰਤਾ ਨਾਲ ਉਨ੍ਹਾਂ ਉੱਪਰ ਅਸਰ ਨਾ ਪਵੇ। ਕੌਮਾਂਤਰੀ ਭਾਈਚਾਰੇ ਨੂੰ ਹੁਣ ਇੱਕ ਚੋਣ ਕਰਨੀ ਪਵੇਗੀ ਕਿ ਕੀ ਸੀਰੀਆ ਦੀਆਂ ਕਮਜ਼ੋਰੀਆਂ ਦਾ ਲਾਹਾ ਉਠਾਇਆ ਜਾਵੇ ਜਾਂ ਇਸ ਦੇ ਪੁਨਰ ਨਿਰਮਾਣ ਵਿੱਚ ਹੱਥ ਵਟਾਇਆ ਜਾਵੇ ਤੇ ਇੰਝ ਬਹੁਵਾਦ ਅਤੇ ਸੁਲ੍ਹਾ ਦੇ ਰਾਹ ਨੂੰ ਮਜ਼ਬੂਤ ਕੀਤਾ ਜਾਵੇ।

# ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ 'ਤੇ ਕਤਲ ਤੇ ਰੇਪ ਮਾਮਲੇ 'ਚ ਮੁਕੱਦਮਾ ਦਰਜ

ਚੰਡੀਗੜ੍ਹ/ਏ.ਟੀ.ਨਿਊਜ਼: ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਪਟਿਆਲਾ ਸਥਿਤ ਆਸ਼ਰਮ ਪਰਮੇਸ਼ਵਰ ਦੁਆਰ ਵਿੱਚ ਸਾਲ 2012 ਵਿੱਚ ਇੱਕ ਲੜਕੀ ਨਾਲ ਹੋਏ ਜਬਰ ਜਨਾਹ ਅਤੇ ਕਤਲ ਦੇ ਮਾਮਲੇ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸਖ਼ਤ ਰੁਖ਼ ਅਪਣਾਏ ਜਾਣ ਤੋਂ ਬਾਅਦ ਪੰਜਾਬ ਸਰਕਾਰ ਹਰਕਤ ਵਿੱਚ ਆਈ ਹੈ। ਪੰਜਾਬ ਦੇ ਡੀਜੀਪੀ ਨੇ ਹਾਈ ਕੋਰਟ ਵਿੱਚ ਹਲਫ਼ਨਾਮਾ ਦਾਇਰ ਕਰਕੇ ਅਦਾਲਤ ਨੂੰ ਦੱਸਿਆ ਕਿ ਬਾਬਾ ਢੱਡਰੀਆਂ ਵਾਲਾ ਖ਼ਿਲਾਫ਼ 7 ਦਸੰਬਰ ਨੂੰ ਕਤਲ, ਜਬਰ ਜਨਾਹ ਅਤੇ ਅਪਰਾਧਿਕ ਦੋਸ਼ਾਂ ਤਹਿਤ ਕੇਸ ਦਰਜ ਕੀਤੇ ਗਏ ਹਨ। ਅਦਾਲਤ ਨੂੰ ਇਹ ਵੀ ਦੱਸਿਆ ਗਿਆ ਕਿ ਇਸ ਮਾਮਲੇ ਵਿੱਚ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਕਾਰਨ ਦੱਸੋ ਨੋਟਿਸ ਵੀ ਜਾਰੀ ਕੀਤੇ ਗਏ ਹਨ।

ਪਿਛਲੀ ਸੁਣਵਾਈ ਦੌਰਾਨ ਹਾਈ ਕੋਰਟ ਦੇ ਚੀਫ਼ ਜਸਟਿਸ ਸ਼ੀਲ ਨਾਗੂ ਨੇ ਪੰਜਾਬ ਦੇ ਡੀਜੀਪੀ ਨੂੰ ਇਸ ਮਾਮਲੇ ਵਿੱਚ ਜਵਾਬ ਦਾਖ਼ਲ ਕਰਨ ਦੇ ਹੁਕਮ ਦਿੱਤੇ ਸਨ। ਅਦਾਲਤ ਨੇ ਇਹ ਵੀ ਪੁੱਛਿਆ ਹੈ ਕਿ ਐਫਆਈਆਰ ਦਰਜ ਨਾ ਕਰਨ ਵਾਲੇ ਪੁਲਿਸ ਅਧਿਕਾਰੀਆਂ ਖ਼ਿਲਾਫ਼ ਕੀ ਕਾਰਵਾਈ ਕੀਤੀ ਗਈ ਹੈ ਜਾਂ ਕੀ ਕਾਰਵਾਈ ਕੀਤੀ ਜਾਵੇਗੀ ?

ਇਸ ਮਾਮਲੇ ਵਿੱਚ ਮ੍ਰਿਤਕ ਦੇ ਭਰਾ ਸਾਹਿਬ ਸਿੰਘ ਵਾਸੀ ਮਾਜਰੀ ਸਮਾਣਾ ਪਟਿਆਲਾ ਨੇ ਇੱਕ ਪਟੀਸ਼ਨ ਦਾਇਰ ਕਰਕੇ ਇਸ ਮਾਮਲੇ ਦੀ ਜਾਂਚ ਸੀਨੀਅਰ ਆਈਪੀਐਸ ਦੀ ਅਗਵਾਈ ਵਿੱਚ ਸੀ.ਬੀ.ਆਈ ਜਾਂ ਐਸ.ਆਈ.ਟੀ ਤੋਂ ਕਰਵਾਉਣ ਦੇ ਨਿਰਦੇਸ਼ ਦੇਣ ਦੀ ਮੰਗ ਕੀਤੀ ਹੈ। ਪਟੀਸ਼ਨਰ ਦੀ ਵਕੀਲ ਨਵਨੀਤ ਕੌਰ ਨੇ ਦੱਸਿਆ ਕਿ ਪਟੀਸ਼ਨਰ ਦੀ ਭੈਣ ਦਾ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਡੇਰੇ ਵਿੱਚ 22 ਅਪ੍ਰੈਲ 2012 ਨੂੰ ਜਬਰ ਜਨਾਹ ਤੋਂ ਬਾਅਦ ਕੋਈ ਜ਼ਹਿਰੀਲੀ ਚੀਜ਼ ਦੇ ਕੇ ਕਤਲ ਕਰ ਦਿੱਤਾ ਗਿਆ ਸੀ।

ਉਸਦੇ ਅਨੁਸਾਰ ਉਸਦੀ ਭੈਣ ਇੱਕ ਧਾਰਮਿਕ ਲੜਕੀ ਸੀ ਜੋ ਕਿ 2002 ਤੋਂ ਹੀ ਬਾਬਾ ਰਣਜੀਤ ਸਿੰਘ (ਢੱਡਰੀਆਂ ਵਾਲੇ) ਦੀ ਪੈਰੋਕਾਰ ਬਣ ਗਈ ਸੀ, ਜਦੋਂ ਉਹ ਜਵਾਨੀ ਵਿੱਚ ਸੀ ਅਤੇ ਉਹ ਨਿਯਮਤ ਤੌਰ 'ਤੇ ਧਾਰਮਿਕ ਸੇਵਾਵਾਂ ਕਰਨ ਲਈ ਜਾਂਦੀ ਸੀ ਅਤੇ ਬਾਬਾ



ਰਣਜੀਤ ਸਿੰਘ ਪ੍ਰਤੀ ਉਸਦੀ ਬਹੁਤ ਸ਼ਰਧਾ ਸੀ। ਉਸ ਦੇ ਕਤਲ ਤੋਂ ਕੁਝ ਦਿਨ ਪਹਿਲਾਂ ਉਸ ਦੀ ਭੈਣ ਨੂੰ ਰਣਜੀਤ ਸਿੰਘ (ਢੱਡਰੀਆਂ ਵਾਲਾ) ਦੀ ਅਸਲੀਅਤ ਬਾਰੇ ਪਤਾ ਲੱਗਾ ਕਿ ਉਹ ਡੇਰੇ ਦੀਆਂ ਔਰਤ ਸ਼ਰਧਾਲੂਆਂ ਨੂੰ ਪ੍ਰਭਾਵਿਤ ਕਰਦਾ ਸੀ ਅਤੇ ਫਿਰ ਉਨ੍ਹਾਂ ਦਾ ਜਿਨਸੀ ਸ਼ੋਸ਼ਣ ਕਰਦਾ ਸੀ। ਉਪਰੋਕਤ ਹਰਕਤਾਂ ਲਈ ਬਾਬਾ ਰਣਜੀਤ ਸਿੰਘ (ਢੱਡਰੀਆਂ ਵਾਲੇ) ਦਾ ਵਿਰੋਧ ਕਰਨ ਦਾ ਫੈਸਲਾ ਕੀਤਾ। ਪਟੀਸ਼ਨਰ ਮੁਤਾਬਕ ਉਸ ਦੀ ਭੈਣ ਨੇ ਡਰੀ ਨਹੀਂ ਸਗੋਂ ਬਾਬੇ ਦਾ ਵਿਰੋਧ ਕਰਨ ਦਾ ਫੈਸਲਾ ਕੀਤਾ ਅਤੇ ਆਪਣੇ ਭਰਾ ਅਤੇ ਮਾਤਾ-ਪਿਤਾ ਨੂੰ ਸਾਰੀ ਕਹਾਣੀ ਦੱਸੀ ਕਿ ਉਹ ਬਾਬਾ ਰਣਜੀਤ ਸਿੰਘ ਦੇ ਪੀੜਤਾਂ ਵਿੱਚੋਂ ਇੱਕ ਸੀ, ਜਿਸ ਨੇ ਉਸ ਨਾਲ ਵਾਰ-ਵਾਰ ਜਬਰ ਜਨਾਹ ਕੀਤਾ। .

22 ਅਪ੍ਰੈਲ 2012 ਦੀ ਦੁਪਹਿਰ ਨੂੰ, ਉਸ ਨੂੰ ਗੁਰਦੁਆਰਾ ਸਾਹਿਬ ਤੋਂ ਡੇਰੇ ਵਿੱਚ ਹਾਜ਼ਰ ਹੋਣ ਅਤੇ ਬਾਬੇ ਨਾਲ ਮਾਮਲਾ ਸੁਲਝਾਉਣ ਲਈ ਫੋਨ ਆਇਆ, ਜਿਸ 'ਤੇ ਉਹ ਉਥੇ ਚਲੀ ਗਈ। ਜਦੋਂ ਉਹ ਡੇਰੇ ਪਹੁੰਚੀ ਤਾਂ ਉਸ ਨੇ ਆਪਣੇ ਘਰ ਫੋਨ ਕਰਕੇ ਦੱਸਿਆ ਕਿ ਬਾਬੇ ਨੇ ਉਸ ਨੂੰ ਜ਼ਹਿਰ ਦੇ ਦਿੱਤਾ ਹੈ। ਇਸ ਤੋਂ ਬਾਅਦ ਉਸ ਦੀ ਭੈਣ ਦੀ ਮੌਤ ਹੋ ਗਈ। ਬਾਬਾ ਦੇ ਪੈਰੋਕਾਰਾਂ ਨੇ ਪਟੀਸ਼ਨਕਰਤਾ ਨੂੰ ਧਮਕੀ ਦਿੱਤੀ ਸੀ ਕਿ ਉਹ ਜਗ੍ਹਾ ਛੱਡ ਕੇ ਚਲੇ ਜਾਣ ਨਹੀਂ ਤਾਂ ਉਹ ਪਟੀਸ਼ਨਕਰਤਾ ਦੇ ਪੂਰੇ ਪਰਿਵਾਰ ਨੂੰ ਮਾਰ ਦੇਣਗੇ। ਦਰਖਾਸਤਕਰਤਾ ਨੇ ਆਪਣੀ ਭੈਣ ਦੇ ਕਤਲ ਦੇ ਮਾਮਲੇ ਸਬੰਧੀ ਪੁੱਛਗਿੱਛ ਕਰਨ ਲਈ ਥਾਣਾ ਪਸਿਆਣਾ ਦੇ ਪੁਲਿਸ ਅਧਿਕਾਰੀਆਂ ਨਾਲ ਕਈ ਵਾਰ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਸੀ। ਹਾਲਾਂਕਿ ਪੁਲਿਸ ਅਧਿਕਾਰੀਆਂ ਨੇ ਪਟੀਸ਼ਨਕਰਤਾ ਨੂੰ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦਿੱਤੀ ਸੀ।

## 'ਹਰ ਤਰ੍ਹਾਂ ਦੀ ਜਾਂਚ ਲਈ ਤਿਆਰ ਹਾਂ' : ਰਣਜੀਤ ਸਿੰਘ ਢੱਡਰੀਆਂ

ਦੋਸ਼ਾਂ ਨੂੰ ਨਕਾਰਦਿਆਂ ਰਣਜੀਤ ਸਿੰਘ ਢੱਡਰੀਆਂ ਨੇ ਕਿਹਾ ਕਿ 13 ਸਾਲ ਪਹਿਲਾਂ ਜਦੋਂ ਉਹ ਵਿਦੇਸ਼ ਗਏ ਸਨ ਤਾਂ ਲੜਕੀ ਨੇ ਪਰਮੇਸ਼ਰ ਦੁਆਰ ਦੇ ਬਾਹਰ ਆ ਕੇ ਜ਼ਹਿਰੀਲੀ ਦਵਾਈ ਖਾ ਲਈ ਸੀ। ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ ਸੀ। ਪੋਸਟਮਾਰਟਮ ਦੀ ਰਿਪੋਰਟ 'ਚ ਜਬਰ ਜਨਾਹ ਜਾਂ ਗਰਭਵਤੀ ਹੋਣ ਦਾ ਕੋਈ ਜ਼ਿਕਰ ਨਹੀਂ ਸੀ। ਉਨ੍ਹਾਂ ਕਿਹਾ ਕਿ ਇਹ ਖ਼ੁਦਕੁਸ਼ੀ ਦਾ ਮਾਮਲਾ ਸੀ। ਇਸ ਲਈ ਪਰਿਵਾਰ ਦੇ ਬਿਆਨਾਂ 'ਤੇ ਪੁਲਿਸ ਨੇ ਕਿਸੇ ਖਿਲਾਫ਼ ਕੋਈ ਕਾਰਵਾਈ ਨਾ ਕਰਦਿਆਂ ਧਾਰਾ 174 ਤਹਿਤ ਮਾਮਲਾ ਦਰਜ ਕਰਕੇ ਕੇਸ ਬੰਦ ਕਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਜੇ ਲੜਕੀ ਦੇ ਪਰਿਵਾਰ ਨੂੰ ਕੋਈ ਸ਼ੱਕ ਹੈ ਤਾਂ ਉਹ ਸੀਬੀਆਈ ਸਮੇਤ ਹਰ ਏਜੰਸੀ ਦੀ ਜਾਂਚ ਦਾ ਸਾਹਮਣਾ ਕਰਨ ਲਈ ਤਿਆਰ ਹਨ। ਜਾਂਚ ਲਈ ਪੁਲਿਸ ਜਿੱਥੇ ਵੀ ਬੁਲਾਵੇਗੀ ਉਹ ਹਾਜ਼ਰ ਹੋਣਗੇ।

# ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ 19 ਜਨਵਰੀ ਨੂੰ


## 20 ਤੋਂ 28 ਦਸੰਬਰ ਤੱਕ ਦਾਖ਼ਲ ਕੀਤੇ ਜਾਣਗੇ ਨਾਮਜ਼ਦਗੀ ਪੱਤਰ

ਚੰਡੀਗੜ੍ਹ/ਏ.ਟੀ.ਨਿਊਜ਼:ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਆਮ ਚੋਣ 19 ਜਨਵਰੀ 2025 ਨੂੰ ਹੋਵੇਗੀ ਅਤੇ ਉਸੇ ਦਿਨ ਨਤੀਜੇ ਐਲਾਨੇ ਜਾਣਗੇ। ਐੱਚ.ਐੱਸ.ਜੀ.ਪੀ.ਸੀ. ਦੀਆਂ ਚੋਣਾਂ ਦੇ ਕਮਿਸ਼ਨਰ ਜਸਟਿਸ ਐੱਚ.ਐੱਸ. ਭੱਲਾ ਨੇ ਅੱਜ ਇਹ ਐਲਾਨ ਕੀਤਾ। ਇਸ ਦੇ ਨਾਲ ਹੀ ਉਨ੍ਹਾਂ 19 ਜਨਵਰੀ ਨੂੰ ਸਾਰੇ 40 ਵਾਰਡਾਂ 'ਚ ਹੋਣ ਵਾਲੀਆਂ ਆਮ ਚੋਣਾਂ ਲਈ ਵੀ ਪ੍ਰੋਗਰਾਮ ਜਾਰੀ ਕਰ ਦਿੱਤਾ ਹੈ। ਭੱਲਾ ਨੇ ਦੱਸਿਆ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲਈ ਰਿਟਰਨਿੰਗ ਅਧਿਕਾਰੀ ਵੱਲੋਂ 18 ਦਸੰਬਰ ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ। ਉਪਰੰਤ 20 ਤੋਂ 28 ਦਸੰਬਰ ਤੱਕ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾਣਗੇ। ਭੱਲਾ ਨੇ ਦੱਸਿਆ ਕਿ 30 ਦਸੰਬਰ ਨੂੰ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਹੋਵੇਗੀ ਤੇ 2 ਜਨਵਰੀ 2025 ਨੂੰ ਬਾਅਦ ਦੁਪਹਿਰ 3 ਵਜੇ ਤਕ ਨਮਾਜ਼ਦਗੀ ਪੱਤਰ ਵਾਪਸ ਲਏ ਜਾ ਸਕਦੇ ਹਨ। ਉਸ ਤੋਂ ਬਾਅਦ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ 19 ਜਨਵਰੀ ਨੂੰ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤਕ ਵੋਟਾਂ ਪੈਣਗੀਆਂ। ਸ਼ਾਮ ਨੂੰ ਬੂਥਾਂ 'ਤੇ ਹੀ ਵੋਟਾਂ ਦੀ ਗਿਣਤੀ ਕੀਤੀ ਜਾਵੇਗੀ ਅਤੇ ਜੇਤੂ ਉਮੀਦਵਾਰਾਂ ਦਾ ਐਲਾਨ ਕੀਤਾ ਜਾਵੇਗਾ।

# ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਜਲਦੀ ਹੋਣ ਦੀ ਸੰਭਾਵਨਾ

ਚੰਡੀਗੜ੍ਹ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਲਈ ਭਾਰਤ ਸਰਕਾਰ ਵੱਲੋਂ ਥਾਪੇ ਮੁੱਖ ਚੋਣ ਕਮਿਸ਼ਨਰ ਜਸਟਿਸ ਐਸ.ਐਸ. ਸਾਰੋਂ ਨੇ ਇੱਥੇ ਦੱਸਿਆ ਕਿ ਕਮਿਸ਼ਨ ਵੱਲੋਂ ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਰ ਸੂਚੀਆਂ 25 ਫਰਵਰੀ 2025 ਨੂੰ ਪ੍ਰਕਾਸ਼ਿਤ ਕਰ ਦਿੱਤੀਆਂ ਜਾਣਗੀਆਂ। ਵੋਟਰ ਸੂਚੀਆਂ ਸਬੰਧੀ ਸੋਧਿਆ ਪ੍ਰੋਗਰਾਮ ਜਾਰੀ ਕਰਦਿਆਂ ਜਸਟਿਸ ਸਾਰੋਂ ਨੇ ਦੱਸਿਆ ਕਿ ਹੁਣ ਤੱਕ 50 ਲੱਖ ਤੋਂ ਵੱਧ ਵੋਟਾਂ ਬਣ ਚੁੱਕੀਆਂ ਹਨ ਤੇ ਵੋਟਾਂ ਬਣਾਉਣ ਦੀ ਪ੍ਰਕਿਰਿਆ 15 ਦਸੰਬਰ 2024 ਨੂੰ ਖ਼ਤਮ ਹੋ ਜਾਵੇਗੀ। ਡਿਪਟੀ ਕਮਿਸ਼ਨਰਾਂ ਵੱਲੋਂ ਮੁੱਢਲੇ ਤੌਰ 'ਤੇ ਵੋਟਰ ਸੂਚੀਆਂ ਦਾ ਪ੍ਰਕਾਸ਼ਨ 3 ਜਨਵਰੀ 2025 ਨੂੰ ਹੋਵੇਗਾ ਦਾਅਵਿਆਂ ਤੇ ਇਤਰਾਜ਼ਾਂ ਦੀ ਪ੍ਰਾਪਤੀ ਲਈ ਆਖ਼ਰੀ ਤਰੀਕ 24 ਜਨਵਰੀ ਹੋਵੇਗੀ ਤੇ ਦਾਅਵਿਆਂ ਤੇ ਇਤਰਾਜ਼ਾਂ ਦਾ ਨਿਪਟਾਰਾ 5 ਫਰਵਰੀ 2025 ਤੱਕ ਕੀਤਾ ਜਾਵੇਗਾ। ਸਪਲੀਮੈਂਟਰੀ ਰੋਲ ਤੇ ਖਰੜੇ ਦੀ ਛਪਵਾਈ 24 ਫਰਵਰੀ 2025 ਨੂੰ ਵੋਟਰ ਸੂਚੀਆਂ ਦਾ ਅੰਤਿਮ ਪ੍ਰਕਾਸ਼ਨ ਹੋਵੇਗਾ। ਚਰਚਾ ਹੈ ਕਿ ਅਪ੍ਰੈਲ ਜਾਂ ਮਈ 2025 ਤੱਕ ਸ਼੍ਰੋਮਣੀ ਕਮੇਟੀ ਦੇ ਨਵੇਂ ਜਨਰਲ ਹਾਊਸ ਦੀਆਂ ਚੋਣਾਂ ਦੀ ਪ੍ਰਕਿਰਿਆ ਪੂਰੀ ਕਰ ਲਈ ਜਾਵੇਗੀ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com










# ਸੁਖਬੀਰ ਬਾਦਲ ’ਤੇ ਹੋਏ ਹਮਲੇ ਦੇ ਆ ਰਹੇ ਹਨ ਵੰਨ ਸਵੰਨੇ ਬਿਰਤਾਂਤ

## ਪਰ ਭਾਈ ਨਰਾਇਣ ਸਿੰਘ ਚੌੜਾ ਦਾ ਆਪਣਾ ਬਿਰਤਾਂਤ ਨਹੀਂ ਆਇਆ ਸਾਹਮਣੇ



ਕਰਮਜੀਤ ਸਿੰਘ
ਚੰਡੀਗੜ੍ਹ
ਸੀਨੀਅਰ ਪੱਤਰਕਾਰ

ਭਾਈ ਨਰਾਇਣ ਸਿੰਘ ਚੌੜਾ, ਜਿਨ੍ਹਾਂ ਨੇ ਪਿਛਲੇ ਬੁੱਧਵਾਰ ਵਾਲੇ ਦਿਨ ਸੁਖਬੀਰ ਸਿੰਘ ਬਾਦਲ ਉੱਤੇ ਹਮਲਾ ਕੀਤਾ, ਉਸ ਬਾਰੇ ਇੱਕ ਬਿਰਤਾਂਤ ਪੁਲਿਸ ਦਾ ਚੱਲ ਰਿਹਾ ਹੈ ਜਦਕਿ ਦੂਜਾ ਬਿਰਤਾਂਤ ਰਾਜਸੀ ਆਗੂਆਂ ਦਾ ਹੈ ਜਿਸ ਵਿੱਚ ਭਾਈ ਨਰਾਇਣ ਸਿੰਘ ਚੌੜਾ ਵੱਲੋਂ ਕੀਤੀ ਕਾਰਵਾਈ ਦੀ ਨਿਖੇਧੀ ਗਲੀ ਸੜੀ ਤੇ ਬਹੀ-ਤਰਬਹੀ ਰਸਮੀ ਸ਼ਬਦਾਵਲੀ ਦੇ ਰੂਪ ਵਿੱਚ ਕੀਤੀ ਜਾ ਰਹੀ ਹੈ।

ਕੋਈ ਇਹ ਕਹਿੰਦਾ ਹੈ ਕਿ ਬਹੁਤ ਮਾੜਾ ਕੀਤਾ ਹੈ। ਕਿਸੇ ਦਾ ਖਿਆਲ ਹੈ ਕਿ ਹਮਲੇ ਲਈ ਸਮਾਂ ਤੇ ਸਥਾਨ ਠੀਕ ਨਹੀਂ ਸੀ। ਕੋਈ ਇਹ ਦਾਅਵਾ ਕਰਦਾ ਹੈ ਕਿ ਜਦੋਂ ਸੁਖਬੀਰ ਸਿੰਘ ਬਾਦਲ ਨੂੰ ਸਿੱਖਾਂ ਦੀ ਸਰਬ ਉੱਚ ਸੰਸਥਾ ਵੱਲੋਂ ਪਹਿਲਾਂ ਹੀ ਸਜ਼ਾ ਦੇ ਦਿੱਤੀ ਗਈ ਸੀ ਅਤੇ ਉਹ ਨੀਵੇਂ ਹੋ ਕੇ ਤੇ ਨਿਰਮਾਣ ਹੋ ਕੇ ਭੁਗਤ ਵੀ ਰਿਹਾ ਸੀ ਤਾਂ ਉਸ ਹਾਲਤ ਵਿੱਚ ਹਮਲਾ ਕਰਨਾ ਸਿੱਖੀ ਸਿਧਾਂਤਾਂ ਮੁਤਾਬਕ ਠੀਕ ਨਹੀਂ ਹੈ। ਕੋਈ ਦਬੀ ਆਵਾਜ਼ ਵਿੱਚ ਨਰਾਇਣ ਸਿੰਘ ਚੌੜਾ ਨਾਲ ਹਮਦਰਦੀ ਵੀ ਪ੍ਰਗਟ ਕਰਦਾ ਹੈ। ਇਸ ਲਈ ਇਸ ਸਮੇਂ ਭਾਂਤ ਭਾਂਤ ਦੇ ਬਿਰਤਾਂਤ ਚੱਲ ਰਹੇ ਹਨ ਪਰ ਪੀੜਾਂ ਮੱਲੇ ਅਤੇ ਦਰਦ ਨਾਲ ਭਰੇ ਭਾਈ ਨਰਾਇਣ ਸਿੰਘ ਚੌੜਾ ਦਾ ਆਪਣਾ ਬਿਰਤਾਂਤ ਰੌਲੇ ਤੇ ਸ਼ੋਰ ਸ਼ਰਾਬੇ ਵਿੱਚ ਅਲੋਪ ਕੀਤਾ ਜਾ ਰਿਹਾ ਹੈ। ਚੈਨਲਾਂ ਦਾ ਵੀ ਆਪਣਾ ਹੀ ਬਿਰਤਾਂਤ ਹੈ ਜਿੱਥੇ ਇੱਕ ਪਾਸੜ ਵਿਚਾਰ ਪੇਸ਼ ਹੋ ਰਹੇ ਹਨ, ਜਦਕਿ ਬਹੁਤ ਸਾਰੀ ਜਾਣਕਾਰੀ ਤੱਥਾਂ ਉੱਤੇ ਅਧਾਰਤ ਨਹੀਂ ਹੈ। ਵੈਸੇ ਇੰਡੀਅਨ ਐਕਸਪ੍ਰੈੱਸ ਅਖ਼ਬਾਰ ਨੇ ਭਾਈ ਨਰਾਇਣ ਸਿੰਘ ਚੌੜਾ ਦੀ ਸ਼ਖਸੀਅਤ ਬਾਰੇ ਕੁਝ ਅਹਿਮ ਨੁਕਤੇ ਪਿਛਲੇ ਦਿਨੀਂ ਸਾਹਮਣੇ ਲਿਆਂਦੇ ਵੀ ਹਨ।

ਪਰ ਮੈਂ ਜਿਵੇਂ ਭਾਈ ਨਰਾਇਣ ਸਿੰਘ ਚੌੜਾ ਨੂੰ ਪਿਛਲੇ ਅੱਧੀ ਸਦੀ ਤੋਂ ਵੱਧ ਵੇਖਿਆ, ਸਮਝਿਆ ਤੇ ਮਹਿਸੂਸ ਕੀਤਾ ਹੈ, ਉਸ ਬਾਰੇ ਇੱਕ ਸੀਨੀਅਰ ਪੱਤਰਕਾਰ ਦੇ ਤੌਰ ’ਤੇ ਮੇਰਾ ਫ਼ਰਜ਼ ਬਣਦਾ ਹੈ ਕਿ ਉਸ ਦੀ ਸ਼ਖਸੀਅਤ ਦਾ ਸਰਬਪੱਖੀ ਵਿਸ਼ਲੇਸ਼ਣ ਕਰਾਂ ਜੋ ਮੇਰਾ ਖਿਆਲ ਹੈ ਕਿ ਨਾਜ਼ਕ ਹਾਲਤਾਂ ਨੂੰ ਮੁੱਖ ਰੱਖਦਿਆਂ ਸ਼ਾਇਦ ਹੀ ਕੋਈ ਉਸ ਬਾਰੇ ਉਹ ਗੱਲਾਂ ਲਿਖਣ ਦਾ ਅੱਜ ਤੇ ਖਾਸ ਕਰਕੇ ‘ਹੁਣ’ ਹੌਸਲਾ ਕਰੇਗਾ। ਉਹ ਗੱਲਾਂ ਤੁਹਾਨੂੰ ਸੁਣ ਪੜ੍ਹ ਕੇ ਚੰਗੀਆਂ ਵੀ ਲੱਗ ਸਕਦੀਆਂ ਹਨ, ਹੈਰਾਨ ਵੀ ਕਰ ਸਕਦੀਆਂ ਹਨ ਅਤੇ ਕਿਸੇ ਪੱਧਰ ’ਤੇ ਤੁਹਾਡੇ ਦਿਲਾਂ ਵਿੱਚ ਨਰਾਇਣ ਸਿੰਘ ਚੌੜਾ ਲਈ ਹਮਦਰਦੀ ਵੀ ਪੈਦਾ ਹੋ ਸਕਦੀ ਹੈ।

ਇੱਥੇ ਮੈਂ ਇਹ ਵੀ ਚੇਤੇ ਕਰਾਉਣਾ ਚਾਹੁੰਦਾ ਹਾਂ ਕਿ ਮੈਂ ਜੁਝਾਰੂ ਲਹਿਰ ਦੇ ਕੁਝ ਹਿੱਸਿਆਂ ਨੂੰ ਬੜੇ ਹੀ ਨਜ਼ਦੀਕ ਤੋਂ ਵੇਖਿਆ ਤੇ ਸਮਝਿਆ ਹੈ ਅਤੇ

ਪੱਤਰਕਾਰੀ ਕਰਦਿਆਂ ਚੋਟੀ ਦੇ ਜੁਝਾਰੂ ਆਗੂਆਂ ਨੂੰ ਸਭ ਖ਼ਤਰੇ ਮੁੱਲ ਲੈ ਕੇ ਅਤੇ ਦੂਰ ਦੁਰਾਡੇ ਜਾ ਕੇ ਉਹਨਾਂ ਨੂੰ ਮਿਲਦਾ ਰਿਹਾ ਹਾਂ। ਉਹਨਾਂ ਦੇ ਧੁਰ ਅੰਦਰ ਝਾਕਣ ਦੀ ਕੋਸ਼ਿਸ਼ ਕੀਤੀ ਹੈ। ਉਹਨਾਂ ਦੇ ਅਥਾਹ ਦਰਦ ਨੂੰ ਸਮਝਣ ਦਾ ਯਤਨ ਕੀਤਾ ਹੈ । ਉਨ੍ਹਾਂ ਦੀਆਂ ਕਮਜ਼ੋਰੀਆਂ ਤੇ ਮਹਾਨ ਹੈਰਾਨੀਜਨਕ ਪ੍ਰਾਪਤੀਆਂ ਦਾ ਵੀ ਵਿਸ਼ਲੇਸ਼ਣ ਕਰਦਾ ਰਿਹਾ ਹਾਂ। ਅਜਿਹਾ ਕਰਦਿਆਂ ਉਸ ਸਮੇਂ ਦੇ ਪੁਲਿਸ ਮੁਖੀ ਕੇ.ਪੀ.ਐਸ. ਗਿੱਲ ਦਾ ਵੀ ਸਾਹਮਣਾ ਕਰਨਾ ਪੈ ਜਾਂਦਾ ਸੀ।

ਮੈਂ ਉਸ ਦੌਰ ਨੂੰ ਕਾਲਾ ਦੌਰ ਜਾਂ ਸੰਤਾਪ ਵਰਗੇ ਸ਼ਬਦਾਂ ਨਾਲ ਯਾਦ ਕਰਨ ਵਾਲੇ ਜਾਂ ਉਸ ਦੌਰ ਦਾ ਨਾਂਹ ਪੱਖੀ ਤੇ ਸਰਕਾਰ-ਪੱਖੀ ਵਿਸ਼ਲੇਸ਼ਣ ਕਰਨ ਵਾਲੇ ਵਿਦਵਾਨਾਂ ਤੇ ਪੱਤਰਕਾਰਾਂ ਉੱਤੇ ਅਕਸਰ ਹੀ ਆਪਣੇ ਦਿਲ ਅੰਦਰ ਹੱਸਦਾ ਰਹਿੰਦਾ ਹਾਂ, ਕਿਉਂਕਿ ਮੈਂ ਉਸ ਦੌਰ ਨੂੰ ਸਿੱਖ ਕੌਮ ਦਾ ਸੁਨਹਿਰੀ ਦੌਰ ਕਹਿੰਦਾ ਹਾਂ, ਜਦੋਂ 1849 ਈਸਵੀ ਤੋਂ ਯਾਨੀ ਸਿੱਖ ਰਾਜ ਜਾਣ ਪਿੱਛੋਂ ਪਹਿਲੀ ਵਾਰ ਜੁਝਾਰੂ ਲਹਿਰ ਨੇ ਸਾਡੀ ਇਸ ਧਰਤੀ ਉੱਤੇ ਇਤਿਹਾਸਿਕ ਮਾਰਚ ਕੀਤਾ ਸੀ।

68 ਵਰ੍ਹਿਆਂ ਦੇ ਭਾਈ ਨਰਾਇਣ ਸਿੰਘ ਚੌੜਾ ਜ਼ਿਲ੍ਹਾ ਗੁਰਦਾਸਪੁਰ ਦੀ ਤਹਿਸੀਲ ਡੇਰਾ ਬਾਬਾ ਨਾਨਕ ਦੇ ਇੱਕ ਪਿੰਡ ਚੌੜਾ ਦੇ ਵਸਨੀਕ ਹਨ, ਜੋ ਪਾਕਿਸਤਾਨ ਨਾਲ ਲੱਗਦੀ ਸਰਹੱਦ ਦੇ ਐਨ ਨਜ਼ਦੀਕ ਪੈਂਦਾ ਹੈ। ਉਹ ਸਧਾਰਨ ਕਿਸਮ ਦੇ ਜੱਟ ਪਰਿਵਾਰ ਨਾਲ ਸਬੰਧ ਰੱਖਦੇ ਹਨ। ਇਹ ਪਰਿਵਾਰ ਆਰਥਿਕ ਤੌਰ ’ਤੇ ਕੋਈ ਖੁਸ਼ਹਾਲ ਪਰਿਵਾਰ ਨਹੀਂ ਸੀ। ਇਸ ਲਈ ਭਾਈ ਨਰਾਇਣ ਸਿੰਘ ਚੌੜਾ ਕਾਲਜ ਤੱਕ ਕਦੇ ਵੀ ਨਹੀਂ ਪਹੁੰਚ ਸਕੇ ਪਰ ਉਹਨਾਂ ਦੇ ਅੰਦਰ ਉੱਚੀਆਂ ਡਿਗਰੀਆਂ ਹਾਸਲ ਕਰਨ ਦੀ ਤਮੰਨਾ ਸ਼ੁਰੂ ਤੋਂ ਹੀ ਸੀ। ਇਸ ਲਈ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਉਹਨਾਂ ਨੇ ਐਮ. ਏ. ਪੋਲੀਟੀਕਲ ਸਾਇੰਸ ਅਤੇ ਐਮ.ਏ. ਪੰਜਾਬੀ ਦੀ ਪੜ੍ਹਾਈ ਪ੍ਰਾਈਵੇਟ ਰਹਿ ਕੇ ਹਾਸਲ ਕੀਤੀ। ਉਹਨਾਂ ਨੇ ਗਿਆਨੀ ਵੀ ਪਾਸ ਕੀਤੀ ਅਤੇ ਦਿਲਚਸਪ ਗੱਲ ਹੈ ਇਹ ਹੈ ਕਿ ਉਹਨਾਂ ਦਾ ਖੇਤੀ ਦੇ ਕਿੱਤੇ ਵਿੱਚ ਵੀ ਇਨ੍ਹਾਂ ਸ਼ੌਕ ਸੀ ਕਿ ਇਹ ਸ਼ੌਕ ਉਹਨਾਂ ਨੂੰ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ ਲੈ ਕੇ ਚਲਾ ਗਿਆ ਜਿੱਥੇ ਉਹਨਾਂ ਨੇ ਖੇਤੀਬਾੜੀ ਦਾ ਡਿਪਲੋਮਾ ਵੀ ਹਾਸਿਲ ਕੀਤਾ। ਖੇਤੀਬਾੜੀ ਦੀ ਉਨ੍ਹਾਂ ਨੂੰ ਬੜੀ ਡੂੰਘੀ ਸਮਝ ਹੈ ਅਤੇ ਉਹ ਅਜੇ ਤੱਕ ਵੀ ਖੁਦ ਖੇਤੀ ਆਪ ਕਰਦੇ ਹਨ।





ਭਾਈ ਨਰਾਇਣ ਸਿੰਘ ਚੌੜਾ ਦੀ ਬਚਪਨ ਤੋਂ ਹੀ ਸਿੱਖ ਧਰਮ ਨਾਲ ਗੂੜ੍ਹੀ ਸਾਂਝ ਸੀ । ਅਸਲ ਵਿੱਚ ਨਾ ਕੇਵਲ ਉਹਨਾਂ ਦਾ ਆਪਣਾ ਪਰਿਵਾਰ ਸਗੋਂ ਦੂਰ ਦੂਰ ਤੱਕ ਉਹਨਾਂ ਦੇ ਛੋਟੇ ਵੱਡੇ ਰਿਸ਼ਤੇਦਾਰਾਂ ਨੇ ਵੀ ਅੰਮ੍ਰਿਤ ਛਕਿਆ ਹੋਇਆ ਹੈ।

ਧਰਮ ਬਾਰੇ ਡੂੰਘੀ ਜਾਣਕਾਰੀ ਹਾਸਲ ਕਰਨ ਦੀ ਤਮੰਨਾ ਉਹਨਾਂ ਨੂੰ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵੱਲ ਲੈ ਗਈ ਜਿੱਥੇ ਉਹਨਾਂ ਨੇ ਗੁਰਬਾਣੀ ਦਾ ਵਿਸ਼ਾਲ ਮੁਤਾਲਿਆ ਕੀਤਾ ਅਤੇ ਲੈਕਚਰ ਕਰਨ ਦੀਆਂ ਜੁਗਤਾਂ ਸਿੱਖੀਆਂ। ਉਹ ਬਹੁਤ ਵਧੀਆ ਲੈਕਚਰ ਕਰਦੇ ਹਨ ਜਿਸ ਵਿੱਚ ਸਹਿਜ ਤੇ ਗਰਜ ਦਾ ਸੁਮੇਲ ਹੁੰਦਾ ਹੈ। ਦਿਲਚਸਪ ਗੱਲ ਇਹ ਹੈ ਕਿ ਜਦੋਂ ਉਹ ਅੰਮ੍ਰਿਤਸਰ ਜੇਲ੍ਹ ਵਿੱਚ ਸਨ ਤਾਂ ਉੱਥੇ ਵੀ ਗੁਰਦੁਆਰਾ ਸਾਹਿਬ ਵਿੱਚ ਉਹ ਰੋਜ਼ਾਨਾ ਕਥਾ ਕਰਿਆ ਕਰਦੇ ਸਨ ਅਤੇ ਬਹੁਤ ਸਾਰੇ ਕੈਦੀ ਵੀ ਉਹਨਾਂ ਦੀ ਸ਼ਖਸੀਅਤ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਨਿਤਨੇਮ ਦੀਆਂ ਬਾਣੀਆਂ ਉਹਨਾਂ ਦੇ ਜੀਵਨ ਦਾ ਹਿੱਸਾ ਬਣ ਗਈਆਂ। ਭਾਈ ਨਰਾਇਣ ਸਿੰਘ ਚੌੜਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਵੀ ਕੁਝ ਸਾਲ ਵਿੱਚ ਪ੍ਰਚਾਰਕ ਦੇ ਰੂਪ ਵਿੱਚ ਸੇਵਾ ਕੀਤੀ।

ਭਾਈ ਨਰਾਇਣ ਸਿੰਘ ਚੌੜਾ ਨੇ ਅਕਾਲ ਤਖ਼ਤ, ਗੁਰਮਤਾ, ਜਥੇਦਾਰ ਅਤੇ ਸਰਬੱਤ ਖ਼ਾਲਸਾ ਦੀਆਂ ਸੰਸਥਾਵਾਂ ਬਾਰੇ ਵੀ ਬੜਾ ਗਹਿਰ ਗੰਭੀਰ ਮੁਤਾਲਿਆ ਕੀਤਾ ਅਤੇ ਅੱਜ ਦੀਆਂ ਹਾਲਤਾਂ ਮੁਤਾਬਕ ਅਕਾਲ ਤਖ਼ਤ ਸਾਹਿਬ ਦਾ ਰੋਲ ਕੀ ਹੋਵੇ, ਇਸ ਬਾਰੇ ਕਈ ਲੇਖ ਤੇ ਪੈਂਫ਼ਲਿਟ ਲਿਖੇ ਅਤੇ ਸੈਮੀਨਾਰਾਂ ਵਿੱਚ ਆਪਣੇ ਵਿਚਾਰ ਪੇਸ਼ ਕੀਤੇ। ਇਸੇ ਖਿਆਲ ਨੂੰ ਸਿਧਾਂਤਕ ਰੂਪ ਦੇਣ ਲਈ ਉਹਨਾਂ ਨੇ ਅਕਾਲ ਫ਼ੈਡਰੇਸ਼ਨ ਨਾਂ ਦੀ ਸੰਸਥਾ ਵੀ ਕਾਇਮ ਕੀਤੀ ਜਿਸ ਦੇ ਉਹ ਕਨਵੀਨਰ ਵੀ ਸਨ। ਇਹ ਗੱਲਾਂ 1978 ਤੋਂ ਪਹਿਲਾਂ ਦੀਆਂ ਹਨ ।

13 ਅਪ੍ਰੈਲ 1978 ਨੂੰ ਵਿਸਾਖੀ ਦੇ ਮੌਕੇ ’ਤੇ ਅੰਮ੍ਰਿਤਸਰ ਵਿੱਚ 13 ਸਿੰਘਾਂ ਦੀ ਸ਼ਹਾਦਤ ਦੇ ਵੱਡੇ ਸਾਕੇ ਨਾਲ ਉਹਨਾਂ ਦੀ ਜ਼ਿੰਦਗੀ ਵਿੱਚ ਇੱਕ ਨਵਾਂ ਮੋੜ ਆਇਆ। ਉਸ ਸਮੇਂ ਉਹਨਾਂ ਦੀ ਉਮਰ ਕੇਵਲ 32 ਵਰ੍ਹਿਆਂ ਦੀ ਸੀ ਜਦੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਿੱਖ ਪੰਥ ਵਿੱਚ ਉਭਰ ਕੇ ਸਾਹਮਣੇ ਆਏ। ਉਹ ਸੰਤ ਜਰਨੈਲ ਸਿੰਘ ਦੇ ਵੀ ਕਰੀਬ ਰਹੇ ਅਤੇ ਦਰਬਾਰ ਸਾਹਿਬ ਦੀਆਂ ਉਹਨਾਂ ਦਿਨਾਂ ਦੀਆਂ ਸਰਗਰਮੀਆਂ ਵਿੱਚ ਉਹਨਾਂ ਦਾ ਅਹਿਮ ਰੋਲ ਹੁੰਦਾ ਸੀ। ਉਸ ਦੌਰ ਵਿੱਚ ਪੱਤਰਕਾਰੀ ਕਰਦਿਆਂ ਜਦੋਂ ਮੈਂ ਦਰਬਾਰ ਸਾਹਿਬ ਅਕਸਰ ਹੀ ਜਾਇਆ ਕਰਦਾ ਸੀ, ਉਦੋਂ ਉਹਨਾਂ ਨਾਲ ਮੇਰਾ ਮੇਲ ਹੋਇਆ।

ਜਦੋਂ ਜੁਝਾਰੂ ਲਹਿਰ ਇੱਕ ਤਰ੍ਹਾਂ ਨਾਲ ਸਮਾਪਤੀ ਦੇ ਦੌਰ ਵੱਲ ਜਾ ਰਹੀ ਸੀ ਤਾਂ ਅਸਾਂ ਦੋਵਾਂ ਨੇ ਵਿਚਾਰ ਕੀਤਾ ਕਿ ਜੁਝਾਰੂ ਲਹਿਰ ਨੂੰ ਜਗਦਾ ਤੇ ਜਿਉਂਦਾ ਰੱਖਣ ਲਈ ਲਹਿਰ ਨਾਲ ਸਬੰਧਤ ਮਹੱਤਵਪੂਰਨ ਦਸਤਾਵੇਜ਼ਾਂ ਉੱਤੇ ਅਧਾਰਿਤ ਕਿਤਾਬ ਦੀ ਸੰਪਾਦਨਾ ਕੀਤੀ ਜਾਏ। ਸਾਨੂੰ ਡਰ ਸੀ ਕਿ ਇਤਿਹਾਸ ਦੇ ਇਸ ਮਹਾਨ ਦੌਰ ਨੂੰ ਜੇਕਰ ਸਾਂਭਿਆ ਨਾ ਗਿਆ ਤਾਂ ਹਜ਼ਾਰਾਂ ਸ਼ਹਾਦਤਾਂ ਨੂੰ ਦੁਸ਼ਮਣ ਤਾਕਤਾਂ ਆਪਣੇ ਬਿਰਤਾਂਤ ਅਤੇ ਚਤੁਰ ਚਲਾਕੀਆਂ ਨਾਲ ਨਾਲ ਮਿੱਟੀ ਵਿੱਚ ਰੋਲ ਕੇ ਰੱਖ ਦੇਣਗੀਆਂ। ਭਾਈ ਨਰਾਇਣ ਸਿੰਘ ਚੌੜਾ ਇਤਿਹਾਸ ਦੇ ਚੇਤਨ ਤੇ ਗੰਭੀਰ ਵਿਦਿਆਰਥੀ ਹੋਣ ਕਰਕੇ ਉਹਨਾਂ ਨੇ ਬਹੁਤ ਸਾਰੇ ਦਸਤਾਵੇਜ਼ ਸਾਂਭ ਕੇ ਰੱਖੇ ਹੋਏ ਸਨ ਅਤੇ ਮੇਰੇ ਕੋਲ ਵੀ ਬਹੁਤ ਸਾਰੇ ਦਸਤਾਵੇਜ਼ ਸਨ। ਅਸਾਂ ਦੋਵਾਂ ਨੇ ਰਲ ਕੇ ਕਰੀਬ 600 ਪੰਨਿਆਂ ਉੱਤੇ ਅਧਾਰਿਤ ਪੰਥਕ ਦਸਤਾਵੇਜ਼ ਨਾਂ ਦੀ ਕਿਤਾਬ ਸੰਗਤਾਂ ਦੇ ਸਾਹਮਣੇ ਲਿਆਂਦੀ ਜਿਸ ਦੀਆਂ ਦੋ ਅਡੀਸ਼ਨਾਂ ਛੱਪ ਵੀ ਚੁੱਕੀਆਂ ਹਨ।

ਜਿਵੇਂ ਮੈਂ ਭਾਈ ਨਰਾਇਣ ਸਿੰਘ ਚੌੜਾ ਨੂੰ ਜਾਨਣ ਤੇ ਸਮਝਣ ਦੀ ਕੋਸ਼ਿਸ਼ ਕੀਤੀ ਹੈ, ਉਸ ਮੁਤਾਬਕ ਉਹ ਕਲਮ ਤੇ ਵਿਚਾਰ ਦਾ ਧਨੀ ਤਾਂ ਹੈ ਹੀ ਪਰ ਇਸ ਮਹਾਨ ਗੁਣ ਨੂੰ ਉਹ ‘ਐਕਸ਼ਨ’ ਨਾਲ ਜੋੜ ਕੇ ਵੇਖਦਾ ਤੇ ਮੁਕੰਮਲ ਕਰਦਾ ਹੈ। ਇਹਨਾਂ ਦੋਹਾਂ ਗੁਣਾਂ ਦਾ ਸੁਮੇਲ ਜੁਝਾਰੂ ਲਹਿਰ ਵਿੱਚ ਉਸ ਤੋਂ ਸਵਾ ਸ਼ਾਇਦ ਹੀ ਕਿਸੇ ਹੋਰ ਕੋਲ ਹੋਵੇ। ਐਕਸ਼ਨ ਦੌਰਾਨ ਉੱਚੇ ਸੁੱਚੇ ਕਿਰਦਾਰ ਦਾ ਸਫ਼ਰ ਉਸ ਦੇ ਨਾਲ ਨਾਲ ਚੱਲਦਾ ਹੈ ਤੇ ਉਸ ਦਾ ਸਦਾ ਹਮਸਫ਼ਰ ਰਿਹਾ ਹੈ। ਇਸ ਗੁਣ ਦਾ ਉਸਨੇ ਮੁੱਲ ਵੀ ਤਾਰਿਆ ਹੈ। ਇੱਕ ਮੁਲਾਕਾਤ ਵਿੱਚ ਉਸਨੇ ਦੱਸਿਆ ਕਿ ਕਿਵੇਂ ਉਸ ਸਮੇਂ ਦਾ ਡੀ.ਜੀ.ਪੀ. ਸੁਮੇਧ ਸੈਣੀ ਉਸ ਨੂੰ ਖ਼ੁਦ ਟਾਰਚਰ ਕਰਦਾ ਸੀ ਅਤੇ ਤਰ੍ਹਾਂ ਤਰ੍ਹਾਂ ਦਾ ਟਾਰਚਰ ਸਾਰਾ ਸਾਰਾ ਦਿਨ ਲਗਾਤਾਰ ਚਲਦਾ ਰਹਿੰਦਾ ਸੀ। ਉਸ ਦਾ ਕਹਿਣਾ ਸੀ ਕਿ ਹਰ ਸਮੇਂ ਗੁਰੂ- ਸਿਧਾਂਤ ਮੇਰੇ ਨਾਲ ਅੰਗ ਸੰਗ ਰਿਹਾ ਸੀ ਅਤੇ ਹਰ ਮੁਸ਼ਕਿਲ ਵਿੱਚ ਮੈਂ ਗੁਰੂ ਦੀ ਕਿਰਪਾ ਨਾਲ ਅਡੋਲ ਰਿਹਾ।

ਭਾਈ ਨਰਾਇਣ ਸਿੰਘ ਚੌੜਾ ਬਹੁਤੀ ਵਾਰ ਆਪਣੇ ਦਿਲ ਦੀ ਗੱਲ ਆਪਣੇ ਦਿਲ ਤੱਕ ਹੀ ਰੱਖਦੇ ਹਨ। ਬੁੜੈਲ ਜੇਲ੍ਹ ਦੀ ਘਟਨਾ ਬਹੁਤ ਵੱਡੀ ਸੀ। ਇਹ ਘਟਨਾ ਦੁਨੀਆਂ ਦੀਆਂ ਵੱਡੀਆਂ ਜੇਲ੍ਹ ਬਰੇਕਾਂ ਦੇ ਵਰਗ ਵਿੱਚ ਆਉਂਦੀ ਹੈ। ਇਸ ਬਾਰੇ ਉਹ ਬਹੁਤ ਕੁਝ ਜਾਣਦੇ ਸਨ ਤੇ ਜਾਣਦੇ ਹਨ। ਮੈਂ ਖੋਜੀ ਪੱਤਰਕਾਰ ਵਾਂਗ ਇਸ ਬਾਰੇ ਜਾਨਣ ਦੀ ਕੋਸ਼ਿਸ਼ ਕੀਤੀ ਪਰ ਉਹ ਸਦਾ ਟਾਲ ਮਟੋਲ ਕਰਦਾ ਰਿਹਾ। ਮੈਂ ਉਸ ਨੂੰ 1962 ਦੀ ਅਲਕੇਟਰਸ ਜੇਲ੍ਹ ਬਰੇਕ ਦੀ ਯਾਦ ਦਿਵਾਈ ਜਿਸ ਵਿੱਚ 3 ਅਪਰਾਧੀ ਜੇਲ੍ਹ ਤੋੜ ਕੇ ਭੱਜੇ, ਪਰ ਅਜੇ ਤੱਕ ਐਫ਼.ਬੀ.ਆਈ. ਨੂੰ ਵੀ ਪਤਾ ਨਹੀਂ ਲੱਗਾ ਕਿ ਉਹ ਕਿੱਧਰ ਗਏ, ਮਰ ਗਏ ਜਾ ਮਾਰ ਦਿੱਤੇ ਗਏ। 1973 ਵਿੱਚ ਆਇਰਲੈਂਡ ਦੇ ਤਿੰਨ ਇਨਕਲਾਬੀ ਮਾਊਂਟ ਜਾਏ ਜੇਲ੍ਹ ਵਿੱਚੋਂ ਭੱਜੇ, ਪਰ ਨਰਾਇਣ ਸਿੰਘ ਚੌੜਾ ਨੇ ਬੁੜੈਲ ਜੇਲ੍ਹ ਬਾਰੇ ਕਦੇ ਕੁਛ ਨਹੀਂ ਲਿਖਿਆ। ਸ਼ਾਇਦ ਅੱਜ ਕੱਲ੍ਹ ਉਹ ਇਸ ਬਾਰੇ ਕੁਝ ਲਿਖ ਵੀ ਰਹੇ ਸਨ। ਮੈਂ ਕਈ ਵਾਰ ਉਹਨਾਂ ਨੂੰ ਸੁਝਾਅ ਦਿੱਤਾ ਕਿ ਉਹ ਆਪਣੀ ਸਵੈ ਜੀਵਨੀ ਲਿਖੇ, ਕਿਉਂਕਿ ਸਿੱਖ ਪੰਥ ਵਿੱਚ ਵਨ ਸਵੰਨੇ ਸੰਘਰਸ਼ਾਂ ਦਾ ਉਹ ਚਸ਼ਮਦੀਦ ਗਵਾਹ ਹੈ ਜਿਸ ਵਿੱਚ ਉਹ ਆਪ ਵੀ ਇਹਨਾਂ ਕਈ ਸੰਘਰਸ਼ਾਂ ਵਿੱਚ ਹਿੱਸੇਦਾਰ ਰਿਹਾ ਹੈ ਅਤੇ ਇਹ ਦੌਰ 60 ਸਾਲ ਤੱਕ ਚੱਲਦਾ ਹੈ। ਉਸ ਨੂੰ ਜੁਝਾਰੂ ਲਹਿਰ ਦੇ ਬੜੇ ਡੂੰਘੇ ਰਾਜ਼ ਪਤਾ ਹਨ ਜਿਨ੍ਹਾਂ ਬਾਰੇ ਉਹ ਕਈ ਕਾਰਨਾਂ ਕਰਕੇ ਦੱਸਣ ਤੋਂ ਅਕਸਰ ਹੀ ਗੁਰੇਜ਼ ਕਰਦੇ ਹਨ। ਭਾਈ ਨਰਾਇਣ ਸਿੰਘ ਚੌੜਾ ਦੀ ਸ਼ਖਸੀਅਤ ਇੱਕ ਬੁਝਾਰਤ ਦੀ ਤਰ੍ਹਾਂ ਹੈ ਅਤੇ ਉਸ ਦੀ ਵਿਆਖਿਆ ਸਿਰਫ਼ ਡੂੰਘੇ ਮਨੋਵਿਗਿਆਨੀ ਹੀ ਕਰ ਸਕਦੇ ਹਨ। ਉਸ ਦੇ ਅੰਦਰ ਰੋਸ, ਕ੍ਰੋਧ ਤੇ ਗੁੱਸਾ ਉਸ ਸਮੇਂ ਉਬਾਲੇ ਖਾਂਦਾ ਪ੍ਰਤੀਤ ਹੁੰਦਾ ਹੈ।

ਜਦੋਂ ਉਹ ਇਹ ਵੇਖਦਾ ਸੀ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਕੋਹ ਕੋਹ ਕੇ ਜਿਵੇਂ ਮਾਰਿਆ ਗਿਆ ਤੇ ਜਿਵੇਂ ਮਾਰਨ ਵਾਲੇ ਸਵਰਨ ਘੋਟਨੇ ਨੂੰ ਬਾਦਲਾਂ ਨੇ ਆਪਣੀ ਸੁਰੱਖਿਆ ਲਈ ਵਿਸ਼ੇਸ਼ ਰੂਪ ਵਿੱਚ ਸ਼ਿੰਗਾਰ ਕੇ ਰੱਖਿਆ, ਜਿਵੇਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਨੂੰ ਸਾਧਾਰਨ ਜਾਂ ਮਮੂਲੀ ਜਿਹੀ ਸਮਝ ਕੇ ਉਲਟਾ ਬੇਅਦਬੀ ਕਰਨ ਵਾਲਿਆਂ ਦੀ ਰੱਖਿਆ ਕੀਤੀ, ਉਹਨਾਂ ਨੂੰ ਬਿਨਾਂ ਮੰਗੇ ਤੋਂ ਮਾਫ਼ੀ ਦਿੱਤੀ ਤੇ ਜਿਵੇਂ ਬੰਦੀ ਸਿੰਘਾਂ ਦੀ ਰਿਹਾਈ ਲਈ ਕੁਝ ਵੀ ਨਾ ਕੀਤਾ ਸਗੋਂ ਉਹਨਾਂ ਦਾ ਵਿਰੋਧ ਕੀਤਾ, ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਖੁਦ ਆਪ ਕਰਵਾਏ, ਸਾਡੀਆਂ ਸਿੱਖ ਸੰਸਥਾਵਾਂ ਉੱਤੇ ਕਬਜ਼ਾ ਕਰਕੇ ਸਿੱਖੀ ਸਿਧਾਂਤਾਂ ਦਾ ਆਪ ਘਾਣ ਕੀਤਾ। ਉਹ ਇਨ੍ਹਾਂ ਜ਼ੁਲਮਾਂ ਨੂੰ ਬਾਦਲਾਂ ਵੱਲੋਂ ਕੀਤੇ ਵੱਡੇ ਪਾਪ ਸਮਝਦਾ ਹੈ। ਇਹ ਪੀੜ ਉਸ ਦੇ ਅੰਦਰ ਹੀ ਪਈ ਰਹਿੰਦੀ ਹੈ ਅਤੇ ਉਹ ਇਸ ਪੀੜ ਨੂੰ ਇਕੱਲਾ ਹੀ ਹੰਢਾਉਂਦਾ ਹੈ।

ਭਾਈ ਨਰਾਇਣ ਸਿੰਘ ਚੌੜਾ ਨੇ ਹੁਣ ਤੱਕ ਕਰੀਬ 15 ਕਿਤਾਬਾਂ ਲਿਖੀਆਂ ਹਨ। ਕਵਿਤਾਵਾਂ ਦੀਆਂ ਕਿਤਾਬਾਂ ਵਿੱਚ ਆਜ਼ਾਦੀ ਦਾ ਜਜ਼ਬਾ ਤੇ ਗਰਜਵਾਂ ਨਾਦ ਹਰ ਸਤਰ ਵਿੱਚ ਮਿਲਦਾ ਹੈ। ਖ਼ਾਲਿਸਤਾਨ ਬਾਰੇ ਤਾਂ ਉਹਨਾਂ ਨੇ ਇੱਕ ਨਾਵਲ ਵੀ ਲਿਖਿਆ। ਉਹਨਾਂ ਦੀ ਤਾਜ਼ਾ ਕਿਤਾਬ ਦਾ ਨਾਂ ‘ਖ਼ਾਲਿਸਤਾਨ ਵਿਰੁੱਧ ਸਾਜਿਸ਼’ ਹੈ ਜੋ ਸਾਬਕਾ ਰਾਅ ਅਧਿਕਾਰੀ ਜੀ ਬੀ ਐਸ ਸਿੱਧੂ ਦੀ ਕਿਤਾਬ ‘ਖ਼ਾਲਿਸਤਾਨ ਦੀ ਸਾਜਿਸ਼’ ਦਾ ਠੋਸ, ਤੱਥਾਂ, ਦਲੀਲਾਂ ਅਤੇ ਸਬੂਤਾਂ ਸਹਿਤ ਠੋਕਵਾਂ ਤੇ ਢੁਕਵਾਂ ਜਵਾਬ ਹੈ। 400ਪੰਨਿਆਂ ਦੀ ਇਸ ਕਿਤਾਬ ਦੀ ਭੂਮਿਕਾ ਪ੍ਰਸਿੱਧ ਇਤਿਹਾਸਕਾਰ ਡਾਕਟਰ ਗੁਰਦਰਸ਼ਨ ਸਿੰਘ ਢਿੱਲੋਂ ਨੇ ਲਿਖੀ ਹੈ। ਉਹਨਾਂ ਦਾ ਸਿੱਖਾਂ ਦੇ ਉੱਘੇ ਦਾਨਸ਼ਵਰਾਂ, ਸਿੱਖ ਜਥੇਬੰਦੀਆਂ ਤੇ ਜਥੇਦਾਰਾਂ ਨਾਲ ਮੇਲ ਜੋਲ ਤੇ ਬਕਾਇਦਾ ਸੰਪਰਕ ਰਿਹਾ ਹੈ ਤੇ ਕਈ ਵਾਰ ਉਹਨਾਂ ਨੂੰ ਉਹਨਾਂ ਦੀਆਂ ਪੰਥਕ ਸੇਵਾਵਾਂ ਲਈ ਸਨਮਾਨਿਤ ਵੀ ਕੀਤਾ ਜਾਂਦਾ ਰਿਹਾ ਹੈ। ਹੋ ਸਕਦਾ ਇਹ ਦਾਨਸ਼ਵਰ ਹੁਣ ਦੱਬੀ ਜ਼ੁਬਾਨ ਵਿੱਚ ਚੁੱਪ ਰਹਿਣਗੇ, ਪਰ ਇਹ ਵੀ ਸੱਚ ਹੈ ਕਿ ਕਈ ਬੁੱਧੀਜੀਵੀ ਕਿਸੇ ਡਰ ਕਾਰਨ ਉਹਨਾਂ ਤੋਂ ਦੂਰੀ ਵੀ ਬਣਾ ਕੇ ਰੱਖਦੇ ਸਨ ਤਾਂ ਜੋ ਉਹਨਾਂ ਨੂੰ ਕਿਸੇ ਔਖੇ ਸਮੇਂ ਕਿਸੇ ਪਰੇਸ਼ਾਨੀ ਜਾਂ ਖੱਜਲ ਖੁਆਰੀ ਦਾ ਸਾਹਮਣਾ ਨਾ ਕਰਨਾ ਪਵੇ।

ਭਾਈ ਨਰਾਇਣ ਸਿੰਘ ਚੌੜਾ ਨੇ ਕਾਨੂੰਨ ਦਾ ਰਸਮੀ ਕੋਰਸ ਭਾਵੇਂ ਪਾਸ ਨਹੀਂ ਕੀਤਾ ਪਰ ਕਾਨੂੰਨ ਦੀਆਂ ਕਈ ਬਰੀਕੀਆਂ ਨੂੰ ਉਹ ਵਕੀਲਾਂ ਤੋਂ ਵੀ ਵੱਧ ਜਾਣਦੇ ਹਨ ਅਤੇ ਕਈ ਵਾਰੀ ਵਕੀਲਾਂ ਨੂੰ ਵੀ ਗਾਈਡ ਕਰਦੇ ਰਹੇ। ਉਹ ਇੱਕ ਤਰ੍ਹਾਂ ਨਾਲ ਆਪਣੇ ਕੇਸ ਆਪ ਵੀ ਲੜਿਆ ਕਰਦੇ ਸਨ। ਉਹਨਾਂ ਦੇ ਪੁੱਤਰ ਸਰਦਾਰ ਜਗਜੀਤ ਸਿੰਘ ਨੇ ਲਾਅ ਕੀਤਾ ਹੋਇਆ ਹੈ ਅਤੇ ਆਪਣੇ ਸਾਥੀਆਂ ਨਾਲ ਰਲ ਕੇ ਕਰੀਬ 10 ਹਜ਼ਾਰ ਖਾੜਕੂ ਸ਼ਹੀਦਾਂ ਦੀ ਖੋਜ ਕਰਕੇ ਜਾਣਕਾਰੀ ਹਾਸਿਲ ਕੀਤੀ ਤੇ ਅਦਾਲਤ ਵਿੱਚ ਕੇਸ ਵੀ ਪਾਇਆ। ਝੂਠੇ ਮੁਕਾਬਲੇ ਬਣਾਉਣ ਵਾਲੇ ਪੁਲਿਸ ਅਫ਼ਸਰਾਂ ਦਾ ਪਿੱਛਾ ਕੀਤਾ ਤੇ ਉਹਨਾਂ ਨੂੰ ਵੱਡੀਆਂ ਸਜ਼ਾਵਾਂ ਵੀ ਦਿਵਾਈਆਂ ।

(ਬਾਕੀ ਸਫ਼ਾ 31 ’ਤੇ)



## ਦਰਪਣ ਝੂਠ ਨਹੀਂ ਬੋਲਦਾ

# ਬੰਗਲਾਦੇਸ਼ ਸਰਕਾਰ 'ਤੇ ਭਾਰਤ ਸਰਕਾਰ ਦੀ ਨਾਰਾਜ਼ਗੀ ਦਾ ਕੋਈ ਅਸਰ ਨਹੀਂ

## ਹਿੰਦੂ ਘੱਟ-ਗਿਣਤੀਆਂ 'ਤੇ ਕੱਟੜਪੰਥੀ ਮੁਸਲਿਮਾਂ ਦੇ ਹੋ ਰਹੇ ਨੇ ਹਮਲੇ




ਬੰਗਲਾਦੇਸ਼ ਸਰਕਾਰ 'ਤੇ ਭਾਰਤ ਸਰਕਾਰ ਦੀ ਨਾਰਾਜ਼ਗੀ ਦਾ ਕੋਈ ਅਸਰ ਹੁੰਦਾ ਦਿਖਾਈ ਨਹੀਂ ਦੇ ਰਿਹਾ ਹੈ। ਉੱਥੇ ਹਿੰਦੂ ਘੱਟ-ਗਿਣਤੀਆਂ 'ਤੇ ਕੱਟੜਪੰਥੀ ਮੁਸਲਿਮਾਂ ਦੇ ਹਮਲੇ ਹੋ ਰਹੇ ਹਨ, ਉਨ੍ਹਾਂ ਦੇ ਘਰਾਂ ਨੂੰ ਲੁੱਟਿਆ ਜਾ ਰਿਹਾ ਹੈ, ਉਨ੍ਹਾਂ ਵਿੱਚ ਅੱਗ ਲਗਾਈ ਜਾ ਰਹੀ ਹੈ। ਹਿੰਦੂ ਸੰਤਾਂ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਭਾਰਤ ਸਰਕਾਰ ਨੇ ਅਧਿਕਾਰਤ ਤੌਰ 'ਤੇ ਨਾਰਾਜ਼ਗੀ ਜ਼ਰੂਰ ਜਤਾਈ ਹੈ, ਪਰ ਉਦੋਂ ਵੀ ਬੰਗਲਾਦੇਸ਼ ਸਰਕਾਰ ਨੇ ਇਸਕਾਨ ਦੇ ਸੰਤ ਚਿਨਮਯ ਪ੍ਰਭੂ ਨੂੰ ਰਿਹਾਅ ਨਹੀਂ ਕੀਤਾ ਹੈ ਅਤੇ ਉਲਟਾ ਉਨ੍ਹਾਂ ਦੇ ਦੋ ਹੋਰ ਸਹਿਯੋਗੀਆਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ। ਹਾਲ ਹੀ ਵਿੱਚ ਇਸਕਾਨ ਮੰਦਰ ਦੇ ਪੁਜਾਰੀ ਚਿਨਮੋਏ ਕ੍ਰਿਸ਼ਨ ਦਾਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਹੁਣੇ ਜਿਹੇ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਦੇ ਨਮਹੱਟਾ ਵਿੱਚ ਕੁਝ ਫ਼ਿਰਕੂ ਗੁੰਡਿਆਂ ਨੇ ਇੱਕ ਹੋਰ ਇਸਕਾਨ ਮੰਦਰ 'ਤੇ ਹਮਲਾ ਕਰਕੇ ਅੱਗ ਲਗਾ ਦਿੱਤੀ। ਸਥਿਤੀ ਕਾਬੂ ਤੋਂ ਬਾਹਰ ਹੋ ਗਈ ਹੈ। ਸ਼ਰਾਰਤੀ ਅਨਸਰ ਹਿੰਦੂ ਸੰਸਥਾਵਾਂ ਨੂੰ ਲਗਾਤਾਰ ਨਿਸ਼ਾਨਾ ਬਣਾ ਕੇ ਹਮਲੇ ਕਰ ਰਹੇ ਹਨ। ਹਾਲਾਤ ਇਹ ਬਣ ਗਏ ਹਨ ਕਿ ਸ਼ਰਾਰਤੀ ਅਨਸਰ ਘੱਟ ਗਿਣਤੀ ਹਿੰਦੂਆਂ ਦੇ ਘਰਾਂ ਨੂੰ ਹੀ ਨਹੀਂ, ਸਗੋਂ ਅਦਾਰਿਆਂ ਨੂੰ ਵੀ ਅੱਗ ਲਗਾ ਰਹੇ ਹਨ। ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਮੂਕ ਦਰਸ਼ਕ ਬਣਿਆ ਹੋਇਆ ਹੈ। ਫ਼ੌਜ ਵੀ ਫ਼ਿਰਕੂ ਗੁੰਡਿਆਂ ਦੇ ਨਾਲ ਖੜੀ ਦਿਖਾਈ ਦੇ ਰਹੀ ਹੈ। ਬੰਗਲਾਦੇਸ਼ ਦੀ ਫ਼ੌਜ ਨੇ ਹਾਲ ਹੀ ਵਿੱਚ ਪੱਛਮੀ ਬੰਗਾਲ ਦੀ ਸਰਹੱਦ ਦੇ ਨੇੜੇ ਇੱਕ ਹਿੰਦੂ ਮੰਦਰ ਦੇ ਮੁਰੰਮਤ ਦੇ ਕੰਮ 'ਤੇ ਪਾਬੰਦੀ ਲਗਾ ਦਿੱਤੀ ਹੈ। ਇਥੇ ਜ਼ਿਕਰਯੋਗ ਹੈ ਕਿ ਘੱਟ-ਗਿਣਤੀਆਂ 'ਤੇ ਕਥਿਤ ਹਮਲੇ ਦੇ ਖ਼ਿਲਾਫ਼ ਚਿਨਮਯ ਕ੍ਰਿਸ਼ਨ ਦਾਸ ਕਈ ਵਿਰੋਧ-ਪ੍ਰਦਰਸ਼ਨ ਵਿੱਚ ਸ਼ਾਮਲ ਹੋਏ ਸਨ। ਇਹ ਪ੍ਰਦਰਸ਼ਨ ਸਨਾਤਨੀ ਜਾਗਰਣ ਜੋਤ ਸੰਗਠਨ ਦੇ ਬੈਨਰ ਹੇਠ ਹੋ ਰਹੇ ਸਨ ਅਤੇ ਇਸ ਦੇ ਬੁਲਾਰੇ ਚਿਨਮਯ ਕ੍ਰਿਸ਼ਨ ਦਾਸ ਹਨ।

ਵਿਵਾਦ ਉਸ ਸਮੇਂ ਸ਼ੁਰੂ ਹੋਇਆ ਜਦੋਂ ਚਿਨਮਯ ਕ੍ਰਿਸ਼ਨ ਦਾਸ ਸਣੇ 19 ਲੋਕਾਂ ਖ਼ਿਲਾਫ਼ ਚਟਗਾਂਵ ਕੋਤਵਾਲੀ ਥਾਣੇ ਵਿੱਚ ਰਾਜਧ੍ਰੋਹ ਦਾ ਮਾਮਲਾ ਦਰਜ ਕੀਤਾ ਗਿਆ ਸੀ। ਉਨ੍ਹਾਂ 'ਤੇ ਇਲਜ਼ਾਮ ਲੱਗਿਆ ਕਿ 25 ਅਕਤੂਬਰ ਨੂੰ ਚਟਗਾਂਵ ਦੇ ਨਿਊ ਮਾਰਕਿਟ ਇਲਾਕੇ ਵਿੱਚ ਬੰਗਲਾਦੇਸ਼ ਦੇ ਰਾਸ਼ਟਰੀ ਝੰਡੇ ਦਾ ਅਪਮਾਨ ਕੀਤਾ ਗਿਆ। ਦਾਸ ਦੀ ਗ੍ਰਿਫ਼ਤਾਰੀ ਤੋਂ ਬਾਅਦ ਉਨ੍ਹਾਂ ਦੇ ਸਮਰਥਕ ਸੜਕਾਂ 'ਤੇ ਉਤਰ ਆਏ। ਰਾਜਧਾਨੀ ਢਾਕਾ ਅਤੇ ਚਟਗਾਂਵ ਸਣੇ ਵੱਖ-ਵੱਖ ਸ਼ਹਿਰਾਂ ਵਿੱਚ ਪ੍ਰਦਰਸ਼ਨ ਹੋਏ। ਇਸ ਤੋਂ ਬਾਅਦ ਬੰਗਲਾਦੇਸ਼ ਦੇ ਕਈ ਸੰਗਠਨਾਂ ਨੇ ਇਸਕਾਨ ਉਪਰ ਪਾਬੰਦੀ ਲਗਾਉਣ ਦੀ ਮੰਗ ਕੀਤੀ ਅਤੇ ਇੱਕ ਪਟੀਸ਼ਨ ਵੀ ਦਾਇਰ ਕੀਤੀ ਗਈ। ਹਾਲਾਂਕਿ ਬੰਗਲਾਦੇਸ਼ ਦੀ ਇੱਕ ਅਦਾਲਤ ਨੇ ਪਾਬੰਦੀ ਲਗਾਉਣ ਤੋਂ ਇਨਕਾਰ ਕਰ ਦਿੱਤਾ ਹੈ।

ਇਸ ਪੂਰੇ ਘਟਨਾਕ੍ਰਮ ਨੇ ਬੰਗਲਾਦੇਸ਼ ਵਿੱਚ ਧਾਰਮਿਕ ਅਤੇ ਰਾਜਨੀਤਿਕ ਤਣਾਅ ਨੂੰ ਵਧਾ ਦਿੱਤਾ ਹੈ ਅਤੇ ਇਸਕਾਨ ਨੂੰ ਲੈ ਕੇ ਇਹ ਨਵਾਂ ਵਿਵਾਦ ਹੋਰ ਵੀ ਗੁੰਝਲਦਾਰ ਹੋ ਗਿਆ ਹੈ। ਦਰਅਸਲ ਬੰਗਲਾਦੇਸ਼ 'ਚ ਸ਼ੇਖ ਹਸੀਨਾ ਸਰਕਾਰ ਦਾ ਤਖ਼ਤਾ ਪਲਟ ਹੋਣ ਤੋਂ ਬਾਅਦ ਹਿੰਦੂ ਘੱਟ-ਗਿਣਤੀਆਂ ਦਾ ਜੋ ਲਗਾਤਾਰ ਸ਼ੋਸ਼ਣ ਹੋ ਰਿਹਾ ਹੈ, ਉਸ ਨੂੰ ਰੁਕਵਾ ਸਕਣਾ ਭਾਰਤ ਦੀ ਸ਼ਕਤੀਸ਼ਾਲੀ ਕਹੀ ਜਾਣ ਵਾਲੀ ਸਰਕਾਰ ਲਈ ਮੁਸ਼ਕਿਲ ਹੋ ਰਿਹਾ ਹੈ। ਇਸ ਦਾ ਕਾਰਨ ਇਹ ਹੈ ਕਿ ਭਾਰਤ ਸਰਕਾਰ ਦੀਆਂ ਕੋਸ਼ਿਸ਼ਾਂ ਵਿੱਚ ਨੈਤਿਕ ਬਲ ਨਹੀਂ ਹੈ, ਭਾਵ ਜੋ ਕੰਮ ਉਹ ਬੰਗਲਾਦੇਸ਼ ਵਿੱਚ ਰੁਕਵਾਉਣਾ ਚਾਹੁੰਦੀ ਹੈ, ਉਹੀ ਕੰਮ ਆਪਣੇ ਦੇਸ਼ ਵਿੱਚ ਜ਼ੋਰ-ਸ਼ੋਰ ਨਾਲ ਕਰਵਾ ਰਹੀ ਹੈ।

ਇੱਥੇ ਆਏ ਦਿਨ ਕਿਸੇ ਨਾ ਕਿਸੇ ਮਸਜਿਦ ਦਾ ਸਰਵੇਖਣ ਹੋ ਰਿਹਾ ਹੈ ਅਤੇ ਉਸ ਦੇ ਹੇਠਾਂ ਮੰਦਰ ਲੱਭੇ ਜਾ ਰਹੇ ਹਨ। ਮੁਸਲਮਾਨਾਂ ਨੂੰ ਸਟੇਟ ਦੇ ਡੰਡੇ ਨਾਲ ਦਬਾਇਆ ਜਾ ਰਿਹਾ ਹੈ। ਸਰਕਾਰ ਸਮਰਥਕ ਸੰਗਠਨਾਂ ਵੱਲੋਂ ਮੁਸਲਮਾਨਾਂ ਦੇ ਆਰਥਿਕ ਬਾਈਕਾਟ ਦੀਆਂ ਅਪੀਲਾਂ ਸੋਸ਼ਲ ਮੀਡੀਆ ਵਿੱਚ ਕੀਤੀਆਂ ਜਾ ਰਹੀਆਂ ਹਨ। ਹਿੰਦੂਆਂ ਬਹੁਗਿਣਤੀ ਇਲਾਕਿਆਂ 'ਚ ਕਿਸੇ ਮੁਸਲਮਾਨ ਦੇ ਮਕਾਨ ਖਰੀਦਣ ਜਾਂ ਕਿਰਾਏ 'ਤੇ ਲੈਣ ਦਾ ਵਿਰੋਧ ਕੀਤਾ ਜਾ ਰਿਹਾ ਹੈ। ਸਬਜ਼ੀ, ਫਲ ਜਾਂ ਚੂੜੀ ਵੇਚਣ ਵਾਲੇ ਮੁਸਲਮਾਨ ਨੂੰ ਆਪਣੇ ਮੁਹੱਲੇ ਜਾਂ ਕਾਲੋਨੀ 'ਚ ਵੜਨ ਤੋਂ ਰੋਕਿਆ ਜਾ ਰਿਹਾ ਹੈ ਅਤੇ ਸਥਾਨਕ ਪ੍ਰਸ਼ਾਸਨ ਮੂਕਦਰਸ਼ਕ ਬਣਿਆ ਹੋਇਆ ਹੈ। ਅਜਿਹੇ ਵਿੱਚ ਭਾਰਤ ਸਰਕਾਰ ਦੀਆਂ ਅਪੀਲਾਂ ਨੂੰ ਬੰਗਲਾਦੇਸ਼ ਦੀ ਸਰਕਾਰ ਕਿਉਂ ਗੰਭੀਰਤਾ ਨਾਲ ਲਵੇਗੀ?

ਭਾਰਤ-ਬੰਗਲਾਦੇਸ਼ ਰਿਸ਼ਤਿਆਂ ਲਈ ਇਹ ਪਰਖ ਦੀ ਘੜੀ ਹੈ। ਮੁਕੱਦਮਾ ਚਲਾਉਣ ਲਈ ਹਸੀਨਾ ਨੂੰ ਬੰਗਲਾਦੇਸ਼ ਡਿਪੋਰਟ ਕਰਨ 'ਤੇ ਨਵੀਂ ਦਿੱਲੀ ਦੀ ਚੁੱਪ ਸ਼ਾਇਦ ਢਾਕਾ ਨੂੰ ਚੁੱਭ ਰਹੀ ਹੈ। ਦੋਵੇਂ ਧਿਰਾਂ ਇਸ ਗੱਲ ਤੋਂ ਜਾਣੂ ਹਨ ਕਿ ਵਧ ਰਹੀ ਬੇਭਰੋਸਗੀ ਨੂੰ ਦੂਰ ਕਰਨ ਵਿੱਚ ਜੇ ਦੇਰੀ ਹੋਈ ਤਾਂ ਇਸ ਦੇ ਗੰਭੀਰ ਨਤੀਜੇ ਨਿਕਲਣਗੇ। ਲੋੜ ਹੈ, ਜਲਦੀ ਤੋਂ ਜਲਦੀ ਕੂਟਨੀਤਕ ਮਾਧਿਅਮਾਂ ਨੂੰ ਪੂਰੀ ਗਤੀ ਨਾਲ ਸਰਗਰਮ ਕੀਤਾ ਜਾਵੇ।

ਬੰਗਲਾਦੇਸ਼ ਵਿੱਚ ਜੋ ਵਾਪਰ ਰਿਹਾ ਹੈ, ਉਹ ਭਾਰਤ ਲਈ ਵੀ ਸਬਕ ਹੈ। ਢਾਕਾ ਨੂੰ ਕਾਰਵਾਈ ਲਈ ਕਹਿਣ ਤੋਂ ਪਹਿਲਾਂ ਭਾਰਤ ਨੂੰ ਆਪਣੇ ਘਰ ਅੰਦਰ ਵੀ ਝਾਕਣਾ ਪਏਗਾ। ਭਾਰਤ ਵਿੱਚ ਵੀ ਘੱਟਗਿਣਤੀਆਂ ਨਾਲ ਬੁਰਾ ਵਰਤਾਅ ਹੋ ਰਿਹਾ ਹੈ। ਇਸ ਵਰਤਾਅ ਬਾਰੇ ਕੇਂਦਰ ਸਰਕਾਰ ਦੀ ਲਗਾਤਾਰ ਖ਼ਾਮੋਸ਼ੀ ਵੱਡੇ ਸਵਾਲ ਖੜ੍ਹੇ ਕਰ ਰਹੀ ਹੈ। ਇਸ ਮਾਮਲੇ ਬਾਰੇ ਭਾਰਤ ਨੂੰ ਸੰਜੀਦਗੀ ਨਾਲ ਵਿਚਾਰਨ ਦੀ ਜ਼ਰੂਰਤ ਹੈ।

# ਭਾਰਤੀ ਜੱਜ ਦਾ ਹੋਇਆ ਭਗਵਾਂਕਰਨ

## ਅਲਾਹਾਬਾਦ ਹਾਈ ਕੋਰਟ ਦੇ ਜੱਜ ਯਾਦਵ ਹਿੰਦੂ ਪ੍ਰੀਸ਼ਦ ਦੀ ਵਰਕਸ਼ਾਪ 'ਚ ਹੋਏ ਸ਼ਾਮਲ



ਅਲਾਹਾਬਾਦ ਹਾਈ ਕੋਰਟ ਦੇ ਜੱਜ ਜਸਟਿਸ ਸ਼ੇਖਰ ਕੁਮਾਰ ਯਾਦਵ ਨੇ ਬੀਤੇ ਐਤਵਾਰ ਲਖਨਊ ਵਿੱਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਲੀਗਲ ਸੈੱਲ ਵੱਲੋਂ ਆਯੋਜਿਤ ਵਰਕਸ਼ਾਪ ਨੂੰ ਸੰਬੋਧਨ ਕਰਦਿਆਂ ਅਜਿਹੀਆਂ ਗੱਲਾਂ ਕਹੀਆਂ, ਜਿਹੜੀਆਂ ਤਕੜੇ ਵਿਵਾਦ ਦਾ ਕਾਰਨ ਬਣ ਸਕਦੀਆਂ ਹਨ। ਉਂਝ ਵਿਵਾਦ ਤਾਂ ਉਦੋਂ ਹੀ ਛਿੜ ਗਿਆ ਸੀ, ਜਦੋਂ ਉਨ੍ਹਾਂ ਵਰਕਸ਼ਾਪ ਵਿੱਚ ਹਿੱਸਾ ਲੈਣ ਦੀ ਹਾਮੀ ਭਰੀ ਸੀ। ਆਪਣੇ ਸੰਬੋਧਨ ਵਿੱਚ ਜਸਟਿਸ ਯਾਦਵ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਕਹਿਣ ਵਿੱਚ ਕੋਈ ਸੰਕੋਚ ਨਹੀਂ ਕਿ ਇਹ ਹਿੰਦੁਸਤਾਨ ਹੈ ਅਤੇ ਇਹ ਦੇਸ਼ ਇੱਥੇ ਰਹਿਣ ਵਾਲੇ ਬਹੁ-ਗਿਣਤੀ ਲੋਕਾਂ ਦੀ ਇੱਛਾ ਮੁਤਾਬਕ ਚੱਲੇਗਾ। ਇੱਥੇ ਸਿਰਫ਼ ਉਹੀ ਸਵੀਕਾਰ ਕੀਤਾ ਜਾਵੇਗਾ, ਜਿਹੜਾ ਬਹੁ-ਗਿਣਤੀ ਦੀ ਭਲਾਈ ਤੇ ਖ਼ੁਸ਼ੀ ਨੂੰ ਯਕੀਨੀ ਬਣਾਉਂਦਾ ਹੋਵੇ। ਇਸ ਤੋਂ ਅੱਗੇ ਵਧਦਿਆਂ ਉਨ੍ਹਾਂ ਸਾਂਝੇ ਸਿਵਲ ਕੋਡ ਦੀ ਵੀ ਗੱਲ ਕੀਤੀ, ਜਿਸ ਦਾ ਉਦੇਸ਼ ਨਿੱਜੀ ਕਾਨੂੰਨਾਂ ਦਾ ਅਜਿਹਾ ਸੈੱਟ ਲਾਗੂ ਕਰਨਾ ਹੈ, ਜਿਹੜਾ ਹਰ ਧਰਮ, ਲਿੰਗ ਜਾਂ ਜਾਤ ਨੂੰ ਅਪਣਾਉਣਾ ਪਵੇਗਾ। ਇਸ ਵਿੱਚ ਵਿਆਹ, ਤਲਾਕ, ਗੋਦ ਲੈਣ, ਵਿਰਾਸਤ ਤੇ ਉਤਰਾਧਿਕਾਰ ਵਰਗੇ ਪਹਿਲੂ ਸ਼ਾਮਲ ਹਨ। ਮੁਸਲਮਾਨਾਂ ਦਾ ਨਾਂਅ ਲਏ ਬਿਨਾਂ ਜਸਟਿਸ ਯਾਦਵ ਨੇ ਕਿਹਾ ਕਿ ਕਈ ਪਤਨੀਆਂ ਰੱਖਣਾ, ਤਿੰਨ ਤਲਾਕ ਤੇ ਹਲਾਲਾ ਵਰਗੀਆਂ ਪ੍ਰਥਾਵਾਂ ਮਨਜ਼ੂਰ ਨਹੀਂ ਕੀਤੀਆਂ ਜਾ ਸਕਦੀਆਂ। ਜਸਟਿਸ ਯਾਦਵ ਨੇ ਕਿਹਾ ਕਿ ਮੈਂ ਸੰਕਲਪ ਲੈਂਦਾ ਹਾਂ ਕਿ ਦੇਸ਼ ਯਕੀਨਨ ਸਾਂਝਾ ਸਿਵਲ ਕੋਡ ਬਣਾਏਗਾ ਤੇ ਇਹ ਬਹੁਤ ਛੇਤੀ ਬਣੇਗਾ।

ਜਸਟਿਸ ਯਾਦਵ ਨੇ ਮੁਸਲਮਾਨਾਂ ਪ੍ਰਤੀ ਨਫ਼ਰਤ ਨਾਲ ਵਰਤਿਆ ਜਾਂਦਾ ਸ਼ਬਦ 'ਕਠਮੁੱਲਾ' ਵਰਤਦਿਆਂ ਕਿਹਾ ਕਿ ਇਹ ਕਠਮੁੱਲਾ ਸ਼ਬਦ ਸਹੀ ਨਹੀਂ ਹੈ, ਪਰ ਕਹਿਣ ਵਿੱਚ ਪਰਹੇਜ਼ ਨਹੀਂ, ਕਿਉਂਕਿ ਇਹ ਦੇਸ਼ ਲਈ ਘਾਤਕ ਹੈ। ਅਜਿਹੇ ਲੋਕ ਤਰੱਕੀ ਵਿੱਚ ਰੁਕਾਵਟ ਹਨ ਤੇ ਇਨ੍ਹਾਂ ਤੋਂ ਸਾਵਧਾਨ ਰਹਿਣ ਦੀ ਲੋੜ ਹੈ। ਜਸਟਿਸ ਯਾਦਵ ਨੇ ਹਿੰਦੂ ਭਾਈਚਾਰੇ ਨੂੰ ਉੱਤਮ ਠਹਿਰਾਉਂਦਿਆਂ ਕਿਹਾ ਕਿ ਇੱਕ ਭਾਈਚਾਰੇ ਨੂੰ ਦਯਾ ਤੇ ਅਹਿੰਸਾ ਦੀਆਂ ਕਦਰਾਂ-ਕੀਮਤਾਂ ਦੀ ਸਿੱਖਿਆ ਦਿੱਤੀ ਜਾਂਦੀ ਹੈ ਤੇ ਉਸ ਨੂੰ ਸਹਿਣਸ਼ੀਲ ਬਣਾਇਆ ਜਾਂਦਾ ਹੈ, ਜਦਕਿ ਦੂਜੇ ਭਾਈਚਾਰੇ ਵਿੱਚ ਬੱਚਿਆਂ ਤੋਂ ਸਹਿਣਸ਼ੀਲਤਾ ਦੀ ਉਮੀਦ ਰੱਖਣੀ ਮੁਸ਼ਕਿਲ ਹੋਵੇਗੀ, ਖ਼ਾਸਕਰ ਤਦ ਜਦ ਉਹ ਆਪਣੇ ਸਾਹਮਣੇ ਜਾਨਵਰਾਂ ਦੀ ਹੱਤਿਆ ਹੁੰਦੀ ਦੇਖਦੇ ਹਨ।

ਜਸਟਿਸ ਯਾਦਵ ਨੇ 2021 ਵਿੱਚ ਗਊਕੁਸ਼ੀ ਦੇ ਦੋਸ਼ ਵਿੱਚ ਫੜੇ ਇੱਕ ਬੰਦੇ ਨੂੰ ਇਹ ਕਹਿੰਦਿਆਂ ਜ਼ਮਾਨਤ ਨਹੀਂ ਦਿੱਤੀ ਸੀ ਕਿ ਗਊ ਭਾਰਤੀ ਕਲਚਰ ਦਾ ਅਭਿੰਨ ਹਿੱਸਾ ਹੈ ਤੇ ਇਸ ਨੂੰ ਕੌਮੀ ਜਾਨਵਰ ਐਲਾਨਣਾ ਚਾਹੀਦਾ ਹੈ। ਇੱਕ ਹੋਰ ਫ਼ੈਸਲੇ ਵਿੱਚ ਉਨ੍ਹਾਂ ਕਿਹਾ ਸੀ ਕਿ ਸੰਸਦ ਨੂੰ ਰਾਮ, ਕ੍ਰਿਸ਼ਨ, ਰਮਾਇਣ ਤੇ ਗੀਤਾ ਨੂੰ ਭਾਰਤੀ ਵਿਰਾਸਤ ਦਾ ਅਭਿੰਨ ਹਿੱਸਾ ਐਲਾਨਣ ਵਾਲਾ ਕਾਨੂੰਨ ਪਾਸ ਕਰਨਾ ਚਾਹੀਦਾ ਹੈ।

# ਹਰਿਆਣਾ ਤੇ ਮਹਾਰਾਸ਼ਟਰ ਵਿੱਚ ਮਿਲੀ ਹਾਰ ਨੇ 'ਇੰਡੀਆ ਗੱਠਜੋੜ' ਦੇ ਦਲਾਂ ਵਿਚਾਲੇ ਵਖਰੇਵਿਆਂ ਨੂੰ ਕੀਤਾ ਪ੍ਰਤੱਖ

## ਕੀ 'ਇੰਡੀਆ ਗੱਠਜੋੜ' ਤਿੜਕ ਜਾਵੇਗਾ? ਕਿਉਂ ਘਟੀ ਰਾਹੁਲ ਗਾਂਧੀ ਦੀ ਲੋਕਪ੍ਰਿਯਤਾ?



ਭਾਰਤ ਵਿੱਚ 2024 ਦੌਰਾਨ ਹੋਣ ਵਾਲੀਆਂ ਵੱਖ-ਵੱਖ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਦਾ ਆਖ਼ਰੀ ਦੌਰ ਸਮਾਪਤ ਹੋ ਗਿਆ ਹੈ। ਮਹਾਰਾਸ਼ਟਰ ਚੋਣਾਂ ਵਿੱਚ ਭਾਜਪਾ ਦੀ ਅਗਵਾਈ ਵਾਲੀ 'ਮਹਾਯੁਤੀ' ਦੀ ਵੱਡੀ ਜਿੱਤ ਨੇ ਭਾਜਪਾ ਨੂੰ 6 ਮਹੀਨੇ ਪਹਿਲਾਂ 2024 ਵਿੱਚ ਹੋਈਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਹੋਏ ਨੁਕਸਾਨ ਦੀ ਭਰਪਾਈ ਕਰਕੇ ਨਵਾਂ ਆਤਮ-ਵਿਸ਼ਵਾਸ ਦਿੱਤਾ ਹੈ। 'ਇੰਡੀਆ' ਗੱਠਜੋੜ ਲਈ ਵੀ ਝਾਰਖੰਡ ਵਿਧਾਨ ਸਭਾ ਚੋਣਾਂ ਵਿੱਚ ਮਿਲੀ ਸ਼ਾਨਦਾਰ ਜਿੱਤ ਇੱਕ ਸਾਕਾਰਾਤਮਕ ਸੰਕੇਤ ਹੈ। ਫਿਰ ਵੀ, ਹਰਿਆਣਾ ਚੋਣਾਂ ਵਿੱਚ ਹੈਰਾਨੀਜਨਕ ਜਿੱਤ ਨਾਲ ਭਾਜਪਾ ਇੰਡੀਆ ਗੱਠਜੋੜ ਤੋਂ ਸਿਆਸੀ ਜਾਲ ਬੁਣਨ ਵਿੱਚ ਬਹੁਤ ਅੱਗੇ ਹੈ।

ਹੁਣ 2025 ਤੇ 2026 ਦੀਆਂ ਵਿਧਾਨ ਸਭਾ ਚੋਣਾਂ ਦੋਹਾਂ ਗੱਠਜੋੜਾਂ ਲਈ ਅਗਲੀ ਚੁਣੌਤੀ ਹੋਵੇਗੀ। 2025 ਵਿੱਚ ਪਹਿਲੀਆਂ ਚੋਣਾਂ ਫ਼ਰਵਰੀ ਵਿੱਚ ਦਿੱਲੀ ਵਿਧਾਨ ਸਭਾ ਦੀਆਂ ਹੋਣੀਆਂ ਹਨ। ਇਸ ਤੋਂ ਬਾਅਦ ਸਾਲ ਦੇ ਅਖੀਰ ਵਿੱਚ ਬਿਹਾਰ ਵਿਧਾਨ ਸਭਾ ਦੀਆਂ ਚੋਣਾਂ ਹੋਣਗੀਆਂ। ਦਿੱਲੀ ਦੀ ਗੱਲ ਕਰੀਏ ਤਾਂ 'ਆਪ' ਨੇ ਫ਼ੈਸਲਾ ਕੀਤਾ ਹੈ ਕਿ ਕਾਂਗਰਸ ਤੋਂ ਵੱਖ ਰਹਿ ਕੇ ਇਕੱਲਿਆਂ ਚੋਣ ਲੜੇਗੀ। 'ਆਪ' ਦਾ ਮੰਨਣਾ ਹੈ ਕਿ ਪਿਛਲੀ ਲੋਕ ਸਭਾ ਚੋਣਾਂ ਦੇ ਨਤੀਜੇ ਜੋ ਵੀ ਰਹੇ ਹੋਣ, ਪਰ ਪਾਰਟੀ ਨੂੰ ਆਉਣ ਵਾਲੀਆਂ ਚੋਣਾਂ ਇਕੱਲਿਆਂ ਲੜ ਕੇ ਭਾਜਪਾ ਨੂੰ ਹਰਾਉਣ ਵਿੱਚ ਆਸਾਨੀ ਰਹੇਗੀ। ਜੇਕਰ ਇੰਡੀਆ ਗੱਠਜੋੜ ਦੀਆਂ ਦੋਵੇਂ ਸਹਿਯੋਗੀ ਪਾਰਟੀਆਂ ਆਪੋ-ਆਪਣੀ ਗੱਲ 'ਤੇ ਕਾਇਮ ਰਹਿੰਦੀਆਂ ਹਨ ਤਾਂ ਦਿੱਲੀ ਵਿੱਚ ਤਿਕੋਣੇ ਮੁਕਾਬਲੇ ਹੋਣਗੇ, ਜਿਸ ਦਾ ਫ਼ਾਇਦਾ ਭਾਜਪਾ ਨੂੰ ਮਿਲ ਸਕਦਾ ਹੈ। 'ਆਪ' ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਦਿੱਲੀ ਕੋਈ ਕੇਰਲਾ ਨਹੀਂ ਹੈ, ਭਾਜਪਾ ਦਾ ਦਿੱਲੀ 'ਚ ਆਧਾਰ ਬਹੁਤ ਮਜ਼ਬੂਤ ਹੈ ਤੇ ਇਸ ਵਾਰ ਉਹ 'ਆਪ' ਨੂੰ ਚੁਣੌਤੀ ਦੇਣ ਲਈ ਬਿਹਤਰ ਸਥਿਤੀ ਵਿਚ ਵੀ ਹੈ।

ਬਿਹਾਰ ਦੇ ਮਾਮਲੇ 'ਚ ਇੰਡੀਆ ਗੱਠਜੋੜ ਵੱਲੋਂ ਮੁੱਖ ਜ਼ਿੰਮੇਵਾਰੀ ਆਰ.ਜੇ.ਡੀ. ਦੀ ਹੋਵੇਗੀ, ਪਿਛਲੀਆਂ ਵਿਧਾਨ ਸਭਾ ਚੋਣਾਂ ਇੰਡੀਆ ਗੱਠਜੋੜ ਮਾਮੂਲੀ ਫ਼ਰਕ ਨਾਲ ਹਾਰਿਆ ਸੀ। ਲੋਕ ਸਭਾ ਚੋਣਾਂ ਦੌਰਾਨ ਇੰਡੀਆ ਗੱਠਜੋੜ ਦੇ ਪ੍ਰਚਾਰ ਵਿੱਚ ਕੁਝ ਵੱਡੀਆਂ ਕਮੀਆਂ ਸਾਹਮਣੇ ਆਈਆਂ ਸਨ ਜਿਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ। ਆਰ.ਜੇ.ਡੀ. ਆਗੂ ਤੇਜਸਵੀ ਯਾਦਵ ਨੂੰ ਕੇਵਲ ਆਪਣੀ ਪਾਰਟੀ ਦੇ ਹੀ ਨਹੀਂ, ਸਗੋਂ ਪੂਰੇ ਇੰਡੀਆ ਗੱਠਜੋੜ ਦੇ ਨੇਤਾ ਦੇ ਰੂਪ ਵਿੱਚ ਐਨ.ਡੀ.ਏ. ਗੱਠਜੋੜ ਨੂੰ ਹਰਾਉਣ ਦੇ ਉਦੇਸ਼ ਨਾਲ ਕੰਮ ਕਰਨਾ ਹੋਵੇਗਾ। ਕਾਂਗਰਸ ਨੂੰ ਆਪਣੀ ਤਾਕਤ ਦੇ ਹਿਸਾਬ ਨਾਲ ਸੀਟਾਂ ਲਈ ਸੌਦੇਬਾਜ਼ੀ ਕਰਨੀ ਪਵੇਗੀ, ਕਿਉਂਕਿ ਪਿਛਲੀਆਂ ਚੋਣਾਂ ਵਿੱਚ ਉਸ ਦੀ ਕਾਰਗੁਜ਼ਾਰੀ ਸਭ ਤੋਂ ਮਾੜੀ ਰਹੀ ਸੀ।

ਇਹ ਸੱਚ ਹੈ ਕਿ ਲੋਕ ਸਭਾ ਚੋਣਾਂ ਵਿੱਚ ਸ਼ਲਾਘਾਯੋਗ ਕਾਰਗੁਜ਼ਾਰੀ ਤੋਂ ਛੇ ਮਹੀਨਿਆਂ ਬਾਅਦ ਵਿਰੋਧੀ ਧਿਰਾਂ ਦਾ 'ਇੰਡੀਆ' ਗੱਠਜੋੜ ਖ਼ੁਦ ਨੂੰ ਚੌਰਾਹੇ 'ਤੇ ਖੜ੍ਹਾ ਦੇਖ ਰਿਹਾ ਹੈ। ਵਿਰੋਧੀ ਧਿਰਾਂ ਦੇ ਇਸ ਗੱਠਜੋੜ ਨੇ ਝਾਰਖੰਡ ਤੇ ਜੰਮੂ ਕਸ਼ਮੀਰ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਤਾਂ ਚੰਗਾ ਪ੍ਰਦਰਸ਼ਨ ਕੀਤਾ ਪਰ ਹਰਿਆਣਾ ਤੇ ਮਹਾਰਾਸ਼ਟਰ ਵਿੱਚ ਮਿਲੀ ਹਾਰ ਨੇ ਇਸ ਦੇ ਦਲਾਂ ਦਰਮਿਆਨ ਵਖਰੇਵਿਆਂ ਨੂੰ ਪ੍ਰਤੱਖ ਕੀਤਾ ਹੈ।

ਇਹ ਪ੍ਰਤੱਖ ਹੈ ਕਿ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ, 'ਇੰਡੀਆ' ਦੇ ਚਿਹਰੇ ਵਜੋਂ ਆਪਣਾ ਆਧਾਰ ਗੁਆ ਰਹੇ ਹਨ। ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਭਾਵੇਂ ਇਸ ਗੱਠਜੋੜ ਦੇ ਚੇਅਰਪਰਸਨ ਹਨ ਪਰ ਇਹ ਕਿਸੇ ਤੋਂ ਲੁਕਿਆ ਨਹੀਂ ਕਿ ਗਾਂਧੀ ਪਰਿਵਾਰ ਹੀ ਅਹਿਮ ਫ਼ੈਸਲੇ ਕਰਦਾ ਹੈ ਤੇ ਇਸ ਤਰ੍ਹਾਂ ਦੇ ਪ੍ਰਬੰਧ ਨਾਲ ਨਾ ਕਾਂਗਰਸ ਮਜ਼ਬੂਤ ਹੋ ਰਹੀ ਹੈ ਤੇ ਨਾ ਹੀ 'ਇੰਡੀਆ' ਗੱਠਜੋੜ ਸਗੋਂ ਚੁਣਾਵੀ ਮੈਦਾਨ ਇਸ ਦਾ ਸਿੱਧਾ-ਸਿੱਧਾ ਸਿਆਸੀ ਲਾਭ ਸੱਤਾਧਾਰੀ ਧਿਰ ਭਾਰਤੀ ਜਨਤਾ ਪਾਰਟੀ ਨੂੰ ਹੁੰਦਾ ਹੈ।

(ਬਾਕੀ ਸਫ਼ਾ 31 'ਤੇ)

# ਪੰਜਾਬ ਵਿੱਚ ਨਿਗਮ ਤੇ ਕੌਂਸਲ ਚੋਣਾਂ 21 ਨੂੰ

## ਰਾਜ ਚੋਣ ਕਮਿਸ਼ਨਰ ਵੱਲੋਂ ਚੋਣ ਪ੍ਰੋਗਰਾਮ ਜਾਰੀ



ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਰਾਜ ਚੋਣ ਕਮਿਸ਼ਨ ਨੇ ਨਗਰ ਨਿਗਮਾਂ ਅਤੇ ਕੌਂਸਲਾਂ/ਨਗਰ ਪੰਚਾਇਤਾਂ ਲਈ ਚੋਣ ਪ੍ਰੋਗਰਾਮ ਐਲਾਨ ਦਿੱਤਾ ਹੈ। ਇਨ੍ਹਾਂ ਸਥਾਨਕ ਸ਼ਹਿਰੀ ਸੰਸਥਾਵਾਂ ਲਈ ਵੋਟਾਂ 21 ਦਸੰਬਰ ਨੂੰ ਪੈਣਗੀਆਂ। ਇਹ ਚੋਣਾਂ ਸੁਪਰੀਮ ਕੋਰਟ ਦੇ ਦਖ਼ਲ ਮਗਰੋਂ ਹੋ ਰਹੀਆਂ ਹਨ। ਕਰੀਬ ਡੇਢ ਸਾਲ ਪਹਿਲਾਂ ਵੱਖ- ਵੱਖ ਨਿਗਮਾਂ ਤੇ ਕੌਂਸਲਾਂ ਦਾ ਕਾਰਜਕਾਲ ਖ਼ਤਮ ਹੋ ਗਿਆ ਸੀ। ਚੋਣਾਂ ਦੇ ਐਲਾਨ ਨਾਲ ਹੀ ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ ਜੋ ਚੋਣ ਪ੍ਰਕਿਰਿਆ ਮੁਕੰਮਲ ਹੋਣ ਤੱਕ ਜਾਰੀ ਰਹੇਗਾ। ਪੰਜਾਬ ਰਾਜ ਚੋਣ ਕਮਿਸ਼ਨਰ ਆਰ.ਕੇ.ਚੌਧਰੀ ਨੇ ਚੋਣ ਪ੍ਰੋਗਰਾਮ ਜਾਰੀ ਕਰਦਿਆਂ ਦੱਸਿਆ ਕਿ ਇਨ੍ਹਾਂ ਸਥਾਨਕ ਸ਼ਹਿਰੀ ਸੰਸਥਾਵਾਂ ਲਈ ਵੋਟਾਂ 21 ਦਸੰਬਰ ਨੂੰ ਸਵੇਰੇ 7 ਵਜੇ ਤੋਂ ਸ਼ਾਮ ਚਾਰ ਵਜੇ ਤੱਕ ਪੈਣਗੀਆਂ। ਉਸ ਦਿਨ ਹੀ ਚੋਣ ਨਤੀਜੇ ਐਲਾਨੇ ਜਾਣਗੇ। ਵੋਟਿੰਗ ਲਈ ਈ.ਵੀ.ਐੱਮਜ਼. ਦੀ ਵਰਤੋਂ ਕੀਤੀ ਜਾਣੀ ਹੈ ਅਤੇ ਚੋਣ ਕਮਿਸ਼ਨ ਨੇ ਇਸ ਬਾਰੇ ਲੋੜੀਂਦੇ ਪ੍ਰਬੰਧ ਕਰ ਲਏ ਹਨ। ਇਨ੍ਹਾਂ ਚੋਣਾਂ ਵਿੱਚ ਕੁੱਲ 37,32,636 ਵੋਟਰ ਆਪਣੇ ਹੱਕ ਦਾ ਇਸਤੇਮਾਲ ਕਰ ਸਕਣਗੇ ਜਿਨ੍ਹਾਂ ਵਿੱਚ 19,55,888 ਪੁਰਸ਼, 17,76,544 ਮਹਿਲਾਵਾਂ ਅਤੇ 204 ਹੋਰ ਸ਼ਾਮਲ ਹਨ।

ਵੇਰਵਿਆਂ ਅਨੁਸਾਰ 21 ਦਸੰਬਰ ਨੂੰ ਨਗਰ ਨਿਗਮ ਪਟਿਆਲਾ, ਲੁਧਿਆਣਾ, ਫਗਵਾੜਾ, ਜਲੰਧਰ ਅਤੇ ਅੰਮ੍ਰਿਤਸਰ ਤੋਂ ਇਲਾਵਾ 44 ਨਗਰ ਕੌਂਸਲਾਂ/ਨਗਰ ਪੰਚਾਇਤਾਂ ਲਈ ਵੋਟਾਂ ਪੈਣਗੀਆਂ। ਵੱਖ ਵੱਖ ਨਿਗਮਾਂ ਤੇ ਕੌਂਸਲਾਂ ਦੇ ਕਰੀਬ 49 ਵਾਰਡਾਂ ’ਤੇ ਉਪ ਚੋਣ ਵੀ ਹੋਣੀ ਹੈ। ਚੋਣ ਕਮਿਸ਼ਨਰ ਨੇ ਦੱਸਿਆ ਕਿ ਨਗਰ ਨਿਗਮਾਂ ਦੇ 381 ਵਾਰਡਾਂ ਅਤੇ ਨਗਰ ਕੌਂਸਲਾਂ/ਨਗਰ ਪੰਚਾਇਤਾਂ ਦੇ 598 ਵਾਰਡਾਂ ਲਈ ਵੋਟਿੰਗ ਕਰਵਾਈ ਜਾਵੇਗੀ। ਇਨ੍ਹਾਂ ਚੋਣਾਂ ਵਿੱਚ 23 ਹਜ਼ਾਰ ਅਧਿਕਾਰੀ ਤੇ ਮੁਲਾਜ਼ਮ ਚੋਣ ਅਮਲੇ ਵਜੋਂ ਤਾਇਨਾਤ ਕੀਤੇ ਜਾਣਗੇ ਅਤੇ 25 ਆਈ.ਏ.ਐਸ./ ਪੀ.ਸੀ.ਐੱਸ.ਅਫ਼ਸਰਾਂ ਨੂੰ ਜਨਰਲ ਨਿਗਰਾਨ ਵਜੋਂ ਨਿਯੁਕਤ ਕੀਤਾ ਜਾਵੇਗਾ। ਚੋਣ ਪ੍ਰੋਗਰਾਮ ਅਨੁਸਾਰ ਕਾਗ਼ਜ਼ ਦਾਖਲ ਕਰਨ ਦੀ ਆਖ਼ਰੀ ਮਿਤੀ 12 ਦਸੰਬਰ ਨੂੰ 3 ਵਜੇ ਤੱਕ ਚੱਲੇਗੀ। ਕਾਗ਼ਜ਼ਾਂ ਦੀ ਪੜਤਾਲ 13 ਦਸੰਬਰ ਨੂੰ ਹੋਵੇਗੀ ਅਤੇ ਉਮੀਦਵਾਰ ਆਪਣੇ ਨਾਮਜ਼ਦਗੀ ਪੱਤਰ 14 ਦਸੰਬਰ ਨੂੰ ਵਾਪਸ ਲੈ ਸਕਣਗੇ।

ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਅੱਠ ਹਫ਼ਤਿਆਂ ਅੰਦਰ ਚੋਣ ਪ੍ਰਕਿਰਿਆ ਨੇਪਰੇ ਚਾੜ੍ਹਨ ਦੇ ਆਦੇਸ਼ ਜਾਰੀ ਕੀਤੇ ਸਨ। ਉਪਰੋਕਤ ਨਿਗਮਾਂ ਦੀ ਮਿਆਦ ਜਨਵਰੀ 2023 ਤੋਂ ਮਾਰਚ 2023 ਦੇ ਦਰਮਿਆਨ ਖ਼ਤਮ ਹੋ ਗਈ ਸੀ। ਚੋਣ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਚੋਣਾਂ ਲਈ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾਂ 7 ਦਸੰਬਰ ਨੂੰ ਕੀਤੀ ਜਾ ਚੁੱਕੀ ਹੈ ਜੋ ਸਬੰਧਤ ਐੱਸ.ਡੀ.ਐੱਮਜ਼ ਕੋਲ ਉਪਲੱਬਧ ਹੈ।

ਚੋਣ ਕਮਿਸ਼ਨਰ ਚੌਧਰੀ ਨੇ ਦੱਸਿਆ ਕਿ ਇਨ੍ਹਾਂ ਚੋਣਾਂ ਲਈ ਵਿਆਪਕ ਸੁਰੱਖਿਆ ਯੋਜਨਾ ਤਿਆਰ ਕੀਤੀ ਗਈ ਹੈ। ਵੋਟਾਂ ਲਈ ਕੁੱਲ 1609 ਪੋਲਿੰਗ ਸਟੇਸ਼ਨ ਬਣਾਏ ਗਏ ਹਨ ਜਿਨ੍ਹਾਂ ਵਿੱਚ 3809 ਪੋਲਿੰਗ ਬੂਥ ਹਨ। ਇਨ੍ਹਾਂ ’ਚੋਂ 344 ਪੋਲਿੰਗ ਸਟੇਸ਼ਨਾਂ ਦੀ ਪਛਾਣ ਅਤਿ-ਸੰਵੇਦਨਸ਼ੀਲ ਅਤੇ 665 ਪੋਲਿੰਗ ਸਥਾਨਾਂ ਦੀ ਪਛਾਣ ਸੰਵੇਦਨਸ਼ੀਲ ਵਜੋਂ ਕੀਤੀ ਗਈ ਹੈ। ਅਤਿ-ਸੰਵੇਦਨਸ਼ੀਲ ਪੋਲਿੰਗ ਸਟੇਸ਼ਨਾਂ ਨੂੰ 1 ਐਚ.ਸੀ. ਅਤੇ 1 ਸੀ ਦੀ ਵਾਧੂ ਫੋਰਸ ਪ੍ਰਦਾਨ ਕੀਤੀ ਜਾਵੇਗੀ ਅਤੇ ਇਨ੍ਹਾਂ ਖੇਤਰਾਂ ਨੂੰ ਮੋਬਾਈਲ ਗਸ਼ਤ ਦੁਆਰਾ ਵੀ ਕਵਰ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਲੋੜੀਂਦੀ ਗਿਣਤੀ ਵਿੱਚ ਪਲਟੂਨਾਂ ਨੂੰ ਰਾਖਵਾਂ ਰੱਖਿਆ ਗਿਆ ਹੈ। ਵੋਟਾਂ ਵਾਲੇ ਜ਼ਿਲ੍ਹਿਆਂ ਵਿੱਚ ਪੁਲਿਸ ਦੇ 21,500 ਜਵਾਨ ਅਤੇ ਹੋਮ ਗਾਰਡ ਜਵਾਨਾਂ ਨੂੰ ਤਾਇਨਾਤ ਕੀਤਾ ਜਾਵੇਗਾ। ਸਿੰਗਲ ਪੋਲਿੰਗ ਸਟੇਸ਼ਨ ਲਈ 3 ਮੁਲਾਜ਼ਮ ਅਤੇ ਡਬਲ ਪੋਲਿੰਗ ਸਟੇਸ਼ਨ ਲਈ 4 ਮੁਲਾਜ਼ਮ ਤਾਇਨਾਤ ਕੀਤੇ ਜਾਣਗੇ। ਇਸੇ ਤਰ੍ਹਾਂ ਤੀਹਰੇ ਪੋਲਿੰਗ ਸਟੇਸ਼ਨ ਲਈ 5 ਮੁਲਾਜ਼ਮ ਅਤੇ ਕੁਆਡ ਪੋਲਿੰਗ ਸਟੇਸ਼ਨ ਲਈ 6 ਮੁਲਾਜ਼ਮ ਤਾਇਨਾਤ ਕੀਤੇ ਜਾਣਗੇ।

ਚੋਣ ਕਮਿਸ਼ਨਰ ਨੇ ਦੱਸਿਆ ਕਿ ਹਥਿਆਰ ਅਤੇ ਗੋਲਾ-ਬਾਰੂਦ ਲੈ ਕੇ ਜਾਣ ਦੀ ਮਨਾਹੀ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਅਸਲਾ ਐਕਟ ਅਧੀਨ ਸਮਰੱਥ ਅਥਾਰਿਟੀ ਹੋਣ ਦੇ ਨਾਤੇ ਜ਼ਿਲ੍ਹਾ ਮੈਜਿਸਟਰੇਟ ਹਥਿਆਰ ਜਮ੍ਹਾਂ ਕਰਨ ਸਬੰਧੀ ਲੋੜ ਦਾ ਮੁਲਾਂਕਣ ਕਰਨਗੇ। ਵੋਟਰਾਂ ਦੀ ਸਹੂਲਤ ਲਈ ਨਾਮਜ਼ਦਗੀ ਫਾਰਮ 20 ਅਤੇ ਹਲਫ਼ੀਆ ਬਿਆਨ ਦਾ ਨਮੂਨਾ ਕਮਿਸ਼ਨ ਦੀ ਵੈੱਬਸਾਈਟ ਤਕਫ.ਬਚਅਹ ’ਤੇ ਉਪਲਬਧ ਕਰਾਇਆ ਗਿਆ ਹੈ।

### ਸਿਆਸੀ ਪ੍ਰੀਖਿਆ ਬਣਨਗੀਆਂ ਚੋਣਾਂ

ਪੰਜਾਬ ਦੀਆਂ ਸਿਆਸੀ ਧਿਰਾਂ ਲਈ ਸਥਾਨਕ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਸਿਆਸੀ ਪ੍ਰੀਖਿਆ ਸਾਬਤ ਹੋਣਗੀਆਂ। ਜ਼ਿਮਨੀ ਚੋਣਾਂ ’ਚ ਜਿੱਤ ਮਗਰੋਂ ‘ਆਪ’ ਇਹ ਚੋਣਾਂ ਜਿੱਤਣ ਲਈ ਵਾਹ ਲਾਏਗੀ ਕਿਉਂਕਿ ਇਨ੍ਹਾਂ ਚੋਣਾਂ ਦੇ ਨਤੀਜਿਆਂ ਦਾ ਅਸਰ ਦਿੱਲੀ ਚੋਣਾਂ ’ਤੇ ਵੀ ਪਵੇਗਾ। ‘ਆਪ’ ਨੇ ਇਨ੍ਹਾਂ ਚੋਣਾਂ ਲਈ ਵਜ਼ੀਰਾਂ ਦੀਆਂ ਡਿਊਟੀਆਂ ਲਾ ਦਿੱਤੀਆਂ ਹਨ। ਕਾਂਗਰਸ ਪਾਰਟੀ ਜ਼ਿਮਨੀ ਚੋਣਾਂ ’ਚ ਮਿਲੀ ਹਾਰ ਦਾ ਖੱਪਾ ਇਨ੍ਹਾਂ ਚੋਣਾਂ ਜ਼ਰੀਏ ਪੂਰਨ ਦੀ ਕੋਸ਼ਿਸ਼ ਕਰੇਗੀ ਜਦੋਂ ਕਿ ਭਾਜਪਾ ਆਪਣੀ ਸ਼ਹਿਰੀ ਪਕੜ ਦਿਖਾਉਣ ਲਈ ਕੁੱਦੇਗੀ। ਸ਼੍ਰੋਮਣੀ ਅਕਾਲੀ ਦਲ ਵੀ ਚੋਣ ਪਿੜ ਵਿੱਚ ਉੱਤਰ ਕੇ ਆਪਣਾ ਸਿਆਸੀ ਕੱਦ ਨਾਪੇਗਾ।

### ਚੋਣ ਖ਼ਰਚ ਦੀ ਸੀਮਾ ਤੈਅ

ਚੋਣ ਮੈਦਾਨ ’ਚ ਉੱਤਰਨ ਵਾਲੇ ਉਮੀਦਵਾਰਾਂ ਲਈ ਖ਼ਰਚੇ ਦੀ ਸੀਮਾ ਤੈਅ ਕੀਤੀ ਗਈ ਹੈ। ਨਗਰ ਨਿਗਮ ਦੀ ਚੋਣ ਲੜਨ ਵਾਲੇ ਉਮੀਦਵਾਰਾਂ ਲਈ ਚਾਰ ਲੱਖ ਰੁਪਏ, ਨਗਰ ਕੌਂਸਲ (ਕਲਾਸ 1) ਲਈ 3.60 ਲੱਖ ਰੁਪਏ, ਨਗਰ ਕੌਂਸਲ (ਕਲਾਸ 2) ਲਈ 2.30 ਲੱਖ ਰੁਪਏ ਅਤੇ ਨਗਰ ਕੌਂਸਲ (ਕਲਾਸ 3) ਲਈ ਦੋ ਲੱਖ ਰੁਪਏ ਖ਼ਰਚੇ ਦੀ ਹੱਦ ਤੈਅ ਕੀਤੀ ਗਈ ਹੈ। ਨਗਰ ਪੰਚਾਇਤ ਲਈ ਚੋਣ ਲੜ ਰਹੇ ਉਮੀਦਵਾਰ ਲਈ ਖ਼ਰਚੇ ਦੀ ਸੀਮਾ 1.40 ਲੱਖ ਰੁਪਏ ਹੋਵੇਗੀ।

## ਚੋਣਾਂ ਜਨਵਰੀ ਵਿੱਚ ਹੋਣ: ਅਕਾਲੀ ਦਲ

ਸ਼੍ਰੋਮਣੀ ਅਕਾਲੀ ਦਲ ਨੇ ਨਿਗਮ ਤੇ ਕੌਂਸਲ ਚੋਣਾਂ 21 ਦਸੰਬਰ ਨੂੰ ਕਰਵਾਉਣ ’ਤੇ ਰੋਸ ਜ਼ਾਹਿਰ ਕਰਦਿਆਂ ਰਾਜ ਚੋਣ ਕਮਿਸ਼ਨ ਨੂੰ ਆਪਣਾ ਚੋਣਾਂ ਵਾਲਾ ਹੁਕਮ ਵਾਪਸ ਲੈਣ ਲਈ ਕਿਹਾ ਹੈ ਅਤੇ ਸਥਾਨਕ ਸਰਕਾਰ ਦੀਆਂ ਚੋਣਾਂ ਜਨਵਰੀ ਵਿੱਚ ਕਰਵਾਉਣ ਦੀ ਮੰਗ ਕੀਤੀ ਹੈ। ਸੀਨੀਅਰ ਅਕਾਲੀ ਆਗੂ ਡਾ.ਦਲਜੀਤ ਸਿੰਘ ਚੀਮਾ ਨੇ ਜਾਰੀ ਬਿਆਨ ’ਚ ਕਿਹਾ ਕਿ ਸਿੱਖ ਕੌਮ ਹਮੇਸ਼ਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਸੰਬਰ ਦੇ ਦੂਜੇ ਹਫ਼ਤੇ ਵਿੱਚ ਮਨਾਉਂਦੀ ਹੈ ਤੇ ਚੰਗਾ ਹੋਵੇਗਾ ਕਿ ਇਸ ਸਮੇਂ ਦੌਰਾਨ ਚੋਣਾਂ ਨਾ ਕਰਵਾਈਆਂ ਜਾਣ। ਉਨ੍ਹਾਂ ਕਿਹਾ ਕਿ ਪਵਿੱਤਰ ਦਿਹਾੜਿਆਂ ਮੌਕੇ ਚੋਣਾਂ ਹਮੇਸ਼ਾ ਅੱਗੇ ਪਾ ਦਿੱਤੀਆਂ ਜਾਂਦੀਆਂ ਹਨ। ਚੋਣ ਕਮਿਸ਼ਨ ਦੇ ਫ਼ੈਸਲੇ ਨਾਲ ਸਿੱਖ ਭਾਵਨਾਵਾਂ ਨੂੰ ਡੂੰਘੀ ਸੱਟ ਵੱਜੀ ਹੈ। ਅਕਾਲੀ ਦਲ ਇਹ ਚੋਣਾਂ ਲੜੇਗਾ ਅਤੇ ਪਾਰਟੀ ਉਮੀਦਵਾਰਾਂ ਦੀ ਚੋਣ ਸਮੇਤ ਹੋਰ ਰਣਨੀਤੀ ਤੈਅ ਕਰਨ ਲਈ ਲੋੜੀਂਦੀਆਂ ਮੀਟਿੰਗਾਂ ਵੀ ਹੋਣਗੀਆਂ।

## ਸ਼ਹੀਦੀ ਦਿਹਾੜਿਆਂ ਦੇ ਮੱਦੇਨਜ਼ਰ ਚੋਣ ਤਰੀਕ ਬਦਲੀ ਜਾਵੇ: ਧਾਮੀ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਨਗਰ ਨਿਗਮ ਤੇ ਨਗਰ ਕੌਂਸਲ ਦੀਆਂ ਚੋਣਾਂ 21 ਦਸੰਬਰ ਨੂੰ ਕਰਵਾਉਣ ’ਤੇ ਸਖ਼ਤ ਇਤਰਾਜ਼ ਜਤਾਇਆ ਹੈ। ਧਾਮੀ ਨੇ ਕਿਹਾ ਕਿ ਦਸੰਬਰ ਮਹੀਨਾ ਸਿੱਖ ਇਤਿਹਾਸ ਅੰਦਰ ਵੱਡੀ ਮਹੱਤਤਾ ਰੱਖਦਾ ਹੈ। ਉਨ੍ਹਾਂ ਕਿਹਾ ਕਿ 22 ਦਸੰਬਰ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਹੈ, ਜਿਸ ਦੇ ਸਬੰਧ ਵਿੱਚ 21 ਦਸੰਬਰ ਨੂੰ ਸ੍ਰੀ ਚਮਕੌਰ ਸਾਹਿਬ ਵਿਖੇ ਸ਼ਹੀਦੀ ਜੋੜ ਮੇਲ ਦੇ ਸਮਾਗਮ ਆਰੰਭ ਹੋਣਗੇ। ਉਸੇ ਦਿਨ ਪੰਜਾਬ ਸਰਕਾਰ ਵੱਲੋਂ ਚੋਣਾਂ ਕਰਵਾਈਆਂ ਜਾਣੀਆਂ ਸਿੱਖ ਭਾਵਨਾਵਾਂ ਦੇ ਬਿਲਕੁਲ ਵਿਰੁੱਧ ਹਨ। ਉਨ੍ਹਾਂ ਕਿਹਾ ਕਿ ਇਤਿਹਾਸਕ ਦਿਹਾੜਿਆਂ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਵੱਲੋਂ ਚੋਣਾਂ ਜਨਵਰੀ ਵਿੱਚ ਕਰਵਾਉਣ ਲਈ ਪਹਿਲਾਂ ਹੀ ਪੱਤਰ ਲਿਖਿਆ ਗਿਆ ਸੀ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਸੀ ਕਿ ਉਹ ਸਿੱਖ ਕੌਮ ਦੀਆਂ ਭਾਵਨਾਵਾਂ ਅਨੁਸਾਰ ਚੋਣਾਂ ਜਨਵਰੀ ਮਹੀਨੇ ਵਿੱਚ ਕਰਵਾਉਂਦੀ ਅਤੇ ਇਸ ਸਬੰਧੀ ਪਹਿਲਾਂ ਹੀ ਚੋਣ ਕਮਿਸ਼ਨ ਨੂੰ ਸਪਸ਼ਟ ਕਰਦੀ।

# ਪੰਜਾਬ ਸਟੇਟ ਡਿਵੈੱਲਪਮੈਂਟ ਐਂਡ ਪ੍ਰਮੋਸ਼ਨ ਆਫ਼ ਸਪੋਰਟਸ ਐਕਟ ਲਾਗੂ ਕਰਨ ਵਾਲਾ ਪਹਿਲਾ ਸੂਬਾ ਬਣਿਆ ਪੰਜਾਬ, ਮਾਨ ਨੇ ਦਿੱਤੀ ਮਨਜ਼ੂਰੀ



ਚੰਡੀਗੜ੍ਹ/ਏ.ਟੀ.ਨਿਊਜ਼: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੀਤੇ ਦਿਨੀਂ ‘ਪੰਜਾਬ ਸਟੇਟ ਡਿਵੈਲਪਮੈਂਟ ਅਤੇ ਪ੍ਰਮੋਸ਼ਨ ਆਫ਼ ਸਪੋਰਟਸ ਐਕਟ 2024’ ਨੂੰ ਲਾਗੂ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਪੰਜਾਬ ਇਸ ਐਕਟ ਨੂੰ ਲਾਗੂ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ।

ਇੱਥੇ ਖੇਡ ਵਿਭਾਗ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਐਕਟ ਦਾ ਮੁੱਖ ਉਦੇਸ਼ ਸੂਬੇ ਵਿੱਚ ਖੇਡਾਂ ਦੇ ਵਿਕਾਸ ਲਈ ਕੌਮੀ ਅਤੇ ਕੌਮਾਂਤਰੀ ਪੱਧਰ ’ਤੇ ਵਰਤੇ ਜਾਂਦੇ ਚੰਗੇ ਅਮਲਾਂ ਨੂੰ ਅਪਨਾਉਣਾ ਅਤੇ ਖਿਡਾਰੀਆਂ ਦੀ ਨਿਰਪੱਖ ਚੋਣ ਨੂੰ ਯਕੀਨੀ ਬਣਾਉਣਾ ਹੈ। ਮਾਨ ਨੇ ਕਿਹਾ ਕਿ ਇਸ ਨਾਲ ਅਜਿਹੇ ਖਿਡਾਰੀਆਂ ਦੀ ਨਿਰਪੱਖ ਚੋਣ ਨੂੰ ਵੀ ਯਕੀਨੀ ਬਣਾਇਆ ਜਾਵੇਗਾ ਜੋ ਸੂਬਾ ਪੱਧਰ ’ਤੇ ਆਪਣੇ ਜ਼ਿਲ੍ਹਿਆਂ ਦੀ ਨੁਮਾਇੰਦਗੀ ਕਰਨਗੇ ਜਾਂ ਕੌਮੀ ਪੱਧਰ ’ਤੇ ਆਪਣੇ ਸੂਬੇ ਦੀ ਅਤੇ ਕੌਮਾਂਤਰੀ ਪੱਧਰ ’ਤੇ ਦੇਸ਼ ਦੀ ਨੁਮਾਇੰਦਗੀ ਕਰਨਗੇ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਖੇਡ ਐਸੋਸੀਏਸ਼ਨਾਂ ਵੱਲੋਂ ਸਰਕਾਰੀ ਫ਼ੰਡਾਂ ਦੀ ਸੁਚੱਜੀ ਵਰਤੋਂ ਵਿੱਚ ਵੀ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਇਸ ਐਕਟ ਤਹਿਤ ਹਰੇਕ ਜ਼ਿਲ੍ਹੇ ਵਿੱਚ ਇੱਕ ਵਿਸ਼ੇਸ਼ ਖੇਡ ਲਈ ਜ਼ਿਲ੍ਹਾ ਐਸੋਸੀਏਸ਼ਨ ਰਜਿਸਟਰਡ ਕੀਤੀ ਜਾਵੇਗੀ। ਇਸ ਐਕਟ ਮੁਤਾਬਕ ਖਾਤਿਆਂ ਦੀ ਦੇਖ-ਰੇਖ ਲਾਜ਼ਮੀ ਤੌਰ ’ਤੇ ਚਾਰਟਰਡ ਅਕਾਊਂਟੈਂਟ ਵੱਲੋਂ ਕੀਤੀ ਜਾਵੇਗੀ ਅਤੇ ਸਾਰੇ ਖਰਚਿਆਂ ਤੇ ਆਮਦਨੀ ਦੇ ਸਰੋਤਾਂ ਦੀ ਸਾਲਾਨਾ ਸਟੇਟਮੈਂਟ 31 ਮਈ ਤੋਂ ਪਹਿਲਾਂ ਪ੍ਰਕਾਸ਼ਿਤ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਲੈਕਟ੍ਰਾਨਿਕ ਫ਼ਾਰਮੈਟ ਵਿੱਚ ਦਸਤਾਵੇਜ਼ ਅਤੇ ਖਾਤੇ ਡਾਇਰੈਕਟਰ ਖੇਡਾਂ ਪੰਜਾਬ ਸਰਕਾਰ ਨੂੰ ਉਪਲਬਧ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਜਾਵੇਗਾ ਜਿਸ ਵਿੱਚ ਜਨਰਲ ਸਕੱਤਰ, ਦੋ ਸੀਨੀਅਰ ਕੋਚ ਅਤੇ ਦੋ ਉੱਘੇ ਖਿਡਾਰੀ ਸ਼ਾਮਲ ਹੋਣਗੇ ਅਤੇ ਇਹ ਕਮੇਟੀ ਜ਼ਿਲ੍ਹੇ ਜਾਂ ਸੂਬੇ ਦੀ ਨੁਮਾਇੰਦਗੀ ਲਈ ਟੀਮ, ਖਿਡਾਰੀਆਂ ਦੀ ਚੋਣ ਕਰੇਗੀ। ਡਿਪਟੀ ਕਮਿਸ਼ਨਰ, ਪ੍ਰਬੰਧਕੀ ਸਕੱਤਰ ਦੀ ਅਗਵਾਈ ਹੇਠ ਗਠਿਤ ਵਿਵਾਦ ਨਿਵਾਰਨ ਕਮੇਟੀ ਵੱਲੋਂ ਖਿਡਾਰੀਆਂ ਦੀ ਅਪੀਲ ਦਾ ਸੱਤ ਦਿਨਾਂ ਅੰਦਰ ਨਿਪਟਾਰਾ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਿਲ੍ਹਾ ਪੱਧਰ ’ਤੇ ਪੰਜ ਮੈਂਬਰੀ ਜਿਨਸੀ ਸ਼ੋਸ਼ਣ ਰੋਕਥਾਮ ਕਮੇਟੀ ਨੂੰ ਨੋਟੀਫ਼ਾਈ ਕੀਤਾ ਜਾਵੇਗਾ, ਜਿਸ ਵਿੱਚ ਸਾਰੀਆਂ ਖੇਡ ਐਸੋਸੀਏਸ਼ਨਾਂ ਦੀਆਂ ਕਾਰਜਕਾਰੀ ਕਮੇਟੀਆਂ ਦੇ ਮੈਂਬਰਾਂ ਵਿਚੋਂ ਤਿੰਨ ਮਹਿਲਾ ਅਤੇ ਦੋ ਪੁਰਸ਼ ਮੈਂਬਰ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਖੇਡ ਵਿਭਾਗ ਦੇ ਪ੍ਰਬੰਧਕੀ ਸਕੱਤਰ ਵੱਲੋਂ ਸੂਬਾ ਪੱਧਰ ’ਤੇ ਪੰਜ ਮੈਂਬਰੀ ਕਮੇਟੀ ਨੂੰ ਨੋਟੀਫ਼ਾਈ ਕੀਤਾ ਜਾਵੇਗਾ, ਜਿਸ ਵਿੱਚ ਰਾਜ ਖੇਡ ਐਸੋਸੀਏਸ਼ਨਾਂ ਦੀਆਂ ਕਾਰਜਕਾਰੀ ਕਮੇਟੀਆਂ ਦੇ ਮੈਂਬਰਾਂ ਸ਼ਾਮਲ ਹੋਣਗੇ। ਮਾਨ ਨੇ ਕਿਹਾ ਕਿ ਇਹ ਕਮੇਟੀਆਂ ਅਜਿਹੀ ਕਿਸੇ ਵੀ ਘਟਨਾ ਦੀ ਸੂਰਤ ਵਿੱਚ ਸੂ-ਮੋਟੋ ਨੋਟਿਸ ਲੈ ਸਕਦੀਆਂ ਹਨ। ਐਕਟ ਮੁਤਾਬਕ ਸਾਰੀਆਂ ਐਸੋਸੀਏਸ਼ਨਾਂ ਖੇਡ ਗਤੀਵਿਧੀਆਂ ਜਿਵੇਂ ਕੈਂਪ, ਲੀਗ ਅਤੇ ਮੁਕਾਬਲੇ ਕਰਵਾਉਣ ਲਈ ਇੱਕ ਕੈਲੰਡਰ ਤਿਆਰ ਕਰਨਗੀਆਂ ਅਤੇ ਇਸ ਨੂੰ ਹਰ ਸਾਲ 31 ਮਾਰਚ ਤੱਕ ਆਪਣੀ ਵੈੱਬਸਾਈਟ ’ਤੇ ਅਪਲੋਡ ਕਰਨਗੀਆਂ। ਉਨ੍ਹਾਂ ਕਿਹਾ ਕਿ ਖੇਡ ਵਿਭਾਗ ਵੱਲੋਂ 30 ਦਿਨਾਂ ਦੇ ਅੰਦਰ ਕੈਲੰਡਰ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ।

# ਸ਼ਹੀਦ ਊਧਮ ਸਿੰਘ ਦਾ ਆਦਮ ਕੱਦ ਬੁੱਤ ਸਥਾਪਿਤ

## ਬਾਬਾ ਜਗਤਾਰ ਸਿੰਘ ਤੇ ਹੋਰ ਧਾਰਮਿਕ ਆਗੂਆਂ ਨੇ ਕੀਤਾ ਲੋਕ ਅਰਪਣ




ਫ਼ਿਰੋਜ਼ਪੁਰ/ਏ.ਟੀ.ਨਿਊਜ਼ : ਬੀਤੇ ਕੁੱਝ ਮਹੀਨਿਆਂ ਤੋਂ ਕਰਵਾਏ ਜਾ ਰਹੇ ਸਥਾਨਕ ਸ਼ਹੀਦ ਊਧਮ ਸਿੰਘ ਚੌਕ ਦੇ ਨਵੀਨੀਕਰਨ ਮਗਰੋਂ ਪਿਛਲੇ ਦਿਨੀਂ ਚੌਕ ਵਿੱਚ ਸ਼ਹੀਦ ਦਾ ਨਵਾਂ ਆਦਮ ਕੱਦ ਬੁੱਤ ਸਥਾਪਿਤ ਕਰ ਦਿੱਤਾ ਗਿਆ। ਉਦਘਾਟਨ ਸਮਾਰੋਹ ਦੀ ਖ਼ੂਬਸੂਰਤੀ ਇਹ ਰਹੀ ਕਿ ਚੌਕ ਦਾ ਉਦਘਾਟਨ ਕਿਸੇ ਸਿਆਸੀ ਹਸਤੀ ਵੱਲੋਂ ਨਾ ਹੋ ਕੇ ਕਾਰ ਸੇਵਾ ਵਾਲੇ ਬਾਬਾ ਜਗਤਾਰ ਸਿੰਘ ਅਤੇ ਵੱਖ- ਵੱਖ ਧਰਮਾਂ ਦੀਆਂ ਉਚ ਧਾਰਮਿਕ ਸ਼ਖ਼ਸੀਅਤਾਂ ਸਵਾਮੀ ਕਮਲ ਪੁਰੀ ਜੀ, ਮੌਲਵੀ ਰਹਿਮਤ ਇਮਾਮ ਖਾਂ, ਪਾਸਟਰ ਤਨਵੀਰ ਹੱਕ, ਬਾਬਾ ਸੁੱਚਾ ਸਿੰਘ ਛਾਂਗਾ ਵਾਲੇ, ਭਗਤ ਮਿਲਖਾ ਸਿੰਘ ਅਰਮਾਨਪੁਰਾ, ਬਾਬਾ ਬੋਹੜ ਸਿੰਘ ਤੂਤਾਂ ਵਾਲੇ, ਬਾਬਾ ਦਰਸ਼ਨ ਸਿੰਘ ਬੋਰੀ ਵਾਲੇ, ਬਾਬਾ ਰਜਿੰਦਰ ਸਿੰਘ ਡੇਰ ਭਜਨਗੜ੍ਹ, ਬਾਬਾ ਮਲਕੀਤ ਨਾਥ, ਬਾਬਾ ਹਰਮੇਸ਼ ਦਾਸ, ਬਾਬਾ ਅਮਰਜੀਤ ਸਿੰਘ ਪਿੰਡੀ,ਬਾਬਾ ਬਜਾਜ ਜੀ ਅਤੇ ਬਾਬਾ ਬਲੰਬਰ ਸਿੰਘ ਵੱਲੋਂ ਲੋਕ ਅਰਪਣ ਕੀਤਾ ਗਿਆ। ਬੁੱਤ ਦੇ ਉਦਘਾਟਨ ਮਗਰੋਂ ਸਥਾਨਕ ਸ਼ਹੀਦ ਊਧਮ ਸਿੰਘ ਭਵਨ ਵਿਖੇ ਕਰਵਾਏ ਸੱਭਿਆਚਾਰਕ ਪ੍ਰੋਗਰਾਮ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਬਤੌਰ ਮੁੱਖ ਮਹਿਮਾਨ ਪਹੁੰਚੇ।

ਸਮਾਗਮ ਨੂੰ ਸੰਬੋਧਨ ਕਰਦਿਆਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਆਖਿਆ ਕਿ “ਸ਼ਹੀਦ ਕੌਮਾਂ ਦਾ ਸਰਮਾਇਆ ਹੁੰਦੇ ਹਨ। ਅੱਜ ਜੇ ਅਸੀ ਆਜ਼ਾਦ ਫਿਜ਼ਾ ਵਿੱਚ ਸਾਹ ਲੈ ਰਹੇ ਹਾਂ ਤਾਂ ਇਹ ਸ਼ਹੀਦਾਂ ਵੱਲੋਂ ਵਾਰੀਆਂ ਆਪਣੀਆਂ ਜਾਨਾਂ ਦੇ ਸਦਕੇ ਹੀ ਹੈ। ਇਸ ਲਈ ਸ਼ਹੀਦਾਂ ਦੀ ਸੋਚ ਨੂੰ ਦਿਲਾਂ ਵਿੱਚ ਵਸਾ ਕੇ ਆਪਾਂ ਜਿੰਨੀਂ ਵੀ ਦੇਸ਼ ਕੌਮ ਅਤੇ ਸਮਾਜ ਦੀ ਸੇਵਾ ਕਰ ਸੱਕਦੇ ਹਾਂ ਸੱਭ ਨੂੰ ਕਰਨੀ ਚਾਹੀਦੀ ਹੈ। ਇਸ ਸੱਭਿਆਚਾਰਕ ਸਮਾਗਮ ਦੌਰਾਨ ਪੰਜਾਬੀ ਦੇ ਮਸ਼ਹੂਰ ਗਾਇਕ ਰਵਿੰਦਰ ਗਰੇਵਾਲ ਅਤੇ ਪੰਮਾ ਡੂੰਮੇਵਾਲ ਵੱਲੋਂ ਜਿਥੇ ਹਾਜਰ ਹਜ਼ਾਰਾਂ ਦੀ ਤਾਦਾਦ ਵਿੱਚ ਲੋਕਾਂ ਦਾ ਮਨੋਰੰਜਨ ਕੀਤਾ,ਉਥੇ ਪੰਜਾਬ ਦੀ ਮਸ਼ਹੂਰ ਐਂਕਰ ਜੋੜੀ, ਕਾਮੇਡੀਅਨ ਅਤੇ ਫ਼ਿਲਮ ਕਲਾਕਾਰ ਹਰਿੰਦਰ ਭੁੱਲਰ ਅਤੇ ਗਾਮਾ ਸਿੱਧੂ ਤੋਂ ਇਲਾਵਾ ਰਵੀਇੰਦਰ ਸਿੰਘ ਨੇ ਸਟੇਜ ਪ੍ਰਬੰਧ ਦੀ ਜਿੰਮੇਵਾਰੀ ਸੰਭਾਲੀ।

# ਸੁਖਬੀਰ ਸਿੰਘ ਬਾਦਲ ਨੂੰ ਸਿਆਸੀ ਸਜ਼ਾ ਨਾ ਮਿਲਣ 'ਤੇ ਪੰਥਕ ਸਫ਼ਾਂ ਅਸੰਤੁਸ਼ਟ

## ਫ਼ੈਸਲਾ ਬਾਦਲ ਦਲ ਦੇ ਬਾਗ਼ੀ-ਦਾਗ਼ੀ ਧੜਿਆਂ ਦਾ ਹੋਇਆ ਪਰ ਸੰਘਰਸ਼ਸ਼ੀਲ ਪੰਥਕਾਂ ਨੂੰ ਕੀ ਮਿਲਿਆ, ਜੋ ਗ਼ੁਨਾਹਗਾਰਾਂ ਵਿਰੁੱਧ ਸਨ ?

ਅੰਮ੍ਰਿਤਸਰ/ਏ.ਟੀ.ਨਿਊਜ਼: ਬਾਦਲ ਦਲ ਤੇ ਪੰਥਕ ਧਿਰਾਂ ਵਿੱਚ ਮਤਭੇਦ ਬਰਕਰਾਰ ਹਨ ਜੋ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਫ਼ੈਸਲਾ ਹੋਇਆ, ਉਹ ਬਾਦਲ ਦਲ ਦੇ ਬਾਗ਼ੀ ਦਾਗ਼ੀ ਗਰੁੱਪ ਦਾ ਹੋਇਆ ਹੈ। ਸੁਖਬੀਰ ਸਿੰਘ ਬਾਦਲ ਨੂੰ ਸਿਆਸੀ ਸਜ਼ਾ ਨਾ ਮਿਲਣ 'ਤੇ ਪੰਥਕ ਸਫ਼ਾਂ ਅਸੰਤੁਸ਼ਟ ਹਨ।

ਪੰਥਕ ਲੀਡਰਸ਼ਿਪ ਸੁਖਬੀਰ ਬਾਦਲ ਨੂੰ ਸਿਆਸਤ ਵਿਚੋਂ ਬਾਹਰ ਵੇਖਣਾ ਚਾਹੁੰਦੀਆਂ ਸਨ। ਕੁੱਝ ਗਰਮ ਖ਼ਿਆਲੀ ਸੰਗਠਨ ਜਗਤਾਰ ਸਿੰਘ ਹਵਾਰਾ ਨੂੰ ਜਥੇਦਾਰ ਮੰਨਦੇ ਹਨ। ਸੁਖਬੀਰ ਸਿੰਘ ਬਾਦਲ ਵੱਲੋਂ ਸਾਰੇ ਗੁਨਾਹ ਕਬੂਲਣ 'ਤੇ ਵਿਰੋਧੀ ਧਿਰ ਖਾਹਿਸ਼ ਰਖਦੀ ਸੀ ਕਿ ਇਹ ਹੁਣ ਸਿੱਖ ਪੰਥ ਦੀ ਅਗਵਾਈ ਦੇ ਯੋਗ ਨਹੀਂ, ਇਸ ਤੋਂ ਦੂਰ ਰਹਿਣ।

ਦੂਸਰਾ ਕੁੱਝ ਪੰਥਕ ਲੀਡਰਸ਼ਿਪ ਨੇ ਪੱਤਰਕਾਰ ਸੰਮੇਲਨ ਕਰ ਕੇ, ਨਰਾਜ਼ਗੀ ਪ੍ਰਗਟ ਕੀਤੀ ਹੈ ਕਿ ਬਣਾਈ ਗਈ ਕਮੇਟੀ ਵਿੱਚ ਉਨ੍ਹਾਂ ਨੂੰ ਨੁਮਾਇੰਦਗੀ ਨਹੀਂ ਮਿਲੀ। ਆਮ ਸੰਗਤ ਵਿੱਚ ਵੀ ਚਰਚਾ ਹੈ ਕਿ ਸਿੱਖ ਸ਼ਰਧਾਲੂ ਜੂਠੇ ਬਰਤਨ ਸਾਫ਼ ਕਰਨ, ਸੰਗਤ ਦੇ ਜੋੜਿਆਂ ਅਤੇ ਬਾਥਰੂਮ ਪਖ਼ਾਨੇ ਸਾਫ਼ ਕਰਨ ਦੀ ਸੇਵਾ ਰੋਜ਼ ਕਰਦੇ ਹਨ।।

ਗੁਰੂ-ਗ੍ਰੰਥ ਸਾਹਿਬ ਅੱਗੇ ਸਿੱਖ ਪੰਥ ਦਾ ਸੀਸ ਝੁਕਦਾ ਹੈ ਪਰ ਬਾਦਲਾਂ ਨੇ ਸੌਦਾ-ਸਾਧ ਨੂੰ ਗੁਰੂ ਨਾਲੋਂ ਵੋਟਾਂ ਖ਼ਾਤਰ ਤਰਜੀਹ ਦਿਤੀ, ਉਸ ਨੂੰ ਬਚਾਉਣ ਲਈ ਹਰ ਸੰਭਵ ਯਤਨ ਕੀਤੇ, ਜਦ ਲੋਕ ਸਾਥ ਛਡ ਗਏ ਤਾਂ ਇਨ੍ਹਾਂ ਨੂੰ ਮੁੜ ਪੰਥ ਯਾਦ ਆ ਗਿਆ ਜੋ ਮੌਕਾਪ੍ਰਸਤੀ ਤੇ ਬੜੇ ਵੱਡੇ ਘੋਲ 9 ਸਾਲ ਕਰਨ ਬਾਅਦ ਸੰਗਤ ਨੇ ਇਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਲਿਆਉਣ ਲਈ ਮਜਬੂਰ ਕੀਤਾ।





ਮਾਹਿਰਾਂ ਅਨੁਸਾਰ ਬੜੇ ਵੱਡੇ ਗੁਨਾਹ ਸੁਖਬੀਰ ਸਿੰਘ ਬਾਦਲ ਵਲੋਂ ਕਬੂਲੇ ਗਏ। ਦੂਸਰਾ ਸੁਖਬੀਰ ਐਂਡ ਪਾਰਟੀ ਨੂੰ ਸਿਆਸਤ ਵਿਚੋਂ ਬਾਹਰ ਕਰਨ ਬਾਅਦ ਹੀ ਅਕਾਲੀ ਦਲ ਤੇ ਸਿੱਖ ਸੰਸਥਾਵਾਂ ਦਾ ਕੰਟਰੋਲ ਪੰਥਕਾਂ ਕੋਲ ਆ ਸਕਦਾ ਸੀ ਪਰ ਅਜਿਹਾ ਹੋ ਨਹੀਂ ਸਕਿਆ ਜਿਸ ਕਰ ਕੇ ਸਿੱਖ ਪੰਥ ਵਿੱਚ ਨਿਰਾਸ਼ਤਾ ਹੈ।

# ਸ਼ਹੀਦੀ ਪੰਦਰਵਾੜਾ ਵੈਰਾਗਮਈ ਰੂਪ 'ਚ ਸਾਦਗੀ ਤੇ ਸਤਿਕਾਰ ਨਾਲ ਮਨਾਇਆ ਜਾਵੇ : ਜਥੇ. ਅਕਾਲ ਤਖ਼ਤ ਸਾਹਿਬ

ਫ਼ਤਹਿਗੜ੍ਹ ਸਾਹਿਬ/ਏ.ਟੀ.ਨਿਊਜ਼ : ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸ਼ਹੀਦੀ ਪੰਦਰਵਾੜਾ ਬਾਰੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਯਾਦ ਵਿੱਚ ਆ ਰਹੇ ਸ਼ਹੀਦੀ ਪੰਦਰਵਾੜਾ ਵੈਰਾਗਮਈ ਰੂਪ ਵਿੱਚ ਸਾਦਗੀ ਤੇ ਸਤਿਕਾਰ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਮਨਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਦੌਰਾਨ ਸਿੱਖਾਂ ਦੇ ਵਿਆਹ ਨਾ ਰੱਖੇ ਜਾਣ, ਜਨਮ ਦਿਨ ਨਾ ਮਨਾਏ ਜਾਣ। ਸ੍ਰੀ ਚਮਕੌਰ ਸਾਹਿਬ ਤੇ ਫ਼ਤਹਿਗੜ੍ਹ ਸਾਹਿਬ ਵਿਖੇ ਨਾਮ ਜਪਦੇ ਹੋਏ ਸ਼ਰਧਾ ਤੇ ਸਤਿਕਾਰ ਨਾਲ ਆਇਆ ਜਾਵੇ। ਹੁੱਲੜਬਾਜ਼ੀ ਤੋਂ ਦੂਰ ਰਿਹਾ ਜਾਵੇ।

ਗੁਰਦੁਆਰਾ ਜੋਤੀ ਸਰੂਪ ਸਾਹਿਬ ਵਿਖੇ ਮਾਊਂਟ ਐਵਰੈਸਟ ਦੀ ਚੋਟੀ ਨੂੰ ਸਰ ਕਰ ਕੇ ਉੱਥੇ ਕੇਸਰੀ ਨਿਸ਼ਾਨ ਸਾਹਿਬ ਝੁਲਾਉਣ ਵਾਲੇ ਨਿਊਜੀਲੈਂਡ ਵਾਸੀ ਮਲਕੀਤ ਸਿੰਘ ਦਾ ਸਨਮਾਨ ਕਰਨ ਉਪਰੰਤ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵੱਲੋਂ ਨਰਾਇਣ ਸਿੰਘ ਚੌੜਾ ਨੂੰ ਸਿੱਖ ਪੰਥ ਵਿੱਚੋਂ ਛੇਕਣ ਦੀ ਮੰਗ 'ਤੇ ਫ਼ੈਸਲਾ ਸਿੰਘ ਸਾਹਿਬਾਨ ਦੀ ਮੀਟਿੰਗ ਵਿੱਚ ਕੀਤਾ ਜਾਵੇਗਾ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਚੌੜਾ ਸੰਬੰਧੀ ਸਿੰਘ ਸਾਹਿਬਾਨ ਦੀ ਮੀਟਿੰਗ ਕਰ ਕੇ ਹੀ ਕੋਈ ਫੈਸਲਾ ਲਿਆ ਜਾ ਸਕਦਾ ਹੈ।



ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਦਰਬਾਰ ਸਾਹਿਬ ਕੰਪਲੈਕਸ ਦੇ ਬਾਹਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਨਰਾਇਣ ਸਿੰਘ ਚੌੜਾ ਨੇ ਉਦੋਂ ਗੋਲੀ ਚਲਾ ਕੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਸੀ ਜਦੋਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਮੁਤਾਬਕ ਉੱਥੇ ਚੋਬਦਾਰ ਵਜੋਂ 'ਸੇਵਾ' ਨਿਭਾ ਰਹੇ ਸਨ।

ਇਸ ਮੌਕੇ ਗਿਆਨੀ ਰਘਬੀਰ ਸਿੰਘ ਨੇ ਮਾਊਂਟ ਐਵਰੈਸਟ ਦੀ ਚੋਟੀ ਨੂੰ ਸਰ ਕਰ ਕੇ ਉੱਥੇ ਕੇਸਰੀ ਨਿਸ਼ਾਨ ਸਾਹਿਬ ਝੁਲਾਉਣ ਵਾਲੇ ਮਲਕੀਤ ਸਿੰਘ ਜੋਕਿ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪਿੰਡ ਬੌੜ ਦੇ ਵਾਸੀ ਹਨ, ਦਾ ਸਨਮਾਨ ਵੀ ਕੀਤਾ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਭਾਈ ਮਲਕੀਤ ਸਿੰਘ ਦੀ ਇਸ ਪ੍ਰਾਪਤੀ ਨੇ ਸਮੁੱਚੀ ਸਿੱਖ ਕੌਮ ਦਾ ਮਾਣ ਵਧਾਇਆ ਹੈ। ਮਲਕੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਤੋਂ ਪਹਿਲਾਂ ਵੀ ਕਈ ਸਿੱਖਾਂ ਨੇ ਇਹ ਚੋਟੀ ਸਰ ਕੀਤੀ ਹੈ ਪਰ ਅੰਮ੍ਰਿਤਧਾਰੀ ਸਿੱਖ ਵਜੋਂ ਇਸ ਚੋਟੀ 'ਤੇ ਚੜ੍ਹਨ ਵਾਲੇ ਉਹ ਪਹਿਲੇ ਸਿੱਖ ਹਨ। ਉਨ੍ਹਾਂ ਨੇ ਦੋ ਸਾਲਾਂ ਦੀ ਸਖ਼ਤ ਮਿਹਨਤ ਅਤੇ ਇੱਕ ਸਾਲ ਦੀ ਸਿਖਲਾਈ ਦੇ ਬਾਅਦ ਇਹ ਸਫ਼ਲਤਾ ਹਾਸਲ ਕੀਤੀ ਹੈ। ਇਸ ਯਾਤਰਾ ਲਈ ਉਨ੍ਹਾਂ ਨੇ ਲਗਪਗ ਡੇਢ ਲੱਖ ਨਿਊਜ਼ੀਲੈਂਡ ਡਾਲਰ ਖ਼ਰਚੇ, ਜਿਸ ਲਈ ਉਨ੍ਹਾਂ ਨੂੰ ਆਪਣਾ ਅੱਧਾ ਘਰ ਵੇਚਣਾ ਪਿਆ। ਗਿਆਨੀ ਰਘਵੀਰ ਸਿੰਘ ਨੇ ਗੁਰਦੁਆਰਾ ਜੋਤੀ ਸਰੂਪ ਸਾਹਿਬ ਦੇ ਗੁੰਬਦ ਦੀ ਸੋਨੇ ਦੇ ਪਤਰੇ ਚੜ੍ਹਾਉਣ ਵਾਲੇ ਸ਼ਰਧਾਲੂਆਂ ਦੀ ਸ਼ਲਾਘਾ ਕੀਤੀ।

# ਸਾਬਕਾ ਜਥੇ. ਗਿ. ਗੁਰਬਚਨ ਸਿੰਘ ਵੱਲੋਂ ਲਏ ਗਏ ਫ਼ੈਸਲੇ ਵੀ ਰੱਦ ਕੀਤੇ ਜਾਣ : ਗਲੋਬਲ ਸਿੱਖ ਕੌਂਸਲ

ਅੰਮ੍ਰਿਤਸਰ/ਏ.ਟੀ.ਨਿਊਜ਼: ਸਿਧਾਂਤ ਤੋਂ ਥਿੜਕੇ ਅਕਾਲੀ ਆਗੂਆਂ ਨੂੰ ਉਨ੍ਹਾਂ ਵਲੋਂ ਕੀਤੇ ਗ਼ਲਤ ਫ਼ੈਸਲਿਆਂ ਦਾ ਅਹਿਸਾਸ ਕਰਵਾਉਣ ਹਿਤ ਪਿਛਲੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਪੰਜ ਸਿੰਘ ਸਾਹਿਬਾਨਾਂ ਵਲੋਂ ਸੁਣਾਏ ਗਏ ਇਨਸਾਫ਼ ਪੂਰਵਕ ਫ਼ੈਸਲੇ ਦੀ ਗਲੋਬਲ ਸਿੱਖ ਕੌਂਸਲ ਭਰਪੂਰ ਸ਼ਲਾਘਾ ਕਰਦੀ ਹੈ ਅਤੇ ਤਹਿ ਦਿਲੋਂ ਧਨਵਾਦ ਕਰਦੀ ਹੈ। ਅੱਜ ਇਹ ਗੱਲ ਸਾਰੀ ਦੁਨੀਆਂ ਵਿਚ ਸੱਚ ਹੋ ਨਿਬੜੀ ਹੈ ਕਿ ਅਕਾਲ ਤਖ਼ਤ ਸਾਹਿਬ ਸਿੱਖ ਪੰਥ ਦੀ ਸ਼ਾਨ ਹੈ, ਮਹਾਨ ਹੈ ਅਤੇ ਇਥੋਂ ਸਿਰਫ਼ ਫ਼ੈਸਲੇ ਹੀ ਨਹੀਂ ਹੁੰਦੇ ਸਗੋਂ ਪਾਰਦਰਸ਼ੀ ਢੰਗ ਨਾਲ ਇਨਸਾਫ਼ ਹੁੰਦਾ ਵੀ ਦਿਖਾਈ ਦਿੰਦਾ ਹੈ।


ਗਲੋਬਲ ਸਿੱਖ ਕੌਂਸਲ ਦੇ ਆਗੂਆਂ ਨੇ ਇੱਕ ਬਿਆਨ ਵਿੱਚ ਕਿਹਾ ਕਿ ਸਿੰਘ ਸਾਹਿਬਾਨਾਂ ਵੱਲੋਂ ਜਿੱਥੇ ਅਕਾਲੀ ਦਲ ਦੇ ਸੁਖਬੀਰ ਬਾਦਲ ਅਤੇ ਹੋਰਾਂ ਨੂੰ ਤਨਖ਼ਾਹੀਏ ਕਰਾਰ ਦੇ ਕੇ ਤਨਖ਼ਾਹਾਂ ਲਗਾਈਆਂ ਗਈਆਂ ਉਥੇ ਨਾਲ ਹੀ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਕੀਤੇ ਗਏ ਗ਼ਲਤ ਫ਼ੈਸਲਿਆਂ 'ਤੇ ਵੀ ਅਫ਼ਸੋਸ ਜਾਹਰ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਦਾਇਤ ਕੀਤੀ ਕਿ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਮਿਲਣ ਵਾਲੀਆਂ ਸਾਰੀਆਂ ਸਹੂਲਤਾਂ ਵਾਪਸ ਲੈ ਲਈਆਂ ਜਾਣ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਇਹ ਗੱਲ ਵੀ ਕਹੀ ਗਈ ਹੈ ਕਿ ਪਿਛਲੇ ਰਹਿ ਚੁੱਕੇ ਜਥੇਦਾਰਾਂ ਵਲੋਂ ਕੁਝ ਅਜਿਹੇ ਕੰਮ ਦਬਾਅ ਹੇਠ ਜਾਂ ਹੋਰ ਤਰੀਕਿਆਂ ਨਾਲ ਕੀਤੇ ਗਏ ਹਨ ਜਿਸ ਕਰ ਕੇ ਹੁਣ ਸਾਨੂੰ ਮੌਜੂਦਾ ਜਥੇਦਾਰਾਂ ਨੂੰ ਸੰਗਤਾਂ ਦੀ ਕਚਹਿਰੀ ਵਿੱਚ ਨਮੋਸ਼ੀ ਦਾ ਮੂੰਹ ਦੇਖਣਾ ਪੈਂਦਾ ਹੈ। ਗਲੋਬਲ ਸਿੱਖ ਕੌਂਸਲ ਮੌਜੂਦਾ ਜਥੇਦਾਰ ਸਾਹਿਬਾਨ ਨੂੰ ਬੇਨਤੀ ਕਰਦੀ ਹੈ ਕਿ ਜਿੱਥੇ ਤੁਸੀਂ ਪਹਿਲੇ ਰਹਿ ਚੁੱਕੇ ਜਥੇਦਾਰ ਗੁਰਬਚਨ ਸਿੰਘ ਦੀਆਂ ਕੀਤੀਆਂ ਗ਼ਲਤੀਆਂ 'ਤੇ ਅਫ਼ਸੋਸ ਜਾਹਰ ਕੀਤਾ ਹੈ ਉਥੇ ਹੀ ਉਨ੍ਹਾਂ ਵਲੋਂ ਲਏ ਗਏ ਗ਼ਲਤ ਫ਼ੈਸਲਿਆਂ ਨੂੰ ਵੀ ਵਾਪਸ ਲਿਆ ਜਾਵੇ, ਜੋ ਕਿ ਇਹ ਸਾਬਤ ਹੋ ਚੁੱਕਾ ਹੈ ਕਿ ਉਨ੍ਹਾਂ ਨੇ ਇਹ ਫ਼ੈਸਲੇ ਕਿਸੇ ਦਬਾਅ ਜਾਂ ਹੋਰ ਤਰੀਕਿਆਂ ਨਾਲ ਕੀਤੇ ਹਨ ਜਿਨ੍ਹਾਂ ਵਿੱਚ 2003 ਨਾਨਕਸ਼ਾਹੀ ਕੈਲੰਡਰ ਦਾ ਰੱਦ ਕੀਤਾ ਜਾਣਾ ਵੀ ਸ਼ਾਮਲ ਹੈ। ਉਹ ਫ਼ੈਸਲਾ ਵੀ ਵਾਪਸ ਲੈ ਕੇ 2003 ਵਾਲੇ ਨਾਨਕਸ਼ਾਹੀ ਕੈਲੰਡਰ ਦੀ ਮੁੜ ਬਹਾਲੀ ਵਾਸਤੇ ਉਪਰਾਲੇ ਕੀਤੇ ਜਾਣ।

*1984 ਸਿੱਖ ਨਸਲਕੁਸ਼ੀ ਮਾਮਲਾ*

# ਅਦਾਲਤ ਵੱਲੋਂ ਸੀ.ਬੀ.ਆਈ. ਨੂੰ ਟਾਈਟਲਰ ਵਿਰੁੱਧ ਗਵਾਹ ਲੱਭਣ ਦਾ ਹੁਕਮ

ਨਵੀਂ ਦਿੱਲੀ/ਏ.ਟੀ.ਨਿਊਜ਼ : ਦਿੱਲੀ ਦੀ ਇਕ ਅਦਾਲਤ ਨੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੂੰ 1984 ਦੇ ਸਿੱਖ ਕਤਲੇਆਮ ਦੇ ਇੱਕ ਕੇਸ 'ਚ ਕਾਂਗਰਸੀ ਨੇਤਾ ਜਗਦੀਸ਼ ਟਾਈਟਲਰ ਵਿਰੁੱਧ ਗਵਾਹ ਲੱਭਣ ਦੇ ਹੁਕਮ ਦਿਤੇ।



ਵਿਸ਼ੇਸ਼ ਸੀ.ਬੀ.ਆਈ. ਜੱਜ ਜਿਤੇਂਦਰ ਸਿੰਘ ਨੇ ਕੇਂਦਰੀ ਏਜੰਸੀ ਨੂੰ ਟਾਈਟਲਰ ਵਿਰੁੱਧ ਸਰਕਾਰੀ ਗਵਾਹ ਮਨਮੋਹਨ ਕੌਰ ਨੂੰ ਲੱਭਣ ਅਤੇ ਤਲਬ ਕਰਨ ਦਾ ਇੱਕ ਹੋਰ ਮੌਕਾ ਦਿਤਾ। ਜੱਜ ਨੇ ਪਹਿਲਾਂ ਮਨਮੋਹਨ ਕੌਰ ਨੂੰ ਤਲਬ ਕੀਤਾ ਸੀ, ਪਰ ਕੇਂਦਰੀ ਜਾਂਚ ਏਜੰਸੀ ਨੇ ਸੂਚਿਤ ਕੀਤਾ ਸੀ ਕਿ ਉਸ ਦਾ ਪਤਾ ਨਹੀਂ ਲੱਗ ਸਕਿਆ। ਅਦਾਲਤ ਨੇ ਇੱਕ ਹੋਰ ਗਵਾਹ ਬਾਲ ਕਿਸ਼ਨ ਆਰੀਆ ਦਾ ਬਿਆਨ ਦਰਜ ਕੀਤਾ, ਜਦਕਿ ਹੋਰ ਗਵਾਹਾਂ ਅਨੁਜ ਸਿਨਹਾ ਅਤੇ ਐਨ.ਡੀ. ਪੰਚੋਲੀ ਨੂੰ 20 ਦਸੰਬਰ ਨੂੰ ਤਲਬ ਕੀਤਾ ਗਿਆ।

# ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨੂੰ ਭੰਗ ਕਰਨ ਦਾ ਐਲਾਨ

## ਸਾਰੇ ਮੈਂਬਰਾਂ ਵੱਲੋਂ ਸਹਿਮਤੀ ਦੇਣ ਮਗਰੋਂ ਲਿਆ ਫ਼ੈਸਲਾ: ਵਡਾਲਾ

ਅੰਮ੍ਰਿਤਸਰ/ਏ. ਟੀ. ਨਿਊਜ਼: ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨੇ ਆਪਣੀ ਜਥੇਬੰਦੀ ਦਾ ਢਾਂਚਾ ਭੰਗ ਕਰਨ ਦਾ ਰਸਮੀ ਐਲਾਨ ਕੀਤਾ ਹੈ। ਸੁਧਾਰ ਲਹਿਰ ਦੇ ਆਗੂਆਂ ਵੱਲੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਖ਼ਿਲਾਫ਼ ਬਗ਼ਾਵਤ ਕੀਤੀ ਗਈ ਸੀ। ਇਸ ਫ਼ੈਸਲੇ ਦਾ ਐਲਾਨ ਇੱਥੇ ਸੁਧਾਰ ਲਹਿਰ ਤੇ ਆਗੂਆਂ ਦੀ ਮੀਟਿੰਗ ਤੋਂ ਬਾਅਦ ਕੀਤਾ ਗਿਆ। ਜਥੇਬੰਦੀ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨੂੰ ਅਧਿਕਾਰਤ ਤੌਰ 'ਤੇ ਭੰਗ ਕਰ ਦਿੱਤਾ ਗਿਆ ਹੈ। ਸਾਰੇ ਮੈਂਬਰਾਂ ਨੇ ਇਸ ਮਾਮਲੇ ਵਿੱਚ ਆਪਣੀ ਸਹਿਮਤੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਇਸ ਸਬੰਧੀ ਦੱਸ ਦਿੱਤਾ ਗਿਆ ਹੈ।



ਉਨ੍ਹਾਂ ਕਿਹਾ ਕਿ ਦੋ ਦਸੰਬਰ ਨੂੰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਆਦੇਸ਼ ਕੀਤਾ ਗਿਆ ਸੀ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਦੋਵੇਂ ਧੜੇ ਇਕਜੁੱਟ ਹੋ ਜਾਣ। ਉਨ੍ਹਾਂ ਕਿਹਾ ਕਿ ਇਸ ਆਦੇਸ਼ ਨੂੰ ਉਸੇ ਦਿਨ ਹੀ ਮੰਨ ਲਿਆ ਗਿਆ ਸੀ ਪਰ ਅੱਜ ਮੀਟਿੰਗ ਵਿੱਚ ਸਮੂਹ ਆਗੂਆਂ ਨੇ ਇਸ ਮਾਮਲੇ ਵਿੱਚ ਆਪਣੀ ਸਹਿਮਤੀ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਜਥੇਦਾਰ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਲੀਡਰਸ਼ਿਪ ਦੀ ਚੋਣ ਵਾਸਤੇ, ਨਵੇਂ ਮੈਂਬਰ ਭਰਤੀ ਕਰਨ, ਡੈਲੀਗੇਟ ਬਣਾਉਣ ਅਤੇ ਪ੍ਰਧਾਨ ਚੁਣਨ ਵਾਸਤੇ ਸੱਤ ਮੈਂਬਰੀ ਕਮੇਟੀ ਬਣਾਈ ਗਈ ਸੀ। ਇਸ ਕਮੇਟੀ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ

(ਬਾਕੀ ਸਫ਼ਾ 31 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਪਹਿਲੀ ਵਾਰ ਉੱਪ ਰਾਸ਼ਟਰਪਤੀ 'ਤੇ ਅਵਿਸ਼ਵਾਸ

ਸੰਸਦ ਦਾ ਸਰਦ ਰੁੱਤ ਇਜਲਾਸ ਚੱਲ ਰਿਹਾ ਹੈ। ਹੁਣ ਤੱਕ ਸਰਕਾਰ ਤੇ ਵਿਰੋਧੀ ਧਿਰ ਦੇ ਵਿੱਚ ਸੁਰ ਬਹੁਤੀ ਮਿਲਦੀ ਨਹੀਂ ਜਾਪਦੀ ਸਗੋਂ ਤਿੱਖੀ ਜਾਪਦੀ ਹੈ। ਭਾਵੇਂ ਕਿ ਕੋਸ਼ਿਸ਼ ਸੈਸ਼ਨ ਤੋਂ ਪਹਿਲਾਂ ਵੀ ਇਹ ਸੀ ਕਿ ਤਿਆਰੀ ਇਸ ਤਰੀਕੇ ਨਾਲ ਕੀਤੀ ਜਾਵੇ ਕਿ ਵਿਰੋਧੀ ਧਿਰ ਨੂੰ ਕੁਸਕਣ ਨਾ ਦਿੱਤਾ ਜਾਵੇ। ਵਿਰੋਧੀ ਧਿਰ ਨੇ ਅਡਾਨੀ ਮੈਟਰ ਉੱਤੇ ਡੀਬੇਟ ਦੀ ਮੰਗ ਕੀਤੀ ਸੀ ਪਰ ਉਸ ਮੰਗ ਨੂੰ ਅੱਖੋਂ ਝਰੋਖੇ ਕਰ ਦਿੱਤਾ ਗਿਆ ਪਰ ਲੰਘੇ ਦਿਨੀਂ ਰਾਜਸਥਾਨ ਦੇ ਇੱਕ ਈਵੈਂਟ ਵਿੱਚ ਨਰਿੰਦਰ ਮੋਦੀ ਤੇ ਅਡਾਨੀ ਨੂੰ ਇਕੱਠਿਆਂ ਵੇਖਿਆ ਗਿਆ। ਕਾਂਗਰਸ ਭਾਵ ਵਿਰੋਧੀ ਪਾਰਟੀ ਦਾ ਦੋਸ਼ ਹੈ ਕਿ ਜਗਦੀਪ ਧਨਖੜ ਹਾਊਸ ਨੂੰ ਭਾਰਤੀ ਜਨਤਾ ਪਾਰਟੀ ਦੇ ਤਰੀਕੇ ਦੇ ਨਾਲ ਚਲਾ ਰਹੇ ਹਨ। ਵਿਰੋਧੀ ਧਿਰ ਦੇ ਕੋਲ 70 ਸਾਂਸਦਾਂ ਦੇ ਇਸ ਮਸਲੇ ਦੇ ਵਿੱਚ ਸਹਿਮਤੀ ਦੇ ਦਸਤਖ਼ਤ ਹਨ ਪਰ ਜੇ ਸਭ ਨੂੰ ਇਕੱਠਾ ਕਰਨ ਤਾਂ 103 ਸਾਂਸਦਾਂ ਦੇ ਦਸਤਖ਼ਤ ਹੋ ਜਾਣ ਤਾਂ ਵੀ ਮਹਾਂਦੋਸ਼ ਦਾ ਮਤਾ ਨਹੀਂ ਲਿਆ ਸਕਦੇ ਸਨ ਪਰ ਉਹਨਾਂ ਦਾ ਕਹਿਣਾ ਹੈ ਕਿ ਅਸੀਂ ਇੱਕ ਮੈਸੇਜ ਦੇਣਾ ਚਾਹੁੰਦੇ ਹਾਂ ਭਾਰਤੀ ਜਨਤਾ ਪਾਰਟੀ ਨੂੰ ਕਿ ਉਹਨਾਂ ਦੇ ਤਰੀਕੇ ਦੇ ਨਾਲ ਹਾਊਸ ਨਹੀਂ ਚੱਲੇਗਾ। ਇਹ ਪਹਿਲੀ ਵਾਰ ਹੈ ਕਿ ਰਾਜਸਭਾ ਦੇ ਕਿਸੇ ਚੇਅਰਮੈਨ ਦੇ ਖ਼ਿਲਾਫ਼ ਮਹਾਂਦੋਸ਼ ਦਾ ਮਤਾ ਪਾਸ ਕਰਨ ਦੀ ਕਵਾਇਦ ਹੋਵੇ। ਜਿਥੋਂ ਤੱਕ ਜਗਦੀਪ ਧਨਖੜ ਦੀ ਗੱਲ ਹੈ ਤਾਂ ਬੜੇ ਵੱਲ ਫੇਰ ਦੇ ਨਾਲ ਇਸ ਅਹੁੱਦੇ ਤੱਕ ਪਹੁੰਚੇ ਹਨ। ਰਾਜਸਥਾਨ ਦੇ ਵਿੱਚ ਝੁੰਝਨੂ ਨਾਮ ਦਾ ਇੱਕ ਪੁਰਾਣਾ ਸ਼ਹਿਰ ਹੈ। ਸ਼ਹਿਰ ਦਾ ਨਾਮ ਅਸੀਂ ਤਾਂ ਲੈ ਰਹੇ ਹਾਂ ਜਦੋਂ 1951 ਦੇ ਵਿੱਚ ਪਹਿਲੀ ਵਾਰ ਭਾਰਤ ਦੀਆਂ ਚੋਣਾਂ ਹੋਣ ਵਾਲੀਆਂ ਸਨ ਤਾਂ ਉਸ ਸਮੇਂ ਇੱਕ ਜਾਟ ਪਰਿਵਾਰ ਦੇ ਵਿੱਚ ਜਗਦੀਪ ਧਨਖੜ ਨੇ ਜਨਮ ਲਿਆ ਸੀ। ਜੋ ਅੱਜ ਕੱਲ੍ਹ ਰਾਜ ਸਭਾ ਦੇ ਵਿੱਚ ਸੁਰਖ਼ੀਆਂ ਬਟੋਰ ਰਹੇ ਹਨ। ਪੇਸ਼ੇ ਦੇ ਤੌਰ 'ਤੇ ਇਹ ਵਕੀਲ ਰਹੇ ਤੇ ਉਹ ਵੀ ਸੰਵਿਧਾਨਿਕ ਮਾਮਲਿਆ ਦੇ ਰਹੇ। ਬਾਰ ਕੌਂਸਲ ਦੇ ਵਿੱਚ ਲੰਬੇ ਸਮੇਂ ਤੱਕ ਵਕਾਲਤ ਕਰਨ ਤੋਂ ਬਾਅਦ ਇਹ ਵੀ. ਪੀ. ਸਿੰਘ ਦੇ ਜਨਤਾ ਦਲ ਨਾਲ ਜੁੜੇ। 1989 ਦੇ ਵਿੱਚ ਚੋਣ ਜਿੱਤੇ, ਝੁੰਝਨੂ ਵਿੱਚ ਸਾਂਸਦ ਬਣੇ ਤੇ ਅੱਜ ਤੱਕ ਅਲੱਗ ਅਲੱਗ ਝਾਂਜਰ ਦੇ ਘੁੰਗਰੂ ਬਣੇ ਰਹੇ ਨੇ। ਵੀ. ਪੀ. ਸਰਕਾਰ ਡਿੱਗੀ ਤੇ ਚੰਦਰ ਸ਼ੇਖਰ ਸਰਕਾਰ ਬਣੀ ਸਿੱਧੇ ਸੰਸਦਕਾਰਜ ਮੰਤਰੀ ਬਣ ਗਏ। 1993 ਦੇ ਵਿੱਚ ਕਾਂਗਰਸ ਦੀ ਟਿਕਟ 'ਤੇ ਕਿਸ਼ਨਗੜ੍ਹ ਤੋਂ ਵਿਧਾਇਕੀ ਜਿੱਤੀ, ਪਰ ਕਾਂਗਰਸ ਹਾਰੀ। 1998 ਤੱਕ ਉਹਨਾਂ ਦੀ ਝਣਕਾਰ ਕਾਂਗਰਸ ਵਿਚੋਂ ਖ਼ਤਮ ਹੋ ਗਈ। 2003 ਵਿੱਚ ਹਵਾ ਦੀ ਰਮਜ਼ ਪਛਾਣੀ ਤੇ ਭਾਜਪਾ ਦੇ ਵਿੱਚ ਸ਼ਾਮਲ ਹੋ ਗਏ। 14 ਸਾਲ ਦੇ ਵਿੱਚ ਇਹ ਉਹਨਾਂ ਦਾ ਚੌਥਾ ਦਲ ਸੀ। ਭਾਜਪਾ ਵਿੱਚ ਆ ਕੇ 17-18 ਸਾਲ ਪਾਰਟੀ ਦੇ ਲੀਗਲ ਸੈੱਲ ਦੇ ਮਾਮੂਲੀ ਕੰਮ ਕਰਦੇ ਰਹੇ ਤੇ ਇੱਕ ਦਿਨ ਉਹਨਾਂ ਦੇ ਭਾਗ ਖੁੱਲ ਗਏ। ਇਸ ਬਗਲੇ ਭਗਤ ਨੂੰ ਝਾੜ ਪੂੰਝ ਕੇ ਸਿੱਧਾ ਰਾਜ ਭਵਨ ਦੇ ਵਿੱਚ ਬੈਠਾ ਦਿੱਤਾ। ਪੱਛਮੀ ਬੰਗਾਲ ਦੇ ਰਾਜਪਾਲ ਦੇ ਰੂਪ ਵਿੱਚ ਇਹਨਾਂ ਦੀ ਛਣਕਾਰ ਕਾਫ਼ੀ ਰਹੀ। ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਰਾਜਪਾਲ ਇੱਕ ਨਾਮਾਤਰ ਮੁਖੀ ਮੰਨਿਆ ਜਾਂਦਾ ਹੈ ਪਰ 2019 ਤੋਂ ਬਾਅਦ ਅਲੱਗ ਦੌਰ ਹੋ ਗਿਆ। ਮੁੱਖ ਕੰਮ ਇਹ ਰਹਿ ਗਿਆ ਕਿ ਬਹੁਤ ਸਾਰੇ ਮੁੱਦਿਆਂ ਨੂੰ ਲਟਕਾਈ ਰੱਖਣਾ, ਮੁੱਖ ਮੰਤਰੀ ਦੇ ਨਾਲ ਵਾਦ ਵਿਵਾਦ ਕਰਨੇ ਆਦਿ ਇਹੋ ਜਿਹੇ ਕਈ ਬਿੰਦੂਆਂ 'ਤੇ ਧਨਖੜ ਸਾਹਿਬ ਨੇ ਹਾਈ ਸਕੋਰ ਹਾਸਲ ਕੀਤਾ। ਸੁਣਨ ਵਿੱਚ ਇਹ ਵੀ ਆਇਆ ਹੈ ਕਿ ਰੋਜ ਰੋਜ ਟਵੀਟ ਕਰਨ ਤੋਂ ਤੰਗ ਆ ਕੇ ਮਮਤਾ ਬੈਨਰਜੀ ਨੇ ਆਪਣੇ ਟਵਿੱਟਰ ਤੋਂ ਇਸ ਨੂੰ ਬਲਾਕ ਵੀ ਕਰ ਦਿੱਤਾ ਸੀ।

ਉੱਪ ਰਾਸ਼ਟਰਪਤੀ ਦਾ ਅਹੁਦਾ ਉਂਝ ਤਾਂ ਇੱਕ ਸਟੀਪਣੀ ਦੀ ਤਰ੍ਹਾਂ ਪਿੱਛੇ ਬੈਠੇ ਰਹਿਣ ਦੇ ਲਈ ਬਣਾਇਆ ਗਿਆ ਹੈ ਪਰ ਉੱਪ ਰਾਸ਼ਟਰਪਤੀ ਨੂੰ ਰੁਝੇਂਵੇਂ ਵਿੱਚ ਰੱਖਣ ਦੇ ਲਈ ਇਹ ਪ੍ਰਬੰਧ ਕੀਤਾ ਗਿਆ ਹੈ ਕਿ ਇਹ ਰਾਜ ਸਭਾ ਦੇ ਸਭਾਪਤੀ ਵੀ ਹੁੰਦੇ ਨੇ ਪਰ ਧਨਖੜ ਦਿਨ ਰਾਤ ਸਦਨ ਵਿੱਚ ਬੈਠਦੇ ਨੇ, ਉਹਨਾਂ 'ਤੇ ਮਖੌਲ ਵੀ ਬਣਦੇ ਨੇ। ਕਦੇ ਕਦੇ ਉਹ ਟਰੋਲਿੰਗ ਤੋਂ ਦੁਖੀ ਵੀ ਹੁੰਦੇ ਹਨ। ਕਦੇ ਮਿਮਕਰੀ ਭਾਵ ਨਕਲ ਤੋਂ ਪ੍ਰੇਸ਼ਾਨ ਹੁੰਦੇ ਨੇ। ਇਸ ਤੋਂ ਇਲਾਵਾ ਸਮਾਂ ਬਚੇ ਤਾਂ ਉਹ ਸੰਸਦ ਸਸਪੈਂਡ ਵੀ ਕਰਦੇ ਨੇ, ਤੇ ਦੂਜੇ ਦਿਨ ਖੁਦ ਹੀ ਸੰਸਦੀ ਇਤਿਹਾਸ ਦਾ ਸਭ ਤੋਂ ਕਾਲਾ ਦਿਨ ਵੀ ਐਲਾਨ ਕਰ ਦਿੰਦੇ ਨੇ। ਚਕਵੇਂ ਚੁੱਲ੍ਹੇ ਦੀ ਤਰ੍ਹਾਂ ਕਦੇ ਰਾਜੀਵ ਗਾਂਧੀ ਦੇ ਖ਼ਿਲਾਫ਼ ਖੜੇ, ਵੀ. ਪੀ. ਸਿੰਘ ਦੇ ਨਾਲ ਰਹੇ, ਫਿਰ ਉਹਨਾਂ ਦੇ ਖ਼ਿਲਾਫ਼ ਤੇ ਚੰਦਰ ਸ਼ੇਖ਼ਰ ਦੇ ਨਾਲ, ਫਿਰ ਉਸ ਦੇ ਖ਼ਿਲਾਫ਼ ਤੇ ਕਾਂਗਰਸ ਦੇ ਨਾਲ, ਫਿਰ ਉਸ ਦੇ ਖ਼ਿਲਾਫ਼ ਤੇ ਭਾਜਪਾ ਦੇ ਨਾਲ ਅੱਜ ਖੜੇ ਨੇ ਸਾਬਕਾ ਸਾਂਸਦ ਧਨਖੜ। ਵੈਸੇ ਅੱਜ ਕੱਲ੍ਹ ਓਮ ਬਿਰਲਾ ਨੂੰ ਪਛਾੜਦੇ ਨਜ਼ਰ ਆ ਰਹੇ ਨੇ ਧਨਖੜ ਸਾਹਿਬ। ਜਗਦੀਪ ਧਨਖੜ ਦੇ ਸਿਆਸੀ ਸਫ਼ਰ ਤੋਂ ਬਾਅਦ ਗੱਲ ਕਰੀਏ ਤਾਂ ਵਿਰੋਧੀ ਧਿਰ ਲਗਾਤਾਰ ਦੋਸ਼ ਲਗਾ ਰਹੀ ਹੈ ਕਿ ਇਹਨਾਂ ਦਾ ਰਾਜ ਸਭਾ ਦੇ ਚੇਅਰਮੈਨ ਵਜੋਂ ਵਿਵਹਾਰ ਪੱਖਪਾਤੀ ਰਿਹਾ ਹੈ। ਇੰਡੀਆ ਗਠਜੋੜ ਦੀਆਂ ਪਾਰਟੀਆਂ ਨੇ ਕਿਹਾ ਕਿ ਸਾਨੂੰ ਇੱਕ ਤਕਲੀਫ਼ਦੇਹ ਫੈਸਲਾ ਕਰਨਾ ਪਿਆ ਪਰ ਲੋਕਰਾਜ ਦੇ ਹਿੱਤਾਂ ਦੇ ਲਈ, ਰਾਖੀ ਕਰਨ ਦੇ ਲਈ ਕਦਮ ਪੁੱਟਣਾ ਜ਼ਰੂਰੀ ਸੀ। ਭਾਵੇਂ ਕਿ ਕਿਰਨ ਰਿਜਜੂ, ਜੋ ਕਿ ਭਾਜਪਾ ਨੇਤਾ ਤੇ ਸੰਸਦੀ ਮਾਮਲਿਆਂ ਦੇ ਮੰਤਰੀ ਨੇ, ਕਿਹਾ ਕਿ ਅਜਿਹਾ ਮਤਾ ਲਿਆ ਕੇ ਵਿਰੋਧੀ ਧਿਰ ਅਹੁਦੇ ਦੀ ਮਰਿਆਦਾ ਨੂੰ ਠੇਸ ਪਹੁੰਚਾ ਰਹੀ ਹੈ। ਭਾਜਪਾ ਦੇ ਰਾਜਸਭਾ ਮੈਂਬਰ ਨੇ ਇਥੋਂ ਤਕ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਵਿਰੋਧੀ ਧਿਰ ਨੂੰ ਸੰਵਿਧਾਨਿਕ ਅਮਲ ਦੀ ਸਮਝ ਹੀ ਨਹੀਂ ਹੈ। ਅਸਲ ਵਿੱਚ ਸੰਸਦ ਦੇਸ਼ ਦੇ ਲੋਕਾਂ ਦੇ ਨਾਲ ਜੁੜੇ ਹੋਏ ਮੁੱਦਿਆਂ ਦੇ ਉੱਤੇ ਵਿਚਾਰ ਚਰਚਾ ਕਰਨ ਦੇ ਲਈ ਇੱਕ ਵੱਡਾ ਪਲੇਟਫ਼ਾਰਮ ਹੈ, ਪਰ ਸਾਡੇ ਨੇਤਾ ਲੋਕਾਂ ਨੇ ਲੜਾਈ ਝਗੜੇ ਤੇ ਖੁੰਦਕ ਬਾਜੀ ਦਾ ਮੰਚ ਉਲੀਕ ਲਿਆ ਹੈ। ਇੱਕ ਦੂਜੇ ਦੇ ਉੱਤੇ ਦੂਸ਼ਣਬਾਜੀ ਕਰਕੇ ਤੇ ਬਣਦੇ ਤਨਖ਼ਾਹਾਂ ਭੱਤੇ ਵਸੂਲ ਕਰ ਲੈਂਦੇ ਨੇ। ਲੋਕਾਂ ਦੇ ਮਸਲੇ ਵੀ ਖੜੇ ਰਹਿੰਦੇ ਨੇ ਤੇ ਜਨਤਾ ਦਾ ਪੈਸਾ ਵੀ ਬਰਬਾਦ ਹੁੰਦਾ ਹੈ। ਚਾਹੀਦਾ ਤਾਂ ਇਹ ਹੈ ਕਿ ਦੋਵੇਂ ਧਿਰਾਂ ਇੱਕ ਦੂਜੇ ਦੀ ਮਰਿਆਦਾ ਤੇ ਮਾਣ ਦਾ ਖ਼ਿਆਲ ਰੱਖਣ ਪਰ ਦੋਵਾਂ ਧਿਰਾਂ ਵਿਚਾਲੇ ਇਹ ਖ਼ਲਾਅ ਸਾਡੇ ਲੋਕਰਾਜ ਦੇ ਲਈ ਕੋਈ ਚੰਗਾ ਸੁਨੇਹਾ ਨਹੀਂ ਹੈ। ਅਜਿਹੇ ਮਾਹੌਲ ਨੂੰ ਵੇਖ ਕੇ ਦੁਸ਼ਿਅੰਤ ਕੁਮਾਰ ਦੀਆਂ ਲਾਈਨਾਂ ਯਾਦ ਆਉਂਦੀਆਂ ਨੇ "ਜਿਸ ਤਰ੍ਹਾਂ ਚਾਹੋ ਵਜਾਓ ਉਸ ਸਭਾ ਮੇਂ , ਯੇ ਨਹੀਂ ਹੈ ਆਦਮੀ ਯੇ ਝੁਣਝੁਣੇ ਹੈਂ।"

# ਕੀ ਇਵੇਂ ਚੱਲ ਰਹੇ ਭਾਰਤੀ ਲੋਕਤੰਤਰ ਨੂੰ ਮੋੜਾ ਪੈ ਸਕਦਾ ?

**ਡਾ. ਸੁਰਿੰਦਰ ਮੰਡ**

ਲੋਕਾਂ ਦੇ ਮਨ ਵਿੱਚ ਸਵਾਲ ਹੈ ਕਿ ਵੋਟਰਾਂ ਨੂੰ ਲਾਲਚ ਦੇਣ, ਭੜਕਾਉਣ ਦੀ ਖੁੱਲ੍ਹ, ਨਸ਼ੇ ਪੈਸੇ ਚੀਜ਼ਾਂ ਵੰਡਣੀਆਂ, ਧਰਮ ਅੰਧਵਿਸ਼ਵਾਸ ਜ਼ਾਤ ਦੇ ਨਾਮ ਉੱਤੇ ਚਲਦਾ ਭੜਕਾਊ ਵੋਟਤੰਤਰ, ਕਰੋੜਾਂ ਵਿੱਚ ਚੋਣ ਖਰਚਾ, ਰਾਜ ਮਸ਼ੀਨਰੀ ਦੀ ਬੇਸ਼ਰਮ ਵਰਤੋਂ, ਡਰਾਉਣੀਆਂ ਸਰਕਾਰੀ ਜਾਂਚ ਏਜੰਸੀਆਂ ਦਾ ਪੱਖਪਾਤ, ਦੂਜੀਆਂ ਪਾਰਟੀਆਂ ਤੋੜਨੀਆਂ, ਲੀਡਰ ਡਰਾਉਣੇ, ਅਦਾਲਤਾਂ ਚੋਣ ਕਮਿਸ਼ਨ ਵੀ ਸਵਾਲਾਂ ਦੇ ਘੇਰੇ ਵਿੱਚ, ਡਰੇ ਵਿਕੇ ਕਈ ਮੀਡੀਆ ਅਦਾਰੇ, ਕਈ ਇੱਕ ਸਾਜਿਸ਼ੀ ਅਫਸਰਾਂ ਦੇ ਹੁੰਦਿਆਂ ਇਹ ਜੋ ਸਾਡਾ ਭਾਰਤੀ ਲੋਕਤੰਤਰ ਦਿੱਸ ਰਿਹਾ, ਇਸਨੂੰ ਸਹੀ ਮੋੜਾ ਕਿਵੇਂ ਪਵੇ ? ਅੱਗੇ ਚੱਲ ਕੇ ਕਰਦੇ ਆਂ ਵਿਚਾਰ।

ਹਨੇਰ ਸਾਈਂ ਦਾ ਕਿ ਤਾਜ਼ੀ ਮਹਾਂਰਾਸ਼ਟਰ ਅਸੈਂਬਲੀ ਚੋਣ ਵਿੱਚ ਰਾਜ ਠਾਕਰੇ ਦੀ ਪਾਰਟੀ ਦਾ ਉਮੀਦਵਾਰ ਵੀ ਚੀਕ ਰਿਹਾ ਕਿ ਮੇਰੇ ਘਰ ਦੇ ਪੋਲਿੰਗ ਬੂਥ ਦੀਆਂ ਮੇਰੀਆਂ ਸਾਰੀਆਂ ਵੋਟਾਂ ਪਤਾ ਨੀ ਕਿਧਰ ਉੱਡ ਗਈਆਂ। ਘਰ ਦੀਆਂ ਚਾਰ ਵੋਟਾਂ ਵੀ ਨਹੀਂ ਨਿਕਲੀਆਂ ਵਿਚੋਂ। ਦੋ ਵਾਰ ਦੇ ਕਾਂਗਰਸੀ ਵਿਧਾਇਕ ਦੇ ਪਿੰਡ ਸੌ ਫੀਸਦੀ ਪੋਲਿੰਗ ਹੋਈ, ਜਿਸ ਵਿਚੋਂ ਉਸਨੂੰ ਇੱਕ ਵੋਟ ਵੀ ਨਹੀਂ ਮਿਲੀ, ਆਪਣੀ ਵੀ ਨਹੀਂ। ਸੂਬੇ ਵਿੱਚ ਪੰਜ ਵਜੇ ਤੱਕ 58 ਫੀਸਦੀ ਪੋਲਿੰਗ ਅੰਕੜਾ ਜਾਰੀ ਕਰਕੇ ਮਗਰੋਂ ਚੋਣ ਕਮਿਸ਼ਨ ਵੱਲੋਂ ਜਿਵੇਂ 65 ਫੀਸਦੀ ਪੋਲਿੰਗ ਹੋਈ ਐਲਾਨੀ ਗਈ, ਇਸ ਉੱਤੇ ਇੱਕ ਪਹਿਲਾ ਮੁੱਖ ਚੋਣ ਕਮਿਸ਼ਨਰ ਕੁਰੈਸ਼ੀ ਵੀ ਹੈਰਾਨ ਹੈ। ਨਾਦੇੜ ਦੀ ਲੋਕ ਸਭਾ ਜ਼ਿਮਨੀ ਚੋਣ ਕਾਂਗਰਸ ਜਿੱਤ ਗਈ ਪਰ ਇਕੋ ਵੇਲੇ ਇਸ ਵਿੱਚ ਪੈਂਦੇ ਸਾਰੇ 6 ਅਸੈਂਬਲੀ ਹਲਕਿਆਂ ਵਿਚੋਂ ਪੌਣੇ ਦੋ ਲੱਖ ਵੋਟਾਂ ਭਾਜਪਾ ਵੱਲ ਨੂੰ ਵੱਧ ਨਿਕਲੀਆਂ। ਕਾਂਗਰਸੀ ਆਗੂ ਖੜਗੇ ਨੇ ਬਿਆਨ ਛੱਡਿਆ ਹੈ ਕਿ ਬੈਲਟ ਪੇਪਰ ਨਾਲ ਚੋਣਾਂ ਕਰਾਉਣ ਲਈ ਸੰਘਰਸ਼ ਵਿੱਢਾਂਗੇ।

ਇਕ ਝੂਠ-ਮੂਠ ਦਾ ਭਰਮ-ਭਾ ਜਿਹਾ, ਸੁਪਨਾ ਜਿਹਾ ਬਣਿਆ ਸੀ ਕਿ ਗਵਰਨਰ, ਸਪੀਕਰ, ਜੱਜ, ਚੋਣ ਕਮਿਸ਼ਨ, ਅਫ਼ਸਰ, ਕਾਰੋਬਾਰੀ ਘੁਟਾਲਿਆਂ ਉੱਤੇ ਨਜ਼ਰ ਰੱਖਣ ਵਾਲੀ 'ਸੇਬੀ', ਸੀ.ਬੀ.ਆਈ, ਇਨਕਮ ਟੈਕਸ ਵਿਭਾਗ ਸਭ ਲਈ ਇਕੋ ਜਿਹਾ ਸਲੂਕ ਕਰਨ ਵਾਲੇ ਸਾਂਝੇ ਹੁੰਦੇ ਹਨ, ਸਿਆਸੀ ਪੱਖਪਾਤ ਨਹੀਂ ਕਰਦੇ ਹੁੰਦੇ। ਪਰ ਮੌਜੂਦਾ ਦੌਰ ਵਿੱਚ ਇਹਨਾਂ ਵਿਚੋਂ ਬਹੁਤ ਸਾਰੇ ਆਪਣੇ ਆਕਾਵਾਂ ਦੇ ਪੱਖ ਵਿੱਚ ਖਲੋਤੇ ਦਿੱਸਦੇ ਹਨ, ਆਪਣੀ ਪ੍ਰਕਿਰਤੀ ਭੁੱਲ ਗਏ ਹਨ। ਸਰਕਾਰੀ ਧਿਰ ਇਹਨਾਂ ਨੂੰ ਦੁੱਧ ਧੋਤੀ ਦਿੱਸਦੀ ਹੈ ਅਤੇ ਵਿਰੋਧੀ ਧਿਰ ਨੂੰ ਜੇਲ੍ਹੀਂ ਡੱਕਿਆ ਜਾ ਰਿਹਾ। ਇਹ ਲੋਕਤੰਤਰ ਲਈ ਫਿਕਰ ਦੇ ਹਾਲਾਤ ਹਨ।

ਵੋਟਾਂ ਨਾਲ ਚੁਣਿਆਂ ਹਰ ਨਿੱਕਾ ਵੱਡਾ ਨੁਮਾਇੰਦਾ ਸਭ ਲੋਕਾਂ ਦਾ ਸਾਂਝਾ ਹੋ ਜਾਂਦਾ ਹੈ, ਅਹੁਦੇ ਦੀ ਸਹੁੰ ਵੀ ਇਹੀ ਚੁੱਕਦਾ ਹੈ। ਉਹ ਇਕੱਲਾ ਆਪਣੀ ਪਾਰਟੀ ਦਾ ਨੁਮਾਇੰਦਾ ਨਹੀਂ ਰਹਿੰਦਾ। ਇਉਂ ਅਹੁਦੇ ਦੀ ਮਿਆਦ ਤੱਕ ਇਹਨਾਂ ਉੱਤੇ ਆਪਣੀ ਪਾਰਟੀ ਦਾ ਪ੍ਰਚਾਰ ਕਰਨ ਦੀ ਸਖ਼ਤ ਪਾਬੰਦੀ ਹੋਣੀ ਚਾਹੀਦੀ। ਚੌਵੀ ਘੰਟੇ ਦੂਜੀਆਂ ਪਾਰਟੀਆਂ ਵਿਰੁੱਧ ਜ਼ਹਿਰ ਉਗਲਣ ਵਾਲਾ ਸਭ ਲੋਕਾਂ ਦਾ ਨੁਮਾਇੰਦਾ ਕਿਵੇਂ ਹੋਇਆ ?



ਕਿਸੇ ਪਾਰਟੀ ਵੱਲੋਂ ਜਿੱਤੇ ਉਮੀਦਵਾਰ ਪਾਰਟੀ ਬਦਲਣ ਤਾਂ ਉਨ੍ਹਾਂ ਦੀ ਚੋਣ ਫੌਰੀ ਰੱਦ ਹੋਵੇ। ਚਾਹੁਣ ਤਾਂ ਨਵੇਂ ਸਿਰਿਉਂ ਚੋਣ ਲੜਨ। ਕਿਸੇ ਨੂੰ ਵੀ ਲੱਖਾਂ ਲੋਕਾਂ ਦੇ ਫਤਵੇ ਨੂੰ ਉਲਟਾਉਣ ਦਾ ਹੱਕ ਨਹੀਂ ?

ਸਾਡਾ 140 ਕਰੋੜ ਲੋਕਾਂ ਦਾ ਮੁਲਕ ਹੈ। ਬਹੁਤੀ ਅਬਾਦੀ ਏਨੀਆਂ ਅਲੱਗ ਭਾਸ਼ਾਵਾਂ/ਜ਼ੁਬਾਨਾਂ ਬੋਲਦੀ। ਸਭ ਧਰਮਾਂ ਜ਼ਾਤਾਂ ਬੋਲੀਆਂ ਸਭਿਆਚਾਰਾਂ ਰੰਗਾਂ ਨਸਲਾਂ ਦੇ ਲੋਕ ਸਦੀਆਂ ਤੋਂ ਰਹਿ ਰਹੇ ਹਨ। ਇਹ ਸੰਸਾਰ ਵਿੱਚ ਇੱਕ ਨਿਵੇਕਲਾ ਗੁਲਦਸਤਾ ਹੈ। ਕਾਸ਼ ਸਲਾਮਤ ਰਹੇ।

ਸਾਨੂੰ ਅਜ਼ਾਦੀ ਵੱਡੀਆਂ ਕੁਰਬਾਨੀਆਂ ਦੇ ਕੇ ਮਿਲੀ ਸੀ। ਜਦ ਸੰਘਰਸ਼ ਚੱਲ ਰਿਹਾ ਸੀ, ਓਦੋਂ ਜਿਹੜੇ ਲੋਕ ਬਰਤਾਨਵੀ ਸਰਕਾਰ ਨਾਲ ਮਿਲ ਕੇ ਮੌਜਾਂ ਕਰ ਰਹੇ ਸਨ, ਅੱਜ ਜਦ ਸਿਆਸਤ ਹੀ ਵਪਾਰ ਬਣ ਗਈ ਤਾਂ ਉਹ ਰਾਜਨੀਤੀ ਵਿੱਚ ਕੁੱਦ ਪਏ ਹਨ। ਕਾਬਜ ਹੋ ਗਏ ਹਨ। ਜਮਾਤੀ ਖਾਸਾ ਨਿਰੋਲ ਮੁਨਾਫਾਖੋਰ ਅਤੇ ਨਿੱਜ ਸਵਾਰਥੀ ਹੈ। ਸਿਆਸੀ ਨੈਤਿਕਤਾ ਅਲੋਪ ਹੋ ਰਹੀ। ਸੁਤੰਤਰਤਾ ਸੈਨਾਨੀ ਵਿਰਾਸਤ ਦਾ ਇਹਨਾਂ ਲਈ ਕੋਈ ਮਤਲਬ ਨਹੀਂ। ਹੁਣ ਰਾਜਸੀ ਪਾਰਟੀਆਂ ਦੇਸ਼ ਦੀ ਤਰੱਕੀ ਲਈ ਵੱਖ ਵੱਖ ਵਿਚਾਰਧਾਰਾ ਕਰਕੇ ਵੱਖਰੀਆਂ ਨਹੀਂ ਜਾਪਦੀਆਂ ਸਗੋਂ ਸਿਰਫ ਧੜੇ ਜਾਪਦੀਆਂ, ਜਿਨ੍ਹਾਂ ਵਿੱਚ ਸਰਗਰਮ ਸਵਾਰਥੀ ਕਾਰੋਬਾਰੀ ਅਨਸਰ ਕਿਸੇ ਵੀ ਪਾਰਟੀ ਵਿੱਚ ਬਿਨਾ ਝਿਜਕ ਆ ਜਾ ਸਕਦੇ, ਸ਼ਰਮਿੰਦੇ ਨਹੀਂ ਹੁੰਦੇ। ਚੋਣ ਜਿੱਤਣ ਸਰਕਾਰ ਬਣਾਉਣ ਲਈ ਸਭ ਕੁਛ ਜਾਇਜ਼ ਹੈ।

ਪਿਛਲੇ ਗਿਆਰਾਂ ਸਾਲਾਂ ਤੋਂ ਮੋਦੀ ਸਰਕਾਰ ਹੈ। ਇਸ ਵੇਲੇ 85 ਕਰੋੜ ਭਾਰਤੀ 5 ਕਿਲੋ ਸਰਕਾਰੀ ਆਟੇ ਦੇ ਮੁਥਾਜ ਹਨ, ਚੁੱਲ੍ਹੇ ਵਿੱਚ ਆਪ ਅੱਗ ਬਾਲਣ ਜੋਗੇ ਵੀ ਨਹੀਂ। ਅਨਪੜ੍ਹਤਾ ਬੇਕਾਰੀ ਕੰਗਾਲੀ ਹੈ। ਮਜ਼ਦੂਰਾਂ ਦਾ ਭਵਿੱਖ ਹਨੇਰਾ ਹੈ। ਸਰਕਾਰ ਕਿਸਾਨਾਂ ਨੂੰ ਫਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ (ਐਮ.ਐਸ.ਪੀ) ਦੇਣ ਤੋਂ ਇਨਕਾਰੀ ਹੈ।

ਸਰਕਾਰੀ ਸ਼ਹਿ ਪ੍ਰਾਪਤ ਵਪਾਰੀ ਕਿਸਾਨਾਂ ਅਤੇ ਖਪਤਕਾਰਾਂ ਦੋਵਾਂ ਨੂੰ ਲੁੱਟਣ ਲਈ ਆਜ਼ਾਦ ਹਨ। ਨੌਜਵਾਨ ਰੁਜ਼ਗਾਰ ਨੂੰ ਤਰਸ ਰਹੇ ਹਨ। ਵਿਸ਼ਵ ਮੰਡੀ ਵਿਚੋਂ ਖਰੀਦੇ ਸਸਤੇ ਪੈਟਰੋਲ ਨੂੰ ਬਹੁਤ ਮਹਿੰਗਾ ਵੇਚ ਕੇ ਸਰਕਾਰ ਅਤੇ ਕੰਪਨੀਆਂ ਨੇ

ਦੇਸ਼/ਦੁਨੀਆਂ ਲੁੱਟ ਲਈ ਹੈ। ਰੈਗੂਲਰ ਫੌਜੀ ਜਵਾਨ ਅੱਗੋਂ ਲਈ ਪੈਨਸ਼ਨ ਤੋਂ ਵਾਂਝੇ ਕਰਕੇ 'ਅਗਨੀ ਵੀਰ' ਯੋਜਨਾ ਤਹਿਤ ਸਿਰਫ਼ ਚਾਰ ਸਾਲਾਂ ਲਈ ਮੁਲਾਜ਼ਮ ਬਣਾ ਦਿੱਤੇ ਗਏ ਹਨ। ਸਰਕਾਰੀ ਮੁਲਾਜ਼ਮਾਂ ਦੀ ਪੈਨਸ਼ਨ ਬੰਦ ਕਰ ਦਿੱਤੀ ਹੈ। ਆਮ ਲੋਕਾਂ ਨੂੰ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਦੀ ਆਸ ਨਜ਼ਰ ਨਹੀਂ ਆਉਂਦੀ। ਪੂੰਜੀਵਾਦੀ ਵਿਕਾਸ ਮਾਡਲ ਆਪਣੇ ਮੁਨਾਫ਼ੇ ਦੀ ਖਾਤਰ ਅਤੇ ਕੁਰੱਪਟ ਸਰਕਾਰੀ ਤੰਤਰ ਕਾਰਨ ਮੁਲਕ ਦਾ ਮਿੱਟੀ ਪਾਣੀ ਹਵਾ ਕੁਦਰਤੀ ਵਾਤਾਵਰਨ ਬਰਬਾਦ ਕਰ ਰਿਹਾ ਹੈ। ਭਾਰਤ ਪਿਛਲੇ ਦਸ ਸਾਲਾਂ ਵਿੱਚ ਸਾਰੇ ਸਮਿਆਂ ਨਾਲੋਂ ਤੇਜੀ ਨਾਲ ਕਰਜ਼ਾਈ ਹੋਇਆ। ਸਨਅਤੀ ਵਿਕਾਸ ਤੇ ਰੁਜ਼ਗਾਰ ਕਿਵੇਂ ਪੈਦਾ ਹੋਵੇ, ਮਾਡਲ ਕੀ ਹੋਵੇ, ਇਸਦੀ ਕਿਤੇ ਕੋਈ ਚਰਚਾ ਨਹੀਂ ਹੁੰਦੀ।

ਐਲਾਨੀਆਂ ਪ੍ਰਚਾਰੀਦੀਆਂ ਯੋਜਨਾਵਾਂ ਜ਼ਮੀਨ ਉੱਤੇ ਉਵੇਂ ਨਤੀਜੇ ਨਹੀਂ ਵਖਾ ਰਹੀਆਂ। ਏਸੇ ਕਰਕੇ ਹਾਕਮ ਧਿਰ ਬੀ.ਜੇ.ਪੀ ਵੱਲੋਂ ਹੀ ਵੋਟਾਂ ਖਾਤਰ ਯੋਜਨਾਬੱਧ ਹਿੰਦੂ ਮੁਸਲਿਮ ਤਨਾਉ ਵਧਾਉਣ ਵੱਲ ਤੁਰ ਪੈਣਾ ਲੋਕਤੰਤਰ ਲਈ ਵੱਡੀ

ਖਤਰੇ ਦੀ ਘੰਟੀ ਹੈ। ਮਸਜਿਦ-ਮੰਦਰ ਝਗੜਿਆਂ ਦੇ ਝੱਖੜ ਝੁੱਲਣ ਦੀ ਗਹਿਰ ਚੜ੍ਹੀ ਆਉਂਦੀ ਸਾਫ ਦਿੱਸ ਰਹੀ ਹੈ।

ਦੇਸ਼ ਦਾ ਬਹੁਤਾ ਬਜਟ ਹੁਣ ਇਸ ਤਰਾਂ ਖਰਚੀਂਦਾ ਦਿੱਸਦਾ.... ਬਜਟ ਦਾ ਤੀਜਾ ਹਿੱਸਾ ਕਰਜ਼ੇ ਦੇ ਵਿਆਜ ਦਾ ਭੁਗਤਾਨ, ਭਾਜਪਾ ਦੀਆਂ ਰਾਜ ਸਰਕਾਰਾਂ ਨੂੰ ਖੁੱਲ੍ਹੇ ਗੱਫੇ, ਸਰਕਾਰੀ ਮਹਿਕਮਿਆਂ ਦਾ ਭੋਗ ਪਾ ਕੇ ਅਤੇ ਹਿੱਸਾ-ਪੱਤੀ ਨਾਲ ਸਭ ਕੰਮ ਠੇਕੇਦਾਰਾਂ ਰਾਹੀਂ ਕਰਵਾਉਣੇ ਤੇ ਠੇਕੇਦਾਰ ਵੀ ਆਪਣੇ, ਉਤਸਵਾਂ ਦੀ ਮੌਜ ਮਸਤੀ ਫਜ਼ੂਲ ਖਰਚੀ ਸੈਰ ਸਪਾਟੇ, ਯਾਰਾਂ ਬੇਲੀਆਂ ਦੇ ਮਿਲ ਮਿਲਾ ਕੇ ਲੱਖਾਂ ਕਰੋੜ ਕਰਜ਼ੇ ਮਾਫ਼, ਵਗੈਰਾ ਅਤੇ ਦੂਜੇ ਬੰਨੇ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਨੂੰ ਖੱਜਲ ਕਰਨਾ ਅਤੇ ਉਹਨਾਂ ਦੇ ਬਣਦੇ ਹਿੱਸੇ ਦੇ ਪੈਸੇ ਦੇਣ ਤੋਂ ਵੀ ਯਬਕਾਉਣਾ। ਹਾਲਾਂਕਿ ਕੇਂਦਰ ਕੋਲ ਸਭ ਪੈਸੇ ਰਾਜਾਂ ਤੋਂ ਆਉਂਦੇ। ਤੇ ਵੇਖੋ ਕਿਵੇਂ ਸੱਪ ਬਣਕੇ ਬਹਿ ਗਏ।

ਮੋਦੀ ਸਰਕਾਰ ਦੇ ਇਸ ਸਾਰੇ ਕੁਚਲਨ ਦੇ ਚਲਨ ਲਈ ਵਿਰੋਧੀ ਪਾਰਟੀਆਂ ਵਿਚੋਂ ਕਾਂਗਰਸ ਸਭ ਤੋਂ ਵੱਧ ਜ਼ਿੰਮੇਵਾਰ ਹੈ। ਜੋ ਆਪਣੇ ਮੁਕਾਬਲੇ ਵਾਲੇ ਸੂਬਿਆਂ (ਰਾਜਸਥਾਨ, ਗੁਜਰਾਤ, ਮੱਧ ਪ੍ਰਦੇਸ਼, ਉਤਰਾਖੰਡ, ਛੱਤੀਸਗੜ੍ਹ, ਉੜੀਸਾ, ਆਂਧਰਾ) ਵਿੱਚ ਸੁੱਤੀ ਪਈ ਹੈ, ਬਿਹਾਰ ਬੰਗਾਲ ਉੱਤਰ ਪ੍ਰਦੇਸ਼ ਹਰਿਆਣਾ ਜੰਮੂ ਵਿੱਚ ਜ਼ਿਦ ਨਾਲ ਹੈਸੀਅਤ ਤੋਂ ਵੱਧ ਸੀਟਾਂ ਮੰਗ ਕੇ ਭਾਜਪਾ ਨੂੰ ਵੱਧ ਸੀਟਾਂ ਜਿਤਾਉਣ ਦਾ ਕੰਮ ਕਰਦੀ ਆ ਰਹੀ ਹੈ। ਲੀਡਰ ਦਾਨਾ ਸਹਿਜ ਸਿਆਣਾ ਪ੍ਰਭਾਵ ਨਹੀਂ ਦਿੰਦੇ। ਠੇਠ ਭਾਸ਼ਾ ਘੱਟ ਬੋਲਦੇ ਅਤੇ ਬੇਮੌਕਾ ਅੰਗਰੇਜ਼ੀ ਬੋਲਣ ਦਾ ਕਮਲ ਵੀ ਘੋਟਦੇ ਹਨ। ਕਾਂਗਰਸ ਫੁਰਤੀਲੀ, ਲਚਕਦਾਰ, ਦੂਰਦ੍ਰਿਸ਼ਟੀ ਵਾਲੀ ਸਿਆਣੀ, ਨਿਰਮਾਣ, ਸੰਘਰਸ਼ੀ ਨਾ ਬਣੀ ਤਾਂ ਖੁਦ ਤਾਂ ਮਰਨਾ, ਨਾਲ ਦੇਸ਼ ਨੂੰ ਵੀ ਲੈ ਡੁੱਬੂ। ਇਸ ਪਾਰਟੀ ਨੂੰ ਸਵੈ-ਪੜਚੋਲ ਦੀ ਫੌਰੀ ਡਾਢੀ ਲੋੜ ਹੈ। ਜੇ ਬਚਣਾ ਤਾਂ ਇਸਦੇ ਲੀਡਰ ਫਿਲਹਾਲ ਰਾਜ ਕਰਨ ਦੀ ਆਦਤ ਅਤੇ ਚਾਅ ਛੱਡ ਕੇ ਸਿਰਫ ਬਦਲਾਵ ਵੱਲ ਧਿਆਨ ਕਰਨ।

ਅਜਿਹੇ ਨਿਰਾਸ਼ਾਮਈ ਸਾਜਿਸ਼ੀ ਧੱਕੇਸ਼ਾਹੀ ਵਾਲੇ ਮਹੌਲ ਵਿਚੋਂ ਮੁਲਕ ਨੇ ਮਰੀਚਲ ਜਿਹੇ ਟਵੀਟ ਕੀਤਿਆਂ ਨਹੀਂ ਨਿਕਲਣਾ। ਅਦਾਲਤੀ ਟੇਕ ਰੱਖਣ ਦੀ ਬਜਾਏ ਸਭ ਵਿਰੋਧੀ ਪਾਰਟੀਆਂ, ਜਥੇਬੰਦੀਆਂ, ਸਿਵਲ ਸੋਸਾਇਟੀ ਸੰਸਥਾਵਾਂ ਦਾ ਵਿਸ਼ਾਲ ਦੇਸ਼ ਭਗਤ ਮੋਰਚਾ ਬਣੇ ਅਤੇ ਹੇਠਲੇ ਮੁੱਦਿਆਂ ਉੱਤੇ ਲਾਮਬੰਦੀ ਸੰਘਰਸ਼ ਅਤੇ ਹੋ ਸਕੇ ਤਾਂ ਜੇਲ੍ਹ ਭਰੋ ਅੰਦੋਲਨ ਸ਼ੁਰੂ ਕਰਨ ਉੱਤੇ ਫੌਰੀ ਵਿਚਾਰ ਕਰੇ ਕਿ ਈ.ਵੀ.ਐਮ ਮਸ਼ੀਨਾਂ ਦੀ ਥਾਂ ਬੈਲਟ ਪੇਪਰ ਨਾਲ ਚੋਣਾਂ ਹੋਣ। ਕਿਸਾਨਾਂ ਨੂੰ ਸਭ ਮੁੱਖ ਫਸਲਾਂ ਦੀ ਐਮ.ਐਸ.ਪੀ (ਘੱਟੋ ਘੱਟ ਸਮਰਥਨ ਮੁੱਲ) ਦੇਣ ਦਾ ਗਰੰਟੀ ਕਨੂੰਨ ਬਣੇ। ਫ਼ੌਜ ਲਈ ਲਿਆਂਦੀ ਨਾਮੁਰਾਦ ਅਗਨੀਵੀਰ ਯੋਜਨਾ ਵਾਪਸ ਲਈ ਜਾਵੇ। ਭਾਜਪਾ ਸਰਕਾਰ ਵੱਲੋਂ 2004 ਵਿੱਚ ਸਰਕਾਰੀ ਮੁਲਾਜ਼ਮਾਂ ਦੀ ਬੰਦ ਕੀਤੀ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ। ਸਭ ਬਜ਼ੁਰਗਾਂ ਵਿਧਵਾਵਾਂ ਨੂੰ ਜਿਉਣਜੋਗ ਪੈਂਨਸ਼ਨ ਦਿੱਤੀ ਜਾਵੇ। ਲੱਖਾਂ ਖਾਲੀ ਪਈਆਂ ਸਰਕਾਰੀ ਅਸਾਮੀਆਂ ਤੁਰੰਤ ਰੈਗੂਲਰ ਭਰੀਆਂ ਜਾਣ। ਰੁਜ਼ਗਾਰ ਮੁਖੀ ਵਿਕਾਸ ਮਾਡਲ ਅਪਣਾਇਆ ਜਾਵੇ, ਨਾ ਕਿ ਕਾਰਪੋਰੇਟ ਪੱਖੀ। ਠੇਕੇਦਾਰੀ ਤੰਤਰ ਬੰਦ ਕਰਕੇ ਸਰਕਾਰ ਆਪਣੇ ਵਿਭਾਗਾਂ ਰਾਹੀਂ ਕੰਮ ਕਰਾਵੇ। ਤਾਂ ਕਿ ਰੁਜ਼ਗਾਰ ਪੈਦਾ ਹੋਵੇ ਤੇ ਬਜਟ ਦੀ ਨਿੱਜੀ ਲੁੱਟ ਬੰਦ ਹੋਵੇ। ਵਿਦਿਆ ਸਿਹਤ ਲਈ ਬਜਟ ਵਧਾਇਆ ਜਾਵੇ। ਤਾਂ ਕਿ ਸਭ ਨੂੰ ਸਸਤੀ ਵਿਦਿਆ ਇਲਾਜ ਮਿਲ ਸਕੇ। ਕੁਦਰਤੀ ਸਰੋਤਾਂ (ਖਨਨ ਸਮੇਤ) ਦੀ ਨਿੱਜੀ ਮਾਲਕੀ ਖਤਮ ਕਰਕੇ ਕੌਮੀਕਰਨ ਕੀਤਾ ਜਾਵੇ। ਅਡਾਨੀ

ਵਰਗਿਆਂ ਨੂੰ ਵੇਚੇ ਸਭ ਸਰਕਾਰੀ ਅਦਾਰੇ ਵਾਪਸ ਲਏ ਜਾਣ। ਹੁਣ ਤਕ ਠੱਗ ਕਾਰੋਬਾਰੀ ਅਦਾਰਿਆਂ ਦੇ ਮਾਫ਼ ਕੀਤੇ ਲੱਖਾਂ ਕਰੋੜ ਕਰਜ਼ਿਆਂ ਦੀ ਜਾਣਕਾਰੀ ਦਿੱਤੀ ਜਾਵੇ ਆਦਿ।

ਅਜਿਹੀਆਂ ਮੰਗਾਂ ਖਾਤਰ ਜੇਲ੍ਹ ਭਰੋ ਅੰਦੋਲਨ ਲਈ ਰੋਜ਼ਾਨਾ ਘੱਟੋ ਘੱਟ 300-500 ਦਾ ਜਥਾ ਹਾਰ ਪਾ ਕੇ ਦਿੱਲੀ ਗ੍ਰਿਫਤਾਰੀ ਦੇਵੇ। ਪੂਰੇ ਮੁਲਕ ਵਿੱਚ ਲਾਮਬੰਦੀ ਕੀਤੀ ਜਾਵੇ। ਦੇਸ਼ ਦੇ ਕੋਨੇ ਕੋਨੇ ਤੋਂ ਬਸੰਤੀ ਰੰਗ ਵਿੱਚ ਰੰਗੇ ਜਥੇ ਸ਼ਾਂਤਮਈ ਕੁਰਬਾਨੀ ਲਈ ਢੋਲ ਨਗਾਰੇ ਗੁੰਜਾਉਂਦੇ, ਮੀਟਿੰਗਾਂ ਰੈਲੀਆਂ ਕਰਦੇ ਆਉਂਦੇ ਦਿੱਲੀ ਪੁੱਜਣ। ਸਿਆਸੀ ਜੰਗਾਲ ਲੱਥੂ। ਪਰਖ ਹੋਜੂ। ਏਕਾ ਵਧੂ। ਕਾਬਲ ਕਰੰਟ ਵਾਲੇ ਨਵੇਂ ਕਾਡਰ ਲੀਡਰਾਂ ਦੇ ਹਜੂਮ ਪੈਦਾ ਹੋਣਗੇ। ਸਭ ਨਾਂਹ ਪੱਖੀ ਫਿਜ਼ਾ ਬਦਲ ਜਾਊ ਤੇ ਹਾਂ ਪੱਖੀ ਬਦਲਾਵ ਦਾ ਠੋਸ ਆਧਾਰ ਬਣੂ। ਲੋਕ ਪਾਰਟੀਆਂ ਲੀਡਰਾਂ ਨੂੰ ਕੋਸਣਾ ਬੰਦ ਕਰ ਦੇਣਗੇ। ਸਰਕਾਰ ਸੁਧਰੂ, ਮੰਗਾਂ ਮੰਨੂ, ਨਹੀਂ ਤਾਂ ਉੱਡਜੂ। ਨਾਲੇ ਸਰਕਾਰ ਦਾ ਵਿਰੋਧੀ ਪਾਰਟੀਆਂ ਨੂੰ ਗ੍ਰਿਫ਼ਤਾਰ ਕਰਨ ਵਾਲਾ ਚਾਅ ਲੱਥ ਜਾਊ। ਇਹ ਬਿਲਕੁਲ ਸੰਭਵ ਹੈ।

# ਕੀ ਹੈ ਡੋਨਾਲਡ ਟਰੰਪ ਦੀ ਰਾਜਨੀਤੀ ?



ਦਰਬਾਰਾ ਸਿੰਘ ਕਾਹਲੋਂ
ਸਾਬਕਾ ਰਾਜ ਕਮਿਸ਼ਨਰ, ਪੰਜਾਬ)

ਇਸ ਵਾਰ ਅਮਰੀਕੀ ਵੋਟਰਾਂ ਨੇ ਡੋਨਾਲਡ ਟਰੰਪ ਵਰਗੇ ਅਤਿ ਵਿਵਾਦਤ, ਸਿਰਫ਼ਿਰੀਆਂ ਮਨਮਾਨੀਆਂ ਕਰਨ ਲਈ ਬਦਨਾਮ, ਝੂਠ ਬੋਲਣ ਦੀ ਮੁਹਾਰਤ ਰੱਖਣ ਵਾਲੇ, ਰਾਸ਼ਟਰੀ ਦਸਤਾਵੇਜ਼ ਚੁਰਾਉਣ, ਬੁਰਸ਼ਾਗਰਦ ਅਤੇ ਟੈਕਸ ਚੋਰੀ, ਪੋਰਨ ਸਬੰਧੀ ਮੂੰਹ ਬੰਦ ਕਰਨ ਲਈ ਧਨ ਦੇਣ, 6 ਜਨਵਰੀ 2021 ਨੂੰ ਅਮਰੀਕੀ ਕੈਪੀਟਲ ’ਤੇ ਹਮਲੇ ਲਈ ਆਪਣੇ ਹਮਾਇਤੀਆਂ ਨੂੰ ਉਕਸਾਉਣ ਤੋਂ ਇਲਾਵਾ ਹੋਰ ਕਈ ਕੇਸਾਂ ਵਿੱਚ ਦਾਗ਼ੀ ਨੂੰ ਮੁੜ 47ਵੇਂ ਰਾਸ਼ਟਰਪਤੀ ਵਜੋਂ ਚੁਣ ਲਿਆ। ਪਿਛਲੇ 45ਵੇਂ ਰਾਸ਼ਟਰਪਤੀ ਵਜੋਂ ਕੌੜੇ ਅਤੇ ਨਿਰਣਿਆਂ ਸਬੰਧੀ ਰੋਕਾਂ ਭਰੇ ਤਜਰਬੇ ਤੋਂ ਸਬਕ ਸਿੱਖਦੇ ਹੋਏ ਇਸ ਵਾਰ ਉਹ ਹੋਰ ਸ਼ਿੱਦਤ ਨਾਲ ਘਰੋਗੀ, ਕੌਮਾਂਤਰੀ ਅਤੇ ਆਪਣੀ ਕੈਬਨਿਟ ਅਤੇ ਸਲਾਹਕਾਰਾਂ ਸਬੰਧੀ ਮਨਮਾਨੀ ਕਰਨ ਲਈ ਬਜ਼ਿੱਦ ਹੈ। ਅਮਰੀਕੀ ਰਾਜਨੀਤੀ ਦੇ ਮਾਹਿਰ ਮੰਨ ਰਹੇ ਹਨ ਕਿ ਉਹ ਇਸ ਵਾਰ ਉਸ ਹਰ ਵਿਅਕਤੀ ਜਾਂ ਸੰਸਥਾ ਨੂੰ ਚੀਰ ਕੇ ਰੱਖ ਦੇਵੇਗਾ ਜੋ ਉਸ ਦੀਆਂ ਨੀਤੀਆਂ ਜਾਂ ਉਸ ਵੱਲੋਂ ਕੀਤੀਆਂ ਜਾ ਰਹੀਆਂ ਨਿਯੁਕਤੀਆਂ ਦੇ ਰਾਹ ਵਿੱਚ ਰੋੜਾ ਬਣੇਗੀ। ਪਿਛਲੀ ਵਾਰ ਦਾ ਕੌੜਾ ਤਜਰਬਾ ਦੱਸਦਾ ਹੈ ਕਿ ਕਿਵੇਂ ਉਸ ਨੂੰ ਕੁਝ ਮਹੱਤਵਪੂਰਨ ਨਿਯੁਕਤੀਆਂ ਲਈ 2 ਸਾਲ ਤੱਕ ਦੀ ਉਡੀਕ ਕਰਨੀ ਪਈ।

ਡੋਨਾਲਡ ਟਰੰਪ ਅਗਲੇ ਸਾਲ 20 ਜਨਵਰੀ ਨੂੰ ਆਪਣਾ 47ਵੇਂ ਰਾਸ਼ਟਰਪਤੀ ਵਜੋਂ ਪਦ ਸੰਭਾਲੇਗਾ। ਆਪਣੇ 4 ਸਾਲਾ ਸ਼ਾਸਨ ਦੀ ਵਧੀਆ ਅਤੇ ਗਤੀਸ਼ੀਲ ਸ਼ੁਰੂਆਤ ਲਈ ਉਹ ਉਸ ਤੋਂ ਪਹਿਲਾਂ ਆਪਣੇ ਕੈਬਨਿਟ ਸਹਿਯੋਗੀਆਂ, ਸਲਾਹਕਾਰਾਂ ਅਤੇ ਸੰਵਿਧਾਨਕ ਪਦਾਂ ’ਤੇ ਆਪਣੇ ਮਨਮਰਜ਼ੀ ਦੇ ਵਿਅਕਤੀਆਂ ਦੀਆਂ ਨਿਯੁਕਤੀਆਂ ਕਰ ਲੈਣਾ ਚਾਹੁੰਦਾ ਹੈ। ਇਸ ਮੰਤਵ ਲਈ ਉਹ ਨਿੱਤ ਨਿਯੁਕਤੀਆਂ ਸਬੰਧੀ ਨਾਮਜ਼ਦਗੀਆਂ ਐਲਾਨ ਰਿਹਾ ਹੈ। ਪਿਛਲੀ ਵਾਰ ਇਸ ਕਾਰਜ ਵਿਚ ਉਸ ਦੀ ਲੜਕੀ ਇਵਾਂਕਾ ਟਰੰਪ ਅਤੇ ਉਸ ਦਾ ਪਤੀ ਜਾਰਡ ਕੁਸ਼ਨਰ ਮਦਦ ਕਰਦੇ ਵਿਖਾਈ ਦਿੱਤੇ ਸਨ। ਪਰ ਇਸ ਵਾਰ ਇਸ ਮੰਤਵ ਲਈ ਉਸ ਦਾ ਵੱਡਾ ਪੁੱਤਰ ਡਾਨ ਜੂਨੀਅਰ ਟਰੰਪ ਮਦਦ ਕਰ ਰਿਹਾ ਹੈ।



ਅਮਰੀਕਾ ਅੰਦਰ ਨਵੇਂ ਰਾਸ਼ਟਰਪਤੀ ਦੀ ਚੋਣ ਕਰਕੇ 10 ਲੱਖ ਨਿਯੁਕਤੀਆਂ ਉੱਪਰਲੇ ਪੱਧਰ ਤੋਂ ਲੈ ਕੇ ਹੇਠਲੇ ਪੱਧਰ ਤੱਕ ਪ੍ਰਭਾਵਿਤ ਹੁੰਦੀਆਂ ਹਨ। ਲਗਪਗ 50 ਹਜ਼ਾਰ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਹੁੰਦੀਆਂ ਹਨ। ਇਨ੍ਹਾਂ ਵਿੱਚੋਂ 4000 ਕਾਰਜਕਾਰੀ ਬਰਾਂਚ ਨਾਲ ਸਬੰਧਿਤ ਹੁੰਦੀਆਂ ਹਨ। ਇਨ੍ਹਾਂ ਵਿੱਚੋਂ ਮਹੱਤਵਪੂਰਨ 1200 ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਦੀ ਮਨਜ਼ੂਰੀ ਸੈਨੇਟ ਤੋਂ ਲੈਣੀ ਜ਼ਰੂਰੀ ਹੁੰਦੀ ਹੈ। ਅਮਰੀਕੀ ਸੰਵਿਧਾਨ ਦੇ ਆਰਟੀਕਲ 2, ਸੈਕਸ਼ਨ 2, ਕਲਾਜ਼ 2 ਅਨੁਸਾਰ ਅਮਰੀਕੀ ਰਾਸ਼ਟਰਪਤੀ ਰਾਜਦੂਤਾਂ, ਪਬਲਿਕ ਮੰਤਰੀਆਂ, ਸੁਪਰੀਮ ਕੋਰਟ ਦੇ ਜੱਜਾਂ, ਸਲਾਹਕਾਰਾਂ ਅਤੇ ਹੋਰ ਅਧਿਕਾਰੀਆਂ ਦੀਆਂ ਨਿਯੁਕਤੀਆਂ ਸੈਨੇਟ ਦੀ ਸਲਾਹ ਅਤੇ ਮਨਜ਼ੂਰੀ ਨਾਲ ਕਰੇਗਾ। ਇਨ੍ਹਾਂ ਨਿਯੁਕਤੀਆਂ ਦੀ ਮਨਜ਼ੂਰੀ ਸੈਨੇਟ ਬਹੁਮਤ ਨਾਲ ਦਿੰਦੀ ਹੈ। ਪਰ ਕਈ ਵਾਰ ਇਨ੍ਹਾਂ ਨੂੰ ਸੈਨੇਟ ਦੀ ਮਾਹਿਰ ਕਮੇਟੀ ਕੋਲ ਛਾਣਬੀਣ ਲਈ ਭੇਜ ਦਿੱਤਾ ਜਾਂਦਾ ਹੈ। ਕਈ ਨਿਯੁਕਤੀਆਂ ਬਾਰੀਕੀ ਨਾਲ ਛਾਣਬੀਣ ਲਈ ਐੱਫ਼ਬੀਆਈ ਕੋਲ ਭੇਜਣੀਆਂ ਪੈਂਦੀਆਂ ਹਨ। ਸੋ ਐਸੀਆਂ ਨਿਯੁਕਤੀਆਂ ਦੀ ਮਨਜ਼ੂਰੀ ਲਈ ਦੋ ਸਾਲ ਤੱਕ ਲੱਗ ਜਾਂਦੇ ਹਨ। ਟਰੰਪ ਦੇ 45ਵੇਂ ਰਾਸ਼ਟਰਪਤੀ ਕਾਰਜਕਾਲ ਦਾ ਤਜਰਬਾ ਦਰਸਾਉਂਦਾ ਹੈ ਕਿ ਉਸ ਦੇ ਪਹਿਲੇ ਸਾਲ ਵਿੱਚ ਸਿਰਫ਼ 320 ਨਿਯੁਕਤੀਆਂ ਸੈਨੇਟ ਵੱਲੋਂ ਮਨਜ਼ੂਰ ਕੀਤੀਆਂ ਗਈਆਂ ਸਨ। ਇਸ ਵਾਰ ਸੈਨੇਟ ਵਿੱਚ ਰਿਪਬਲਿਕਨ ਬਹੁਮਤ ’ਚ ਹੋਣ ਕਰ ਕੇ ਉਹ ਚਾਹੁੰਦਾ ਹੈ ਕਿ ਨਿਯੁਕਤੀਆਂ ਵਿੱਚ ਰੋਕ ਨਾ ਪਾਈ ਜਾਏ ਅਤੇ ਨਾ ਹੀ ਉਹ ਐੱਫ਼.ਬੀ.ਆਈ. ਨੂੰ ਭੇਜੀਆਂ ਜਾਣ। ਫ਼ਿਰ ਵੀ ਉਹ ਇਸ ਵਾਰ ਕੋਈ ਜੋਖ਼ਮ ਨਹੀਂ ਉਠਾਉਣਾ ਚਾਹੁੰਦਾ। ਇਸ ਲਈ ਉਹ ਸੰਵਿਧਾਨਕ ‘ਵਿਸ਼ਰਾਮ ਨਿਯੁਕਤੀਆਂ’ ਸਬੰਧੀ ਕਲਾਜ਼ ਦੀ ਵਰਤੋਂ ਕਰਨਾ ਚਾਹੁੰਦਾ ਹੈ।

ਇਨ੍ਹਾਂ ਨਿਯੁਕਤੀਆਂ ਤੋਂ ਭਾਵ ਹੈ ਕਿ ਜਦੋਂ ਸੈਨੇਟ ਦਾ ਸਦਨ ਸੈਸ਼ਨ ਵਿੱਚ ਨਾ ਹੋਵੇ। ਪਰ ਵਿਸ਼ਰਾਮ ਘੱਟੋ-ਘੱਟ 10 ਦਿਨ ਦਾ ਹੋਣਾ ਚਾਹੀਦਾ ਹੈ। ਇਸ ਦੌਰਾਨ ਰਾਸ਼ਟਰਪਤੀ ਲੋੜੀਂਦੇ ਪਦਾਂ ’ਤੇ ਨਿਯੁਕਤੀਆਂ ਕਰ ਸਕਦਾ ਹੈ ਸੈਨੇਟ ਦੀ ਮਨਜ਼ੂਰੀ ਬਗੈਰ। ਸੈਨੇਟ ਦੀ ਮਨਜ਼ੂਰੀ ਬਗੈਰ ਨਿਯੁਕਤ ਕੀਤੇ ਅਧਿਕਾਰੀ ਓਨਾ ਚਿਰ ਤਨਖ਼ਾਹ-ਭੱਤਿਆਂ ਤੋਂ ਮਹਿਰੂਮ ਰਹਿਣਗੇ ਜਿੰਨਾ ਚਿਰ ਉਨ੍ਹਾਂ ਨੂੰ ਮਨਜ਼ੂਰੀ ਨਹੀਂ ਮਿਲਦੀ। ਸੰਨ 2026 ਤੱਕ ਅਜਿਹੀ ਪ੍ਰਕਿਰਿਆ ਰਾਹੀਂ ਵਿਅਕਤੀ ਆਪਣੇ ਅਹੁਦਿਆਂ ’ਤੇ ਬਣੇ ਰਹਿ ਸਕਣਗੇ। ਸੰਨ 2014 ਵਿੱਚ ਅਮਰੀਕੀ ਸੁਪਰੀਮ ਕੋਰਟ ਨੇ ਇੱਕ ਨਿਰਣੇ ਰਾਹੀਂ ਅਜਿਹੀਆਂ ਨਿਯੁਕਤੀਆਂ ’ਤੇ ਮੋਹਰ ਲਗਾ ਦਿੱਤੀ ਸੀ। ਰਾਸ਼ਟਰਪਤੀ ਆਪਣਾ ਕੰਮ ਭਲੀਭਾਂਤ ਚਲਾਉਣ ਲਈ ਅਜਿਹੀਆਂ ਨਿਯੁਕਤੀਆਂ ਕਰ ਸਕਦਾ ਹੈ ਜਦੋਂ ਸੈਨੇਟ ਸੈਸ਼ਨ ਵਿੱਚ ਨਾ ਹੋਵੇ। ਟਰੰਪ ਤਾਂ ਹੋਰ ਅੱਗੇ ਛਾਲ ਮਾਰਨ ਲਈ ਵੀ ਬਜ਼ਿੱਦ ਹੈ। ਉਹ ਸੈਨੇਟ ਦੇ ਵਿਸ਼ਰਾਮ ਕਾਲ ਦੀ ਉਡੀਕ ਵੀ ਨਹੀਂ ਕਰਨਾ ਚਾਹੁੰਦਾ। ਉਹ ਬਲਕਿ ਸੈਨੇਟ ਨੂੰ ਅਜਿਹੀਆਂ ਨਿਯੁਕਤੀਆਂ ਲਈ ਸੈਸ਼ਨ ਮੁਲਤਵੀ ਕਰਨ ਲਈ ਵੀ ਕਹੇਗਾ। ਹਕੀਕਤ ਵਿੱਚ ਅਮਰੀਕੀ ਰਾਜਨੀਤੀ ਦਾ ਧੁਰਾ ਧਨ ਹੈ ਜਿਸ ਦੁਆਲੇ ਉਹ ਉਵੇਂ ਹੀ ਲਿਪਟੀ ਨਜ਼ਰ ਆਵੇਗੀ ਜਿਵੇਂ ਇੱਕ ਵੇਲ੍ਹ ਕਿਸੇ ਦਰਖ਼ਤ ਦੇ ਤਣੇ ਦੁਆਲੇ। ਲਗਪਗ 25 ਸਾਲ ਪਹਿਲਾਂ ਜਾਰਜ ਡਬਲਯੂ. ਬੁਸ਼ ਨੇ ਕਿਹਾ ਸੀ ਕਿ ਲੋਕ ਇਨ੍ਹਾਂ ਧਨੀ ਵਿਅਕਤੀਆਂ ਨੂੰ ਕੁਲੀਨ ਕਹਿੰਦੇ ਹਨ ਪਰ ਇਹ ਮੇਰੀ ਰਾਜਨੀਤੀ ਦਾ ਆਧਾਰ ਹਨ। ਇਹ ਲੋਕ ਰਿਪਬਲਿਕਨਾਂ ਅਤੇ ਡੈਮੋਕ੍ਰੈਟਾਂ ਨਾਲ ਹੁੰਦੇ ਹਨ।

ਇਹ ਉਨ੍ਹਾਂ ਲੋਕਾਂ ਦਾ ਖ਼ੂਨ ਚੂਸ ਕੇ ਧਨਾਢ ਬਣੇ ਹੋਏ ਹੁੰਦੇ ਹਨ ਜਿਨ੍ਹਾਂ ਨੂੰ ਵੋਟ ਪਾਉਣ ਲਈ ਸ਼ਿਸ਼ਕਾਰਦੇ ਹਨ। ਟਰੰਪ ਵੀ ਇੱਕ ਅਜਿਹਾ ਵਿਅਕਤੀ ਹੈ ਜੋ ਖ਼ੁਦ ਧਨਾਢ ਹੈ ਅਤੇ ਧਨਾਢਾਂ ਦਾ ਪਾਲਕ ਹੈ। ਆਪਣੇ ਪਹਿਲੇ ਕਾਰਜਕਾਲ 2017-21 ਵਿੱਚ ਉਸ ਨੇ ਅਮਰੀਕੀ ਇਤਿਹਾਸ ਵਿੱਚ ਪਹਿਲੀ ਵਾਰ ਧਾਨਾਢਾਂ ਨੂੰ 1.5 ਟ੍ਰਿਲੀਅਨ ਡਾਲਰ ਦੀ ਟੈਕਸ ਰਾਹਤ ਦਿੱਤੀ ਟੈਕਸ ਕਟੌਤੀ ਕਰ ਕੇ। ਹੈਰਾਨੀ ਇਸ ਗੱਲ ਦੀ ਸੀ ਕਿ ਖਰਬਪਤੀ ਧਨਾਢ ਉਸ ਦੇ ਕਾਰਜਕਾਲ ਵਿੱਚ ਆਮ ਕਾਮੇ ਨਾਲੋਂ ਘੱਟ ਦਰ ’ਤੇ ਟੈਕਸ ਅਦਾ ਕਰਦਾ ਸੀ। ਐਲਨ ਮਸਕ ਜੋ 100 ਕੰਪਨੀਆਂ ਦਾ ਮਾਲਕ ਹੈ, ਨੇ ਸੰਨ 2004 ਵਿੱਚ ਜਾਰਜ ਬੁਸ਼ ਦੀ ਮਦਦ ਕਰਨ ਵਾਲੀਆਂ 42 ਕੰਪਨੀਆਂ ਦੇ ਮੁਖੀਆਂ ਬਰਾਬਰ ਟਰੰਪ ਦੀ ਰਿਪਬਲਿਕਨ ਪਾਰਟੀ ਨੂੰ ਦਾਨ ਦਿੱਤਾ। ਹਕੀਕਤਨ ਸਭ ਦੇਸ਼ਾਂ ਵਿੱਚ ਧਨਾਢ ਰਾਜਨੀਤੀ ਵਿਚ ਭਵਿੱਖੀ ਲਾਹੇ ਲਈ ਨਿਵੇਸ਼ ਕਰਦੇ ਹਨ।

ਇਸ ਸਮੇਂ ਟਰੰਪ ਧੜਾ-ਧੜ ਆਪਣੇ ਸ਼ਾਸਨ ਲਈ ਨਿਯੁਕਤੀਆਂ ਕਰ ਰਿਹਾ ਹੈ। ਇਸ ਲਈ ਉਹ ਵਿਵਾਦਤ ਅਤੇ ਅਪਰਾਧਕ ਸ਼ਖ਼ਸੀਅਤਾਂ ਵੀ ਨਿਯੁਕਤ ਕਰ ਰਿਹਾ ਹੈ। ਐਲਨ ਮਸਕ ਅਤੇ ਭਾਰਤੀ ਮੂਲ ਦੇ ਵਿਵੇਕ ਰਾਮਾਸਵਾਮੀ ਨੂੰ ਸਰਕਾਰੀ ਕੁਸ਼ਲਤਾ ਵਿਭਾਗ ਵਿੱਚ ਨਿਯੁਕਤ ਕੀਤਾ ਹੈ। ਇਹ ਹਰ ਸਾਲ ਬਜਟ ਵਿੱਚ 2 ਟ੍ਰਿਲੀਅਨ ਖ਼ਰਚਾ ਘਟਾਉਣ ਦੀ ਗੱਪ ਛੱਡ ਰਹੇ ਹਨ। ਸਭ ਅਮਰੀਕੀ ਰਾਸ਼ਟਰਪਤੀਆਂ ਨੇ ਜਿੱਥੇ ਦੇਸ਼ ਸਿਰ 20 ਟ੍ਰਿਲੀਅਨ ਡਾਲਰ ਦਾ ਕਰਜ਼ਾ ਚੜ੍ਹਾਇਆ, ਇਕੱਲੇ ਟਰੰਪ ਨੇ ਉੱਥੇ 2017-21 ਵਿਚ 8 ਟ੍ਰਿਲੀਅਨ ਦਾ ਕਰਜ਼ਾ ਚੜ੍ਹਾਇਆ ਸੀ।

ਪੀਟ ਹੈਗਸਥ ਰੱਖਿਆ ਸਕੱਤਰ, ਰਾਬਰਟ ਐੱਫ਼. ਕੈਨੇਡੀ ਜੂਨੀਅਰ ਸਿਹਤ, ਡਗ ਬਰਗਮ ਅੰਦਰੂਨੀ ਸਕੱਤਰ, ਮਾਰਕੋ ਰੂਬੀਓ ਗ੍ਰਹਿ ਸਕੱਤਰ, ਕੈਂਟਰ ਫ਼ਿਟਜ਼ਗੇਰਾਲਡ ਕੰਪਨੀ ਦਾ ਚੇਅਰਮੈਨ ਹਾਵਰਡ ਲੁਟਨਿਕ ਵਣਜ ਸਕੱਤਰ, ਪਹਿਲਵਾਨ ਲਿਡਾ ਮੈਕਮੋਹਨ ਸਿੱਖਿਆ ਸਕੱਤਰ, ਕ੍ਰਿਸਟੀ ਨੋਇਮ ਹੋਮਲੈਂਡ ਸੁਰੱਖਿਆ ਸਕੱਤਰ, ਉੱਘਾ ਕੌਮਾਂਤਰੀ ਨਿਵੇਸ਼ਕ ਸਟਾਕ ਬੇਸੈਂਟ ਖ਼ਜ਼ਾਨਾ ਸਕੱਤਰ, ਕਾਂਗਰਸ ਮੈਂਬਰ ਲੋਰੀ ਚਾਵੇਜ਼ ਕਿਰਤ ਸਕੱਤਰ, ਸਕਾਟ ਟਰਨਰ ਆਵਾਸ ਅਤੇ ਸ਼ਹਿਰੀ ਵਿਕਾਸ ਸਕੱਤਰ, ਬਰੁੱਕ ਰਿਸ ਖੇਤੀ ਸਕੱਤਰ, ਡੀਪ ਸਟੇਟ ਕਾਰਨਾਮਿਆਂ ਲਈ ਬਦਨਾਮ ਤੁਲਸੀ ਗੋਬਰਡ ਸਾਂਸਦ ਡਾਇਰੈਕਟਰ ਰਾਸ਼ਟਰੀ ਗੁਪਤਚਰ ਵਿਭਾਗ, ਡਾ. ਜੈਨੇਟ ਸਰਜਨ ਜਨਰਲ, ਮਾਰਟੀ ਮਾਕਰੀ ਐੱਫ਼ਡੀਏ ਕਮਿਸ਼ਨਰ ਆਦਿ ਸਮੇਤ ਨਿਯੁਕਤੀਆਂ ਧੜਾਧੜ ਹੋ ਰਹੀਆਂ ਹਨ। ਅਟਾਰਨੀ ਜਨਰਲ ਵਜੋਂ ਨਿਯੁਕਤ ਮੱਟ ਗੈਟਜ਼ ਦੀ ਥਾਂ 59 ਸਾਲਾ ਕਾਨੂੰਨੀ ਮਾਹਿਰ ਪਾਮ ਬਾਂਡੀ ਨਿਯੁਕਤ ਕੀਤੀ ਕਿਉਂਕਿ ਮੱਟ ਗੈਟਜ਼ ਨਾਬਾਲਗ ਲੜਕੀ ਦੇ ਸ਼ੋਸ਼ਣ ਅਤੇ ਡਰੱਗ ਲੈਣ ਦੇ ਦੋਸ਼ਾਂ ਕਰ ਕੇ ਲਾਂਭੇ ਹੋ ਗਿਆ।

ਟਰੰਪ ਅਮਰੀਕਾ ਵਿੱਚੋਂ 13 ਮਿਲੀਅਨ ਗ਼ੈਰ ਕਾਨੂੰਨੀ ਪਰਵਾਸੀਆਂ ਨੂੰ ਆਪਣੀ ਦੂਸਰੀ ਪਾਰੀ ਦੇ ਪਹਿਲੇ ਦਿਨ ਤੋਂ ਦੇਸ਼ ਵਿੱਚੋਂ ਬਾਹਰ ਸੁੱਟਣ ਦਾ ਪ੍ਰੋਗਰਾਮ ਸ਼ੁਰੂ ਕਰੇਗਾ। ਪਿਛਲੇ ਕਾਰਜਕਾਲ ਵਿੱਚ ਉਸ ਨੇ 1.5 ਮਿਲੀਅਨ ਗ਼ੈਰ ਕਾਨੂੰਨੀ ਪਰਵਾਸੀ ਬਾਹਰ ਕੱਢੇ ਸਨ। ਇਸ ਮੰਤਵ ਲਈ ਅਲੀਨ ਐਨੀਮੀ ਐਕਟ 1798 ਅਤੇ ਰਾਸ਼ਟਰਪਤੀ ਆਈਜ਼ਨਹਾਵਰ ਦਾ 1954 ਮਾਡਲ ਅਮਲ ਵਿਚ ਲਿਆਵੇਗਾ। ਇਸ ਕਾਰਜ ’ਤੇ 315 ਬਿਲੀਅਨ ਡਾਲਰ ਖ਼ਰਚ ਆਉਣਗੇ।

(ਬਾਕੀ ਸਫ਼ਾ 31 ’ਤੇ)

# ਪੰਜਾਬ ਦੀ ਸਮਝ ਅਤੇ ਵਰਤਾਰੇ ਦਾ ਸਿਆਸੀ ਪ੍ਰਸੰਗ

ਬਲਕਾਰ ਸਿੰਘ ਪ੍ਰੋਫ਼ੈਸਰ

ਗੁਰੂ ਦੇ ਨਾਮ ’ਤੇ ਜਿਊਣ ਵਾਲਾ ਪੰਜਾਬ ਜੇ ਇਸ ਵੇਲੇ ਲੱਭਦਾ ਨਹੀਂ ਜਾਂ ਨਜ਼ਰ ਨਹੀਂ ਆਉਂਦਾ ਤਾਂ ਪੰਜਾਬੀਆਂ ਮੁਤਾਬਿਕ, ਇਸ ਵੇਲੇ ਦਾ ਪੰਜਾਬ ਵੀ ਕਿਧਰੇ ਨਜ਼ਰ ਨਹੀਂ ਆ ਰਿਹਾ। ਇਸ ਨੂੰ ਪੰਜਾਬ ਦੀ ਚੇਤਨਾ ਲਹਿਰ ਤੋਂ ਸਿਆਸੀ ਜੁਗਾੜਬੰਦੀ ਤੱਕ ਪਹੁੰਚ ਗਏ ਪੰਜਾਬ ਵਾਂਗ ਦੇਖੀਏ ਤਾਂ ਭਾਈਚਾਰਕ ਸਾਂਝ ਤੋਂ ਵੋਟ ਬੈਂਕ ਦੀ ਸਿਆਸਤ ਤੱਕ ਪਹੁੰਚੇ ਪੰਜਾਬ ਵਾਂਗ ਸਮਝਿਆ ਅਤੇ ਸਮਝਾਇਆ ਜਾ ਸਕਦਾ ਹੈ। ਇਸ ਦੇ ਨਾਲ-ਨਾਲ ਪੰਜਾਬ ਦੀ ਵਿਰਾਸਤ ਪ੍ਰਤੀ ਪੰਜਾਬੀ ਵਾਰਸਾਂ ਦੀ ਅਣਗਹਿਲੀ ਦਾ ਹਾਲ ਇਹ ਹੋ ਗਿਆ ਹੈ ਕਿ ਬੇਗਾਨਿਆਂ ਦੀ ਪੰਜਾਬ ਸੰਭਾਲ ਵੱਲ ਵੀ ਪੰਜਾਬੀਆਂ ਦਾ ਧਿਆਨ ਪੁਸਤਕ ਸਭਿਆਚਾਰ ਦੀ ਘਾਟ ਕਰ ਕੇ ਨਹੀਂ ਗਿਆ। ਪੰਜਾਬੀ ਨਾਬਰੀ, ਆਪਣੇ ਆਪ ਪ੍ਰਤੀ ਇਸ ਹੱਦ ਤੱਕ ਨਾਬਰ ਰਹੀ ਹੈ ਕਿ ਪੰਜਾਬੀਆਂ ਸੀ ਬਾਗ਼ੀ ਸੁਰ, ਜਿੰਨਾ ਮਰਨ ਵਾਸਤੇ ਤਤਪਰ ਰਹੀ ਹੈ, ਓਨਾ ਜਿਊਣ ਵਾਸਤੇ ਉਤਸੁਕ ਰਹੀ ਨਹੀਂ ਜਾਪਦੀ। ਪੰਜਾਬੀ, ਸੁਭਾ ਵਜੋਂ ਤਬਦੀਲੀ ਦਾ ਮੁਦਈ ਰਿਹਾ ਹੈ ਪਰ ਵਿਹਾਰ ਵਿਚ ਤਬਦੀਲੀ ਵਾਸਤੇ ਬੇਗਾਨਿਆਂ ਦੇ ਏਜੰਡੇ ਮੁਤਾਬਿਕ ਹੀ ਵਰਤਿਆ ਜਾਂਦਾ ਰਿਹਾ ਹੈ। ਇਸੇ ਕਰ ਕੇ ਪੰਜਾਬੀਆਂ ਨੂੰ ਵਿਰੋਧੀਆਂ ਨਾਲ ਲੜਨਾ ਤਾਂ ਜਿਸ ਤਰ੍ਹਾਂ ਖ਼ੂਬ ਆਉਂਦਾਹੈ, ਉਸ ਤਰ੍ਹਾਂ ਆਪਣੇ ਆਪ ਨਾਲ ਲੜਨਾ ਨਹੀਂ ਆਉਂਦਾ। ਪੰਜਾਬ ਦੀ ਬਜ਼ੁਰਗਾਨਾ ਸਿਆਣਪ ਇਹ ਰਹੀ ਕਿ ਜੇ ਸੁਨਣਾ ਨਹੀਂ, ਸਮਝਣਾ ਨਹੀਂ ਤਾਂ ਜਾਹ ਫ਼ਿਰ ਗਾਉਂਦਾ ਫ਼ਿਰ! ਇਸ ਵਰਤਾਰੇ ਨੇ ਇੱਥੇ ਲੈ ਆਂਦਾ ਹੈ ਕਿ ਆਪੇ ਫ਼ਾਥੜੀਏ ਤੈਨੂੰ ਕੌਣ ਛੁਡਾਵੇ!

ਪੰਜਾਬ ਨੂੰ ਦਰਪੇਸ਼ ਮਸਲਿਆਂ ਦੀ ਨਿਸ਼ਾਨਦੇਹੀ ਨਾ ਕਰ ਸਕਣ ਵਾਲੇ ਵੀ ਕਿੰਨੇ ਫ਼ਿਕਰਮੰਦ ਹਨ, ਇਸ ਦਾ ਅੰਦਾਜ਼ਾ ਹਰ ਤਰ੍ਹਾਂ ਦੇ ਮੀਡੀਆ ਪ੍ਰਗਟਾਵਿਆਂ ਤੋਂ ਲਾਇਆ ਜਾ ਸਕਦਾ ਹੈ। ਮੀਡੀਆ ਪ੍ਰਗਟਾਵਿਆਂ ਨਾਲ ਓਨਾ ਸੁਧਰਿਆ ਨਹੀਂ ਜਾਪਦਾ ਜਿੰਨਾ ਵਿਗੜਿਆ ਨਜ਼ਰ ਆ ਰਿਹਾ ਹੈ। ਸਿਆਸਤ ਨੇ ਮੀਡੀਆ ਨੂੰ ਬਾਜ਼ਾਰ ਵਿਚੋਂ ਕੱਢ ਕੇ ਬਾਜ਼ਾਰਵਾਦ ਵਿੱਚ ਸਿਆਸੀ ਚਤੁਰਾਈ ਦੁਆਰਾ ਇਸ ਤਰ੍ਹਾਂ ਟਿਕਾ ਦਿੱਤਾ ਹੈ ਕਿ ਚੇਤਨਾ ਪਰਤਾਂ ਵੀ ਬਾਜ਼ਾਰੀਕਰਨ ਦੀ ਪੈਰਵਾਈ ਕਰਦੀਆਂ ਨਜ਼ਰ ਆਉਣ ਲੱਗ ਪਈਆਂ ਹਨ। ਭਰਮਾਊ ਤਿਫ਼ਲ-ਤਸੱਲੀਆਂ ਦੀ ਸਿਆਸਤ ਨੂੰ ਇਸ ਦਾ ਹਾਸਲ ਮੰਨ ਲਿਆ ਗਿਆ ਹੈ। ਸੁਤੰਤਰ ਭਾਰਤ ਦੀ ਵਰਤਮਾਨ ਸਿਆਸਤ ਬਰਾਸਤਾ ਜਗੀਰਦਾਰੀ ਸਿਆਸਤ, ਸਰਮਾਏਦਾਰੀ ਸਿਆਸਤ ਅਤੇ ਕਾਰਪੋਰੇਟੀ ਸਿਆਸਤ ਤੱਕ ਪਹੁੰਚ ਗਈ ਹੈ। ਇਸ ਨੂੰ ਖੱਬੇ ਅਤੇ ਸੱਜੇ ਉਲਾਰ ਦੀ ਸਿਆਸਤ ਨਾਲ ਨਿਭਦਿਆਂ ਰਾਸ਼ਟਰਵਾਦੀ ਸਿਆਸਤ ਤੱਕ ਪਹੁੰਚਣਾ ਪੈ ਗਿਆ ਹੈ। ਇਸ ਨੂੰ ਸੱਜੇ ਉਲਾਰ ਦੀ ਸਿਆਸੀ ਅਜਾਰੇਦਾਰੀ ਵੀ ਕਿਹਾ ਜਾ ਸਕਦਾ ਹੈ। ਇਸ ਦੀ ਮੋਢੀ ਆਰ.ਐੱਸ.ਐੱਸ., ਦੇਸ਼ ਦੀ ਵੰਡ ਵੇਲੇ ਵੀ ਸਰਗਰਮ ਸੀ ਪਰ ਸੁਤੰਤਰ ਭਾਰਤ ਦੀ ਸਿਆਸਤ ਵਿਚ ਆਰ.ਐੱਸ.ਐੱਸ. ਦੇ ਪੈਰ ਉਸ ਤਰ੍ਹਾਂ ਨਹੀਂ ਲੱਗੇ ਸਨ, ਜਿਵੇਂ 2014 ਤੋਂ ਲਗਾਤਾਰ ਭਾਜਪਾ ਦੀ ਅਗਵਾਈ ਵਿਚ ਲੱਗੇ ਹੋਏ ਹਨ। ਕਾਂਗਰਸ ਦੇ ਕੇਂਦਰੀਕਰਨ ਦੀ ਸਿਆਸਤ ਸੂਬਾਈ ਸਿਆਸਤ ਦਾ ਉਸ ਤਰ੍ਹਾਂ ਨੁਕਸਾਨ ਨਹੀਂ ਕਰ ਸਕੀ ਸੀ ਜਿਸ ਤਰ੍ਹਾਂ ਦਾ ਸੂਬਾਈ ਸਿਆਸਤ ਦਾ ਨੁਕਸਾਨ ਭਾਜਪਾ ਦੀ ਅਗਵਾਈ ਵਿੱਚ ਸਾਹਮਣੇ ਆ ਰਿਹਾ ਹੈ। ਭਾਜਪਾ ਦਾ ਆਰ.ਐੱਸ.ਐੱਸ. ਨਾਲ ਉਹੋ ਜਿਹਾ ਰਿਸ਼ਤਾ ਹੈ ਜਿਹੋ ਜਿਹਾ ਕਿਸੇ ਵੇਲੇ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਰਿਹਾ ਸੀ ਪਰ ਆਰ.ਐੱਸ.ਐੱਸ. ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਿਧਾਂਤਕ ਧਰਾਤਲ ਬਿਲਕੁਲ ਵੱਖਰੀ-ਵੱਖਰੀ ਹੈ। ਸਿਆਸੀ ਸੁਰ ਵਿੱਚ ਜਿਵੇਂ ਸ਼੍ਰੋਮਣੀ ਅਕਾਲੀ ਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅਪਹਰਨ ਕਰ ਲਿਆ ਸੀ, ਬਿਲਕੁਲ ਉਸੇ ਤਰ੍ਹਾਂ ਆਰ.ਐੱਸ.ਐੱਸ. ਦੇ ਅਪਹਰਨ ਦਾ ਸੰਘਰਸ਼ ਵੀ ਚੱਲ ਰਿਹਾ ਹੈ। ਇਸੇ ਦੀ ਰੌਸ਼ਨੀ ਵਿੱਚ ਪੰਜਾਬ ਦੀ ਸਿਆਸੀ ਸਮਝ ਅਤੇ ਸਿਧਾਂਤਕ ਵਰਤਾਰੇ ਨੂੰ ਦੇਖਿਆ ਵੀ ਜਾਣਾ ਚਾਹੀਦਾ ਹੈ ਅਤੇ ਸਮਝਿਆ ਵੀ ਜਾਣਾ ਚਾਹੀਦਾ ਹੈ।



ਪੰਜਾਬ ਜਿਸ ਮਾਤਰਾ ਵਿੱਚ ਗੁਰੂ ਕਾ ਪੰਜਾਬ ਹੋਣ ਤੋਂ ਥਿੜਕਦਾ ਗਿਆ ਹੈ, ਉਸੇ ਮਾਤਰਾ ਵਿੱਚ ਕਮਜ਼ੋਰ ਹੁੰਦਾ ਗਿਆ ਹੈ। ਦੇਸ਼ ਦੀ ਵੰਡ ਵੇਲੇ ਤੋਂ ਪੰਜਾਬ ਦੀ ਸਿਆਸਤ ਕਾਂਗਰਸ ਦੇ ਸਹਿਯੋਗ ਨਾਲ ਚੱਲਦੀ ਰਹੀ ਹੈ। ਨਾਮਵਰ ਪੰਜਾਬੀਆਂ ਦੀ ਕਾਂਗਰਸੀ ਸਿਆਸਤ ਵਿੱਚ ਜਿਸ ਤਰ੍ਹਾਂ ਦੀ ਭੂਮਿਕਾ ਰਹੀ ਹੈ, ਉਹ ਪ੍ਰਕਾਸ਼ ਸਿੰਘ ਬਾਦਲ ਦੀ ਭਾਜਪਾ ਨਾਲ ਨਹੁੰ ਮਾਸ ਦੀ ਸਿਆਸੀ ਭਾਈਵਾਲੀ ਵੇਲੇ ਨਹੀਂ ਰਹੀ ਸੀ। ਸੂਬਾਈ ਸਿਆਸਤ ਨੂੰ ਕੇਂਦਰ ਵਿਚਲੀਆਂ ਦੋਹਾਂ ਪਾਰਟੀਆਂ ਕਾਂਗਰਸ ਅਤੇ ਭਾਜਪਾ ਵਿਚੋਂ ਇੱਕ ਨਾਲ ਰਹਿਣ ਦੀ ਸਿਆਸਤ ਤਾਂ ਸਮਝ ਆਉਂਦੀ ਹੈ ਪਰ ਸੂਬਾਈ ਪਾਰਟੀਆਂ ਨੂੰ ਜਿਸ ਮਾਤਰਾ ਵਿੱਚ ਭਾਜਪਾ ਨਿਗਲ ਜਾਣ ਦੀ ਕੋਸ਼ਿਸ਼ ਕਰ ਰਹੀ ਹੈ, ਉਸ ਮਾਤਰਾ ਵਿੱਚ ਕਾਂਗਰਸ ਨਹੀਂ ਕਰ ਸਕੀ ਸੀ। ਇਸ ਨੂੰ ਇਉਂ ਵੀ ਸਮਝਿਆ ਜਾ ਸਕਦਾ ਹੈ ਕਿ ਕਾਂਗਰਸ ਸੂਬਾਈ ਸਿਆਸਤ ਨੂੰ ਮਿੱਧ ਕੇ ਨਾਲ ਲੈਣ ਦੀ ਕੋਸ਼ਿਸ਼ ਕਰਦੀ ਸੀ ਅਤੇ ਭਾਜਪਾ ਮਾਰ ਕੇ ਆਪਣੇ ਅੰਦਰ ਜਜ਼ਬ ਕਰਨ ਦੀ ਕੋਸ਼ਿਸ਼ ਕਰਦੀ ਨਜ਼ਰ ਆ ਰਹੀ ਹੈ। ਇਹ ਕਾਂਗਰਸ ਸਮੇਤ ਸਭ ਨੇ ਮੰਨ ਲਿਆ ਹੈ ਕਿ 1984 ਵਾਲਾ ਅਪਰੇਸ਼ਨ ਨੀਲਾ ਤਾਰਾ ਅਤੇ ਸਿੱਖਾਂ ਦਾ ਨਸਲਘਾਤ ਸਿਆਸੀ ਬਦਲਾਖੋਰੀ ਵਾਸਤੇ ਚੁੱਕਿਆ ਗਿਆ ਗ਼ਲਤ ਅਤੇ ਨਿੰਦਣਯੋਗ ਵਰਤਾਰਾ ਸੀ ਪਰ ਇਸ ਪਾਸੇ ਅਜੇ ਧਿਆਨ ਨਹੀਂ ਜਾ ਰਿਹਾ ਕਿ ਇਸ ਨਿੰਦਣਯੋਗ ਅਤੇ ਗ਼ਲਤ ਵਰਾਤਾਰੇ ਨੂੰ ਆਰ.ਐੱਸ.ਐੱਸ. ਅਤੇ ਭਾਜਪਾ ਦੀ ਸ਼ਹਿ ਵੀ ਸੀ। ਇਸ ਕਾਂਗਰਸੀ ਵਧੀਕੀ ਦੀ ਸਿਆਸਤ ਦੀ ਲਗਾਤਾਰਤਾ ਵਿੱਚ ਪਹਿਲਾਂ ਗੋਧਰਾ ਵਾਪਰਿਆ, ਫ਼ਿਰ ਗੁਜਰਾਤ ਵਾਪਰਿਆ,

(ਬਾਕੀ ਸਫ਼ਾ 31 ’ਤੇ)

# ਬੰਗਲਾਦੇਸ਼ ਦੇ ਵਿਗੜਦੇ ਹਾਲਾਤ

ਮੁਖ਼ਤਾਰ ਗਿੱਲ

ਰਾਜਨੀਤਕ ਸੱਤਾ ਦੀ ਤਬਦੀਲੀ ਕਿਸੇ ਦੇਸ਼ ਦੇ ਰਾਜਨੀਤਕ ਫ਼ੈਸਲਿਆਂ, ਰਾਜਨੀਤਕ ਅਤੇ ਅੰਤਰਰਾਸ਼ਟਰੀ ਸਬੰਧਾਂ ਨੂੰ ਕਿਸ ਤਰ੍ਹਾਂ ਪ੍ਰਭਾਵਤ ਕਰ ਸਕਦੀ ਹੈ, ਇਸ ਦੀ ਮਿਸਾਲ ਬੰਗਲਾਦੇਸ਼ ਹੈ। ਸ਼ੇਖ਼ ਹਸੀਨਾ ਦੀ ਸਰਕਾਰ ਦੇ ਤਖ਼ਤਾਪਲਟ ਤੋਂ ਬਾਅਦ ਬੰਗਲਾਦੇਸ਼ ਦੀ ਅੰਤ੍ਰਿਮ ਸਰਕਾਰ ਨੇ ਆਪਣੀ ਵਿਦੇਸ਼ ਨੀਤੀ ਵਿੱਚ ਇੱਕ ਵੱਡੀ ਤਬਦੀਲੀ ਦੇ ਨਾਲ ਯੁੱਧਨੀਤਕ, ਰਾਜਨੀਤਕ ਅਤੇ ਨਾਗਰਿਕ ਸਬੰਧਾਂ ਨੂੰ ਪਹਿਲ ਦੇ ਆਧਾਰ 'ਤੇ ਬਹਾਲ ਕਰ ਦਿੱਤਾ ਹੈ। ਭੂਗੋਲਿਕ, ਆਰਥਿਕ ਅਤੇ ਯੁੱਧਨੀਤਕ ਦ੍ਰਿਸ਼ਟੀ ਤੋਂ ਇਹ ਸਥਿਤੀ ਭਾਰਤ ਲਈ ਚੁਣੌਤੀਪੂਰਨ ਹੈ। ਇਸ ਦੇ ਭਵਿੱਖੀ ਨਤੀਜੇ ਬੜੇ ਘਾਤਕ ਹੋ ਸਕਦੇ ਹਨ। ਬੰਗਲਾਦੇਸ਼ ਨੇ ਅਹੁਦੇ ਤੋਂ ਹਟਾਈ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਖ਼ਿਲਾਫ਼ ਕੌਮਾਂਤਰੀ ਅਪਰਾਧ ਅਦਾਲਤ 'ਚ ਮੁਕੱਦਮਾ ਚਲਾਉਣ ਦੀ ਮੰਗ ਕੀਤੀ ਹੈ। ਜਦਕਿ ਉਨ੍ਹਾਂ ਨੂੰ ਪਹਿਲਾਂ ਵੀ ਮਨੁੱਖਤਾ ਖ਼ਿਲਾਫ਼ ਅਪਰਾਧ ਦੇ ਦੋਸ਼ ਹੇਠ ਘਰੇਲੂ ਟ੍ਰਿਬਿਊਨਲ 'ਚ ਮੁਕੱਦਮੇ ਦਾ ਸਾਹਮਣਾ ਕਰਨਾ ਪਿਆ ਸੀ। ਦਰਅਸਲ, ਬੰਗਲਾਦੇਸ਼ ਭਾਰਤ ਦਾ ਮਹੱਤਵਪੂਰਨ ਭੂ-ਰਾਜਨੀਤਕ ਸਹਿਯੋਗੀ ਹੈ। ਇਸ ਦੀ ਜ਼ਮੀਨ ਤਿੰਨ ਪਾਸਿਆਂ ਤੋਂ ਭਾਰਤੀ ਸਰਹੱਦਾਂ ਨਾਲ ਘਿਰੀ ਹੈ ਅਤੇ ਚੌਥੇ ਪਾਸੇ ਬੰਗਾਲ ਦੀ ਖਾੜੀ ਹੈ।

ਬੰਗਲਾਦੇਸ਼, ਮਿਆਂਮਾਰ ਤੇ ਭਾਰਤ ਨਾਲ ਜ਼ਮੀਨੀ ਸਰਹੱਦ ਸਾਂਝੀ ਕਰਦਾ ਹੈ। ਉਸ ਦੀ ਸਰਹੱਦ ਭਾਰਤ ਦੇ ਅਸਾਮ, ਮਿਜ਼ੋਰਮ, ਮੇਘਾਲਿਆ ਅਤੇ ਪੱਛਮੀ ਬੰਗਾਲ ਨੂੰ ਛੂੰਹਦੀ ਹੈ। ਆਪਣੀ ਭੂਗੋਲਿਕ ਸਥਿਤੀ ਕਰਕੇ ਬੰਗਲਾਦੇਸ਼ ਦੱਖਣੀ ਏਸ਼ੀਆ ਤੇ ਦੱਖਣੀ ਪੂਰਬੀ ਏਸ਼ੀਆ ਵਿਚਾਲੇ ਇੱਕ ਕੁਦਰਤੀ ਕੜੀ ਹੈ। ਭਾਰਤ ਨੇ ਇੱਕ ਦਹਾਕਾ ਪਹਿਲਾਂ 'ਐਕਟ ਈਸਟ ਨੀਤੀ' ਦੀ ਸ਼ੁਰੂਆਤ ਕੀਤੀ ਸੀ। ਇਸ ਦਾ ਉਦੇਸ਼ ਏਸ਼ੀਆ-ਪ੍ਰਸ਼ਾਂਤ ਖੇਤਰ ਸਥਿਤ ਦੇਸ਼ਾਂ ਨਾਲ ਆਰਥਿਕ, ਰਾਜਨੀਤਕ ਤੇ ਸੱਭਿਆਚਾਰਕ ਸਹਿਯੋਗ ਵਧਾਉਣਾ ਅਤੇ ਚੀਨ ਦਾ ਮੁਕਾਬਲਾ ਕਰਨਾ ਸੀ। ਬੰਗਲਾਦੇਸ਼ ਰਣਨੀਤਕ ਤੌਰ 'ਤੇ ਮਹੱਤਵਪੂਰਨ ਸਮੁੰਦਰੀ ਮਾਰਗਾਂ ਦੇ ਨੇੜੇ ਹੈ ਤੇ ਦੱਖਣੀ ਏਸ਼ੀਆ 'ਚ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ।

ਸੁਰੱਖਿਆ ਦੀ ਦ੍ਰਿਸ਼ਟੀ ਤੋਂ ਭਾਰਤ ਦੇ ਉੱਤਰ ਪੂਰਬ ਦੇ ਰਾਜ ਬੇਹੱਦ ਸੰਵੇਦਨਸ਼ੀਲ ਮੰਨੇ ਜਾਂਦੇ ਹਨ। ਸ਼ੇਖ਼ ਹਸੀਨਾ ਦੇ ਕਰੀਬ ਡੇਢ ਦਹਾਕੇ ਦੇ ਕਾਰਜਕਾਲ ਦੌਰਾਨ ਭਾਰਤ ਅਤੇ ਬੰਗਲਾਦੇਸ਼ ਦੇ ਮਜ਼ਬੂਤ ਸਬੰਧਾਂ ਕਰਕੇ ਇਨ੍ਹਾਂ ਖੇਤਰਾਂ ਵਿੱਚ ਸਮਾਜਿਕ, ਆਰਥਿਕ ਵਿਕਾਸ ਅਤੇ ਇਕਜੁੱਟਤਾ ਨੂੰ ਹੁਲਾਰਾ ਮਿਲਿਆ ਅਤੇ ਵਿਕਾਸ ਦਾ ਰਾਹ ਖੁੱਲ੍ਹਿਆ ਸੀ। ਇਸ ਦੌਰਾਨ ਉੱਤਰ-ਪੂਰਬ ਨੂੰ ਆਸੀਆਨ ਦੇ ਨਾਲ-ਨਾਲ ਹਿੰਦ-ਪ੍ਰਸ਼ਾਂਤ ਦੇਸ਼ਾਂ ਨਾਲ ਦੋ-ਪੱਖੀ, ਖੇਤਰੀ ਅਤੇ ਬਹੁ-ਪੱਖੀ ਪੱਧਰ 'ਤੇ ਜੋੜਨ ਦਾ ਅਮਲ ਅੱਗੇ ਵਧਾਇਆ ਤਾਂ ਜੋ ਆਰਥਿਕ, ਰਾਜਨੀਤਕ ਤੇ ਸੱਭਿਆਚਾਰਕ ਤੌਰ 'ਤੇ ਲੋਕਾਂ ਨਾਲ ਸੰਪਰਕ ਕੀਤਾ ਜਾ ਸਕੇ।

ਬੰਗਲਾਦੇਸ਼ ਨਾਲ ਚੰਗੇ ਸਬੰਧ ਬਣਾਉਣ ਦਾ ਲਾਭ ਭਾਰਤ ਤੇ ਉੱਤਰ-ਪੂਰਬ ਦੇ ਸੂਬਿਆਂ ਨੂੰ ਹੋਇਆ। ਉੱਥੇ ਅੱਤਵਾਦ ਘੱਟ ਹੋਇਆ ਸੀ। ਜਦਕਿ ਇਸ ਨਾਲ ਲੱਗਦੇ ਮਿਆਂਮਾਰ ਵਿੱਚ ਅਸ਼ਾਂਤੀ ਦਾ ਪ੍ਰਭਾਵ ਭਾਰਤ ਦੀਆਂ ਕਈ ਯੋਜਨਾਵਾਂ 'ਤੇ ਪਿਆ। ਭਾਰਤ, ਬੰਗਲਾਦੇਸ਼ ਅਤੇ ਮਿਆਂਮਾਰ ਦੇ ਸਹਿਯੋਗ ਤੋਂ ਬਿਨਾਂ ਐਕਟ ਈਸਟ ਨੀਤੀ ਨਹੀਂ ਸੀ ਚੱਲ ਸਕਦੀ। ਮਿਆਂਮਾਰ ਦੀ ਅਸਥਿਰਤਾ ਤੋਂ ਬਾਅਦ ਭਾਰਤ ਜੁੰਟਾ ਸਰਕਾਰ ਦੇ ਲਗਾਤਾਰ ਸੰਪਰਕ ਵਿਚ ਰਿਹਾ। ਪਰ ਹੁਣ ਉੱਥੋਂ ਦੀਆਂ ਸਥਿਤੀਆਂ ਭਾਰਤ ਦੇ ਵੱਸ ਤੋਂ ਬਾਹਰ ਹੋਣ ਦਾ ਖ਼ਦਸ਼ਾ ਹੈ। ਪਾਕਿਸਤਾਨ ਬੰਗਲਾਦੇਸ਼ ਦਰਮਿਆਨ ਸਮੁੰਦਰ ਦੇ ਰਸਤੇ ਵਪਾਰ ਸ਼ੁਰੂ ਹੋਣਾ ਅਤੇ ਪਾਕਿਸਤਾਨ ਦੇ ਜਹਾਜ਼ਾਂ ਦਾ ਚਟਗਾਓਂ ਬੰਦਰਗਾਹ 'ਤੇ ਖੜ੍ਹਨਾ, ਯੁੱਧਨੀਤਕ ਰੂਪ ਵਿਚ ਬਹੁਤ ਅਹਿਮ ਹੈ। ਉੱਤਰ-ਪੂਰਬ ਅੱਤਵਾਦੀਆਂ ਦੀ ਸ਼ਰਨਗਾਹ ਹੈ। ਹਥਿਆਰਾਂ ਦੀ ਪੂਰਤੀ ਕਰਨ ਵਾਲਾ ਦੇਸ਼ ਚਟਗਾਓਂ ਬੰਦਰਗਾਹ ਤੋਂ ਜ਼ਿਆਦਾ ਦੂਰ ਨਹੀਂ ਹੈ। ਇਹ ਬੰਦਰਗਾਹ ਬੰਗਾਲ ਦੀ ਖਾੜੀ ਰਾਹੀਂ ਉੱਤਰ-ਪੂਰਬ ਭਾਰਤ ਦੇ ਪ੍ਰਵੇਸ਼ ਦੁਆਰ ਦਾ ਕੰਮ ਕਰਦੀ ਹੈ। ਇੱਥੋਂ ਤੱਕ ਕਿ ਪਾਕਿਸਤਾਨੀ ਜਹਾਜ਼ਾਂ ਦੀ ਨਿਯਮਤ ਆਵਾਜਾਈ ਇਸ ਇਲਾਕੇ ਦੀ ਰਾਜਨੀਤੀ 'ਤੇ ਅਸਰ ਪਾ ਸਕਦੀ ਹੈ।



ਚੀਨ ਬੰਗਲਾਦੇਸ਼ ਦਾ ਇਕਮਾਤਰ ਸਹਿਯੋਗੀ ਦੇਸ਼ ਹੈ ਜਿਸ ਨਾਲ ਉਸ ਦਾ ਰੱਖਿਆ ਸਹਿਯੋਗ ਸਮਝੌਤਾ ਹੈ। ਚੀਨ ਬੰਗਲਾਦੇਸ਼ ਨੂੰ ਹਥਿਆਰ ਭੇਜਦਾ ਹੈ। ਐਕਟ ਈਸਟ ਨੀਤੀ ਮੁੱਖ ਤੌਰ 'ਤੇ ਆਸੀਆਨ ਦੇਸ਼ਾਂ ਬੁਰਨੇਈ, ਕੰਬੋਡੀਆ, ਇੰਡੋਨੇਸ਼ੀਆ, ਲਾਓਸ, ਮਲੇਸ਼ੀਆ, ਮਿਆਂਮਾਰ, ਫ਼ਿਲਪੀਨ, ਸਿੰਗਾਪੁਰ, ਥਾਈਲੈਂਡ, ਵੀਅਤਨਾਮ, ਜਾਪਾਨ, ਦੱਖਣੀ ਕੋਰੀਆ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਸਮੇਤ ਏਸ਼ੀਆ ਪ੍ਰਸ਼ਾਂਤ ਦੇ ਹੋਰ ਦੇਸ਼ਾਂ ਦੀ ਨਿਸ਼ਾਨਦੇਹੀ ਕਰਦੀ ਹੈ। ਬੰਗਲਾਦੇਸ਼ ਦੱਖਣੀ-ਪੂਰਬੀ ਏਸ਼ੀਆ 'ਚ ਆਪਣੇ ਸਬੰਧ ਮਜ਼ਬੂਤ ਕਰਨ ਲਈ ਥਾਈਲੈਂਡ ਤੋਂ ਮਦਦ ਦੀ ਉਮੀਦ ਕਰ ਰਿਹਾ ਹੈ। ਉੱਥੇ ਹੀ ਥਾਈਲੈਂਡ ਭਾਰਤ ਨਾਲ ਸਿੱਧਾ ਸੰਪਰਕ ਚਾਹੁੰਦਾ ਹੈ। ਬੰਗਲਾਦੇਸ਼ ਦੇ ਦੱਖਣੀ-ਪੂਰਬੀ ਤਟ 'ਤੇ ਸਥਿਤ ਚਟਗਾਓਂ ਬੰਦਰਗਾਹ ਦੇਸ਼ ਦੀ ਸਭ ਤੋਂ ਵੱਡੀ ਬੰਦਰਗਾਹ ਹੈ ਜਿਹੜੀ ਇਸ ਨੂੰ ਬੰਗਾਲ ਦੀ ਖਾੜੀ ਨਾਲ ਜੋੜਦੀ ਹੈ। ਬੰਗਲਾਦੇਸ਼ ਦਾ 90% ਸਮੁੰਦਰੀ ਵਪਾਰ ਇਸੇ ਬੰਦਰਗਾਹ ਰਾਹੀਂ ਹੁੰਦਾ ਹੈ ਪਰ ਥਾਈਲੈਂਡ ਰਾਨੌਂਗ ਪੋਰਟ ਨੂੰ ਇਸ ਲਈ ਵਿਕਸਤ ਕਰ ਰਿਹਾ ਹੈ ਜਿਸ ਨਾਲ ਦੂਸਰੇ ਕਿਨਾਰੇ ਦੇ ਦੇਸ਼, ਖ਼ਾਸ ਕਰ ਕੇ ਭਾਰਤ ਦੇ ਅੰਡੇਮਾਨ-ਨਿਕੋਬਾਰ ਦੀਪ ਸਮੂਹ ਨਾਲ ਸਿੱਧਾ ਜੁੜ ਸਕੇ। ਥਾਈਲੈਂਡ ਲਈ ਚਟਗਾਓਂ ਬੰਦਰਗਾਹ ਨਾਲ ਜੁੜਨ ਦਾ ਇਹ ਫ਼ਾਇਦਾ ਹੋਇਆ ਕਿ ਉਹ ਨੇਪਾਲ, ਭੂਟਾਨ ਅਤੇ ਉੱਤਰ-ਪੂਰਬ ਦੇ ਭਾਰਤ ਨਾਲ ਆਪਣੇ ਵਪਾਰ ਨੂੰ ਸੁਧਾਰ ਸਕਦਾ ਹੈ। ਬੰਗਲਾਦੇਸ਼ ਵਿੱਚ ਰਾਜਨੀਤਕ ਤਬਦੀਲੀ ਤੋਂ ਬਾਅਦ ਭਾਰਤ ਦੀਆਂ ਭਵਿੱਖੀ ਯੋਜਨਾਵਾਂ ਅਤੇ ਬੰਗਲਾਦੇਸ਼ ਲਈ ਵਿਆਪਕ ਨਿਵੇਸ਼ 'ਚ ਉਲਟ ਅਸਰ ਪੈ ਸਕਦਾ ਹੈ। ਬੰਗਲਾਦੇਸ਼ ਦੀ ਅੰਤ੍ਰਿਮ ਸਰਕਾਰ ਦੇ ਖਾਲਿਦਾ ਜ਼ਿਆ ਦੀ ਪਾਰਟੀ ਬੀਐੱਨਪੀ ਨਾਲ ਮਜ਼ਬੂਤ ਸਬੰਧ ਹਨ। ਬੀਐੱਨਪੀ ਨੂੰ ਭਾਰਤ ਵਿਰੋਧੀ ਸਮਝਿਆ ਜਾਂਦਾ ਹੈ। ਸੰਨ 2004 'ਚ ਬੀਐੱਨਪੀ ਦੇ ਕਾਰਜਕਾਲ ਦੌਰਾਨ ਹਥਿਆਰਾਂ ਤੇ ਗੋਲਾ-ਬਾਰੂਦ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਖੇਪ ਜ਼ਬਤ ਕੀਤੀ ਗਈ ਸੀ। ਭਾਰਤ ਉੱਤਰ-ਪੂਰਬ ਦੇ ਸੱਤ ਰਾਜਾਂ ਦੀ ਸੁਰੱਖਿਆ ਨੂੰ ਲੈ ਕੇ ਚੌਕੰਨਾ ਰਿਹਾ ਹੈ। ਇਸ ਘਟਨਾ ਦੇ ਕੁਝ ਦਿਨ ਪਹਿਲਾਂ ਭੂਟਾਨ ਵੱਲੋਂ ਚਲਾਈ ਗਈ ਮੁਹਿੰਮ ਆਲ ਕਲੀਅਰ ਦੌਰਾਨ ਉਲਫ਼ਾ ਦੇ ਹਥਿਆਰਾਂ ਦੇ ਭੰਡਾਰ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਦਿੱਤਾ ਗਿਆ ਸੀ। ਬੰਗਲਾਦੇਸ਼ ਤੇ ਪਾਕਿਸਤਾਨ ਦੇ ਮਜ਼ਬੂਤ ਰਿਸ਼ਤਿਆਂ ਦਾ ਅਸਰ ਮਿਆਂਮਾਰ 'ਤੇ ਵੀ ਪੈ ਸਕਦਾ ਹੈ। ਚੀਨ ਦੀ ਮਦਦ ਨਾਲ ਪਾਕਿਸਤਾਨ ਤੇ ਮਿਆਂਮਾਰ ਦਰਮਿਆਨ ਫ਼ੌਜੀ ਉਦਯੋਗ ਵਿੱਚ ਭਾਈਵਾਲੀ ਵਧੀ ਹੈ। ਮਿਆਂਮਾਰ ਆਪਣੀ ਫ਼ੌਜੀ ਤਾਕਤ ਵਧਾਉਣੀ ਚਾਹੁੰਦਾ ਹੈ ਅਤੇ ਉਹ ਪਾਕਿਸਤਾਨ ਨਾਲ ਆਪਣੀ ਸਾਂਝੇਦਾਰੀ ਵਧਾ ਰਿਹਾ ਹੈ। ਪਾਕਿਸਤਾਨ ਤੇ ਮਿਆਂਮਾਰ ਦੀ ਫ਼ੌਜ ਦੇ ਵਫ਼ਦਾਂ ਨੇ ਇਕ-ਦੂਸਰੇ ਦੇਸ਼ ਦਾ ਦੌਰਾ ਕੀਤਾ ਹੈ। ਚੀਨ ਪਾਕਿਸਤਾਨੀ ਫ਼ੌਜੀ ਉਦਯੋਗ ਰਾਹੀਂ ਆਪਣੇ ਹਥਿਆਰ ਵੇਚਣਾ ਚਾਹੁੰਦਾ ਹੈ। ਪਾਕਿਸਤਾਨ ਦੇ ਫ਼ੌਜੀ ਅਫ਼ਸਰਾਂ ਨੇ ਮਿਆਂਮਾਰ ਦੀ ਫ਼ੌਜ ਨੂੰ ਹਥਿਆਰਾਂ ਦੇ ਉਤਪਾਦਨ 'ਚ ਤਕਨੀਕੀ ਮਦਦ ਦਿੱਤੀ ਹੈ।

ਮਿਆਂਮਾਰ ਦੀ ਸਰਹੱਦ ਭਾਰਤ ਦੇ ਉੱਤਰ-ਪੂਰਬ ਦੇ ਕੁਝ ਰਾਜਾਂ ਨਾਲ ਲੱਗਦੀ ਹੈ। ਚੀਨ-ਮਿਆਂਮਾਰ ਆਰਥਿਕ ਗਲਿਆਰਾ ਵੀ ਭਾਰਤ ਲਈ ਚਿੰਤਾ ਦਾ ਵਿਸ਼ਾ ਹੈ। ਪਾਕਿਸਤਾਨ ਤੋਂ ਵੱਖ ਹੋ ਕੇ ਬੰਗਲਾਦੇਸ਼ ਬਣਨ ਅਤੇ ਭਾਰਤ-ਬੰਗਲਾਦੇਸ਼ ਦਰਮਿਆਨ ਰਿਸ਼ਤਿਆਂ ਦੇ ਰਹਿੰਦਿਆਂ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈਐੱਸਆਈ ਭਾਰਤ ਦੇ ਉੱਤਰ-ਪੂਰਬੀ ਰਾਜਾਂ ਵਿੱਚ ਮਜ਼ਬੂਤ ਨਹੀਂ ਹੋ ਸਕੀ। ਭਾਵੇਂ ਉਹ ਉੱਤਰ-ਪੂਰਬੀ ਰਾਜਾਂ ਦੀ ਆਰਥਿਕ ਤੇ ਜਾਤੀ ਸਮੱਸਿਆ ਵਧਾਉਂਦੀਰਹੀ ਹੈ। (**ਬਾਕੀ ਸਫ਼ਾ 31 'ਤੇ**)

# ਤਰੱਕੀ ਅਤੇ ਅਵਾਮ ਦੀ ਖ਼ੁਸ਼ਹਾਲੀ

ਇੰਜ. ਦਰਸ਼ਨ ਸਿੰਘ ਭੁੱਲਰ

ਤਰੱਕੀ ਕੀ ਹੈ? ਇਹ ਸਵਾਲ ਡੈਰਨ ਏਸਮੋਗਲੂ, ਸਾਈਮਨ ਜੌਹਨਸਨ ਨੇ ਆਪਣੀ ਪੁਸਤਕ 'ਪਾਵਰ ਐਂਡ ਪ੍ਰੋਗਰੈਸ' ਦੀ ਭੂਮਿਕਾ ਵਿੱਚ ਉਠਾਇਆ ਹੈ। ਸਾਲ 2024 ਦਾ ਅਰਥਸ਼ਾਸਤਰ ਨੋਬੇਲ ਪੁਰਸਕਾਰ ਡੈਰਨ ਏਸਮੋਗਲੂ, ਸਾਈਮਨ ਜੌਹਨਸਨ ਅਤੇ ਜੇਮਜ਼ ਰੌਬਿਨਸਨ ਦੀ ਤਿੱਕੜੀ ਨੂੰ ਇਨ੍ਹਾਂ ਵੱਲੋਂ 'ਸੰਸਥਾਵਾਂ ਕਿਵੇਂ ਬਣਦੀਆਂ ਹਨ ਅਤੇ ਫਿਰ ਆਰਥਿਕ ਖੁਸ਼ਹਾਲੀ ਨੂੰ ਕਿਵੇਂ ਆਕਾਰ ਦਿੰਦੀਆਂ ਹਨ' ਦੇ ਵਿਸ਼ੇ 'ਤੇ ਕੀਤੇ ਅਧਿਐਨ ਲਈ ਮਿਲਿਆ ਹੈ। ਤਰੱਕੀ ਅਤੇ ਅਵਾਮ ਦੀ ਖੁਸ਼ਹਾਲੀ ਦੇ ਸਬੰਧ ਨੂੰ ਤਲਾਸ਼ਣ ਲਈ ਲੇਖਕਾਂ ਨੇ ਇਸ ਕਿਤਾਬ ਵਿੱਚ ਪਿਛਲੇ ਹਜ਼ਾਰ ਸਾਲਾਂ ਦੌਰਾਨ ਹੋਈ ਤਰੱਕੀ ਅਤੇ ਖੁਸ਼ਹਾਲੀ ਨਾਲ ਮਨੁੱਖ ਦੇ ਸੰਘਰਸ਼ ਦੀ ਗਾਥਾ ਬਿਆਨ ਕੀਤੀ ਹੈ।

ਅਸੀਂ ਭਾਵੇਂ ਖੁਸ਼ਹਾਲੀ ਦੇ ਅਵਾਮ ਤੱਕ ਆਪਣੇ ਆਪ ਪਹੁੰਚਣ ਦੀ ਧਾਰਨਾ ਪ੍ਰਤੀ ਕਿੰਨੇ ਵੀ ਆਸ਼ਾਵਾਦੀ ਕਿਉਂ ਨਾ ਹੋਈਏ ਪਰ ਇਹ ਖੁਸ਼ਫਹਿਮੀ ਹੀ ਹੈ। ਦਰਅਸਲ, ਹਜ਼ਾਰਾਂ ਸਾਲਾਂ ਦਾ ਇਤਿਹਾਸ ਅਤੇ ਸਮਕਾਲੀ ਵਰਤਾਰਾ ਇਹ ਗੱਲ ਚੰਗੀ ਤਰ੍ਹਾਂ ਸਾਫ ਕਰ ਦਿੰਦਾ ਹੈ ਕਿ ਨਵੀਆਂ ਤਕਨੀਕਾਂ ਆਪਮੁਹਾਰੇ ਅਵਾਮ ਤੱਕ ਖੁਸ਼ਹਾਲੀ ਨਹੀਂ ਪਹੁੰਚਾਉਂਦੀਆਂ। ਇਨ੍ਹਾਂ ਦਾ ਅਵਾਮ ਤੱਕ ਪਹੁੰਚਣਾ ਜਾਂ ਨਾ ਪਹੁੰਚਣਾ ਸਰਮਾਏ ਅਤੇ ਰਾਜਨੀਤੀ ਦੀ ਲੋੜ ਤੇ ਮਰਜ਼ੀ ਹੁੰਦੀ ਹੈ। ਨਵੀਆਂ ਕਾਢਾਂ ਦੇ ਸਿੱਟੇ ਵਜੋਂ ਆਈ ਖੁਸ਼ਹਾਲੀ ਲੋਕਾਂ ਕੋਲ ਕਦੇ ਵੀ ਖੁਦ ਚੱਲ ਕੇ ਨਹੀਂ ਆਉਂਦੀਅਤੇ ਨਾ ਹੀ ਸਭ ਨੂੰ ਨਸੀਬ ਹੁੰਦੀ ਹੈ।

ਡੈਰਨ ਏਸਮੋਗਲੂ ਅਤੇ ਸਾਈਮਨ ਜੌਹਨਸਨ ਅਨੁਸਾਰ ਮੱਧ ਯੁੱਗ ਅਤੇ ਸ਼ੁਰੂਆਤੀ ਆਧੁਨਿਕ ਕਾਲ ਦੌਰਾਨ ਖੇਤੀ ਵਿੱਚ ਜੋ ਤਕਨੀਕੀ ਸੁਧਾਰ ਆਏ, ਉਹ ਕਿਸਾਨੀ ਤੱਕ ਨਹੀਂ ਪਹੁੰਚੇ। ਸਮੁੰਦਰੀ ਜਹਾਜ਼ਰਾਨੀ ਨੇ ਵਪਾਰ ਵਿੱਚ ਵਾਧਾ ਵੀ ਕੀਤਾ ਅਤੇ ਯੂਰੋਪੀਅਨਾਂ ਦੇ ਖਜ਼ਾਨੇ ਵੀ ਭਰੇ ਪਰ ਨਾਲ ਹੀ ਇਨ੍ਹਾਂ ਹੀ ਜਹਾਜ਼ਾਂ ਨੇ ਅਫਰੀਕਨਾਂ ਨੂੰ ਗੁਲਾਮ ਬਣਾ ਕੇ ਵੀ ਢੋਇਆ। ਬਰਤਾਨੀਆ ਦੀਆਂ ਕੱਪੜਾ ਮਿੱਲਾਂ ਨੇ ਜੋ ਕ੍ਰਾਂਤੀ ਲਿਆਂਦੀ, ਉਸ ਨੇ ਬੇਸ਼ੁਮਾਰ ਦੌਲਤ ਪੈਦਾ ਕੀਤੀ ਪਰ ਪੂਰੇ ਸੌ ਸਾਲ ਕਾਮਿਆਂ ਦੀਆਂ ਉਜਰਤਾਂ 'ਚ ਵਾਧਾ ਨਹੀਂ ਹੋਇਆ ਬਲਕਿ ਇਸ ਦੇ ਉਲਟ ਕੰਮ ਕਰਨ ਦੇ ਘੰਟੇ ਵਧੇ ਅਤੇ ਹਾਲਾਤ ਦੋਵੀਂ ਥਾਈਂ- ਕਾਰਖਾਨਿਆਂ ਤੇ ਸ਼ਹਿਰਾਂ ਵਿੱਚ, ਹੌਲਨਾਕ ਸਨ। ਹੱਡ ਭੰਨਵੀਂ ਮਜ਼ਦੂਰੀ ਤੋਂ ਤਪੇ ਇੱਕ ਜੁਲਾਹੇ ਨੇ 1835 ਵਿੱਚ ਬਰਤਾਨੀਆ ਦੀ ਪਾਰਲੀਮੈਂਟਰੀ ਕਮੇਟੀ ਅੱਗੇ ਪੇਸ਼ ਹੋ ਕੇ ਕਿਹਾ ਸੀ, ਜੇ ਆਦਮੀ ਤੋਂ ਬਿਹਤਰ ਕੰਮ ਕਰਨ ਵਾਲੀਆਂ ਮਸ਼ੀਨਾਂ ਦੀ ਇਜਾਦ ਕਰਨੀ ਹੀ ਹੈ ਤਾਂ ਰੱਬ ਦਾ ਵਾਸਤਾ, ਉਨ੍ਹਾਂ 'ਤੇ ਕੰਮ ਕਰਨ ਲਈ ਲੋਹੇ ਦੇ ਬੰਦੇ ਵੀ ਬਣਾਓ।




ਜਦੋਂ ਮਸ਼ੀਨਾਂ ਦੀ ਆਮਦ ਨਾਲ ਉਦਯੋਗਕ ਯੁੱਗ ਸ਼ੁਰੂ ਹੋਇਆ ਤਾਂ ਮਜ਼ਦੂਰਾਂ 'ਤੇ ਨਿਗਰਾਨੀ ਕਰਨ ਦੀ ਲੋੜ ਮਹਿਸੂਸ ਹੋਈ। ਪੈਨਔਪਟੀਕੌਨ ਵਿਧੀ ਜੋ ਜਰਮੀ ਬੈਥਮ ਨੇ 1791 ਵਿੱਚ ਜੇਲ੍ਹਾਂ ਵਿੱਚ ਕੈਦੀਆਂ 'ਤੇ ਹਰ ਵਕਤ ਨਿਗਰਾਨੀ ਰੱਖਣ ਲਈ ਸੋਚੀ ਸੀ, ਉਸ ਨੂੰ ਉਦਯੋਗਕ ਯੁੱਗ ਆਉਣ ਤੋਂ ਬਾਅਦ ਕਾਰਖਾਨੇਦਾਰਾਂ ਦੁਆਰਾ ਮਜ਼ਦੂਰਾਂ ਉੱਪਰ ਦਮਨਕਾਰੀ ਨਿਗਰਾਨੀ ਲਈ ਅਪਣਾਇਆ। ਇਸ ਪਹੁੰਚ ਨੂੰ ਇਉਂ ਪੇਸ਼ ਕੀਤਾ ਗਿਆ ਕਿ ਇਸ ਤਰ੍ਹਾਂ ਦਾ ਵਰਕ ਕਲਚਰ ਸਰਬ ਹਿਤਕਾਰੀ ਹੈ; ਬਿਰਤਾਂਤ ਇੱਥੋਂ ਤੱਕ ਰਚਿਆ ਗਿਆ ਕਿ ਜੇ ਬਹੁਤਿਆਂ ਦੇ ਲਾਭ ਲਈ ਕੁਝ ਕੁ ਲੋਕਾਂ ਨੂੰ ਨਿਚੋੜ ਲਿਆ ਜਾਵੇ ਤਾਂ ਕੋਈ ਫਰਕ ਨਹੀਂ ਪੈਣ ਲੱਗਿਆ।

ਹੁਣ ਸਵਾਲ ਉੱਠ ਸਕਦਾ ਹੈ: ਕੀ ਉਦਯੋਗੀਕਰਨ ਦੇ ਸਾਨੂੰ ਫਾਇਦੇ ਨਹੀਂ ਹੋਏ? ਕੀ ਅਸੀਂ ਪਹਿਲੀਆਂ ਪੀੜ੍ਹੀਆਂ ਜਿਨ੍ਹਾਂ ਨੇ ਪੈਸੇ-ਪੈਸੇ ਲਈ ਹੱਡ ਭੰਨਵੀਂ ਮਿਹਨਤ ਕੀਤੀ ਤੇ ਭੁੱਖੇ ਵੀ ਮਰੇ, ਨਾਲੋਂ ਖ਼ੁਸ਼ਹਾਲ ਨਹੀਂ ਹਾਂ? ਬਿਨਾਂ ਸ਼ੱਕ ਅਸੀਂ ਆਪਣੇ ਪੁਰਖਿਆਂ ਨਾਲੋਂ ਹਰ ਤਰ੍ਹਾਂ ਬਿਹਤਰ ਹਾਂ। ਪੱਛਮੀ ਸਮਾਜ ਵਿੱਚ ਗਰੀਬ ਦਾ ਜੀਵਨ ਪੱਧਰ ਵੀ ਤਿੰਨ ਸਦੀਆਂ ਤੋਂ ਪਹਿਲਾਂ ਵਾਲੇ ਲੋਕਾਂ ਤੋਂ ਕਿਤੇ ਚੰਗਾ ਹੈ। ਅਸੀਂ ਸਿਹਤਮੰਦ ਤੇ ਲੰਮੀ ਜਿੰਦਗੀ ਬਤੀਤ ਕਰ ਰਹੇ ਹਾਂ। ਸਾਡੇ ਕੋਲ ਉਹ ਸਹੂਲਤਾਂ ਨੇ ਜਿਨ੍ਹਾਂ ਬਾਰੇ ਅੱਜ ਤੋਂ ਸੌ ਸਾਲ ਪਹਿਲਾਂ ਕਿਆਸ ਵੀ ਨਹੀਂ ਕੀਤਾ ਜਾ ਸਕਦਾ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੰਸਾਰ ਵਿੱਚ ਵਿਗਿਆਨੀਆਂ ਦੀਆਂ ਇਜਾਦ ਕੀਤੀਆਂ ਮਸ਼ੀਨਾਂ ਅਤੇ ਹੋਰ ਸੁੱਖ-ਸਹੂਲਤਾਂ ਨੇ ਮਨੁੱਖੀ ਜਿ?ਦਗੀ ਬੇਹੱਦ ਸੁਖਾਲੀ ਕੀਤੀ ਹੈ ਪਰ ਕੀ ਇਹ ਕਦੀ ਸੋਚਿਆ ਹੈ ਕਿ ਇਹ ਸੁੱਖ ਆਮ ਆਦਮੀ ਦੀਆਂ ਬਰੂਹਾਂ 'ਤੇ ਪਹੁੰਚਿਆ ਕਿਵੇਂ ਹੈ?

ਜਿਵੇਂ ਸਾਰੀਆਂ ਬਿਮਾਰੀਆਂ ਜਾਨਲੇਵਾ ਨਹੀਂ ਹੁੰਦੀਆਂ, ਉਵੇਂ ਅਜਾਰੇਦਾਰੀ ਅਤੇ ਧਨ ਦਾ ਕੁਝ ਹੱਥਾਂ ਵਿੱਚ ਹੋਣਾ ਆਪਣੇ ਆਪ 'ਚ ਇਲਾਜ ਦਾ ਬੀਅ ਹੁੰਦਾ ਹੈ। ਜੋ ਹਾਲਾਤ ਮਨੁੱਖਾਂ ਦੇ ਇਕੱਠ ਨੂੰ ਦਬਾਉਂਦੇ ਹਨ, ਉਹ ਗਿਆਨ ਦੇ ਪ੍ਰਸਾਰ ਲਈ ਸੁਖਾਵੇਂ ਹਾਲਾਤ ਵੀ ਪੈਦਾ ਕਰਦੇ ਹਨ; ਆਖਿਰਕਾਰ ਮਨੁੱਖ ਨੂੰ ਆਜ਼ਾਦੀ ਦੀ ਚਿਣਗ ਲਾਉਣ ਵਿੱਚ ਸਹਾਈ ਹੁੰਦੀਆਂ ਹਨ। ਹਰ ਵੱਡੀ ਵਰਕਸ਼ਾਪ ਅਤੇ ਕਾਰਖਾਨਾ ਰਾਜਨੀਤਕ ਸਮਾਜ ਹੁੰਦਾ ਹੈ ਜਿਸ ਨੂੰ ਕੋਈ ਵੀ ਪ੍ਰਬੰਧ ਨਾ ਤਾਂ ਚੁੱਪ ਕਰਵਾ ਸਕਦਾ ਹੈ ਅਤੇ ਨਾ ਹੀ ਖਿੰਡਾ ਸਕਦਾ ਹੈ। ਜਦੋਂ ਕਾਮੇ ਕਾਰਖਾਨਿਆਂ ਅਤੇ ਸ਼ਹਿਰਾਂ ਵਿੱਚ ਇਕੱਤਰ ਹੋਏ ਤਾਂ ਸਾਂਝੇ ਹਿੱਤਾਂ ਦੀ ਗੱਲ ਚੱਲੀ ਅਤੇ ਉਨ੍ਹਾਂ ਨੇ ਆਰਥਿਕ ਵਿਕਾਸ ਤੋਂ ਹੋਣ ਵਾਲੇ ਲਾਭਾਂ ਵਿੱਚ ਜ਼ਿਆਦਾ ਭਾਗੀਦਾਰ ਹੋਣ ਦੀ ਮੰਗ ਕੀਤੀ। ਇਨ੍ਹਾਂ ਹਾਲਾਤਾਂ ਵਿੱਚੋਂ ਉਪਜੇ ਕਾਮਿਆਂ ਦੇ ਹੱਕਾਂ ਦੀ ਰਾਖੀ ਕਰਨ ਵਾਲੇ ਕਾਨੂੰਨਾਂ ਨੇ ਬਰਤਾਨੀਆਂ ਵਿੱਚ ਉਪਜ ਦੇ ਪ੍ਰਬੰਧ ਅਤੇ ਉਜਰਤਾਂ ਤੈਅ ਕਰਨ ਦੇ ਤਰੀਕੇ ਨੂੰ ਬਦਲ ਕੇ ਰੱਖ ਦਿੱਤਾ।

ਹੁਣ ਸੰਸਾਰ ਦੀ ਬਹੁਤ ਸਾਰੀ ਵਸੋਂ ਸਾਡੇ ਪੁਰਖਿਆਂ ਨਾਲੋਂ ਬਿਹਤਰ ਇਸ ਲਈ ਹੈ ਕਿਉਂਕਿ ਨਾਗਰਿਕਾਂ ਅਤੇ ਕਾਮਿਆਂ ਨੇ ਸ਼ੁਰੂਆਤੀ ਉਦਯੋਗਕ ਸਮਾਜ ਵਿੱਚ ਆਪਣੇ ਆਪ ਨੂੰ ਜਥੇਬੰਦ ਕਰ ਕੇ ਮਾੜੇ ਕੰਮ ਹਾਲਾਤ ਅਤੇ ਤਕਨੀਕ 'ਤੇ ਕੁਲੀਨ ਦਾਬੇ ਨੂੰ ਚੁਣੌਤੀ ਦਿੱਤੀ। ਇਸ ਤਰ੍ਹਾਂ ਤਕਨੀਕੀ ਉੱਨਤੀ ਦਾ ਫਲ਼ ਵੰਡਣ ਦਾ ਰਾਹ ਪੱਧਰਾ ਕੀਤਾ। ਸੋ, ਇਸ ਤਰੱਕੀ ਅਤੇ ਖੁਸ਼ਹਾਲੀ ਦੀ ਵੰਡ ਤੁਹਾਡੇ ਨਸੀਬ ਵਿੱਚ ਉਦੋਂ ਹੀ ਆਈ ਹੈ ਜਦੋਂ ਸਾਡੇ ਪੁਰਖਿਆਂ ਨੇ ਤਕਨੀਕ ਦੀ ਦਿਸ਼ਾ ਅਤੇ ਲਾਭਾਂ ਨੂੰ ਉਸ ਪ੍ਰਬੰਧਕੀ ਢਾਂਚੇ ਵਿੱਚੋਂ ਖਿਚਿਆ ਜੋ ਖਾਸ ਅਮੀਰਾਂ ਦੀ ਖਿਦਮਤ ਵਿੱਚ ਹੀ ਸੀ। ਪਲ ਭਰ ਲਈ ਸੋਚੋ, ਕੀ ਆਜ਼ਾਦੀ ਸਾਡੇ ਕੋਲ ਖ਼ੁਦ ਚੱਲ ਕੇ ਆਈ ਸੀ? ਨਹੀਂ। ਲੱਖਾਂ ਦੇਸ਼ ਵਾਸੀਆਂ ਨੇ ਆਪਣੀਆਂ ਜਿ?ਦਗੀਆਂ ਕੁਰਬਾਨ ਕੀਤੀਆਂ ਤਾਂ ਕਿਤੇ ਜਾ ਕੇ ਆਜ਼ਾਦੀ ਮਿਲੀ ਸੀ।

ਅਜਿਹਾ ਬਿਰਤਾਂਤ ਸਿਰਜਿਆ ਜਾ ਚੁੱਕਿਆ ਹੈ ਕਿ ਅਸੀਂ ਅੰਨ੍ਹੇਵਾਹ ਆਸ਼ਾਵਾਦੀ ਅਤੇ ਕੁਲੀਨ ਪੱਖੀ ਯੁੱਗ ਦੇ ਹਾਮੀ ਹੋ ਗਏ ਹਾਂ। ਇਸੇ ਲਈ ਹੁਣ ਆਮ ਹੀ ਸੁਣਨ ਨੂੰ ਮਿਲਦਾ ਹੈ ਕਿ ਯੂਨੀਅਨ-ਬਾਜ਼ੀ ਤਰੱਕੀ ਵਿੱਚ ਅੜਿੱਕੇ ਡਾਹੁੰਦੀ ਹੈ ਪਰ ਅਵਾਮ ਦੇ ਹਿੱਸੇ ਜੋ ਤਰੱਕੀ ਆਈ ਹੈ, ਉਹ ਲੋਕਾਂ ਦੇ ਏਕੇ ਅਤੇ ਯੂਨੀਅਨਾਂ ਦੀ ਬਦੌਲਤ ਹੀ ਆਈ ਹੈ। ਅੜਿੱਕਾ ਯੂਨੀਅਨਾਂ ਨਹੀਂ ਬਲਕਿ ਯੂਨੀਅਨਾਂ ਦੇ ਮੋਹਰੀਆਂ ਦੇ ਕਿਰਦਾਰ ਵਿੱਚ ਆਈ ਅਨੈਤਿਕਤਾ ਹੈ, ਬਿਲਕੁੱਲ ਉਵੇਂ ਜਿਵੇਂ ਰਾਜਨੀਤਕ ਪਾਰਟੀਆਂ ਵਿੱਚ ਗਿਰਾਵਟ ਆਈ ਹੈ।

ਹੁਣ ਅਸੀਂ ਜਿਸ ਦਿਸ਼ਾ ਵੱਲ ਜਾ ਰਹੇ ਹਾਂ, ਉਹ ਤਰੱਕੀ ਤਾਂ ਹੋ ਸਕਦੀ ਹੈ ਪਰ ਖੁਸ਼ਹਾਲੀ ਨਹੀਂ। ਵੱਡੇ ਫੈਸਲੇ ਕਰਨ ਵਾਲੇ ਲੋਕ ਹੀ ਤਰੱਕੀ ਦੇ ਨਾਂ 'ਤੇ ਹੋ ਰਹੀ ਤਬਾਹੀ ਵੱਲ ਪਿੱਠ ਕਰੀ ਬੈਠੇ ਹਨ। ਲੋੜ ਤਰੱਕੀ ਅਤੇ ਤਕਨੀਕ ਦੀ ਨਵੀਂ ਅਤੇ ਸੰਗਤੀ ਦ੍ਰਿਸ਼ਟੀ ਉਭਾਰਨ ਦੀ ਹੈ ਤਾਂ ਜੋ ਖੁਸ਼ਹਾਲੀ ਅਵਾਮ ਤੱਕ ਪਹੁੰਚ ਸਕੇ। ਜਿਵੇਂ 19ਵੀਂ ਸਦੀ ਵਿੱਚ ਹੋਇਆ ਸੀ, ਰਵਾਇਤੀ ਬੁੱਧੀ ਦੇ ਸਨਮੁੱਖ ਕਾਟਵੀਆਂ ਦਲੀਲਾਂ ਅਤੇ ਸੰਸਥਾਵਾਂ ਦਾ ਉਭਰਨਾ ਜ਼ਰੂਰੀ ਹੈ।

# ਸਖ਼ਤ ਪੱਛਮੀ ਆਵਾਸ ਨੀਤੀਆਂ ਕਾਰਨ ਭਾਰਤ ਉੱਪਰ ਪਵੇਗਾ ਪ੍ਰਭਾਵ



**ਡਾ. ਸੁੱਚਾ ਸਿੰਘ ਗਿੱਲ**

1990ਵਿਆਂ ਦੇ ਮੱਧ ਤੋਂ ਭਾਰਤ ਦੇ ਵੱਖ-ਵੱਖ ਦੇਸ਼ਾਂ ਨੂੰ ਹੋਣ ਵਾਲੇ ਕਿਰਤ ਦੇ ਪ੍ਰਵਾਸ ਵਿੱਚ ਵਾਧਾ ਹੁੰਦਾ ਆ ਰਿਹਾ ਹੈ। ਜਿਸ ਕਰਕੇ ਭਾਰਤੀ ਪ੍ਰਵਾਸੀ ਭਾਈਚਾਰੇ ਦਾ ਆਕਾਰ ਦੁਨੀਆ ਵਿੱਚ ਸਭ ਤੋਂ ਵੱਡਾ ਹੋ ਗਿਆ ਹੈ। ਇਸ ਨਾਲ ਪਰਵਾਸੀਆਂ ਵੱਲੋਂ ਭਾਰਤ ਵਿੱਚ ਆਪਣੇ ਪਰਿਵਾਰਾਂ ਨੂੰ ਭੇਜੀ ਜਾਣ ਵਾਲੀ ਕਮਾਈ ਵਿੱਚ ਵੀ ਚੋਖਾ ਵਾਧਾ ਹੋਇਆ ਹੈ ਅਤੇ ਭਾਰਤ ਆਪਣੇ ਪ੍ਰਵਾਸੀ ਕਿਰਤੀਆਂ ਦੀ ਸਭ ਤੋਂ ਵੱਧ ਕਮਾਈ ਪ੍ਰਾਪਤ ਕਰਨ ਵਾਲਾ ਮੁਲਕ ਬਣ ਗਿਆ ਹੈ। ਹਾਲ ਹੀ ਵਿੱਚ ਕੈਨੇਡਾ ਦੀਆਂ ਆਵਾਸ ਨੀਤੀਆਂ ਵਿੱਚ ਤਬਦੀਲੀ ਆਉਣ ਕਰਕੇ ਅਤੇ ਅਮਰੀਕਾ ਦੀਆਂ ਆਵਾਸ ਨੀਤੀਆਂ ਵਿੱਚ ਸੰਭਾਵੀ ਰੱਦੋਬਦਲ ਕਰਕੇ ਭਾਰਤ ਉੱਪਰ ਪ੍ਰਭਾਵ ਪੈਣ ਦੇ ਆਸਾਰ ਹਨ, ਖਾਸ ਕਰਕੇ ਉਹਨਾਂ ਰਾਜਾਂ ’ਤੇ ਜਿੱਥੋਂ ਵੱਡੀ ਗਿਣਤੀ ਵਿੱਚ ਪ੍ਰਵਾਸੀ ਦੂਜੇ ਮੁਲਕਾਂ ਵਿੱਚ ਜਾਂਦੇ ਹਨ। ਇਹਨਾਂ ਵਿੱਚ ਕੇਰਲਾ, ਗੁਜਰਾਤ, ਪੰਜਾਬ ਅਤੇ ਆਂਧਰਾ ਪ੍ਰਦੇਸ਼ ਜਿਹੇ ਸੂਬੇ ਸ਼ਾਮਿਲ ਹਨ।

ਬਹੁਤ ਸਾਰੇ ਅਰਥ ਸ਼ਾਸਤਰੀਆਂ ਅਤੇ ਆਲਮੀ ਸੰਸਥਾਵਾਂ ਵੱਲੋਂ ਭਾਰਤ ਦੀ ਸ਼ਾਨਦਾਰ ਆਰਥਿਕ ਕਾਰਗੁਜ਼ਾਰੀ ਵਿੱਚ ਉਦਯੋਗੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ 1991 ਦੀ ਭੂਮਿਕਾ ਦਾ ਜ਼ਿਕਰ ਕੀਤਾ ਜਾਂਦਾ ਹੈ। ਇਸ ਉੱਦਮ ਤਹਿਤ ਆਰਥਿਕ ਨੀਤੀ ਵਿੱਚ ਤਬਦੀਲੀ ਦੇ ਨਾਲ ਨਾਲ ਜੀ-7 ਮੁਲਕਾਂ ਨਾਲ ਭਾਰਤ ਦੇ ਰਿਸ਼ਤਿਆਂ ਦੀ ਮੁੜ ਵਿਉਂਤਬੰਦੀ ਵੀ ਕੀਤੀ ਗਈ ਸੀ। ਇਸਦਾ ਵਿਸਥਾਰ ਕਰਦਿਆਂ ਜੀ-20 ਮੀਟਿੰਗਾਂ ਵਿੱਚ ਭਾਰਤ ਦੀ ਹਿੱਸੇਦਾਰੀ ਨੂੰ ਕਾਰਗਰ ਬਣਾਇਆ ਗਿਆ। ਇਸ ਸਦਕਾ ਭਾਰਤ ਵੱਡੀ ਵਿਦੇਸ਼ੀ ਪੂੰਜੀ ਨੂੰ ਆਕਰਸ਼ਕ ਕਰਨ ਵਿੱਚ ਸਫ਼ਲ ਹੋ ਸਕਿਆ, ਜਿਸਦੇ ਨਾਲ ਹੀ ਘਰੇਲੂ ਬੱਚਤਾਂ ਅਤੇ ਨਿਵੇਸ਼ ਦੀ ਉੱਚੀ ਦਰ ਦਾ ਇਸ ਨੂੰ ਫ਼ਾਇਦਾ ਹੋਇਆ। ਪਿਛਲੇ ਸਾਲ ਨਵੀਂ ਦਿੱਲੀ ਵਿੱਚ ਜੀ-20 ਮੀਟਿੰਗ ਵਿੱਚ ਇਹ ਫ਼ੈਸਲਾ ਕੀਤਾ ਗਿਆ ਸੀ ਕਿ ਚੀਨ ਦੇ ਬੈਲਟ ਐਂਡ ਰੋਡ ਇਨੀਸ਼ੀਏਟਿਵ (ਬੀ ਆਰ ਆਈ) ਦੇ ਮੁਕਾਬਲੇ ’ਤੇ ਮੱਧ ਪੂਰਬ ਦੇ ਦੇਸ਼ਾਂ ਰਾਹੀਂ ਯੂਰਪ ਨੂੰ ਜੋੜਨ ਵਾਲਾ ਰੋਡ ਲਿੰਕ ਉਸਾਰਿਆ ਜਾਵੇ।

ਵੱਡੀ ਤਾਦਾਦ ਵਿੱਚ ਪੜ੍ਹੇ ਲਿਖੇ ਭਾਰਤੀ ਹੁਨਰਮੰਦ ਤੇ ਅਰਧ ਹੁਨਰਮੰਦ ਕਾਮਿਆਂ ਨੂੰ ਵਿਦੇਸ਼ਾਂ ਵਿੱਚ ਨੌਕਰੀਆਂ ਮਿਲਦੀਆਂ ਰਹੀਆਂ ਹਨ। ਇਸ ਵਰਤਾਰੇ ਕਰਕੇ ਭਾਰਤੀ ਪ੍ਰਵਾਸੀ ਭਾਈਚਾਰੇ ਦਾ ਵਿਸਥਾਰ ਹੁੰਦਾ ਆ ਰਿਹਾ ਸੀ, ਜਿਸ ਸਦਕਾ ਪਿਛਲੇ ਕੁਝ ਸਾਲਾਂ ਤੋਂ ਘਰੇਲੂ ਕਮਾਈ ਵਿੱਚ ਇਸਦਾ ਯੋਗਦਾਨ ਦੁਨੀਆਂ ਭਰ ਵਿੱਚ ਸਭ ਤੋਂ ਜ਼ਿਆਦਾ ਹੋ ਗਿਆ। ਆਰਥਿਕ ਨੀਤੀ ਵਿੱਚ ਸੰਤੁਲਨ ਕਾਇਮ ਰੱਖਣ ਅਤੇ ਦੇਸ਼ ਦੇ ਕੌਮਾਂਤਰੀ ਰਿਸ਼ਤਿਆਂ ਸਦਕਾ ਇਹ ਸੰਭਵ ਹੋਇਆ ਸੀ। ਸਾਲ 2000 ਵਿੱਚ ਭਾਰਤੀ ਪ੍ਰਵਾਸੀਆਂ ਦੀ ਗਿਣਤੀ 79 ਲੱਖ ਸੀ ਜੋ ਕਿ 2023 ਵਿੱਚ ਵਧ ਕੇ 1.89 ਕਰੋੜ ਹੋ ਗਈ ਸੀ। ਭਾਰਤੀ ਪ੍ਰਵਾਸੀਆਂ ਵੱਲੋਂ ਦੇਸ਼ ਵਿੱਚ ਭੇਜੀ ਜਾਂਦੀ ਕਮਾਈ ਕਰਕੇ ਉਹਨਾਂ ਦੇ



ਪਰਿਵਾਰਾਂ ਦੇ ਖਪਤ ਮਿਆਰਾਂ ਵਿੱਚ ਵਾਧਾ ਹੁੰਦਾ ਹੈ ਅਤੇ ਨਾਲ ਹੀ ਮਕਾਨ ਉਸਾਰੀ ਅਤੇ ਕਾਰੋਬਾਰਾਂ ਵਿੱਚ ਨਿਵੇਸ਼ ਵਧਦਾ ਹੈ। ਭਾਰਤ ਦੀ ਵਿਦੇਸ਼ੀ ਮੁਦਰਾ ਦੀ ਕਮਾਈ ਵਿੱਚ ਉਹਨਾਂ ਵੱਲੋਂ ਵੱਡਾ ਯੋਗਦਾਨ ਦਿੱਤਾ ਜਾਂਦਾ ਹੈ।

ਪ੍ਰਵਾਸੀ ਭਾਰਤੀਆਂ ਦੀ ਸਭ ਤੋਂ ਵੱਧ ਗਿਣਤੀ 44.50 ਲੱਖ ਅਮਰੀਕਾ ਵਿੱਚ ਹੈ। ਅਮਰੀਕਾ ਦੇ ਚਾਰ ਸਭ ਤੋਂ ਕਰੀਬੀ ਮੁਲਕਾਂ ਵਿੱਚ ਭਾਰਤੀ ਪ੍ਰਵਾਸੀਆਂ ਦੀ ਕੁੱਲ ਗਿਣਤੀ 86.49 ਲੱਖ ਹੈ, ਜਿਨ੍ਹਾਂ ਵਿੱਚ ਆਸਟਰੇਲੀਆ 4.96 ਲੱਖ, ਕੈਨੇਡਾ 16.89 ਲੱਖ, ਨਿਊਜ਼ੀਲੈਂਡ 2.40 ਲੱਖ ਅਤੇ ਬਰਤਾਨੀਆ 17.64 ਲੱਖ ਸ਼ਾਮਿਲ ਹਨ। ਮੱਧ ਪੂਰਬ ਇੱਕ ਹੋਰ ਖਿੱਤਾ ਹੈ, ਜਿੱਥੇ ਸਭ ਤੋਂ ਵੱਧ ਭਾਰਤੀ ਪ੍ਰਵਾਸੀ ਮੌਜੂਦ ਹਨ। ਸੰਯੁਕਤ ਅਰਬ ਅਮੀਰਾਤ (ਯੂ ਏ ਈ), ਸਾਊਦੀ ਅਰਬ, ਉਮਾਨ, ਕੁਵੈਤ ਅਤੇ ਕਤਰ ਵਿੱਚ ਕੁੱਲ ਮਿਲਾ ਕੇ 85.77 ਲੱਖ ਭਾਰਤੀ ਪ੍ਰਵਾਸੀ ਹਨ। ਇਹਨਾਂ ਦੋਵੇਂ ਖਿੱਤਿਆਂ ਦੀਆਂ ਆਵਾਸ ਨੀਤੀਆਂ ਵਿੱਚ ਵੱਡਾ ਫ਼ਰਕ ਹੈ। ਪੱਛਮੀ ਮੁਲਕਾਂ ਵੱਲੋਂ ਪਰਵਾਸੀਆਂ ਨੂੰ ਸਥਾਈ ਤੌਰ ’ਤੇ ਵਸਣ ਦੀ ਆਗਿਆ ਦਿੱਤੀ ਜਾਂਦੀ ਹੈ ਅਤੇ ਉਹਨਾਂ ਨੂੰ ਨਾਗਰਿਕਤਾ ਵੀ ਦਿੱਤੀ ਜਾਂਦੀ ਹੈ। ਖਾੜੀ ਦੇਸ਼ਾਂ ਵਿੱਚ ਇਸਦੀ ਇਜਾਜ਼ਤ ਨਹੀਂ ਹੈ। ਇਸ ਕਰਕੇ ਪੱਛਮੀ ਦੇਸ਼ ਪ੍ਰਵਾਸੀਆਂ ਦਾ ਪਸਿੰਦੀਦਾ ਟਿਕਾਣਾ ਬਣੇ ਹੋਏ ਹਨ।

ਸਾਲ 2023 ਵਿੱਚ ਭਾਰਤ ਨੂੰ ਆਪਣੇ ਪ੍ਰਵਾਸੀਆਂ ਦੀ ਪ੍ਰਾਪਤ ਹੋਈ ਕੁੱਲ ਕਮਾਈ ਦਾ 35% ਫ਼ੀਸਦੀ ਤੋਂ ਵੱਧ ਹਿੱਸਾ ਅਮਰੀਕਾ ਅਤੇ ਇਸਦੇ ਚਾਰ ਕਰੀਬੀ ਮੁਲਕਾਂ ਤੋਂ ਆਇਆ ਸੀ। ਇਕੱਲੇ ਅਮਰੀਕਾ ਦਾ ਯੋਗਦਾਨ 23 ਫ਼ੀਸਦੀ ਹੈ, ਜਿਸ ਤੋਂ ਬਾਅਦ ਭਾਰਤ ਦੀ 120 ਅਰਬ ਡਾਲਰ ਦੀ ਕੁੱਲ ਪ੍ਰਵਾਸੀ ਕਮਾਈ ਵਿੱਚ ਬਰਤਾਨੀ ਦਾ ਹਿੱਸਾ 6.8 ਫ਼ੀਸਦੀ, ਕੈਨੇਡਾ 2.4 ਫ਼ੀਸਦੀ, ਆਸਟਰੇਲੀਆ 1.9 ਫ਼ੀਸਦੀ ਅਤੇ ਨਿਊਜ਼ੀਲੈਂਡ ਇੱਕ ਫ਼ੀਸਦੀ ਘੱਟ ਹੈ। ਪ੍ਰਵਾਸੀ ਭਾਰਤੀਆਂ ਦੀ ਦੇਸ਼ ਭੇਜੀ ਜਾਂਦੀ ਕਮਾਈ ਵਿੱਚ ਯੂਰਪ ਸਣੇ ਪੱਛਮੀ ਦੇਸ਼ਾਂ ਦਾ ਕੁੱਲ ਹਿੱਸਾ ਖਾੜੀ ਦੇਸ਼ਾਂ ਦੇ ਪ੍ਰਵਾਸੀਆਂ ਨਾਲੋਂ ਜ਼ਿਆਦਾ ਹੈ, ਜਿਨ੍ਹਾਂ ਦਾ ਕੁੱਲ ਹਿੱਸਾ 42 ਫ਼ੀਸਦੀ ਬਣਦਾ ਹੈ।

ਭਾਰਤ ਨੂੰ ਪ੍ਰਾਪਤ ਹੋਣ ਵਾਲੀ ਆਪਣੇ ਪ੍ਰਵਾਸੀਆਂ ਦੀ ਕਮਾਈ ਵਿੱਚ 85 ਫ਼ੀਸਦੀ ਤੋਂ ਵੱਧ ਹਿੱਸਾ ਪੱਛਮੀ ਦੇਸ਼ਾਂ ਅਤੇ ਮੱਧਪੂਰਬ ਦੇ ਦੇਸ਼ਾਂ ਦੇ ਪ੍ਰਵਾਸੀਆਂ ਦਾ ਹੀ ਹੈ, ਜਿਸ ਸਦਕਾ ਭਾਰਤ ਨੂੰ ਵਿਦੇਸ਼ੀ ਵਪਾਰ ਵਿਚਲਾ ਆਪਣਾ ਘਾਟਾ ਪੂਰਾ ਕਰਨ ਵਿੱਚ ਮਦਦ ਮਿਲਦੀ ਰਹੀ ਹੈ। ਪ੍ਰਵਾਸੀਆਂ ਵੱਲੋਂ ਭੇਜੀ ਜਾਂਦੀ ਕਮਾਈ ਦੇ ਸੂਬਾਵਾਰ ਅੰਕੜਿਆਂ ਵਿੱਚ ਪਹਿਲਾ ਸਥਾਨ ਕੇਰਲਾ ਦਾ ਹੈ। ਉਸ ਤੋਂ ਬਾਅਦ ਮਹਾਰਾਸ਼ਟਰ, ਕਰਨਾਟਕ ਅਤੇ ਤਾਮਿਲਨਾਡੂ ਆਉਂਦੇ ਹਨ। ਵੱਖ-ਵੱਖ ਦੇਸ਼ਾਂ ਵਿੱਚ ਵੱਡੀ ਗਿਣਤੀ ਆਵਾਸੀ ਹੋਣ ਦੇ ਬਾਵਜੂਦ ਪੰਜਾਬ ਅਜੇ ਵੀ ਇਹਨਾਂ ਸੂਬਿਆਂ ਤੋਂ ਪਿੱਛੇ ਹੈ। ਇਹ ਇਸ ਕਰਕੇ ਹੈ ਕਿਉਂਕਿ ਪ੍ਰਵਾਸੀ ਪੰਜਾਬੀ ਜ਼ਿਆਦਾਤਰ ਬਰਤਾਨੀਆ, ਕੈਨੇਡਾ, ਅਮਰੀਕਾ, ਆਸਟਰੇਲੀਆ ਤੇ ਹੋਰ ਉਨ੍ਹਾਂ ਮੁਲਕਾਂ ਵਿੱਚ ਹਨ, ਜਿੱਥੇ ਉਹ ਪੱਕੇ ਤੌਰ ’ਤੇ ਵਸ ਗਏ ਹਨ ਤੇ ਸਮੇਂ ਦੇ ਨਾਲ ਨਾਲ ਉੱਥੋਂ ਭੇਜੀ ਜਾਂਦੀ ਰਕਮ ਘਟਦੀ ਗਈ ਹੈ। ਕੇਰਲਾ ਦੇ ਬਹੁਤੇ ਪ੍ਰਵਾਸੀ ਜ਼ਿਆਦਾਤਰ ਯੂਏਈ ਅਤੇ ਹੋਰਨਾਂ ਅਰਬ ਮੁਲਕਾਂ ਵਿੱਚ ਹਨ, ਜਿੱਥੇ ਉਹ ਪੱਕੇ ਤੌਰ ’ਤੇ ਨਹੀਂ ਰਹਿ ਸਕਦੇ। ਇਸ ਕਰਕੇ ਉਹ ਆਪਣੇ ਘਰਾਂ ਨੂੰ ਪਿੱਛੇ ਜ਼ਿਆਦਾ ਪੈਸਾ ਭੇਜਦੇ ਹਨ।

ਦੂਜੇ ਮੁਲਕਾਂ ਵੱਲ ਹੁੰਦੇ ਪ੍ਰਵਾਸ ਨਾਲ ਭਾਰਤ ਸਿਰੋਂ ਪੜ੍ਹੇ ਲਿਖਿਆਂ ਅਤੇ ਹੁਨਰਮੰਦਾਂ ਦੀ ਬੇਰੁਜ਼ਗਾਰੀ ਦਾ ਬੋਝ ਘਟਿਆ ਹੈ। ਭਾਰਤ ਦੇ ਪ੍ਰਵਾਸੀ ਨਾ ਸਿਰਫ਼ ਵੱਡੇ ਪੱਧਰ ’ਤੇ ਵਿਦੇਸ਼ੀ ਮੁਦਰਾ ਵਟਾਂਦਰੇ ਤੋਂ ਹੁੰਦੀ ਕਮਾਈ ਦਾ ਸਰੋਤ ਹਨ, ਸਗੋਂ ਨਾਲ ਹੀ ਵਿਦੇਸ਼ਾਂ ਵਿੱਚ ਭਾਰਤੀ ਸੱਭਿਆਚਾਰ ਤੇ ਚੰਗਿਆਈ ਨੂੰ ਵੀ ਫ਼ੈਲਾਉਂਦੇਹਨ। ਉਹ ਵਿਦੇਸ਼ਾਂ ਵਿੱਚ ਰਵਾਇਤੀ ਵਸਤਾਂ ਦੀ ਮੰਗ ਵੀ ਪੈਦਾ ਕਰਦੇ ਹਨ। ਸੰਨ 1991 ਵਿੱਚ ਉਦਾਰੀਕਰਨ ਦੀ ਨੀਤੀ ਅਪਣਾਉਣ ਤੋਂ ਬਾਅਦ ਭਾਰਤ ਆਪਣੀਆਂ ਘਰੇਲੂ ਲੋੜਾਂ ਲਈ ਅਤੇ ਵਾਧੂ ਵਸਤਾਂ ਤੇ ਸੇਵਾਵਾਂ ਨੂੰ ਵਿਦੇਸ਼ਾਂ ਵਿੱਚ ਲਾਹੁਣ ਲਈ ਦੂਜੇ ਅਰਥਚਾਰਿਆਂ ’ਤੇ ਪਹਿਲਾਂ ਨਾਲੋਂ ਵੱਧ ਨਿਰਭਰ ਹੁੰਦਾ ਗਿਆ ਹੈ ਅਤੇ ਨਾਲ ਹੀ ਇਹ ਆਪਣੇ ਸਿੱਖਿਅਤ ਕਾਮਿਆਂ ਨੂੰ ਬਾਹਰ ਵੀ ਭੇਜਦਾ ਰਿਹਾ ਹੈ। ਇਹੀ ਕਾਰਨ ਹੈ ਕਿ ਪੱਛਮੀ ਮੁਲਕਾਂ ਦੀਆਂ ਆਵਾਸ ਨੀਤੀਆਂ ਵਿੱਚ ਤਬਦੀਲੀਆਂ ਇਸ ’ਤੇ ਗੰਭੀਰ ਅਸਰ ਪਾਉਂਦੀਆਂ ਹਨ। ਕੈਨੇਡਾ ਦੀ ਆਵਾਸ ਨੀਤੀ ਵਿੱਚ ਹਾਲ ਹੀ ਵਿੱਚ ਕਈ ਤਬਦੀਲੀਆਂ ਹੋਈਆਂ ਹਨ। ਜਿਵੇਂ ਕਿ ਮਲਟੀਪਲ ਐਂਟਰੀ ਵਿਜ਼ਟਰ ਵੀਜ਼ਾ ਸੀਮਤ ਕੀਤਾ ਗਿਆ ਹੈ। ਇੱਕ ਹੋਰ ਮਹੱਤਵਪੂਰਨ ਤਬਦੀਲੀ ਪੱਕੀ ਰਿਹਾਇਸ਼/ਪੀਆਰ ਪ੍ਰਵਾਨ ਕਰਨ ਦੀ ਤਜਵੀਜ਼ ਨਾਲ ਸੰਬੰਧਿਤ ਹੈ। ਇਸ ਤੋਂ ਪਹਿਲਾਂ ਜਿਹੜੇ ਵਿਦਿਆਰਥੀ ਆਪਣੀਆਂ ਡਿਗਰੀਆਂ ਜਾਂ ਡਿਪਲੋਮੇ ਪੂਰੇ ਕਰ ਲੈਂਦੇ ਸਨ, ਉਹਨਾਂ ਨੂੰ ਆਰਜ਼ੀ ਕੰਮ ਕਰਨ ਦੀ ਖੁੱਲ੍ਹ/ਵਰਕ ਪਰਮਿਟ ਮਿਲ ਜਾਂਦੀ ਸੀ ਤੇ ਕੁਝ ਸਮੇਂ ਬਾਅਦ ਉਹ ਉਸ ਮੁਲਕ ਦੇ ਪੀ ਆਰ ਬਣ ਜਾਂਦੇ ਸਨ। ਇਹ ਪ੍ਰਕਿਰਿਆ ਹੁਣ ਸਖ਼ਤ ਕਰ ਦਿੱਤੀ ਗਈ ਹੈ ਤੇ ਬਹੁਤ ਘੱਟ ਗਿਣਤੀ ਵਿਦਿਆਰਥੀ ਹੀ ਪੀ ਆਰ ਲੈ ਸਕਣਗੇ, **(ਬਾਕੀ ਸਫ਼ਾ 31 ’ਤੇ)**

# ਨਿਆਂ ਪ੍ਰਣਾਲੀ ਵਿੱਚ ਵੱਡੇ ਪੱਧਰ ’ਤੇ ਸੁਧਾਰ ਕੀਤੇ ਜਾਣ ਦੀ ਵੀ ਲੋੜ

**ਸੁਮੀਤ ਸਿੰਘ**

ਦੇਸ਼ ਦਾ ਸੰਵਿਧਾਨ ਕਾਨੂੰਨ ਦਾ ਸ਼ਾਸਨ ਤੇ ਨਾਗਰਿਕਾਂ ਦੇ ਮਨੁੱਖੀ ਅਧਿਕਾਰਾਂ ਦੀ ਗਰੰਟੀ ਕਰਦਾ ਹੈ। ਸੰਵਿਧਾਨ ਦੇ ਇਸੇ ਮੰਤਵ ਨੂੰ ਸਵੀਕਾਰਦਿਆਂ ਹਰ ਸਾਲ 26 ਨਵੰਬਰ ਨੂੰ ਦੇਸ਼ ਵਿੱਚ ਸੰਵਿਧਾਨ ਦਿਵਸ ਮਨਾਉਣ ਦਾ ਸਿਲਸਿਲਾ ਵੀ ਸ਼ੁਰੂ ਹੋਇਆ ਹੈ। ਨਿਆਂਪਾਲਿਕਾ ਦਾ ਕੰਮ ਕਾਨੂੰਨ ਦੇ ਸਾਸ਼ਨ ਦੇ ਨਾਲ-ਨਾਲ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨਾ ਹੁੰਦਾ ਹੈ। ਪਰ ਇਹ ਬੇਹੱਦ ਚਿੰਤਾਜਨਕ ਹੈ ਕਿ ਲੱਖਾਂ ਹੀ ਨਿਰਦੋਸ਼ ਲੋਕ ਸਿਆਸੀ ਬਦਲਾਖੋਰੀ, ਹਕੂਮਤੀ ਜਬਰ, ਭ੍ਰਿਸ਼ਟ ਰਾਜ ਪ੍ਰਬੰਧ, ਕਾਲੇ ਕਾਨੂੰਨਾਂ, ਝੂਠੇ ਸਬੂਤਾਂ, ਝੂਠੇ ਗਵਾਹਾਂ, ਗਰੀਬੀ, ਨਿਆਂ ਪ੍ਰਬੰਧ ਵਿਚਲੀ ਦੇਰੀ, ਅਦਾਲਤਾਂ ’ਚ ਜੱਜਾਂ ਦੀ ਵੱਡੀ ਗਿਣਤੀ ’ਚ ਘਾਟ ਤੇ ਮਹਿੰਗੀ ਨਿਆਂ ਪ੍ਰਣਾਲੀ ਕਾਰਨ ਬਿਨਾਂ ਕਿਸੇ ਮੁਕੱਦਮੇ ਦੀ ਸੁਣਵਾਈ ਤੇ ਸਜ਼ਾ ਦੇ ਕਈ-ਕਈ ਸਾਲਾਂ ਤੋਂ ਜੇਲ੍ਹਾਂ ’ਚ ਸੜ ਰਹੇ ਹਨ। ਪਰ ਉੱਚ ਨਿਆਂਪਾਲਿਕਾ ਨੇ ਇਸ ਨਾਕਸ ਨਿਆਂ ਪ੍ਰਬੰਧ ਲਈ ਜ਼ਿੰਮੇਵਾਰ ਸਰਕਾਰਾਂ, ਪੁਲਿਸ ਤੇ ਜਾਂਚ ਏਜੰਸੀਆਂ ਦੇ ਅਧਿਕਾਰੀਆਂ ਖ਼ਿਲਾਫ਼ ਕਦੇ ਕੋਈ ਮਿਸਾਲੀ ਕਾਰਵਾਈ ਅਮਲ ’ਚ ਨਹੀਂ ਲਿਆਂਦੀ। ਪੀੜਤ ਵਿਅਕਤੀ ਲਈ ਸਮੁੱਚੀ ਨਿਆਂ ਪ੍ਰਕਿਰਿਆ ਹੀ ਇੱਕ ਤਰ੍ਹਾਂ ਨਾਲ ਸਜ਼ਾ ਭੁਗਤਣ ਵਾਂਗ ਹੈ, ਕਿਉਂਕਿ ਕਈ ਦਹਾਕਿਆਂ ਤੱਕ ਮੁਕੱਦਮੇ ਭੁਗਤਣ ਤੋਂ ਬਾਅਦ ਵੀ ਇਨਸਾਫ਼ ਮਿਲਣ ਦੀ ਕੋਈ ਆਸ ਨਜ਼ਰ ਨਹੀਂ ਆਉਂਦੀ। ਇਹ ਹਕੂਮਤੀ ਦਹਿਸ਼ਤਵਾਦ ਨਹੀਂ ਤਾਂ ਫ਼ਿਰ ਹੋਰ ਕੀ ਹੈ?

ਮੌਜੂਦਾ ਨਿਆਇਕ ਢਾਂਚੇ ’ਚ ਨਾਬਰਾਬਰੀ ਦਾ ਆਲਮ ਇਹ ਹੈ ਕਿ ਸਮਾਜ ਵਿਚਲੇ ਰਸੂਖਵਾਨ ਵਿਅਕਤੀ ਪੈਸੇ ਤੇ ਹਕੂਮਤੀ ਦਬਾਅ ਸਦਕਾ ਹਰ ਤਰ੍ਹਾਂ ਦੇ ਅਪਰਾਧ ਕਰਨ ਦੇ ਬਾਵਜੂਦ ਕਾਨੂੰਨ ਦੀ ਗ੍ਰਿਫ਼ਤ ’ਚੋਂ ਬਚ ਜਾਂਦੇ ਹਨ, ਜਦਕਿ ਆਮ ਲੋਕ ਸਾਲਾਂ ਬੱਧੀ ਇਨਸਾਫ਼ ਦੀ ਆਸ ’ਚ ਜੇਲ੍ਹਾਂ ’ਚ ਸੜਦੇ ਰਹਿੰਦੇ ਹਨ। ਨਿਆਂ ਦੇ ਅਜਿਹੇ ਦੋਹਰੇ ਮਿਆਰਾਂ ਕਰਕੇ ਹੀ ਦੇਸ਼ ਦੀ ਆਮ ਜਨਤਾ ਦਾ ਨਿਆਂਪਾਲਿਕਾ ਤੋਂ ਭਰੋਸਾ ਉਠਦਾ ਜਾ ਰਿਹਾ ਹੈ, ਜਿਸ ਲਈ ਸਰਕਾਰਾਂ ਦੇ ਇਲਾਵਾ ਮੁੱਖ ਤੌਰ ’ਤੇ ਸਮੁੱਚੀ ਨਿਆਂ ਪ੍ਰਣਾਲੀ, ਨਿਆਂਪਾਲਿਕਾ, ਪੁਲਿਸ ਤੇ ਜਾਂਚ ਏਜੰਸੀਆਂ ਜ਼ਿੰਮੇਵਾਰ ਹਨ। ਆਪਣੀ ਸੇਵਾਮੁਕਤੀ ਤੋਂ ਬਾਅਦ ਉੱਚ ਸੰਵਿਧਾਨਕ ਅਹੁਦੇ ਲੈਣ ਦੀ ਤਾਕ ’ਚ ਪਿਛਲੇ ਸਮੇਂ ਦੌਰਾਨ ਕਈ ਜੱਜ ਹਕੂਮਤਾਂ ਦੀ ਤਰਫ਼ਦਾਰੀ ਕਰਨ ਵਾਲੇ ਫ਼ੈਸਲੇ ਦਿੰਦੇ ਵੇਖੇ ਗਏ ਹਨ, ਜੋ ਜਮਹੂਰੀਅਤ ਤੇ ਧਰਮ ਨਿਰਪੱਖਤਾ ਲਈ ਬੇਹੱਦ ਘਾਤਕ ਸਾਬਤ ਹੋਏ ਹਨ।



ਦੇਸ਼ ਦੇ ਕਈ ਨਾਮਵਰ ਬੁੱਧੀਜੀਵੀ, ਵਕੀਲ, ਪੱਤਰਕਾਰ ਤੇ ਸਮਾਜਿਕ ਕਾਰਕੁੰਨ ਪਿਛਲੇ 6 ਸਾਲ ਤੋਂ ਭੀਮਾ ਕੋਰੇਗਾਓਂ ਕਥਿਤ ਹਿੰਸਾ ਕੇਸ ’ਚ ਦੇਸ਼ ਧ੍ਰੋਹ ਦੇ ਝੂਠੇ ਦੋਸ਼ਾਂ ਤਹਿਤ ਬਿਨਾਂ ਕਿਸੇ ਮੁਕੱਦਮੇ ਦੀ ਸੁਣਵਾਈ ਦੇ ਜੇਲ੍ਹਾਂ ’ਚ ਸੜ ਰਹੇ ਹਨ, ਜਿਨ੍ਹਾਂ ਖਿਲਾਫ਼ ਅੱਜ ਤਕ ਦੇਸ਼ ਧ੍ਰੋਹ ਦੇ ਕੋਈ ਦੋਸ਼ ਵੀ ਸਾਬਤ ਨਹੀਂ ਹੋ ਸਕੇ ਪਰ ਕੇਂਦਰੀ ਹਕੂਮਤ ਦੇ ਦਬਾਅ ਹੇਠ ਨਿਆਂਪਾਲਿਕਾ ਵਲੋਂ ਉਨ੍ਹਾਂ ਨੂੰ ਜ਼ਮਾਨਤ ਦੇਣ ਤੋਂ ਵਾਰ ਵਾਰ ਇਨਕਾਰ ਕੀਤਾ ਜਾ ਰਿਹਾ ਹੈ। ਅਜਿਹੀ ਗ਼ੈਰਕਾਨੂੰਨੀ ਨਜ਼ਰਬੰਦੀ ਸੰਵਿਧਾਨ ਦੀ ਧਾਰਾ 21 ਤਹਿਤ ਨਾਗਰਿਕਾਂ ਨੂੰ ਜਿਊਣ ਤੇ ਨਿੱਜੀ ਆਜ਼ਾਦੀ ਦੇ ਮਿਲੇ ਅਧਿਕਾਰਾਂ ਦੀ ਸਿੱਧੀ ਉਲੰਘਣਾ ਹੈ। ਇਸਦੇ ਇਲਾਵਾ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਸ਼ਾਹੀਨ ਬਾਗ਼ ਅੰਦੋਲਨ ਦੌਰਾਨ ਫ਼ਰਵਰੀ 2020 ਵਿੱਚ ਦਿੱਲੀ ’ਚ ਫ਼ਿਰਕੂ ਦੰਗੇ ਭੜਕਾਉਣ ਦੇ ਦੇਸ਼ ’ਚ ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਵਲੋਂ ਝੂਠੇ ਕੇਸਾਂ ’ਚ ਗ੍ਰਿਫ਼ਤਾਰ ਕੀਤੇ ਗਏ ਵਿਦਿਆਰਥੀ ਆਗੂ- ਉਮਰ ਖਾਲਿਦ, ਗੁਲਫ਼ਿਸ਼ਾ ਫ਼ਾਤਿਮਾ, ਸ਼ਰਜ਼ੀਲ ਇਮਾਮ, ਅਬਦੁੱਲ ਖਾਲਿਦ ਸੈਫ਼ੀ, ਮੀਰਾਨ ਹੈਦਰ, ਤਾਹਿਰ ਹੁਸੈਨ, ਮੁਹੰਮਦ ਸਲੀਮ ਖ਼ਾਨ, ਅਜ਼ਰ ਖ਼ਾਨ, ਸਲੀਮ ਮਲਿਕ, ਸਿਫ਼ਾਉਰ ਰਹਿਮਾਨ, ਸ਼ਾਦਾਬ ਅਹਿਮਦ ਸਮੇਤ 17 ਲੋਕ ਪਿਛਲੇ 4 ਸਾਲਾਂ ਤੋਂ ਬਿਨਾਂ ਕਿਸੇ ਮੁਕੱਦਮੇ ਦੀ ਸੁਣਵਾਈ ਦੇ ਜੇਲ੍ਹਾਂ ’ਚ ਨਜ਼ਰਬੰਦ ਹਨ। ਜਿਨ੍ਹਾਂ ਖ਼ਿਲਾਫ਼ ਜਾਂਚ ਏਜੰਸੀਆਂ ਨੇ ਨਾ ਤਾਂ ਕੋਈ ਦੋਸ਼ ਸਾਬਤ ਕੀਤੇ ਤੇ ਨਾ ਹੀ ਉਨ੍ਹਾਂ ਨੂੰ ਜ਼ਮਾਨਤ ’ਤੇ ਰਿਹਾਅ ਕੀਤਾ ਜਾ ਰਿਹਾ ਹੈ।

ਯੂ.ਏ.ਪੀ.ਏ. ਤਹਿਤ 13 ਸਤੰਬਰ 2020 ਨੂੰ ਗ੍ਰਿਫ਼ਤਾਰ ਕੀਤੇ ਜੇ.ਐਨ.ਯੂ. ਦੇ ਵਿਦਿਆਰਥੀ ਆਗੂ ਉਮਰ ਖਾਲਿਦ ਦੀ ਜ਼ਮਾਨਤ ਦੀ ਅਰਜ਼ੀ 3 ਵਾਰ ਰੱਦ ਕਰਨ ਦੇ ਇਲਾਵਾ 14 ਵਾਰ ਸੁਣਵਾਈ ਮੁਲਤਵੀ ਕੀਤੀ ਜਾ ਚੁੱਕੀ ਹੈ। ਉਸ ਦੇ ਕੇਸ ’ਚ 460 ਗਵਾਹ ਹਨ ਤੇ 4 ਸਪਲੀਮੈਂਟਰੀ ਦੋਸ਼ ਪੱਤਰਾਂ ਸਮੇਤ 30 ਹਜ਼ਾਰ ਪੰਨਿਆਂ ਦੀ ਚਾਰਜਸ਼ੀਟ ਦਾਖਲ ਕੀਤੀ ਗਈ ਹੈ। ਇਹ ਕੇਸ ਵੀ ਕਈ ਸਾਲਾਂ ਤੱਕ ਚੱਲਣ ਦੀ ਸੰਭਾਵਨਾ ਹੈ, ਹਾਲਾਂਕਿ ਉਸ ਨੂੰ ਲੰਬੇ ਸਮੇਂ ਤੱਕ ਜੇਲ੍ਹ ’ਚ ਨਹੀਂ ਰੱਖਿਆ ਜਾ ਸਕਦਾ। ਨਿਊਯਾਰਕ ਟਾਈਮਜ਼ ’ਚ ਪੱਤਰਕਾਰ ਸੁਹਾਸਿਨੀ ਰਾਜ ਨੇ ਇੱਕ ਲੇਖ ’ਚ ਉਮਰ ਖਾਲਿਦ ਦੀ 4 ਸਾਲ ਦੀ ਨਜ਼ਰਬੰਦੀ ਲਈ ਭਾਰਤੀ ਲੋਕਤੰਤਰ, ਮੀਡੀਏ, ਫ਼ਿਰਕੂ ਰਾਜਨੀਤੀ ਤੇ ਭਾਰਤੀ ਨਿਆਂ ਪ੍ਰਣਾਲੀ ਨੂੰ ਕਟਹਿਰੇ ’ਚ ਖੜ੍ਹਾ ਕੀਤਾ ਹੈ। ਜ਼ਾਫ਼ਰਾਬਾਦ ਦੰਗਿਆਂ ਦੇ ਸੰਬੰਧ ’ਚ ਯੂ.ਏ.ਪੀ.ਏ. ਤਹਿਤ ਸਮਾਜਿਕ ਕਾਰਕੁੰਨ ਗੁਲਫ਼ਿਸ਼ਾਂ ਫ਼ਾਤਿਮਾ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਦਿੱਲੀ ਹਾਈ ਕੋਰਟ ’ਚ ਉਸ ਦੀ ਜ਼ਮਾਨਤ ਦੀ ਅਰਜ਼ੀ 65 ਵਾਰ ਸੁਣਵਾਈ ਲਈ ਪੇਸ਼ ਕੀਤੀ ਗਈ ਹੈ। ਇਨ੍ਹਾਂ ਦੋਹਾਂ ਦੇ ਕੇਸਾਂ ਦੀ ਸੁਣਵਾਈ ਵੇਲੇ ਹਰ ਵਾਰ ਕਿਸੇ ਨਾ ਕਿਸੇ ਬਹਾਨੇ ਜ਼ਮਾਨਤ ਦੇਣ ਦਾ ਫ਼ੈਸਲਾ ਟਾਲ ਦਿੱਤਾ ਜਾਂਦਾ ਹੈ। ਕਦੇ ਜੱਜ ਨਹੀਂ, ਕਦੇ ਸਰਕਾਰੀ ਵਕੀਲ ਨਹੀਂ, ਕਦੇ ਦਸਤਾਵੇਜ਼ ਪੂਰੇ ਨਹੀਂ, ਕਦੇ ਸਪਲੀਮੈਂਟਰੀ ਚਾਰਜਸ਼ੀਟ, ਕਦੇ ਜੱਜਾਂ ਦਾ ਨਵਾਂ ਬੈਂਚ ਅਤੇ ਕਦੇ ਸੁਣਵਾਈ ਤੋਂ ਬਾਅਦ ਜੱਜ ਵੱਲੋਂ ਫ਼ੈਸਲਾ ਰਾਖਵਾਂ ਰੱਖਣ ਤੇ ਫ਼ਿਰ ਉਸੇ ਜੱਜ ਦਾ ਤਬਾਦਲਾ ਤੇ ਮੁੜ ਨਵੇਂ ਬੈਂਚ ਵੱਲੋਂ ਸੁਣਵਾਈ ਕਰਨ ਆਦਿ ਰਾਹੀਂ ਅਦਾਲਤੀ ਪ੍ਰਕਿਰਿਆ ਨੂੰ ਲਮਕਾ ਕੇ ਇਨ੍ਹਾਂ ਦੋਹਾਂ ਸਮੇਤ ਹੋਰਾਂ ਨੂੰ ਜਾਣਬੁੱਝ ਕੇ ਲੰਬੇ ਸਮੇਂ ਤੱਕ ਜੇਲ੍ਹ ’ਚ ਰੱਖਣ ਦੀ ਹਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਰੀਰਕ ਤੌਰ ’ਤੇ 90 ਫ਼ੀਸਦੀ ਅਪਾਹਜ ਤੇ ਕਈ ਗੰਭੀਰ ਬਿਮਾਰੀਆਂ ਤੋਂ ਪੀੜਤ ਦਿੱਲੀ ਯੂਨੀਵਰਸਟੀ ਦੇ ਪ੍ਰੋ: ਜੀ. ਐਨ. ਸਾਈਬਾਬਾ ਨੂੰ ਮਾਓਵਾਦੀਆਂ ਨਾਲ ਕਥਿਤ ਸੰਬੰਧ ਰੱਖਣ ਦੇ ਦੋਸ਼ ਹੇਠ ਬਿਨਾਂ ਕਿਸੇ ਜ਼ਮਾਨਤ ਦੇ 10 ਸਾਲ ਨਾਗਪੁਰ ਦੀ ਕੇਂਦਰੀ ਜੇਲ੍ਹ ਦੇ ਅੰਡਾ ਸੈੱਲ ’ਚ ਨਜ਼ਰਬੰਦ ਕੀਤਾ ਗਿਆ। ਜੇਲ੍ਹ ਪ੍ਰਸ਼ਾਸਨ ਨੇ ਉਸ ਦਾ ਕੋਈ ਡਾਕਟਰੀ ਇਲਾਜ ਨਹੀਂ ਕਰਵਾਇਆ ਤੇ ਨਾ ਹੀ ਨਿਆਂਪਾਲਿਕਾ ਨੇ ਉਸ ਨੂੰ ਮੈਡੀਕਲ ਆਧਾਰ ’ਤੇ ਕਦੇ ਜ਼ਮਾਨਤ ਦਿੱਤੀ। ਹਾਲਾਂਕਿ ਸੁਪਰੀਮ ਕੋਰਟ ਨੇ ਇਸ ਸਾਲ 8 ਮਾਰਚ ਨੂੰ ਸਾਈਬਾਬਾ ਸਮੇਤ 5 ਸਮਾਜਿਕ ਕਾਰਕੁਨਾਂ ਨੂੰ ਸਭ ਦੋਸ਼ਾਂ ਤੋਂ ਬਾਇੱਜ਼ਤ ਬਰੀ ਕਰਕੇ ਬਿਨਾਂ ਸ਼ਰਤ ਰਿਹਾਅ ਕਰ ਦਿੱਤਾ ਸੀ, ਪਰ ਜੇਲ੍ਹ ਪ੍ਰਸ਼ਾਸਨ ਦੇ ਅਣਮਨੁੱਖੀ ਵਿਵਹਾਰ ਤੇ ਬਿਮਾਰੀਆਂ ਦੇ ਚਲਦਿਆਂ ਪਿੱਤੇ ਦੇ ਇੱਕ ਸਾਧਾਰਨ ਓਪਰੇਸ਼ਨ ਤੋਂ ਬਾਅਦ 12 ਅਕਤੂਬਰ ਨੂੰ ਉਸ ਦੀ ਮੌਤ ਹੋ ਗਈ।

ਇਸਦੇ ਇਲਾਵਾ ਪਾਦਰੀ ਤੇ ਸਮਾਜਿਕ ਕਾਰਕੁੰਨ ਸਟੇਨ ਸਵਾਮੀ (84) ਆਪਣੀ ਗੰਭੀਰ ਬਿਮਾਰੀ, ਬਜ਼ੁਰਗ ਅਵਸਥਾ ਤੇ ਨਿਰਦੋਸ਼ ਹੋਣ ਦੇ ਬਾਵਜੂਦ ਜ਼ਮਾਨਤ ਲਈ ਨਿਆਂਪਾਲਿਕਾ ਅੱਗੇ ਗੁਹਾਰ ਲਗਾਉਂਦਾ ਰਿਹਾ, ਪਰ ਨਿਆਂਪਾਲਿਕਾ ਨੇ ਉਸ ਦੀ ਇਕ ਨਾ ਸੁਣੀ ਤੇ 5 ਜੁਲਾਈ 2021 ਨੂੰ ਉਹ ਨਿਆਂਇਕ ਹਿਰਾਸਤ ’ਚ ਹੀ ਦਮ ਤੋੜ ਗਿਆ। ਇਸੇ ਤਰਾਂ ਸਮਾਜਿਕ ਕਾਰਕੁੰਨ ਪਾਂਡੂ ਨਰੋਟੇ ਦੀ ਵੀ ਬਿਮਾਰੀ ਕਾਰਨ ਜੇਲ੍ਹ ਵਿੱਚ ਮੌਤ ਹੋ ਗਈ ਸੀ। ਜੇਕਰ ਉਪਰੋਕਤ ਸਮਾਜਿਕ ਕਾਰਕੁੰਨਾਂ ਨੂੰ ਸਮੇਂ ਸਿਰ ਜ਼ਮਾਨਤ ’ਤੇ ਰਿਹਾਅ ਕਰ ਦਿੱਤਾ ਜਾਂਦਾ ਤਾਂ ਉਨ੍ਹਾਂ ਦੀ ਜਾਨ ਬਚਾਈ ਜਾ ਸਕਦੀ ਸੀ। ਇਸਦੇ ਇਲਾਵਾ ਅਸਹਿਮਤੀ ਦੀਆਂ ਆਵਾਜ਼ਾਂ ਨੂੰ ਦਬਾਉਣ ਲਈ ਆਲਟ ਨਿਊਜ਼ ਦੇ ਸੰਸਥਾਪਕ ਮੁਹੰਮਦ ਜ਼ੁਬੈਰ, ਕੇਰਲਾ ਦੇ ਪੱਤਰਕਾਰ ਸਿਦੀਕੀ ਕੱਪਨ, **(ਬਾਕੀ ਸਫ਼ਾ 31 ’ਤੇ)**



# ਪਾਣੀ ਪੰਜਾਂ ਦਰਿਆਵਾਂ ਵਾਲਾ 'ਜ਼ਹਿਰੀ' ਹੋ ਗਿਆ...

## ਬੁੱਢੇ ਦਰਿਆ ਸਮੇਤ ਪੰਜਾਬ ਦੇ ਸਾਰੇ ਦਰਿਆਵਾਂ ਤੇ ਜਲ ਸੋਮਿਆਂ ਨੂੰ ਪ੍ਰਦੂਸ਼ਣ ਤੋਂ ਬਚਾਉਣ ਦੀ ਲੋੜ

## ਦਰਿਆਈ ਪਾਣੀਆਂ ਦੇ ਨਾਲ ਕੀਤੀ ਜਾਵੇ ਬਰਸਾਤੀ ਪਾਣੀ ਦੀ ਵੀ ਸੰਭਾਲ


## ਸਰਕਾਰ, ਪ੍ਰਸ਼ਾਸਨ, ਸਮਾਜ ਤੇ ਆਮ ਲੋਕਾਂ ਵੱਲੋਂ ਚਲਾਈ ਜਾਵੇ ਸਾਂਝੀ ਮੁਹਿੰਮ




ਪੰਜ ਦਰਿਆਵਾਂ ਸਤਲੁੱਜ, ਬਿਆਸ, ਰਾਵੀ, ਜਿਹਲਮ, ਚਨਾਬ (ਝਣਾਂ) ਕਰਕੇ ਪੰਜਾਬ ਨੂੰ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਹੈ, ਭਾਵੇਂ ਕਿ ਮੌਜੂਦਾ ਭਾਰਤੀ ਪੰਜਾਬ ਵਿੱਚ ਸਿਰਫ਼ ਦੋ ਦਰਿਆ ਸਤਲੁੱਜ ਅਤੇ ਬਿਆਸ ਰਹਿ ਗਏ ਹਨ ਅਤੇ ਰਾਵੀ ਦਰਿਆ ਦਾ ਕੁਝ ਹਿੱਸਾ ਹੀ ਪੰਜਾਬ ਵਿੱਚ ਹੈ। ਇਸ ਦੇ ਬਾਵਜੂਦ ਪੰਜਾਬ ਵਿੱਚ ਘੱਗਰ ਦਰਿਆ, ਬੁੱਢਾ ਦਰਿਆ (ਜੋ ਹੁਣ ਗੰਦਾ ਨਾਲਾ ਬਣ ਚੁੱਕਿਆ ਹੈ) ਸਮੇਤ ਅਨੇਕਾਂ ਹੀ ਬਰਸਾਤੀ ਨਦੀਆਂ, ਚੋਅ ਅਤੇ ਪਾਣੀ ਦੇ ਹੋਰ ਕੁਦਰਤੀ ਸੋਮੇ ਹਨ। ਇਹ ਸਤਰਾਂ ਲਿਖਣ ਵੇਲੇ ਪੰਜਾਬ ਦੇ ਮਾਨਚੈਸਟਰ ਕਹੇ ਜਾਂਦੇ ਮਹਾਂਨਗਰ ਲੁਧਿਆਣਾ ਵਿੱਚ ਬੁੱਢੇ ਦਰਿਆ (ਹੁਣ ਗੰਦਾ ਨਾਲਾ) ਦੇ ਪ੍ਰਦੂਸ਼ਿਤ ਪਾਣੀ ਦਾ ਮਾਮਲਾ ਭਖਿਆ ਹੋਇਆ ਹੈ। ਲੁਧਿਆਣਾ ਵਿਖੇ ਪੰਜਾਬੀਆਂ ਵੱਲੋਂ ਬੁੱਢੇ ਦਰਿਆ ਦੇ ਪਲੀਤ ਹੋਏ ਪਾਣੀ ਵਿਰੁੱਧ ਸੰਘਰਸ਼ ਕੀਤਾ ਜਾ ਰਿਹਾ ਹੈ ਅਤੇ ਮੰਗ ਕੀਤੀ ਜਾ ਰਹੀ ਹੈ ਕਿ ਬੁੱਢੇ ਦਰਿਆ ਦੇ ਪਾਣੀ ਨੂੰ ਪਲੀਤ ਹੋਣ ਤੋਂ ਬਚਾਇਆ ਜਾਵੇ। ਜੇ ਧਿਆਨ ਨਾਲ ਵੇਖਿਆ ਜਾਵੇ ਤਾਂ ਸਿਰਫ਼ ਬੁੱਢਾ ਦਰਿਆ ਹੀ ਨਹੀਂ ਸਗੋਂ ਪੰਜਾਬ ਦੇ ਸਾਰੇ ਹੀ ਦਰਿਆਵਾਂ ਦਾ ਪਾਣੀ ਪਲੀਤ ਹੋ ਚੁੱਕਿਆ ਹੈ। ਸਿਰਫ਼ ਜਲ ਹੀ ਨਹੀਂ ਸਗੋਂ ਸਾਡੇ ਜੰਗਲ ਅਤੇ ਜ਼ਮੀਨ ਵੀ ਮਨੁੱਖ ਦੀ ਲਾਲਚੀ ਪ੍ਰਵਿਰਤੀ ਦੀ ਭੇਂਟ ਚੜ੍ਹਦੇ ਜਾ ਰਹੇ ਹਨ, ਜਿਸ ਕਾਰਨ ਸਭ ਤੋਂ ਵੱਡਾ ਖਤਰਾ ਖੁਦ ਮਨੁੱਖ ਲਈ ਹੀ ਪੈਦਾ ਹੋ ਰਿਹਾ ਹੈ, ਇਸ ਤਰ੍ਹਾਂ ਜਲ, ਜੰਗਲ ਅਤੇ ਜ਼ਮੀਨ ਦੀ ਸੰਭਾਲ ਨਾ ਕਰਕੇ ਮਨੁੱਖ ਖੁਦ ਆਪਣੇ ਪੈਰਾਂ ਉਪਰ ਕੁਹਾੜੀ ਮਾਰ ਰਿਹਾ ਹੈ।

ਅੱਜ ਦਾ ਮਨੁੱਖ ਭਾਵੇਂ ਉੱਚ ਪੱਧਰੀ ਵਿਗਿਆਨਕ ਯੁੱਗ ਅਤੇ ਆਧੁਨਿਕ ਉੱਚ ਪੱਧਰੀ ਤਕਨੀਕ ਨਾਲ ਲੈਸ ਮਸ਼ੀਨੀ ਯੁੱਗ ਵਿੱਚ ਰਹਿ ਰਿਹਾ ਹੈ, ਪਰ ਇਸ ਦੇ ਬਾਵਜੂਦ ਇਹ ਅਟੱਲ ਸੱਚਾਈ ਹੈ ਕਿ ਇਸ ਸਭ ਦੇ ਬਾਵਜੂਦ ਪਾਣੀ ਬਿਨਾਂ ਮਨੁੱਖੀ ਸਭਿਅਤਾ ਦਾ ਵਜੂਦ ਹੀ ਸੰਭਵ ਨਹੀਂ ਹੈ। ਅਸਲ ਵਿੱਚ ਦੁਨੀਆਂ ਭਰ ਦੇ ਵਿਗਿਆਨੀਆਂ ਲਈ ਪਾਣੀ ਦਾ ਵਿਕਲਪ ਖੋਜਣਾਂ ਇੱਕ ਰਹੱਸ ਹੀ ਅਜੇ ਤੱਕ ਬਣਿਆ ਹੋਇਆ ਹੈ, ਜਿਸ ਕਾਰਨ ਪਾਣੀ ਦੀ ਮਹੱਤਤਾ ਮਨੁੱਖੀ ਜੀਵਨ ਵਿੱਚ ਸਦੀਆਂ ਪਹਿਲਾਂ ਵਾਂਗ ਹੁਣ ਵੀ ਬਣੀ ਹੋਈ ਹੈ।

ਅਸਲ ਵਿੱਚ ਵਿਗਿਆਨ ਅਤੇ ਮਨੁੱਖੀ ਵਿਕਾਸ ਦੇ ਨਾਂਅ ਹੇਠ ਪਾਣੀ ਦੇ ਕੁਦਰਤੀ ਜਲ ਸੋਮਿਆਂ ਨੂੰ ਖੁਦ ਮਨੁੱਖ ਵਲੋਂ ਹੀ ਪਿਛਲੇ ਸਮੇਂ ਤੋਂ ਤਬਾਹ ਕੀਤਾ ਜਾ ਰਿਹਾ ਹੈ। ਨਦੀਆਂ ਅਤੇ ਦਰਿਆਵਾਂ ਦੇ ਨਿਰਮਲ ਵਹਿੰਦੇ ਪਾਣੀ ਉਪਰ ਬੰਨ੍ਹ ਮਾਰ ਕੇ ਇਸ ਪਾਣੀ ਦਾ ਕੁਦਰਤੀ ਵਹਾਓ ਭਾਵ ਰਾਹ ਮਨੁੱਖ ਨੇ ਰੋਕਿਆ, ਫ਼ਿਰ ਇਸ ਪਾਣੀ ਨੂੰ ਬੋਤਲਾਂ ਵਿੱਚ ਭਰ ਕੇ ਮੁੱਲ ਵੇਚਿਆ ਜਾ ਰਿਹਾ ਹੈ। ਇਸ ਤਰਾਂ ਮਨੁੱਖ ਦੇ ਵਪਾਰਕ ਲਾਲਚ ਨੇ ਨਦੀਆਂ ਅਤੇ ਦਰਿਆਵਾਂ ਦੇ ਪਵਿੱਤਰ ਪਾਣੀ ਦਾ ਬੋਤਲਬੰਦ ਵਪਾਰੀਕਰਨ ਕਰ ਦਿੱਤਾ, ਇਸ ਦੇ ਨਾਲ ਹੀ ਨਦੀਆਂ -ਦਰਿਆਵਾਂ ਵਿਚੋਂ ਨਹਿਰਾਂ, ਰਜਵਾਹੇ, ਕੱਸੀਆਂ ਕੱਢ ਕੇ ਮਨੁੱਖ ਦੀ ਘਰ-ਘਰ ਤਕ ਪਾਈਪਾਂ ਰਾਹੀਂ ਪਾਣੀ ਪਹੁੰਚਾਉਣ ਦੀ ਜਿੱਦ ਨੇ ਸਰਕਾਰੀ ਖ਼ਜ਼ਾਨਾ ਅਤੇ ਵਪਾਰੀਆਂ ਦੀਆਂ ਜੇਬਾਂ ਨੂੰ ਤਾਂ ਭਰ ਦਿੱਤਾ ਪਰ ਇਸ ਸਭ ਕੁਝ ਵਿੱਚ ਪਾਣੀ ਦੀ ਬਰਬਾਦੀ ਵੀ ਹੋਈ ਅਤੇ ਪਾਣੀ ਵਿੱਚ ਵੱਡੀ ਪੱਧਰ 'ਤੇ ਪ੍ਰਦੂਸ਼ਣ ਵੀ ਪੈਦਾ ਹੋਇਆ। ਹੁਣ ਭਾਵੇਂ ਹਰ ਘਰ ਵਿੱਚ ਪਾਈਪਾਂ ਰਾਹੀਂ ਪਾਣੀ ਆ ਰਿਹਾ ਹੈ ਪਰ ਅਕਸਰ ਮਨੁੱਖੀ ਅਣਗਹਿਲੀ ਕਾਰਨ ਖੁੱਲ੍ਹੀਆਂ ਰਹਿੰਦੀਆਂ ਪਾਣੀ ਵਾਲੀਆਂ ਟੂਟੀਆਂ ਵਿਚੋਂ ਕੀਮਤੀ ਪਾਣੀ ਬੇਅਰਥ ਨਿਕਲ ਨਿਕਲ ਕੇ ਨਾਲੀਆਂ ਵਿੱਚ ਜਾਂਦਾ ਰਹਿੰਦਾ ਹੈ, ਇਸ ਤੋਂ ਇਲਾਵਾ ਪਾਣੀ ਦੀਆਂ ਪਾਈਪਾਂ ਕਈ ਥਾਂਵਾਂ ਤੋਂ ਲੀਕ ਕਰਦੀਆਂ ਰਹਿੰਦੀਆਂ ਹਨ, ਜਿਥੋਂ ਪਾਣੀ ਲੀਕ ਕਰਦਾ ਰਹਿੰਦਾ ਹੈ, ਇਹ ਪਾਣੀ ਦੀ ਬਰਬਾਦੀ ਨਹੀਂ ਤਾਂ ਹੋਰ ਕੀ ਹੈ? ਇਥੇ ਹੀ ਬੱਸ ਨਹੀਂ ਸਗੋਂ ਮਨੁੱਖ ਨੇ ਆਪਣੇ ਸਵਾਰਥ ਲਈ ਪਾਤਾਲ ਖੋਦ ਕੇ ਧਰਤੀ ਦੀ ਕੁੱਖ ਵਿੱਚੋਂ ਮਣਾਂ ਮੂੰਹੀਂ ਪਾਣੀ ਕੱਢਣਾ ਸ਼ੁਰੂ ਕਰ ਦਿੱਤਾ ਹੋਇਆ ਹੈ, ਜਿਸ ਕਾਰਨ ਅੱਜ ਧਰਤੀ ਹੇਠਲੇ ਪਾਣੀ ਦੇ ਕੁਦਰਤੀ ਸੋਮੇ ਵੀ ਖਤਮ ਹੋਣ ਵਾਲੇ ਹਨ।







ਇਹ ਠੀਕ ਹੈ ਕਿ ਮਨੁੱਖ ਨੇ ਅੱਜ ਭੌਤਿਕ ਤਰੱਕੀ ਦੀਆਂ ਅਨੇਕਾਂ ਮੰਜ਼ਲਾਂ ਤੈਅ ਕਰਕੇ ਤਰੱਕੀ ਦਾ ਅਸਮਾਨ ਛੂਹ ਲਿਆ ਹੈ ਅਤੇ ਮਨੁੱਖ ਨੇ ਪੂਰੀ ਦੁਨੀਆਂ ਆਪਣੀ ਮੁੱਠੀ ਵਿੱਚ ਕਰ ਲਈ ਹੈ, ਪਰ ਇਸ ਤਰੱਕੀ ਕਾਰਨ ਸਭ ਤੋਂ ਜ਼ਿਆਦਾ ਨੁਕਸਾਨ ਕੁਦਰਤ, ਜਲ, ਜੰਗਲ ਅਤੇ ਜ਼ਮੀਨ ਦਾ ਹੋਇਆ ਹੈ। ਮਨੁੱਖੀ ਤਰੱਕੀ ਨਾਲ ਕੁਦਰਤੀ ਜਲ ਸੋਮੇ ਸੁੱਕਦੇ, ਸੁੰਗੜਦੇ ਜਾ ਰਹੇ ਹਨ ਅਤੇ ਪ੍ਰਦੂਸ਼ਿਤ ਹੋ ਰਹੇ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਭਾਰਤ ਦੇ ਆਜ਼ਾਦ ਹੋਣ ਵੇਲੇ ਪ੍ਰਤੀ ਵਿਅਕਤੀ 6000 ਘਣ ਮੀਟਰ ਪਾਣੀ ਮੁਹੱਈਆ ਸੀ, ਜੋ ਸਾਲ 2010 ਵਿੱਚ ਘੱਟ ਕੇ ਕਰੀਬ 1600 ਘਣ ਮੀਟਰ ਪ੍ਰਤੀ ਵਿਅਕਤੀ ਰਹਿ ਗਿਆ ਸੀ। ਕੇਂਦਰੀ ਜਲ ਸਰੋਤ ਮੰਤਰਾਲੇ ਦੇ ਅਨੁਸਾਰ ਪ੍ਰਤੀ ਵਿਅਕਤੀ ਜਲ ਉਪਲੱਬਤਾ ਸਾਲ 2025 ਵਿੱਚ 1341 ਘਣ ਮੀਟਰ ਅਤੇ ਸਾਲ 2050 ਤਕ ਪ੍ਰਤੀ ਵਿਅਕਤੀ ਪਾਣੀ ਦੀ ਉਪਲਬਤਾ 1140 ਘਣ ਮੀਟਰ ਰਹਿ ਜਾਵੇਗੀ। ਲਗਾਤਾਰ ਵਧਦੀ ਹੋਈ ਤਕਨੀਕ ਦੀ ਵਰਤੋ, ਤੇਜ਼ ਰਫ਼ਤਾਰ ਅਤੇ ਹਰ ਵੇਲੇ ਭਜ ਦੌੜ, ਭੌਤਿਕ ਸੁੱਖ ਦੇ ਸਾਧਨਾਂ ਨੂੰ ਅਸੀਮਿਤ ਤਕ ਬਣਾਉਣ ਦੀ ਹੋੜ ਨੇ ਮਨੁੱਖੀ ਜੀਵਨ ਦੇ ਨਾਲ- ਨਾਲ ਕੁਦਰਤੀ ਜਲ ਸੋਮਿਆਂ ਨੂੰ ਵੀ ਨੁਕਸਾਨ ਪਹੁੰਚਾਇਆ ਹੈ। ਅੱਜ ਪ੍ਰਦੂਸ਼ਿਤ ਪਾਣੀ ਕਾਰਨ ਹੀ ਮਨੁੱਖ ਅਨੇਕਾਂ ਬਿਮਾਰੀਆਂ ਦਾ ਸਾਹਮਣਾ ਕਰ ਰਿਹਾ ਹੈ। ਨਦੀਆਂ-ਦਰਿਆਵਾਂ ਅਤੇ ਕੁਦਰਤੀ ਜਲ ਸੋਮਿਆਂ ਵਿੱਚ ਡਿੱਗਦਾ ਸੀਵਰੇਜ, ਉਦਯੋਗਾਂ, ਫ਼ੈਕਟਰੀਆਂ ਦੇ ਜ਼ਹਿਰੀਲੇ ਰਸਾਇਣ ਅਤੇ ਹੋਰ ਗੰਦ ਮੰਦ ਪੀਣ ਵਾਲੇ ਕੁਦਰਤੀ ਸ਼ੁੱਧ ਪਾਣੀ ਨੂੰ ਪ੍ਰਦੂਸ਼ਿਤ ਅਤੇ ਜ਼ਹਿਰੀਲਾ ਬਣਾਉਂਦੇ ਹਨ, ਇਹ ਜ਼ਹਿਰੀਲਾ ਪਾਣੀ ਜੀਵ- ਜੰਤੂਆਂ ਦੇ ਨਾਲ ਨਾਲ ਮਨੁੱਖੀ ਸਿਹਤ ਲਈ ਵੀ ਬਹੁਤ ਹਾਨੀਕਾਰਕ ਸਾਬਿਤ ਹੋ ਰਿਹਾ ਹੈ।

ਮਨੁੱਖ ਵੱਲੋਂ ਤਰੱਕੀ ਦੀ ਆੜ ਵਿੱਚ ਕੁਦਰਤ ਨਾਲ ਕੀਤੇ ਜਾ ਰਹੇ ਖਿਲਵਾੜ ਕਾਰਨ ਅੱਜ ਮੌਸਮ ਚੱਕਰ, ਰੁੱਤਾਂ, ਜਲਵਾਯੂ, ਮਾਨਸੂਨ, ਬਰਸਾਤ, ਗਰਮੀ, ਸਰਦੀ ਸਭ ਗੜਬੜਾ ਗਏ ਹਨ, ਜਿਸ ਦਾ ਸਿੱਧਾ ਅਸਲ ਖੁਦ ਮਨੁੱਖ ਉਪਰ ਹੀ ਪੈ ਰਿਹਾ ਹੈ।

ਅਸਲ ਵਿੱਚ ਹੁਣ ਵੇਲਾ ਸਿਰਫ਼ ਗੱਲਾਂ ਕਰਨ ਦਾ ਨਹੀਂ ਸਗੋਂ ਪਾਣੀ ਬਚਾਉਣ ਅਤੇ ਕੁਦਰਤੀ ਜਲ ਸੋਮਿਆਂ ਦੀ ਸੰਭਾਲ ਲਈ ਠੋਸ ਉਪਰਾਲੇ ਕਰਨ ਦਾ ਹੈ। ਇਸ ਸਭ ਲਈ ਸਾਨੂੰ ਖੁਦ ਤੋਂ ਪਹਿਲ ਕਰਨੀ ਚਾਹੀਦੀ ਹੈ ਅਤੇ ਹਰ ਵਿਅਕਤੀ ਨੂੰ ਖੁਦ ਪਾਣੀ ਦੀ ਸੰਭਾਲ ਕਰਨ ਅਤੇ ਬਰਬਾਦੀ ਰੋਕਣ, ਪਾਣੀ ਨੂੰ ਪ੍ਰਦੂਸ਼ਣ ਤੋਂ ਬਚਾਉਣ ਅਤੇ ਕੁਦਰਤੀ ਜਲ ਸੋਮਿਆਂ ਦੀ ਸੰਭਾਲ ਲਈ ਉਪਰਾਲੇ ਕਰਨੇ ਚਾਹੀਦੇ ਹਨ। ਪੰਜਾਬ ਵਿੱਚ ਦਰਿਆਈ ਅਤੇ ਬਰਸਾਤੀ ਪਾਣੀ ਦੀ ਸਾਂਭ ਸੰਭਾਲ ਲਈ ਠੋਸ ਅਤੇ ਅਸਰਦਾਇਕ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ ਅਤੇ ਹਰ ਨਵੀਂ ਉਸਾਰੀ ਮੌਕੇ ਇਹ ਸ਼ਰਤ ਲਗਾ ਦੇਣੀ ਚਾਹੀਦੀ ਹੈ ਕਿ ਉਥੇ ਬਰਸਾਤੀ ਪਾਣੀ ਦੀ ਧਰਤੀ ਹੇਠਾਂ ਨਿਕਾਸੀ ਯਕੀਨੀ ਹੋਵੇ। ਸਦੀਆਂ ਤੋਂ ਮਨੁੱਖੀ ਸਭਿਅਤਾ ਨੂੰ ਜੀਵਨਦਾਨ ਦੇਣ ਵਾਲੇ ਕੁਦਰਤੀ ਜਲ ਸੋਮਿਆਂ ਨੂੰ ਜੀਵਨ ਦਾਨ ਦੇਣਾ ਹੁਣ ਹਰ ਮਨੁੱਖ ਦਾ ਫ਼ਰਜ਼ ਹੈ, ਨਹੀਂ ਤਾਂ ਇਸ ਦਾ ਖਮਿਆਜ਼ਾ ਭੁਗਤਣ ਲਈ ਵੀ ਮਨੁੱਖ ਨੂੰ ਤਿਆਰ ਰਹਿਣਾ ਚਾਹੀਦਾ ਹੈ।





# ਰਵਾਇਤੀ ਪੰਥਕ ਜੁਗਤਿ ਅਨੁਸਾਰ ਗੁਰਮਤਾ ਬੁਲਾਉਣ ਦੀ ਕਵਾਇਦ ਦੀ ਸ਼ੁਰੂਆਤ ਕਰਨ ਦੀ ਲੋੜ

ਮਿਤੀ 17 ਮੱਘਰ ਨਾਨਕਸ਼ਾਹੀ ਸੰਮਤ 556 ਮੁਤਾਬਕ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਗਿਆਨੀ ਰਘਬੀਰ ਸਿੰਘ ਤੇ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਪੰਜ ਸਿੰਘ ਸਾਹਿਬਾਨਾਂ ਵੱਲੋਂ ਬਾਦਲ ਦਲ ਦੇ ਦੋ ਧੜਿਆਂ ਦੇ ਆਗੂਆਂ ਨੂੰ ਤਨਖ਼ਾਹ ਲਾਉਣ ਦੀ ਕੀਤੀ ਕਾਰਵਾਈ ਪੰਥਕ ਕਸੌਟੀ ਉੱਤੇ ਖਰੀ ਨਹੀਂ ਉਤਰੀ ਸਗੋਂ ਅਦਾਕਾਰਾਂ ਵਲੋਂ ਨਿਭਾਏ ਜਾ ਰਹੇ ਦ੍ਰਿਸ਼ ਨਿਆਈ ਪ੍ਰਤੀਤ ਹੋਈ ਹੈ। ਸੋ ਇਹ ਕਾਰਵਾਈ ਕਿਸੇ ਵੀ ਤਰ੍ਹਾਂ ਸਰਬੱਤ ਖ਼ਾਲਸਾ ਪੰਥ ਨੂੰ ਸੇਧਤ ਤੇ ਸੂਤਰਬਧ ਕਰਨ ਵਾਲੀ ਨਹੀਂ ਹੈ।

ਬਾਦਲ ਦਲ ਦੇ ਹੇਠ ਲਿਖੇ ਗੁਨਾਹ ਜਥੇਦਾਰਾਂ ਨੇ ਨਿਤਾਰੇ ਹਨ, ਜੋ ਕਿ ਬਾਦਲ ਦਲੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਮੰਨੇ ਹਨ:

1. ਬਾਦਲ ਦਲ ਦੇ ਆਗੂਆਂ ਵੱਲੋਂ ਸਮੁੱਚੇ ਰੂਪ ਵਿੱਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਖ਼ਾਲਸਾ ਪੰਥ ਉੱਤੇ ਸੂਖਮ ਅਤੇ ਸਥੂਲ ਹਮਲੇ (ਗੁਰੂ ਪਾਤਿਸ਼ਾਹ ਦੇ ਸਵਾਂਗ ਤੇ ਸ਼ਬਦ ਗੁਰੂ ਵਿਰੋਧੀ ਅਮਲ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਘੋਰ ਬੇਅਦਬੀ ਤੱਕ) ਕਰਨ ਵਾਲੇ ਗੁਰੂ ਦੋਖੀ ਸਿਰਸੇ ਵਾਲੇ ਪਾਖੰਡੀ ਅਤੇ ਜਾਲਮ ਪੁਲਿਸ ਅਫ਼ਸਰਾਂ ਨਾਲ ਸਹਿਯੋਗ ਕਰਨਾ ਅਤੇ ਉਹਨਾਂ ਦੀ ਪੁਸ਼ਤਪਨਾਹੀ ਕਰਨੀ।

2. ਸੌਦਾ ਸਾਧ ਮੁਆਫ਼ੀ ਕਾਂਡ ਵਿੱਚ ਅਕਾਲ ਤਖ਼ਤ ਸਾਹਿਬ ਦੀ ਸਿਰਮੌਰਤਾ ਨੂੰ ਢਾਹ ਲਾਉਣੀ।

3. ਸੌਦਾ ਸਾਧ ਮੁਆਫ਼ੀ ਕਾਂਡ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੇ ਰਾਜਸੀ ਹਿੱਤ ਲਈ ਵਰਤ ਕੇ ਉਸਦੀ ਧਾਰਮਿਕ ਸ਼ਾਖ ਨੂੰ ਖੋਰਾ ਲਾਉਣਾ।

4. ਪੰਥਕ ਮੁੱਦਿਆਂ ਨੂੰ ਵਿਸਾਰ ਕੇ ਅਕਾਲੀ ਦਲ ਨੂੰ ਇੱਕ ਪੰਜਾਬੀ ਪਾਰਟੀ ਬਣਾਉਣਾ।

**ਤਨਖਾਹ ਲਗਾਉਣ ਦੇ ਇਸ ਸਾਰੇ ਅਮਲ ਵਿੱਚ ਜੋ ਊਣਤਾਈਆਂ ਰਹੀਆਂ ਹਨ:-**

ਗੁਨਾਹਾਂ ਦੇ ਕਾਰਨਾਂ ਦੀ ਵਿਆਪਕ ਪੜਚੋਲ ਦੀ ਅਣਹੋਂਦ

ਗੁਰ ਸੰਗਤਿ ਵੱਲੋਂ ਬਾਦਲ ਦਲ ਨੂੰ ਪਿਛਲੀਆਂ ਚਾਰ ਚੋਣਾਂ ਦੌਰਾਨ ਲੱਕ ਤੋੜਵੀ ਹਾਰ ਦੇ ਰੂਪ ਵਿੱਚ ਪਹਿਲਾਂ ਹੀ ਰਾਜਸੀ ਸਜ਼ਾ ਦਿੱਤੀ ਜਾ ਚੁੱਕੀ ਸੀ। ਪਰ ਜਥੇਦਾਰ ਰਾਜਸੀ ਗੁਨਾਹਾਂ ਦੀ ਵਿਆਪਕ ਪੜਚੋਲ ਕਰਵਾਉਣ ਵਿੱਚ ਨਾਕਾਮ ਰਹੇ ਹਨ। ਇਸ ਨੁਕਤੇ ਦੀ ਪੜਚੋਲ ਕਰਵਾਈ ਜਾਣੀ ਜਰੂਰੀ ਸੀ ਕਿ ਕੀ ਇਹ ਗੁਨਾਹ ਵਿਆਕਤੀਗਤ ਗਲਤੀ ਜਾਂ ਨੀਤੀਗਤ ਕੁਰਾਹਾ ਸਨ ਜਾਂ ਫ਼ਿਰ ਇਹ ਢਾਂਚਾਗਤ ਊਣਤਾਈ ਵਿਚੋਂ ਉਪਜੇ ਹਨ? ਰੋਗ ਦੀ ਜੜ੍ਹ ਲੱਭੇ ਤੋਂ ਬਿਨਾਂ ਉਸਦਾ ਇਲਾਜ ਕਰ ਸਕਣਾ ਔਖਾ ਹੁੰਦਾ ਹੈ। ਵਿਆਪਕ ਪੜਚੋਲ ਦੀ ਅਣਹੋਂਦ ਕਾਰਨ ਬੀਤੇ ਦੀ ਜਵਾਬਦੇਹੀ ਸਤਹੀ ਪੱਧਰ ਦੀ ਹੀ ਤਹਿ ਹੋ ਸਕੀ ਇਸ ਲਈ ਭਵਿੱਖ ਦਾ ਜੋ ਰਾਹ ਦਰਸਾਇਆ ਗਿਆ ਹੈ, ਉਹ ਪੁਖਤਾ ਨਹੀਂ ਹੈ।



**ਸਾਰੀ ਕਾਰਵਾਈ ਬਾਦਲ ਦਲ ਦੇ ਦੋ ਧੜਿਆਂ ਦੁਆਲੇ ਕੇਂਦਰਿਤ**

ਇਸ ਸਾਰੀ ਕਾਰਵਾਈ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ ਕਿ ਜਿਵੇਂ ਸਰਬੱਤ ਖ਼ਾਲਸਾ ਪੰਥ ਨੂੰ ਸੇਧਤ ਤੇ ਸੂਤਰਬਧ ਕਰਨ ਦੀ ਸ਼ੁਰੂਆਤ ਕੀਤੀ ਗਈ ਹੋਵੇ। ਪਰ ਅਸਲ ਵਿੱਚ ਇਹ ਦੋ ਧੜਿਆਂ ਦੀ ਏਕਤਾ ਤੇ ਮੁੜ ਸਥਾਪਤੀ ਅਤੇ ਇੱਕ ਪੰਜਾਬੀ ਪਾਰਟੀ ਨੂੰ ਬੀਜੇਪੀ ਦੇ ਹੋਰ ਅਨੁਸਾਰੀ ਕਰਨ ਦੀ ਕਵਾਇਦ ਦੀ ਸ਼ੁਰੂਆਤ ਹੀ ਲਗਦੀ ਹੈ।

**ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਸੰਬੰਧੀ ਅਸਪਸ਼ਟਤਾ:**

1947 ਤੋਂ ਬਾਅਦ ਇੰਡੀਅਨ ਵੋਟ ਤੰਤਰ ਦੀ ਰਾਜਨੀਤੀ ਵਿੱਚ ਅਕਾਲੀ ਦਲ ਦੇ ਦੋ ਸਰੂਪ ਮੁੱਖ ਰੂਪ ਵਿੱਚ ਪਰਚਲਤ ਰਹੇ ਹਨ। ਪਹਿਲਾ, ਗੁਰੂ ਖ਼ਾਲਸਾ ਪੰਥ ਦੀ ਨਿਆਰੀ ਤੇ ਸੁਤੰਤਰ ਪਹਿਚਾਣ ਅਧਾਰਿਤ ਪੰਥਕ ਮੁੱਦਿਆਂ ਦੀ ਰਾਜਨੀਤੀ ਵਾਲਾ ਅਤੇ ਦੂਜਾ 1995 ਮੋਗਾ ਕਾਨਫ਼ਰੰਸ ਤੋਂ ਬਾਅਦ ਵਾਲੀ ਪੰਜਾਬੀ ਪਾਰਟੀ।

ਸੋ ਹੁਣ ਜੋ ਨਵੀਂ ਭਰਤੀ ਦਾ ਆਦੇਸ਼ ਹੋਇਆ ਹੈ ਇਹ ਅਕਾਲੀ ਦਲ ਦੇ ਕਿਸ ਸਰੂਪ ਨੂੰ ਪੁਨਰ ਸੁਰਜੀਤ ਕਰਨ ਦੀ ਕਵਾਇਦ ਹੈ? ਇਸ ਸੰਬੰਧੀ ਕੋਈ ਸਪਸ਼ਟਤਾ ਨਹੀਂ ਕੀਤੀ ਗਈ।

**ਤਨਖਾਹ ਦੀ ਜੁਗਤਿ ਵਿੱਚ ਊਣਤਾਈਆਂ ਤੇ ਗਲਤੀਆਂ:**

ਬਾਦਲ ਦਲ ਦੀ ਸਮੁੱਚੀ ਆਗੂ ਜਮਾਤ ਨੇ, ਸਮੇਤ ਸੁਖਬੀਰ ਸਿੰਘ ਬਾਦਲ ਦੇ, ਆਪਣੇ ਜੋ 'ਗੁਨਾਹ' ਕਬੂਲ ਕੀਤੇ ਹਨ, ਉਹ ਗੁਰੂ ਗ੍ਰੰਥ ਤੇ ਗੁਰੂ ਪੰਥ ਨਾਲ ਵਿਸਾਹਘਾਤ ਦੀ ਲੰਮਾ ਸਮਾਂ ਕੀਤੀ ਰਾਜਨੀਤੀ ਦਾ ਕਰੂਪ ਅਮਲ ਪੇਸ਼ ਕਰਦੇ ਹਨ। ਪਰ ਇਸੇ ਦੇ ਇਵਜ਼ ਵਿੱਚ ਉਹਨਾਂ ਨੂੰ ਜੋ ਤਨਖਾਹ ਲਗਾਈ ਗਈ ਹੈ ਓਹ ਕਿਸੇ ਸਿੱਖ ਵੱਲੋਂ ਸਖਸ਼ੀ ਰਹਿਤ ਦੀ ਅਵੱਗਿਆ ਦੀ ਹੈ ਨਾ ਕਿ ਰਾਜ ਅਭਿਮਾਨ ਵਿੱਚ ਕੀਤੇ ਵਿਸਾਹ ਘਾਤ ਦੀ।

ਦੂਸਰਾ ਜਥੇਦਾਰਾਂ ਵੱਲੋਂ ਸੁਖਬੀਰ ਸਿੰਘ ਅਤੇ ਸੁਖਦੇਵ ਸਿੰਘ ਵਰਗੇ ਗੁਨਾਹਗਾਰਾਂ ਨੂੰ ਨੀਲਾ ਬਾਣਾ ਪਵਾ ਕੇ ਸਤਿਗੁਰ ਨਾਨਕ ਸੱਚੇ ਪਾਤਿਸਾਹ ਦਰਬਾਰ ਦੇ ਬਰਛਾ ਬਰਦਾਰ ਜੇਹੀ ਸਨਮਾਨਿਤ ਸੇਵਾ ਦੇਣੀ ਹੀ ਆਪਣੇ ਆਪ ਵਿੱਚ ਤਨਖਾਹ ਤੇ ਪੰਥਕ ਰਵਾਇਤਾਂ ਦੀ ਉਲੰਘਣਾ ਹੈ ਅਤੇ ਦਸਮ ਪਾਤਸ਼ਾਹ ਜੀ ਵੱਲੋਂ ਬਖਸ਼ੇ ਨੀਲੇ ਬਾਣੇ ਦੀ ਤੌਹੀਨ ਤੇ ਗੁਰਮਤਿ ਦੀ ਸੋਝੀ ਨਾ ਹੋਣ ਦਾ ਸਬੂਤ ਹੈ।

**ਆਦੇਸ਼ ਵਿੱਚ ਬੁਨਿਆਦੀ ਵਿਰੋਧਾਭਾਸ**

ਆਪਣੇ ਆਦੇਸ਼ ਨੰਬਰ ਅ 3/206 ਵਿੱਚ ਜਥੇਦਾਰ ਆਪ ਹੀ ਮੰਨਦੇ ਹਨ ਕਿ ਆਪਣੇ ਗੁਨਾਹਾਂ ਕਾਰਨ ਇਹ ਆਗੂ ਜਮਾਤ ਗੁਰਸੰਗਤਿ ਦੀ ਰਾਜਸੀ ਅਗਵਾਈ ਕਰਨ ਦਾ ਨੈਤਿਕ ਅਧਿਕਾਰ ਗਵਾ ਚੁੱਕੀ ਹੈ ਪਰ ਇਸ ਆਦੇਸ਼ ਦੇ ਅਗਲੇ ਨੁਕਤੇ ਵਿੱਚ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਨਿਰਪੱਖ ਪੰਥ ਦਰਦੀਆਂ ਦੀ ਬਜਾਏ ਬਾਦਲ ਦਲ ਦੇ ਹੀ ਆਗੂਆਂ ਦੀ ਇੱਕ ਕਮੇਟੀ ਬਣਾ ਦਿਤੀ ਗਈ ਹੈ ਜੋ ਕਿ ਬੁਨਿਆਦੀ ਰੂਪ ਵਿੱਚ ਆਪਾ ਵਿਰੋਧੀ ਗੱਲ ਹੈ।

**ਫ਼ੈਸਲਾ ਲੈਣ ਦੀ ਜੁਗਤਿ**

ਖ਼ਾਲਸਾ ਪੰਥ ਵਿੱਚ ਗੁਰਮਤਾ ਕਰਨ ਦੀ ਵਿਧੀ ਪਾਰਦਰਸ਼ੀ, ਸੰਗਤੀ ਅਤੇ ਪੰਚ ਪ੍ਰਧਾਨੀ ਪ੍ਰਣਾਲੀ ਅਧਾਰਿਤ ਹੈ ਜਿਸ ਵਾਸਤੇ ਅਜਿਹਾ ਫ਼ੈਸਲਾ ਲੈਣ ਲਈ ਪੰਥਕ ਖੇਤਰ ਵਿੱਚ ਵਿਚਰਦੇ ਧਾਰਮਿਕ ਤੇ ਪੰਥਕ ਰਾਜਸੀ ਜਥਿਆਂ, ਸੰਪਰਦਾਵਾਂ ਤੇ ਪ੍ਰਬੰਧਕੀ ਸੰਸਥਾਵਾਂ ਦੀ ਸਮੂਲੀਅਤ ਲਾਜਮੀ ਸੀ ਪਰ ਜਾਪਦਾ ਹੈ ਕਿ ਰਾਜਸੀ ਧਿਰਾਂ ਦੇ ਪ੍ਰਭਾਵ ਅਧੀਨ ਜਥੇਦਾਰਾਂ ਵੱਲੋਂ ਅਜਿਹਾ ਨਹੀਂ ਕੀਤਾ ਗਿਆ। ਇਸ ਲਈ ਬਾਦਲ ਦਲੀਆਂ ਨੂੰ ਤਨਖਾਹ ਲਾਉਣ ਦਾ ਤਰੀਕਾਕਾਰ ਗੁਰਮਤੇ ਦੀ ਪੰਥਕ ਰਿਵਾਇਤ ਦੇ ਅਨੁਸਾਰੀ ਨਹੀਂ ਸੀ।

**ਜਥੇਦਾਰਾਂ ਦੀ ਨਿੱਜੀ ਨਿਰਪੱਖਤਾ ਅਤੇ ਪੰਥ ਪ੍ਰਤੀ ਵਚਨਬੱਧਤਾ**

ਸ੍ਰੋ.ਗੁ.ਪ੍ਰ.ਕ. ਵੱਲੋਂ ਨੀਯਤ ਜਥੇਦਾਰ ਸਮੁੱਚੇ ਪੰਥ ਨੂੰ ਵਿਸ਼ਵਾਸ਼ ਵਿੱਚ ਲੈ ਕੇ ਨਿਯੁਕਤ ਕੀਤੇ ਜਥੇਦਾਰ ਨਹੀਂ ਹਨ ਸਗੋਂ ਉਹ ਬਾਦਲ ਦਲ ਵੱਲੋਂ ਸਿਰਜੇ ਤਾਣੇ-ਬਾਣੇ ਦੇ ਲਾਭਪਾਤਰੀ ਹਨ।

ਬਾਦਲ ਦਲੀਆਂ ਵੱਲੋਂ ਕਬੂਲੇ ਗੁਨਾਹ ਖਾੜਕੂ ਲਹਿਰ, ਸਿਰਸੇ ਵਾਲੇ ਪਾਖੰਡੀ ਵਿਰੁੱਧ ਲਹਿਰ ਅਤੇ ਗੁਰੂ ਗ੍ਰੰਥ ਸਾਹਿਬ ਬੇਅਦਬੀ ਇਨਸਾਫ਼ ਲਹਿਰ ਦੁਆਲੇ ਕੇਂਦਰਿਤ ਹਨ।

ਇਹਨਾਂ ਤਿੰਨ ਲਹਿਰਾਂ ਵਿੱਚ ਦਸਮੇਸ਼ ਪਿਤਾ ਜੀ ਦੀ ਮਿਹਰ ਦੇ ਸਦਕਾ ਅਹਿਮ ਸੇਵਾਵਾਂ ਨਿਭਾਉਣ ਵਾਲੇ ਜਥਿਆਂ, ਸੰਸਥਾਵਾਂ ਤੇ ਸਖਸ਼ੀਅਤਾਂ ਨੂੰ ਇਸ ਸਾਰੇ ਅਮਲ ਤੋਂ ਲਾਂਭੇ ਰਖ ਕੇ ਜਥੇਦਾਰਾਂ ਨੇ ਸਰਬੱਤ ਖ਼ਾਲਸਾ ਪੰਥ ਪ੍ਰਤੀ ਆਪਣੀ ਵਚਨਵਧਤਾ ਦੀ ਬਜਾਏ ਸਿਰਫ਼ ਬਾਦਲ ਦਲ ਪ੍ਰਤੀ ਆਪਣੀ ਵਫ਼ਾਦਾਰੀ ਸਾਬਤ ਕੀਤੀ ਹੈ।

ਇੱਕ ਜਥੇਦਾਰ ਤਾਂ ਅਜੇ ਕੁਛ ਸਮਾਂ ਪਹਿਲਾਂ ਤੱਕ ਦਿੱਲੀ ਤਖ਼ਤ ਦੇ ਵਜੀਰਾਂ ਨਾਲ ਸਿੱਧਾ ਰਾਬਤਾ ਰਖਣ ਕਰਕੇ ਅਤੇ ਆਪਣੀ ਸੁਰੱਖਿਆ ਲਈ ਬਾਬਰ ਕਿਆਂ ਦੇ ਕਮਾਂਡੋ ਰੱਖਣ ਕਰਕੇ ਨੁਕਤਾਚੀਨੀ ਦਾ ਸ਼ਿਕਾਰ ਹੁੰਦੇ ਆਏ ਹਨ।

ਇੰਝ ਸ੍ਰੋ.ਗੁ.ਪ੍ਰ.ਕ. ਵੱਲੋਂ ਨੀਯਤ ਜਥੇਦਾਰਾਂ ਦੀ ਨਿਰਪੱਖਤਾ ਤੇ ਨਿਸ਼ਕਾਮਤਾ ਦੋਵੇਂ ਹੀ ਸਵਾਲਾਂ ਦੇ ਘੇਰੇ ਵਿੱਚ ਹਨ।

**ਜੋ ਕਰਨਾ ਬਣਦਾ ਸੀ**


ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਈ ਕਾਰਵਾਈ ਇੰਡੀਅਨ ਵੋਟਤੰਤਰ ਅਧੀਨ ਚਲਣ ਵਾਲੀ ਇੱਕ ਰਾਜਸੀ ਪਾਰਟੀ ਉਤੇ ਕੇਂਦਰਿਤ ਹੋਣ ਦੀ ਬਜਾਏ ਮੁਕੰਮਲ ਪੰਥਕ ਜਥੇਬੰਦਕ ਜੁਗਤਿ ਦੀ ਪੁਨਰ ਸੁਰਜੀਤੀ ਉਤੇ ਕੇਂਦਰਤ ਹੋਣੀ ਚਾਹੀਦੀ ਸੀ।

ਮੁਕੰਮਲ ਪੰਥਕ ਜਥੇਬੰਦਕ ਜੁਗਤਿ ਖ਼ਾਲਸਾ ਪੰਥ ਦੇ ਤਖ਼ਤ ਸਾਹਿਬਾਨ ਦੀ ਸਿਰਮੌਰਤਾ ਦੀ ਬਹਾਲੀ ਲਈ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਦਾ ਪੰਥਕ ਨਿਜ਼ਾਮ ਸਿਰਜਣਾ, ਗੁਰਦੁਆਰਾ ਪ੍ਰਬੰਧਨ ਵਿੱਚ ਖੁਦਮੁਖਤਿਆਰੀ ਸਥਾਪਤ ਕਰਨਾ, ਖ਼ਾਲਸਾ ਪੰਥ ਦੇ ਪਾਤਿਸ਼ਾਹੀ ਦਾਅਵੇ ਅਨੁਸਾਰੀ ਦੇਸ-ਕਾਲ ਘੜਨ ਦੇ ਸੰਗਰਾਮ ਨੂੰ ਸੂਤਰਬੱਧ ਕਰਨਾ ਅਤੇ ਇੰਡੀਅਨ ਨਿਜ਼ਾਮ ਸਮੇਤ ਕਿਸੇ ਵੀ ਦੁਨਿਆਵੀ ਤਖ਼ਤ ਅਧੀਨ ਚਲ ਰਹੀ ਵੋਟ ਰਾਜਨੀਤੀ ਨੂੰ ਸੂਤਰਬਧ ਕਰਨਾ ਪ੍ਰਮੁੱਖ ਖੇਤਰ ਬਣਦੇ ਹਨ।

ਇਸ ਸਾਰੀ ਕਵਾਇਦ ਵਿੱਚ ਗੁਰੁ ਖ਼ਾਲਸਾ ਪੰਥ ਅਤੇ ਗੁਰਸੰਗਤਿ ਦੇ ਵਿਸ਼ਵ ਭਰ ਵਿੱਚ ਵੱਖ-ਵੱਖ ਖੇਤਰਾਂ ਵਿੱਚ ਸਰਗਰਮ ਜਥਿਆਂ ਤੇ ਸੰਸਥਾਵਾਂ ਨੂੰ ਸ਼ਾਮਲ ਕਰਕੇ ਰਵਾਇਤੀ ਪੰਥਕ ਜੁਗਤਿ ਅਨੁਸਾਰ ਗੁਰਮਤਾ ਬੁਲਾਉਣ ਦੀ ਕਵਾਇਦ ਦੀ ਸ਼ੁਰੂਆਤ ਕੀਤੀ ਜਾਣੀ ਚਾਹੀਦੀ ਸੀ।

**-ਭਾਈ ਦਲਜੀਤ ਸਿੰਘ**

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਅਨੁਸਾਰ ਅਕਾਲੀ ਲੀਡਰਾਂ ਨੂੰ ਧਾਰਮਿਕ ਸਜ਼ਾ



ਕੁੱਕੀ ਗਿੱਲ

ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਾਦਲ ਪਿਛਲੇ ਦਿਨੀਂ ਅੰਮ੍ਰਿਤਸਰ 'ਚ ਹਰਿਮੰਦਰ ਸਾਹਿਬ ਨੇੜੇ ਹੋਈ ਗੋਲੀਬਾਰੀ ਦੀ ਘਟਨਾ 'ਚੋਂ ਵਾਲ-ਵਾਲ ਬਚ ਗਏ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਅਨੁਸਾਰ ਧਾਰਮਿਕ ਸਜ਼ਾ ਭੁਗਤਦੇ ਹੋਏ ਕਰਦੇ ਹੋਏ ਵ੍ਹੀਲਚੇਅਰ 'ਤੇ ਬੈਠੇ ਬਾਦਲ ਨੂੰ ਗੋਲੀ ਨੇੜਲੀ ਕੰਧ ਵਿੱਚ ਵੱਜਣ ਕਾਰਨ ਕੋਈ ਨੁਕਸਾਨ ਨਹੀਂ ਹੋਇਆ। ਹਮਲਾਵਰ ਨਰਾਇਣ ਸਿੰਘ ਨੂੰ ਰਾਹਗੀਰਾਂ ਅਤੇ ਪੁਲਿਸ ਨੇ ਕਾਬੂ ਕਰ ਲਿਆ। ਅਧਿਕਾਰੀਆਂ ਨੇ ਹਥਿਆਰਾਂ ਨਾਲ ਸਬੰਧਤ ਅਪਰਾਧਾਂ ਸਮੇਤ ਸਿੰਘ ਦੇ ਅਪਰਾਧਿਕ ਇਤਿਹਾਸ ਦਾ ਖੁਲਾਸਾ ਕੀਤਾ ਅਤੇ ਉਸਦੇ ਇਰਾਦਿਆਂ ਦੀ ਜਾਂਚ ਕਰ ਰਹੇ ਹਨ। ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਹੋਰ ਨੁਕਸਾਨ ਹੋਣ ਤੋਂ ਰੋਕਣ ਵਾਲੇ ਅਧਿਕਾਰੀਆਂ ਦੇ ਤੇਜ਼ ਜਵਾਬ ਦੀ ਸ਼ਲਾਘਾ ਕੀਤੀ। ਘਟਨਾ ਤੋਂ ਤੁਰੰਤ ਬਾਅਦ ਸੁਖਬੀਰ ਦੀ ਪਤਨੀ ਹਰਸਿਮਰਤ ਕੌਰ ਬਾਦਲ ਨੇ ਘਟਨਾ ਵਾਲੀ ਥਾਂ ਦਾ ਦੌਰਾ ਕੀਤਾ। 2007 ਤੋਂ 2017 ਤੱਕ ਪੰਜਾਬ ਵਿੱਚ ਪਾਰਟੀ ਦੇ ਸ਼ਾਸਨ ਦੌਰਾਨ ਹੋਈਆਂ ਗਲਤੀਆਂ ਲਈ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ (ਅਕਾਲੀ ਦਲ) ਦੇ ਹੋਰ ਆਗੂਆਂ ਨੂੰ ਸਿੱਖਾਂ ਦੀ ਸਰਵਉੱਚ ਸੰਸਥਾ ਅਕਾਲ ਤਖ਼ਤ ਵੱਲੋਂ ਧਾਰਮਿਕ ਸਜ਼ਾ ਸੁਣਾਏ ਜਾਣ ਤੋਂ ਇੱਕ ਦਿਨ ਬਾਅਦ, ਮੰਗਲਵਾਰ ਨੂੰ ਅੰਮ੍ਰਿਤਸਰ ਵਿੱਚ ਹਰਿਮੰਦਰ ਸਾਹਿਬ ਦੇ ਬਾਹਰ ਪਹਿਰਾ ਦਿੰਦੇ ਹੋਏ ਬਾਦਲ ਨੇ ਆਪਣੀ ਸਜ਼ਾ ਸ਼ੁਰੂ ਕਰ ਦਿੱਤੀ।



ਸੁਖਬੀਰ ਬਾਦਲ ਅਤੇ ਸਾਬਕਾ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੂੰ ਧਾਰਮਿਕ ਸਜ਼ਾ ਸੁਣਾਉਣ ਦਾ ਹੁਕਮ ਦਿੱਤਾ ਗਿਆ ਸੀ, ਜਿਸ ਵਿੱਚ ਪਖਾਨੇ ਦੀ ਸਫ਼ਾਈ, ਲੰਗਰ ਘਰ ਵਿੱਚ ਸੇਵਾ, ਨਿਤਨੇਮ ਅਤੇ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ਾਮਲ ਸੀ। ਹਾਲਾਂਕਿ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਪੈਰ ਵਿੱਚ ਫ੍ਰੈਕਚਰ ਹੋਣ ਕਾਰਨ ਰਿਆਇਤ ਵਜੋਂ ਪਹਿਰੇ 'ਤੇ ਖੜ੍ਹੇ ਬਾਦਲ ਨੂੰ ਬਰਛਾ ਫੜਨ ਦਿੱਤਾ। ਇਸੇ ਤਰ੍ਹਾਂ ਢੀਂਡਸਾ ਨੂੰ ਵੀ ਪਖਾਨੇ ਦੀ ਸਫ਼ਾਈ ਕਰਨ ਦੀ ਬਜਾਏ ਬਰਛੀ ਰੱਖਣ ਦੀ ਇਜਾਜ਼ਤ ਦਿੱਤੀ ਗਈ। ਦੋਵਾਂ ਨੂੰ ਦੋ ਦਿਨਾਂ ਲਈ ਦਰਬਾਨ ਵਜੋਂ ਸੇਵਾ ਕਰਨ ਲਈ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਨੇ ਪਰੰਪਰਾਗਤ ਦਰਬਾਨ ਦੇ ਪਹਿਰਾਵੇ ਪਹਿਨੇ ਹੋਏ ਸਨ ਅਤੇ ਨਿਮਰਤਾ ਦੇ ਪ੍ਰਤੀਕ ਵਜੋਂ ਬਰਛੇ ਫੜੇ ਹੋਏ ਸਨ। ਅਕਾਲ ਤਖ਼ਤ ਨੇ ਸੁਖਬੀਰ ਦੇ ਪਿਤਾ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ ਗਿਆ ਫ਼ਖ਼ਰ-ਏ-ਕੌਮ (ਰਾਸ਼ਟਰ ਦਾ ਮਾਣ) ਖ਼ਿਤਾਬ ਵੀ ਰੱਦ ਕਰ ਦਿੱਤਾ ਹੈ। ਅਕਾਲ ਤਖ਼ਤ ਸਾਹਿਬ ਵੱਲੋਂ 'ਤਨਖਾਹੀਆ' (ਧਾਰਮਿਕ ਦੁਰਵਿਹਾਰ ਦਾ ਦੋਸ਼ੀ) ਐਲਾਨੇ ਜਾਣ ਤੋਂ ਤਕਰੀਬਨ ਤਿੰਨ ਮਹੀਨੇ ਬਾਅਦ ਸਜ਼ਾ ਦਾ ਐਲਾਨ ਹੋਇਆ ਹੈ।

ਪਾਰਟੀ ਦੀ ਵਰਕਿੰਗ ਕਮੇਟੀ ਨੂੰ ਸੁਖਬੀਰ ਬਾਦਲ ਦਾ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਪ੍ਰਵਾਨ ਕਰਨ ਅਤੇ ਛੇ ਮਹੀਨਿਆਂ ਅੰਦਰ ਨਵੀਂ ਲੀਡਰਸ਼ਿਪ ਲਈ ਚੋਣਾਂ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ ਸਨ। ਸੁੱਚਾ ਸਿੰਘ ਲੰਗਾਹ, ਹੀਰਾ ਸਿੰਘ ਗਾਬੜੀਆ ਅਤੇ ਬਿਕਰਮ ਸਿੰਘ ਮਜੀਠੀਆ ਸਮੇਤ ਹੋਰ ਅਕਾਲੀ ਆਗੂਆਂ ਨੂੰ ਵੀ ਹਰਿਮੰਦਰ ਸਾਹਿਬ ਵਿਖੇ ਵਾਸ਼ਰੂਮਾਂ ਅਤੇ ਭਾਂਡਿਆਂ ਦੀ ਸਫ਼ਾਈ ਸਮੇਤ ਧਾਰਮਿਕ ਕਾਰਜ ਸੌਂਪੇ ਗਏ ਸਨ।

ਬਾਦਲਾਂ ਨੇ ਲਗਪਗ ਤਿੰਨ ਦਹਾਕਿਆਂ ਤੋਂ ਅਕਾਲੀ ਦਲ 'ਤੇ ਪਕੜ ਬਣਾਈ ਰੱਖੀ ਹੈ। ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹਿ ਚੁੱਕੇ ਪ੍ਰਕਾਸ਼ ਸਿੰਘ ਬਾਦਲ ਨੇ ਸਾਰਿਆਂ ਨੂੰ ਨਾਲ ਲੈ ਕੇ ਪਾਰਟੀ ਨੂੰ ਚੰਗੀ ਤਰ੍ਹਾਂ ਮਜ਼ਬੂਤ ਕੀਤਾ, ਪਰ ਉਹ ਆਪਣੇ ਆਖ਼ਰੀ ਸਾਲਾਂ ਵਿੱਚ ਘਟਨਾਵਾਂ ਨੂੰ ਕਾਬੂ ਤੋਂ ਬਾਹਰ ਹੋਣ ਤੋਂ ਨਹੀਂ ਰੋਕ ਸਕੇ। 2015 ਵਿੱਚ ਬੇਅਦਬੀ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਪੁਲਿਸ ਗੋਲੀਬਾਰੀ ਉਨ੍ਹਾਂ ਦੇ ਸ਼ਾਨਦਾਰ ਕੈਰੀਅਰ 'ਤੇ ਇੱਕ ਧੱਬਾ ਸੀ। ਅਪ੍ਰੈਲ 2023 ਵਿੱਚ ਸੀਨੀਅਰ ਬਾਦਲ ਦੀ ਮੌਤ ਤੋਂ ਬਾਅਦ, ਉਨ੍ਹਾਂ ਦਾ ਪੁੱਤਰ ਸੁਖਬੀਰ ਬਗਾਵਤ ਨੂੰ ਕਾਬੂ ਕਰਨ ਅਤੇ ਆਪਣੇ ਆਪ ਵਿੱਚ ਇੱਕ ਨੇਤਾ ਵਜੋਂ ਸਥਾਪਤ ਕਰਨ ਲਈ ਸੰਘਰਸ਼ ਕਰ ਰਿਹਾ ਹੈ। ਮੌਜੂਦਾ ਸਥਿਤੀ ਕੁਝ ਸਪੱਸ਼ਟ ਸਵਾਲ ਪੈਦਾ ਕਰਦੀ ਹੈ:

ਕੀ ਪਾਰਟੀ ਕਿਸੇ ਗੈਰ-ਬਾਦਲ ਮੁਖੀ ਨੂੰ ਚੁਣੇਗੀ? ਕੀ ਉਹ ਬਾਦਲ ਦਾ ਵਫਾਦਾਰ ਹੋਵੇਗਾ ਜਾਂ ਬਾਗੀ ਕੈਂਪ ਦਾ ਕੋਈ? ਅਤੇ ਕੀ ਨਵਾਂ ਪ੍ਰਧਾਨ ਪਾਰਟੀ ਨੂੰ ਨਵਾਂ ਜੀਵਨ ਦੇਣ ਦੇ ਯੋਗ ਹੋਵੇਗਾ?

ਸ਼੍ਰੋਮਣੀ ਅਕਾਲੀ ਦਲ, ਭਾਰਤ ਦੀਆਂ ਸਭ ਤੋਂ ਪੁਰਾਣੀਆਂ ਸਿਆਸੀ ਪਾਰਟੀਆਂ ਵਿੱਚੋਂ ਇੱਕ, ਅੱਜ ਆਪਣੇ ਆਪ ਨੂੰ ਇੱਕ ਚੁਰਾਹੇ 'ਤੇ ਦੇਖ ਰਿਹਾ ਹੈ। ਲੋਕਾਂ ਖਾਸ ਕਰਕੇ ਸਿੱਖਾਂ ਅਤੇ ਕਿਸਾਨਾਂ ਦਾ ਭਰੋਸਾ ਮੁੜ ਹਾਸਲ ਕਰਨ ਲਈ ਸਖ਼ਤ ਫੈਸਲੇ ਲੈਣੇ ਪੈਣਗੇ। ਜੇਕਰ ਬਾਦਲ ਪਰਿਵਾਰ ਸਿੱਧੇ ਜਾਂ ਅਸਿੱਧੇ ਤੌਰ 'ਤੇ ਕੇਂਦਰ 'ਚ ਬਣੇ ਰਹਿਣ ਦੀ ਕੋਸ਼ਿਸ਼ ਕਰਦਾ ਹੈ ਤਾਂ ਆਉਣ ਵਾਲੀਆਂ ਪਾਰਟੀ ਚੋਣਾਂ ਮਹਿਜ਼ ਦਿਖਾਵਾ ਹੀ ਹੋਣਗੀਆਂ। ਪਾਰਟੀ ਨੂੰ ਇਹ ਫੈਸਲਾ ਕਰਨਾ ਚਾਹੀਦਾ ਹੈ ਕਿ ਕੀ ਉਹ ਕਾਂਗਰਸ ਦੇ ਰਾਹ 'ਤੇ ਜਾਣਾ ਚਾਹੁੰਦੀ ਹੈ - ਭਾਵੇਂ ਕਿ ਮਲਿਕਾਅਰਜੁਨ ਖੜਗੇ ਪਾਰਟੀ ਦੇ ਮੁਖੀ ਹਨ, ਪਰ ਗਾਂਧੀ ਪਰਿਵਾਰ ਅਜੇ ਵੀ ਕੇਂਦਰ 'ਚ ਹੈ- ਜਾਂ ਇੱਕ ਬਿਲਕੁਲ ਨਵਾਂ ਰਾਹ ਤਿਆਰ ਕਰਨਾ ਹੈ।

# ਵਧ-ਫੈਲ ਰਿਹਾ ਦਵਾਈਆਂ ਦਾ ਬਾਜ਼ਾਰ

ਡਾ. ਸ਼ਿਆਮ ਸੁੰਦਰ ਦੀਪਤੀ



ਕਿਸੇ ਦੇ ਵੀ ਘਰ ਚਲੇ ਜਾਉ, ਰਸੋਈ ਦੇ ਖਾਣ-ਪੀਣ ਦੇ ਸਮਾਨ ਵਾਂਗ ਦਵਾਈਆਂ ਦਾ ਵੀ ਡੱਬਾ ਜ਼ਰੂਰ ਮਿਲੇਗਾ। ਅੰਦਾਜ਼ਾ ਲੱਗ ਸਕਦਾ ਕਿ ਘਰ ਦੇ ਮਹੀਨੇ ਦੇ ਬਜਟ ਵਿੱਚ ਜਿਥੇ ਰਸੋਈ ਸ਼ਾਮਲ ਹੈ, ਹੋਰ ਸਬਜ਼ੀ-ਭਾਜੀ ਜਾਂ ਬਿਜਲੀ ਦਾ ਬਿੱਲ, ਉਥੇ ਦਵਾਈਆਂ ਵੀ ਆਮ ਬਜਟ ਵਿੱਚ ਸ਼ਾਮਲ ਹੋ ਗਈਆਂ ਹਨ। ਇਹ ਦਵਾਈਆਂ ਉਹ ਨਹੀਂ ਜੋ ਲੰਮੀਆਂ ਬਿਮਾਰੀਆਂ ਜਿਵੇਂ ਸ਼ੂਗਰ ਤੇ ਬਲੱਡ ਪ੍ਰੈਸ਼ਰ ਲਈ ਰੋਜ਼ਾਨਾ ਵਰਤਣੀਆਂ ਪੈਂਦੀਆਂ, ਇਹ ਆਮ ਵਰਤੋਂ ਵਿੱਚ ਆਉਣ ਵਾਲੀਆਂ ਬਿਮਾਰੀਆਂ ਜਿਵੇਂ ਬੁਖ਼ਾਰ, ਸਿਰ ਦਰਦ, ਜੀਅ ਕੱਚਾ ਹੋਣਾ, ਪੇਟ ਖਰਾਬ ਜਾਂ ਜੋੜਾਂ ਦਾ ਦਰਦ ਆਦਿ ਦੀਆਂ ਹੁੰਦੀਆਂ; ਮਤਲਬ, ਅਸੀਂ ਦਵਾਈਆਂ ਭਰੋਸੇ ਚੱਲਣ ਵਾਲੇ ਸਮਾਜ ਵਿੱਚ ਰਹਿ ਰਹੇ ਹਾਂ।

ਦਵਾਈਆਂ ਦੀ ਵਰਤੋਂ ਸਮਾਜ ਵਿੱਚ ਉਦੋਂ ਤੋਂ ਹੋ ਰਹੀ ਹੈ ਜਦੋਂ ਤੋਂ ਮਨੁੱਖ ਨੇ ਖ਼ੁਦ ਨੂੰ ਧਰਤੀ 'ਤੇ ਰੂਪਮਾਨ ਕੀਤਾ ਹੈ। ਪੇਟ ਦੀ ਭੁੱਖ ਨਾਲ ਜਿਥੇ ਮਨੁੱਖ ਨੇ ਦਰੱਖਤਾਂ, ਫਲਾਂ 'ਤੇ ਖ਼ੁਦ ਨੂੰ ਨਿਰਭਰ ਕੀਤਾ, ਉਸੇ ਤਰ੍ਹਾਂ ਦਰਦ ਵਰਗੀ ਕਿਸੇ ਤਕਲੀਫ਼ ਲਈ ਦਰੱਖਤਾਂ, ਪੌਦਿਆਂ ਦਾ ਹੀ ਸਹਾਰਾ ਲਿਆ। ਸਾਡੀ ਆਪਣੀ ਆਯੁਰਵੈਦਿਕ ਪ੍ਰਣਾਲੀ ਦਰੱਖਤਾਂ, ਪੌਦਿਆਂ ਤੋਂ ਹੀ ਪੈਦਾ ਹੋਈ ਹੈ। ਅੱਜ ਭਾਵੇਂ ਆਯੁਰਵੈਦਿਕ ਤੇ ਭਾਵੇਂ ਆਧੁਨਿਕ ਵਿਗਿਆਨ ਹੇਠ ਪ੍ਰਚਾਰੀ ਸਮਝੀ ਜਾਂਦੀ ਦਵਾ ਵਿਚੋਂ ਬਹੁਤੀਆਂ ਅਜੇ ਵੀ ਇਨ੍ਹਾਂ ਦਰਖਤਾਂ, ਪੌਦਿਆਂ, ਫਲਾਂ-ਫੁੱਲਾਂ ਦੇ ਰਸ ਤੋਂ ਤਿਆਰ ਹੁੰਦੀਆਂ ਹਨ। ਆਧੁਨਿਕ ਵਿਗਿਆਨ ਨੇ ਕਈ ਦਵਾਈਆਂ ਖ਼ੁਦ ਲੈਬਾਰਟਰੀ ਵਿੱਚ ਵੀ ਤਿਆਰ ਕੀਤੀਆਂ ਹਨ। ਲੈਬਾਰਟਰੀਆਂ ਵਿੱਚ ਤਿਆਰ ਰਸਾਇਣ ਕਈ-ਕਈ ਤਜਰਬੇ ਕਰ ਕੇ ਦਵਾਈਆਂ ਤੋਂ ਫਾਇਦਾ ਵੀ ਲੈ ਰਹੇ ਹਨ ਤੇ ਨੁਕਸਾਨ ਵੀ ਹੋ ਰਿਹਾ ਹੈ।

ਦਵਾਈਆਂ ਦਾ ਆਰੰਭ ਮਨੁੱਖੀ ਪੀੜ ਘਟਾਉਣ ਜਾਂ ਬਿਲਕੁਲ ਹੀ ਖ਼ਤਮ ਕਰਨ ਲਈ ਹੋਇਆ ਪਰ ਇਹ ਕਦੋਂ ਬਾਜ਼ਾਰ ਅਤੇ ਰੋਜ਼ਮੱਰਾ ਇਸਤੇਮਾਲ ਹੋਣ ਵਾਲੀ ਵਸਤੂ ਬਣ ਗਈ, ਇਹ ਪਤਾ ਹੀ ਨਹੀਂ ਲੱਗਿਆ। ਦਵਾਈਆਂ ਦਾ ਇਸਤੇਮਾਲ ਸਾਨੂੰ ਸਿਹਤਮੰਦ ਕਰਦਾ ਹੈ ਤੇ ਜ਼ਿੰਦਗੀ ਨੂੰ ਸਹੀ ਰਾਹ ਪਾਉਂਦਾ ਹੈ। ਦਰਅਸਲ, ਇੱਥੇ ਉਹ ਗੱਲ ਪਈ ਹੈ ਕਿ ਕਦੋਂ ਸਾਡੀ ਜ਼ਿੰਦਗੀ ਵਿੱਚ ਸਹਿਜ ਗੁੰਮ ਹੋ ਗਿਆ ਤੇ ਅਸੀਂ ਭੱਜ-ਨੱਠ ਵਾਲੀ ਜ਼ਿੰਦਗੀ ਵਿੱਚ ਪਹੁੰਚ ਗਏ। ਸਮਾਜ ਦੀ ਰਫ਼ਤਾਰ ਇੰਨੀ ਤੇਜ਼ ਹੋ ਗਈ ਕਿ ਇੱਕ ਮਿੰਟ ਦੀ ਵਿਹਲ ਵੀ ਸਾਨੂੰ ਚੁਭਣ ਲੱਗ ਪਈ।

ਸਰਮਾਏਦਾਰੀ ਵਿਵਸਥਾ ਵਿੱਚ ਭੱਜ-ਦੌੜ ਅਹਿਮ ਪਹਿਲੂ ਹੈ। ਸਰਮਾਏਦਾਰ ਮੁਨਾਫ਼ੇ ਲਈ ਹਰ ਵਕਤ ਦੌੜਦਾ ਰਹਿੰਦਾ ਹੈ ਅਤੇ ਆਪਣੇ ਲਈ ਕੰਮ ਕਰ ਰਹੇ ਲੋਕਾਂ ਨੂੰ ਸੌਣ ਨਹੀਂ ਦਿੰਦਾ। ਉਹ ਮੁਨਾਫ਼ੇ ਲਈ ਹਰ ਹਰਬਾ ਵਰਤਦਾ ਹੈ; ਇਹ ਭਾਵੇਂ ਭਾਈਚਾਰਕ ਸਾਂਝ ਹੋਵੇ, ਦੋਸਤੀ ਤੇ ਪਿਆਰ ਜਾਂ ਪਰਿਵਾਰ ਦਾ ਸਕੂਨ ਹੋਵੇ। ਇਹ ਗੱਲਾਂ ਅਸੀਂ ਦਵਾਈਆਂ ਦੇ ਵਧ ਰਹੇ ਪਸਾਰ ਵਿੱਚ ਦੇਖ ਸਕਦੇ ਹਾਂ। ਦਵਾਈਆਂ ਉੱਤੇ ਛਾਪੀ ਮਿਆਦੀ ਤਾਰੀਕ ਬਾਰੇ ਸਵਾਲ ਉੱਠੇ ਹਨ ਕਿ ਇਹ ਜਾਣਬੁੱਝ ਕੇ ਘੱਟ ਰੱਖੀ ਜਾਂਦੀ ਹੈ ਤਾਂ ਕਿ ਪਈ-ਪਈ ਦਵਾਈ ਆਪਣੀ ਨਿਰਧਾਰਤ ਸੀਮਾ ਤੋਂ ਪਹਿਲਾਂ ਇਸਤੇਮਾਲ ਹੋਣ ਵਿੱਚ ਰਹਿ ਜਾਵੇ। ਇਸ ਤਰ੍ਹਾਂ ਤਕਰੀਬਨ ਲੱਖਾਂ ਰੁਪਏ ਦੀ ਦਵਾਈ ਬਰਬਾਦ ਹੁੰਦੀ ਹੈ। ਤੁਸੀਂ ਆਪ ਸੋਚੋ, ਨਿਰਧਾਰਤ ਤਰੀਕ 'ਤੇ ਉਹੀ ਦਵਾਈ ਇਸਤੇਮਾਲ ਹੋ ਰਹੀ ਹੁੰਦੀ ਹੈ ਤੇ ਫਿਰ ਇਕਦਮ ਉਹੀ ਦਵਾਈ ਬੇਕਾਰ ਹੋ ਜਾਂਦੀ ਹੈ। ਇਸੇ ਪਹਿਲੂ ਤੋਂ ਹੀ ਲੋਕਾਂ ਦੀ ਮਾਨਸਿਕਤਾ ਬਣ ਗਈ ਕਿ ਤਾਰੀਖ ਦੇਖ ਕੇ ਦਵਾਈ ਖਰੀਦਣੀ ਤੇ ਉਸੇ ਮੁਤਾਬਿਕ ਰੱਖੀ ਦੇ ਡੱਬੇ ਵਿੱਚ ਪਾ ਦੇਣੀ ਹੈ।


ਇਹ ਦਵਾਈਆਂ ਆਮ ਤੌਰ 'ਤੇ ਡਾਕਟਰਾਂ ਨੂੰ ਦਿਖਾ ਕੇ ਪਹਿਲੀ ਵਾਰ ਕੁਝ ਵੱਧ ਮਾਤਰਾ ਵਿੱਚ ਲੈ ਕੇ ਰੱਖ ਲਈਆਂ ਜਾਂਦੀਆਂ ਹਨ ਤਾਂ ਕਿ ਵਾਰ-ਵਾਰ ਡਾਕਟਰ ਨੂੰ ਦਿਖਾਉਣ ਅਤੇ ਫੀਸ ਦੇਣ ਤੋਂ ਬਚਿਆ ਜਾ ਸਕੇ। ਇਸ ਦਾ ਦੂਜਾ ਪੱਖ ਹੈ, ਕੈਮਿਸਟ ਤੋਂ ਪਰਚੀ ਦਿਖਾ ਕੇ ਦਵਾਈ ਲੈਣ ਦਾ ਰਿਵਾਜ਼। ਕੋਈ ਵੀ ਦਵਾਈ ਕੈਮਿਸਟ ਤੋਂ ਬਗ਼ੈਰ ਪਰਚੀ ਦਿਖਾਏ ਮਿਲ ਜਾਂਦੀ ਹੈ ਭਾਵੇਂ ਇਸ ਦਾ ਨੇਮ ਵੀ ਹੈ। ਇਸੇ ਤਰ੍ਹਾਂ ਇੱਕ ਹੋਰ ਪੱਖ- ਸੈਂਕੜੇ ਦਵਾਈਆਂ ਜੋ ਵਿਦੇਸ਼ਾਂ ਵਿੱਚ ਪਾਬੰਦੀਸ਼ੁਦਾ ਹਨ ਪਰ ਸਾਡੇ ਮੁਲਕ ਵਿੱਚ ਧੜੱਲੇ ਨਾਲ ਮਿਲਦੀਆਂ ਹਨ।

ਪੰਜਾਹ ਕੁ ਸਾਲ ਪਹਿਲਾਂ ਸਿਆਣੇ ਡਾਕਟਰ ਉੱਭਰ ਰਹੇ ਡਾਕਟਰਾਂ ਨੂੰ ਦੱਸਦੇ ਹੁੰਦੇ ਸਨ ਕਿ ਜਿਹੜਾ ਡਾਕਟਰ ਮਰੀਜ਼ ਦੀ ਜਾਂਚ ਕਰ ਕੇ ਇੱਕ ਦਵਾਈ ਲਿਖਦਾ ਹੈ ਤਾਂ ਮਤਲਬ



ਹੈ ਕਿ ਉਸ ਨੂੰ ਬਿਮਾਰੀ ਸਮਝ ਆ ਗਈ ਹੈ। ਜੇ ਡਾਕਟਰ ਦੋ ਦਵਾਈਆਂ ਲਿਖਦਾ ਤਾਂ ਮਤਲਬ ਹੈ ਕਿ ਉਹ ਅਜੇ ਸ਼ੱਕ ਵਿੱਚ ਹੈ ਅਤੇ ਜੇ ਤਿੰਨ ਜਾਂ ਚਾਰ ਜਾਂ ਇਸ ਤੋਂ ਵੀ ਵੱਧ ਦਵਾਈਆਂ ਲਿਖਦਾ ਹੈ ਤਾਂ ਸਮਝੋ ਕਿ ਉਹ ਕਿਸੇ ਦਵਾ ਕੰਪਨੀ ਦਾ ਏਜੰਟ ਹੈ। ਇਸ ਹਿਸਾਬ ਅਨੁਸਾਰ, ਅੱਜ ਵਾਲੀਆਂ ਦਵਾਈ ਪਰਚੀਆਂ ਉੱਤੇ ਝਾਤੀ ਮਾਰੋ। ਕੋਈ ਵੀ ਪਰਚੀ ਸੱਤ-ਅੱਠ ਦਵਾਈਆਂ ਤੋਂ ਘੱਟ ਨਹੀਂ ਮਿਲੇਗੀ। ਕੁਝ ਦਵਾਈਆਂ ਤਾਂ ਪੱਕੀਆਂ ਹੀ ਹਨ ਜਿਵੇਂ ਤੇਜ਼ਾਬ ਬਣਨ ਤੋਂ ਰੋਕਣ ਵਾਲੀ, ਬੀ ਕੰਪਲੈਕਸ ਅਤੇ ਇੱਕ ਅੱਧੀ ਦਰਦ ਦੀ। ਪਰਚੀ ਵਿੱਚ ਜੋ ਖ਼ਾਸ ਹੁੰਦਾ ਹੈ, ਉਹ ਹੈ ਐਂਟੀਬਾਇਟਿਕ। ਐਂਟੀਬਾਇਟਿਕ ਦਵਾਈਆਂ ਦਾ ਜਣੇ ਖਣੇ ਦੇ ਹੱਥ ਆ ਜਾਣਾ ਮੁਸ਼ਕਿਲ ਪੈਦਾ ਕਰ ਗਿਆ ਹੈ। ਤੁਸੀਂ ਦੇਖਿਆ ਹੋਵੇਗਾ, ਐਂਟੀਬਾਇਟਿਕ ਬਾਰੇ ਇੱਕ ਤਾਂ ਦਵਾਈ ਦੀ ਮਿਕਦਾਰ ਦੀ ਗੱਲ ਹੈ; ਦੂਜਾ ਖਾਣ ਦਾ ਤਰੀਕਾ। ਉਂਝ, ਮਰੀਜ਼ ਮਰਜ਼ੀ ਨਾਲ ਮਿਕਦਾਰ ਘੱਟ ਕਰ ਲੈਂਦਾ ਜਾਂ ਖਾਣ ਦੇ ਸਮੇਂ ਨੂੰ ਅੱਗੇ ਪਿੱਛੇ ਕਰ ਲੈਂਦਾ ਹੈ। ਜੇ ਡਾਕਟਰ ਨੇ ਦਵਾਈ ਪੰਜ ਦਿਨ ਦੀ ਲਿਖੀ ਹੈ ਤਾਂ ਤਿੰਨ ਦਿਨ ਅਤੇ ਸੱਤ ਦਿਨ ਵਾਲੇ ਨੂੰ ਪੰਜ ਦਿਨ ਤਕ ਖਾਣ ਦਾ ਰੁਝਾਨ ਆਮ ਹੈ। ਇਸ ਨਾਲ ਇਕ ਨੁਕਸਾਨ ਸਾਰੇ ਸਿਹਤ ਵਿਗਿਆਨ ਨੂੰ ਝੱਲਣਾ ਪੈ ਰਿਹਾ ਹੈ ਤਾਂ ਉਹ ਹੈ ਦਿਨੋਂ-ਦਿਨ ਐਂਟੀਬਾਇਟਿਕ ਦਾ ਅਸਰਹੀਣ ਹੋਣਾ। ਉਹ ਸਮਾਂ ਦੂਰ ਨਹੀਂ ਜਦੋਂ ਸਾਡੇ ਕੋਲ ਜਰਮਾਂ 'ਤੇ ਮਾਰ ਕਰਨ ਲਈ ਕੋਈ ਐਂਟੀਬਾਇਟਿਕ ਸੁਰੱਖਿਅਤ ਨਹੀਂ ਬਚੇਗਾ। ਵਿਸ਼ਵ ਸਿਹਤ ਸੰਸਥਾ ਨੇ ਇਸ ਹਾਲਤ ਨੂੰ ਗੰਭੀਰ ਅਤੇ ਖ਼ਤਰਨਾਕ ਕਰਾਰ ਦਿੱਤਾ ਹੈ ਤੇ ਕਈ ਵਾਰ ਚਿਤਾਵਨੀ ਦਿੱਤੀ ਹੈ ਕਿ ਐਂਟੀਬਾਇਟਿਕ ਨੂੰ ਸੋਚ ਸਮਝ ਕੇ ਤਰੀਕੇ ਸਿਰ ਵਰਤਿਆ ਜਾਵੇ। ਉਹ ਹਾਲਤ ਪੈਦਾ ਨਾ ਹੋਵੇ ਕਿ ਅਸੀਂ ਸਿਹਤ ਸੇਵਾਵਾਂ ਤੋਂ ਫਾਇਦਾ ਲੈਂਦੇ-ਲੈਂਦੇ ਨੁਕਸਾਨ ਕਰਵਾ ਬੈਠੀਏ।

# ਸਹਿਜ ਵਿੱਚ ਹੈ ਜੀਵਨ ਦਾ ਅਨੰਦ



ਡਾ. ਸਤਿੰਦਰ ਪਾਲ ਸਿੰਘ

ਜੀਵਨ ਪਰਮਾਤਮਾ ਦੀ ਅਨਮੋਲ ਦਾਤ ਹੈ। ਮਨੁੱਖੀ ਜੀਵਨ ਅਨਮੋਲ ਦੇ ਨਾਲ ਹੀ ਦੁਰਲੱਭ ਵੀ ਹੈ। ਸਭ ਤੋਂ ਸ੍ਰੇਸ਼ਟ ਤਨ, ਤਨ ਅੰਦਰ ਸੋਚ, ਸਮਝ ਦੀ ਸਮਰੱਥਾ, ਸਾਰੇ ਜੀਵਾਂ 'ਚੋਂ ਕੇਵਲ ਮਨੁੱਖ ਦੇ ਹਿੱਸੇ ਆਈ ਹੈ। ਮਨੁੱਖੀ ਜੀਵਨ ਲਈ ਕਿਸੇ ਜੀਵ ਦੀ ਚੋਣ ਉਸ ਦੇ ਵੱਡੇ ਭਾਗਾਂ ਦਾ ਪ੍ਰਤੀਕ ਹੈ। ਇਹ ਪੂਰਨ ਆਨੰਦ ਦਾ ਅਵਸਰ ਹੈ, ਕਿਉਂਕਿ ਪਰਮਾਤਮਾ ਨੇ ਖ਼ਾਸ ਕਿਰਪਾ ਕਰ ਕੇ ਬਖ਼ਸ਼ਿਆ ਹੈ। ਪਰ ਇਸ ਆਨੰਦ ਦਾ ਅਨੁਭਵ ਕਿਉਂ ਨਹੀਂ ਹੁੰਦਾ। ਸੰਸਾਰ ਅੰਦਰ ਕੋਈ ਵਿਰਲਾ ਹੀ ਹੋਵੇਗਾ ਜੋ ਪੂਰਨ ਸੁਖੀ ਹੋਵੇ। ਹਰ ਮਨੁੱਖ ਕਿਸੇ ਨਾ ਕਿਸੇ ਪੱਖੋਂ ਦੁਖੀ ਹੈ। ਸਾਰੀਆਂ ਦੇ ਦੁੱਖ ਦੇ ਆਪੋ ਆਪਣੇ ਕਾਰਨ ਹਨ। ਕਾਰਨ ਭਿੰਨ ਭਿੰਨ ਹੋ ਸਕਦੇ ਹਨ ਪਰ ਇਕ ਸਮਾਨਤਾ ਹੈ ਕਿ ਸਾਰੇ ਦੁਖੀ ਹਨ ਤੇ ਆਪਣੇ ਹਾਲਾਤ ਬਦਲਣਾ ਚਾਹੁੰਦੇ ਹਨ। ਦੁੱਖ ਦਾ ਅਨੁਭਵ ਮਨ ਕਰਦਾ ਹੈ। ਦੁੱਖ ਦਾ ਮੂਲ ਮਨ ਅੰਦਰ ਹੀ ਹੈ।

ਦੁੱਖ ਦਾ ਸਬੰਧ ਦਰਅਸਲ ਮਨ ਨਾਲ ਹੀ ਹੈ। ਮਨ ਦੁੱਖ ਮਹਿਸੂਸ ਹੀ ਨਹੀਂ ਕਰਦਾ, ਦੁੱਖ ਦਾ ਜਨਕ ਵੀ ਹੈ। ਹਰ ਮਨੁੱਖ ਦੇ ਮਨ ਅੰਦਰ ਕੋਈ ਨ ਕੋਈ ਤੂਫਾਨ ਚੱਲ ਰਿਹਾ ਹੈ। ਕਿਸੇ ਨੂੰ ਕੁਝ ਚਾਹੀਦੈ ਕਿਸੇ ਨੂੰ ਕੁਝ। ਇਹ ਮੰਗ ਲਾਲਸਾ ਤੋਂ ਜਨਮ ਲੈਂਦੀ ਹੈ। ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਬੇਹਿਸਾਬ ਸਮਾਨ ਬਾਜ਼ਾਰ ਅੰਦਰ ਮੌਜੂਦ ਹੈ, ਜਿਸ ਨੂੰ ਵੇਚਣ ਲਈ ਨਕਲੀ ਲੋੜਾਂ ਦਾ ਮਾਹੌਲ ਬਣਾਇਆ ਜਾ ਰਿਹਾ ਹੈ। ਮਨੁੱਖ ਉਸ ਨਕਲੀ ਲੋੜ ਦੀ ਪੂਰਤੀ ਲਈ ਖ਼ਾਸ ਤੌਰ 'ਤੇ ਤਾਂ ਵਿਆਕੁਲ ਹੋ ਉੱਠਦਾ ਹੈ ਜਦੋਂ ਆਪਣੇ ਗੁਆਂਢੀ, ਮਿੱਤਰ, ਸਬੰਧੀ ਜਾਂ ਕਿਸੇ ਹੋਰ ਜਾਣ ਪਛਾਣ ਵਾਲੇ ਕੋਲ ਕੋਈ ਪਦਾਰਥ ਵੇਖ ਲੈਂਦਾ ਹੈ। ਮਨ ਅੰਦਰ ਕਿਉਂਕਿ ਈਰਖਾ ਹੈ, ਸ਼ਰੀਕੇ ਵਾਲੀ ਹੋੜ ਦੀ ਭਾਵਨਾ ਹੈ, ਦੂਜੇ ਦੀ ਲੋੜ ਨੂੰ ਉਹ ਆਪਣੀ ਲੋੜ ਬਣਾ ਲੈਂਦਾ ਹੈ। ਮਾਇਆ, ਵਿਕਾਰਾਂ ਦੇ ਝੱਖੜ ਵਿੱਚ ਆਪਣੇ ਆਪ ਦੀ ਪਛਾਣ ਹੀ ਵਿਸਰ ਗਈ ਹੈ। ਆਪਣੀਆਂ ਲੋੜਾਂ, ਆਪਣੀ ਸਮਰਥਾ, ਆਪਣੀਆਂ ਦਿਲਚਸਪੀਆਂ ਅਣਦੇਖੀਆਂ ਕਰ ਦਿੱਤੀਆਂ ਜਾਂਦੀਆਂ ਹਨ। ਆਪ ਆਪਣੀ ਜ਼ਿੰਦਗੀ ਦਾ ਨਾਇਕ ਬਣਨ ਦੀ ਥਾਂ ਕਿਸੇ ਹੋਰ ਦੇ ਸੁਪਨੇ ਉਧਾਰ ਲੈ ਲਏ ਜਾਂਦੇ ਹਨ। ਸਾਰੀ ਦੁਨੀਆ ਅੰਦਰ ਕਮੋਬੇਸ਼ ਇਹੋ ਦ੍ਰਿਸ਼ ਚੱਲ ਰਿਹਾ ਹੈ। ਹਰ ਕੋਈ ਕਿਸੇ ਦੂਜੇ ਦੀ ਜੁੱਤੀ ਅੰਦਰ ਆਪਣੇ ਪੈਰ ਰੱਖਣ ਦਾ ਮੌਕਾ ਤਲਾਸ਼ ਰਿਹਾ ਹੈ। ਮਨ ਭਟਕ ਰਿਹਾ ਹੈ। ਤਣਾਅ ਹੈ, ਉਤਾਵਲਾਪਨ ਹੈ, ਕਲੇਸ਼ ਹੈ, ਸੰਤਾਪ ਹੈ ਦੂਜਿਆਂ ਦੀ ਬਰਾਬਰੀ ਕਰਨ ਦਾ ਉਨ੍ਹਾਂ ਤੋਂ ਅੱਗੇ ਵਧਣ ਦਾ। ਮਨ ਟਿਕੇਗਾ ਹੀ ਨਹੀਂ ਤਾਂ ਸੁੱਖ, ਆਨੰਦ ਕਿਵੇਂ ਪ੍ਰਾਪਤ ਹੋਵੇਗਾ। ਨਦੀ ਦਾ ਪਾਣੀ ਜਦੋਂ ਸ਼ਾਂਤ ਹੁੰਦਾ ਹੈ ਤਾਂ ਹੀ ਉਸ ਦੇ ਅੰਦਰ ਦੀ ਗਹਿਰਾਈ, ਉਸ ਦੇ ਤਲ ਦਾ ਪਤਾ ਲੱਗਦਾ ਹੈ।

ਮਨ ਨੂੰ ਸ਼ਾਂਤ ਕਰਨ ਲਈ ਆਪਣੇ-ਆਪ ਨੂੰ ਪਛਾਣ ਕੇ ਸਵੀਕਾਰ ਕਰਨ ਦੀ ਲੋੜ ਹੈ। ਪਰਮਾਤਮਾ ਨੇ ਜੋ ਬਖਸ਼ਿਆ ਹੈ, ਜੋ ਭਵਿੱਖ ਵਿੱਚ ਬਖ਼ਸ਼ਣ ਜਾ ਰਿਹਾ ਹੈ ਮਾਤਰ ਉਸ 'ਤੇ ਹੀ ਮਨੁੱਖ ਦਾ ਹੱਕ ਬਣਦਾ ਹੈ। ਬੇਸ਼ੱਕ ਇਸ ਲਈ ਉੱਦਮ ਕਰਨਾ ਪੈਂਦਾ ਹੈ ਪਰ ਇਸ ਦੀ ਪ੍ਰੇਰਨਾ ਵੀ ਪਰਮਾਤਮਾ ਹੀ ਦਿੰਦਾ ਹੈ। ਪਰਮਾਤਮਾ ਹੀ ਕਾਰਜ ਪੂਰੇ ਕਰਦਾ ਹੈ। ਮਨੁੱਖ ਆਪਣੀਆਂ ਲੋੜਾਂ ਆਪਣੀ ਸਮਰਥਾ 'ਤੇ ਯੋਗਤਾ ਮੁਤਾਬਿਕ ਤੈਅ ਕਰੇ ਤੇ ਉਨ੍ਹਾਂ ਦੀ ਪੂਰਤੀ ਲਈ ਯਤਨ ਕਰੇ। ਉਸ ਨੂੰ ਯਤਨ 'ਤੇ ਹਠ ਵਿੱਚ ਫਰਕ ਕਰਨਾ ਆਉਣਾ ਚਾਹੀਦਾ ਹੈ। ਯਤਨ ਆਪਣੀ ਸਮਰੱਥਾ, ਗੁਣਾਂ ਅਨੁਸਾਰ ਕੀਤੇ ਜਾਂਦੇ ਹਨ। ਜਦੋਂ ਦੂਜੇ ਦੀ ਰੀਸ ਕਰਨ ਲਈ ਜਾਂ ਈਰਖਾ ਵਿੱਚ ਭਰ ਕੇ ਯਤਨ ਕੀਤਾ ਜਾਵੇ ਉਹ ਹਠ ਬਣ ਜਾਂਦਾ ਹੈ। ਹਠ ਨਾਲ ਕੀਤੇ ਉੱਦਮ ਜ਼ਿਆਦਾ ਨਿਹਫਲ ਹੀ ਜਾਂਦੇ ਹਨ, ਕਿਉਂਕਿ ਉਹ ਅਸ਼ਾਂਤ ਮਨ ਨਾਲ ਕੀਤੇ ਗਏ ਹੁੰਦੇ ਹਨ। ਹੱਠ ਨਾਲ ਪ੍ਰਾਪਤੀ ਹੋ ਵੀ ਜਾਵੇ ਪਰ ਮਨ ਸਹਿਜ ਨਾ ਹੋਣ ਕਾਰਨ ਮਨੁੱਖ ਪੂਰਨ ਆਨੰਦ ਮਾਨਣ ਤੋਂ ਦੂਰ ਹੀ ਰਹਿੰਦਾ ਹੈ। ਜੋ ਜੁਤਾ ਉਸ ਲਈ ਬਣਿਆ ਹੀ ਨਹੀਂ ਉਹ ਪ੍ਰਾਪਤ ਹੋ ਵੀ ਜਾਵੇ ਪਰ ਚਾਲ ਵਿਗਾੜ ਦਿੰਦਾ ਹੈ। ਸੰਸਾਰ ਅੰਦਰ ਅਜਿਹੇ ਲੋਕ ਬਹੁਤ ਮਿਲ ਜਾਣਗੇ, ਜਿਨ੍ਹਾਂ ਆਪਣੀ ਯੋਗਤਾ ਤੋਂ ਵੱਧ, ਦੰਦ ਫੰਦ ਨਾਲ ਮਨ ਚਾਹਿਆ ਹਾਸਿਲ ਤਾਂ ਕਰ ਲਿਆ ਪਰ ਉਹ ਪ੍ਰਾਪਤੀਆਂ ਹੀ ਉਨ੍ਹਾਂ ਦੇ ਦੁੱਖਾਂ ਦਾ ਕਾਰਨ ਬਣੀਆਂ। ਕੁਝ ਪ੍ਰਾਪਤ ਕਰਨਾ ਜ਼ਿਆਦਾ ਕਠਿਨ ਨਹੀਂ ਪਰ ਉਹ ਪ੍ਰਾਪਤੀ ਜੀਵਨ ਵਿੱਚ ਸੁੱਖ, ਆਨੰਦ ਵੀ ਲਿਆਵੇ ਇਹ ਜ਼ਰੂਰੀ ਨਹੀਂ ਹੈ। ਗੁਰਬਾਣੀ ਅੰਦਰ ਅਜਿਹੇ ਲੋਕਾਂ ਲਈ ਹੀ ਕਿਹਾ ਗਿਆ ਹੈ ਕਿ ਜੋ ਲੋਕ ਬੜੇ ਵੱਡੇ ਵਿਖਾਈ ਦਿੰਦੇ ਹਨ ਉਹ ਚਿੰਤਾ, ਰੋਗਾਂ ਨਾਲ ਘਿਰੇ ਹੋਏ ਹਨ। ਮਨੁੱਖ ਨੂੰ ਦੂਜਿਆਂ ਦੀਆਂ ਪ੍ਰਾਪਤੀਆਂ ਵਿਖਾਈ ਦਿੰਦੀਆਂ ਹਨ ਪਰ ਉਨ੍ਹਾਂ ਨੇ ਪ੍ਰਾਪਤੀਆਂ ਦੀ ਕੀ ਕੀਮਤ ਚੁਕਾਈ ਹੈ, ਕੀ ਅੱਗੇ ਚੁਕਾਉਣ ਵਾਲੇ ਹਨ, ਇਹ ਨਹੀਂ ਦਿੱਸਦਾ। ਦੂਜਿਆਂ ਦੀ ਸਫਲਤਾ ਤੋਂ ਪ੍ਰੇਰਨਾ ਲਈ ਜਾ ਸਕਦੀ, ਉਸ ਲਈ ਆਪਣੇ ਅੰਦਰ ਗੁਣ ਵਿਕਸਿਤ ਕੀਤੇ ਜਾ ਸਕਦੇ ਹਨ ਪਰ ਨਿੱਠਲੀ ਰੀਸ ਆਤਮਘਾਤੀ ਹੁੰਦੀ ਹੈ। ਸਰੋਵਰ ਨਦੀ ਨਹੀਂ ਬਣ ਸਕਦਾ, ਨਦੀ ਸਾਗਰ ਨਹੀਂ ਬਣ ਸਕਦੀ, ਸਾਗਰ ਆਕਾਸ਼ ਨਹੀਂ ਬਣ ਸਕਦਾ। ਸਰੋਵਰ ਤਾਂ ਤਦ ਹੀ ਸਰੋਵਰ ਹੈ, ਨਦੀ ਤਾਂ ਤਦ ਹੀ ਨਦੀ ਹੈ ਜਦੋਂ ਤੱਕ ਉਸ ਦੇ ਕਿਨਾਰੇ ਬੰਨ੍ਹੇ ਹੋਏ ਹਨ। ਮਰਿਆਦਾ ਰੂਪ ਕਿਨਾਰੇ ਹੀ ਮਨੁੱਖ ਦੇ ਜੀਵਨ ਵਿਚ ਸਹਿਜ ਦੀ ਅਵਸਥਾ ਸਿਰਜਦੇ ਹਨ।

ਜੀਵਨ ਦੀ ਮਰਿਆਦਾ ਹੈ ਕਿ ਜੋ ਕੁਝ ਪ੍ਰਾਪਤ ਹੋਇਆ ਹੈ ਉਸ ਨੂੰ ਸੰਭਾਲ ਕੇ, ਸੰਜੋਅ ਕੇ ਰੱਖਿਆ ਜਾਵੇ। ਜੀਵਨ ਵਿੱਚ ਵੱਡਾ ਜਾਂ ਛੋਟਾ ਹੋਣਾ ਕੋਈ ਮਾਇਨੇ ਨਹੀਂ ਰੱਖਦਾ। ਜੋ ਮਨੁੱਖ ਨੂੰ ਪ੍ਰਾਪਤ ਹੈ ਉਸ ਦੀ ਸੁਚੱਜੀ ਵਰਤੋਂ ਉਸ ਨੂੰ ਸੁੰਦਰ ਬਣਾ ਦਿੰਦੀ ਹੈ। ਜੀਵਨ ਵਿੱਚ ਮਹੱਤਾ ਸੁੰਦਰਤਾ ਦੀ ਹੈ। ਸਮਾਂ ਹੋਵੇ, ਸਬੰਧ ਹੋਵੇ, ਪਦਾਰਥ ਹੋਵੇ, ਉਸ ਨੂੰ ਖੂਬਸੂਰਤ ਬਣਾ ਦੇਣਾ ਮਨੁੱਖ ਦੇ ਹੱਥ ਵਿੱਚ ਹੈ। ਰੱਬ ਨੇ ਨਿੱਕੀ ਜਿਹੀ ਤਿੱਤਲੀ ਬਣਾਈ ਪਰ ਉਸ ਦੇ ਖੰਭਾਂ ਵਿੱਚ ਵੰਨ-ਸੁਵੰਨੇ ਰੰਗ ਭਰ ਕੇ ਉਸ ਨੂੰ ਖੂਬਸੂਰਤ ਬਣਾ ਦਿੱਤਾ। ਮਨੁੱਖ ਕੋਲ ਭਾਵਨਾਵਾਂ ਦਾ ਅਦੁੱਤੀ ਖਜ਼ਾਨਾ ਲੁਕਿਆ ਪਿਆ ਹੈ। ਲੋੜ ਹੈ ਆਪਣੇ ਅੰਦਰ ਛੁਪੇ ਇਸ ਖਜ਼ਾਨੇ ਤੋਂ ਪ੍ਰੇਮ, ਸੰਜਮ, ਸੰਤੋਖ ਦੇ ਰੰਗ ਕੱਢ ਕੇ ਜੀਵਨ ਨੂੰ ਖੂਬਸੂਰਤ ਬਣਾਉਣ ਦੀ। ਖੁਸ਼ੀਆਂ ਮਨੁੱਖ ਦੇ ਨੇੜੇ-ਤੇੜੇ ਹੀ ਵਸ ਰਹੀਆਂ ਹਨ। ਉਨ੍ਹਾਂ ਦੀ ਪਛਾਣ ਕਰ ਭਾਵਨਾਵਾਂ ਦੇ ਰੰਗ ਭਰਦਿਆਂ ਹੀ ਆਨੰਦ ਦੇ ਸੋਮੇ ਵਰ੍ਹ ਪੈਣਗੇ। ਅੰਮ੍ਰਿਤ ਵੇਲੇ ਉੱਠ ਕੇ ਸੂਰਜ ਦਾ ਉਗਣਾ ਵੇਖਣਾ ਮਨ ਅੰਦਰ ਆਸ ਭਰ ਦਿੰਦਾ ਹੈ। ਸੂਰਜ ਨੇ ਇਹ ਦ੍ਰਿਸ਼ ਆਪ ਕੁਦਰਤ ਦਾ ਸਭ ਤੋਂ ਮਨੋਰਮ ਦ੍ਰਿਸ਼ ਬਣਾ ਦਿੱਤਾ ਹੈ, ਕਿਉਂਕਿ ਉਸ ਦੇ ਉੱਗਣ ਵਿੱਚ ਸਹਿਜ ਹੈ, ਤਿਲ ਮਾਤਰ ਵੀ ਵਿਆਕੁਲਤਾ ਨਹੀਂ ਹੈ। ਸੂਰਜ ਦਾ ਸਹਿਜ ਹੀ ਉਸ ਨੂੰ ਕਦੋਂ ਦੁਪਹਿਰ ਦੇ ਸ਼ਿਖ਼ਰ ਤੱਕ ਪੁਜਾ ਦਿੰਦਾ ਹੈ ਪਤਾ ਹੀ ਨਹੀਂ ਲੱਗਦਾ। ਉਸ ਦਾ ਡੁੱਬਣਾ ਵੀ ਸਹਿਜ ਦੀ ਸ੍ਰੇਸ਼ਟ ਮਿਸਾਲ ਹੈ। ਬਿਨਾਂ ਕਿਸੇ ਨਿਰਾਸ਼ਾ, ਬਿਨਾਂ ਕਿਸੇ ਪ੍ਰਤੀਕਰਮ ਸੂਰਜ ਚਹਿਲਕਦਮੀ ਕਰਦਿਆਂ ਆਕਾਸ਼ ਦੇ ਦੂਜੇ ਛੋਰ 'ਤੇ ਪੁੱਜ ਕੇ ਅਲੋਪ ਹੋ ਜਾਂਦਾ ਹੈ। ਉਸ ਦੇ ਉੱਗਣ ਵਿੱਚ ਵੀ ਸਹਿਜ ਹੈ ਤੇ ਡੁੱਬਣ ਵਿੱਚ ਵੀ ਸਹਿਜ ਹੈ। ਇਹੋ ਕਾਰਨ ਹੈ ਕਿ ਲੋਕਾਂ ਨੂੰ ਸੂਰਜ ਦਾ ਉੱਗਣਾ ਵੀ ਮਨਮੋਹਕ ਲੱਗਦਾ ਹੈ ਤੇ ਡੁੱਬਣਾ ਵੀ।

ਮਨੁੱਖ ਦਾ ਅਮੀਰ ਜਾਂ ਗਰੀਬ ਹੋਣਾ, ਤਾਕਤਵਰ ਜਾਂ ਕਮਜ਼ੋਰ ਹੋਣਾ, ਉੱਚੀ ਜਾਂ ਨੀਵੀਂ ਪਦਵੀ 'ਤੇ ਹੋਣਾ ਉਸ ਦੇ ਕਰਮਾਂ ਦਾ ਫਲ ਕਿਹਾ ਜਾ ਸਕਦਾ ਹੈ ਪਰ ਉਸ ਦਾ ਸੁਖੀ ਜਾਂ ਦੁਖੀ ਹੋਣਾ ਉਸ ਦੀ ਆਪਣੀ ਜੀਵਨ ਦ੍ਰਿਸ਼ਟੀ ਦਾ ਫਲ ਹੈ। ਭਗਤ ਕਬੀਰ ਦਾਸ ਜੀ ਜੀਵਨ ਭਰ ਕੱਪੜਾ ਬੁਣਦੇ ਰਹੇ, ਭਗਤ ਰਵਿਦਾਸ ਜੀ ਜੀਵਨ ਭਰ ਜੁੱਤੀਆਂ ਗੰਢਦੇ ਰਹੇ ਪਰ ਉਨ੍ਹਾਂ ਦੇ ਜੀਵਨ ਅੰਦਰ ਆਨੰਦ ਦੇ ਜੋ ਸਾਗਰ ਲਹਿਰਾ ਰਹੇ ਸਨ ਉਹ ਵੱਡੇ-ਵੱਡੇ ਜਪੀਆਂ ਤਪੀਆਂ ਦੇ ਹਿੱਸੇ ਨਹੀਂ ਆਏ। ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਬਣਨਾ ਕਿਸੇ ਲਈ ਵੀ ਮੁਮਕਿਨ ਨਹੀਂ ਹੈ ਪਰ ਉਨ੍ਹਾਂ ਦੇ ਜੀਵਨ ਤੋਂ ਸਿੱਖਿਆ ਤਾਂ ਲਈ ਹੀ ਜਾ ਸਕਦੀ ਹੈ। ਭਗਤ ਕਬੀਰ ਜੀ ਲਈ ਕਾਸ਼ੀ ਤੇ ਮਗਹਰ ਇੱਕ ਸਮਾਨ ਸਨ। ਭਗਤ ਰਵਿਦਾਸ ਜੀ ਲਈ ਪਾਰਸ ਤੇ ਪੱਥਰ 'ਚ ਕੋਈ ਭੇਦ ਨਹੀਂ ਸੀ। ਉਨ੍ਹਾਂ ਨੇ ਸੰਸਾਰ ਦੇ ਰੰਗ ਵਿੱਚ ਪਏ ਬਿਨਾਂ ਸੰਸਾਰ ਅੰਦਰ ਆਪਣੀ ਭੂਮਿਕਾ ਨੂੰ ਪਛਾਣਿਆਂ ਅਤੇ ਉਸ ਦਾ ਪੂਰਨ ਸਮਰਪਣ ਨਾਲ ਨਿਰਵਾਹ ਕੀਤਾ। ਮਨੁੱਖ ਆਪਣੀ ਭੂਮਿਕਾ ਦੀ ਪਛਾਣ ਕਰੇ ਤੇ ਉਸ ਨੂੰ ਨਿਭਾਉਣ ਲਈ ਤਨ, ਮਨ ਨਾਲ ਯਤਨ ਕਰੇ। ਨਦੀ ਵਿੱਚ ਜਲ ਦਾ ਪ੍ਰਵਾਹ ਤਾਂ ਹੀ ਬਣਦਾ ਤੇ ਤੁਰਦਾ ਹੈ ਜਦੋਂ ਉਹ ਕਿਨਾਰਿਆਂ ਦੇ ਅੰਦਰ ਚੱਲਦਾ ਹੈ। ਨਦੀ ਦਾ ਜਲ ਜਦੋਂ ਹਠ ਕਰਦਾ ਹੈ ਤਾਂ ਕਿਨਾਰੇ ਤੋੜ ਕੇ ਹੜ੍ਹ ਬਣ ਜਾਂਦਾ ਹੈ ਤੇ ਤਬਾਹੀ ਲਿਆਉਂਦਾ ਹੈ। ਜ਼ਿੰਦਗੀ ਨੂੰ ਹੜ੍ਹ ਦਾ ਜਲ ਨਾ ਬਣਨ ਦਿਓ। ਸਹਿਜ ਰਹੋ ਤਾਂ ਇੱਕ ਦਿਨ ਆਪ ਹੀ ਉਸ ਸ਼ਿਖ਼ਰ 'ਤੇ ਪੁੱਜ ਜਾਵੋਗੇ ਜੋ ਪਰਮਾਤਮਾ ਨੇ ਤੁਹਾਡੇ ਲਈ ਨੀਅਤ ਕੀਤਾ ਹੋਇਆ ਹੈ। ਸਾਗਰ ਵਿੱਚ ਮਿਲਣ ਲਈ ਸਹਿਜ ਪ੍ਰਵਾਹ ਬਣੋ।

# ਗਿੱਧੇ 'ਚ ਨੱਚਦੀ ਦੀ . . .



**ਬਹਾਦਰ ਸਿੰਘ ਗੋਸਲ**

ਕਦੇ ਸਮਾਂ ਹੁੰਦਾ ਸੀ ਜਦੋਂ ਪੰਜਾਬ ਦੇ ਪਿੰਡਾਂ ਦੇ ਵਿਆਹ ਬਹੁਤ ਦਿਲਚਸਪ ਅਤੇ ਭਾਈਚਾਰਕ ਸਾਂਝ ਵਾਲੇ ਹੁੰਦੇ ਸਨ। ਜਦੋਂ ਪਿੰਡ ਦੇ ਕਿਸੇ ਇੱਕ ਘਰ ਵਿੱਚ ਮੁੰਡੇ ਜਾਂ ਕੁੜੀ ਦਾ ਵਿਆਹ ਹੁੰਦਾ ਤਾਂ ਇਸ ਨੂੰ ਸਾਰੇ ਭਾਈਚਾਰੇ ਦਾ ਵਿਆਹ ਸਮਝਿਆ ਜਾਂਦਾ ਸੀ। ਪੂਰੇ ਪਿੰਡ ਵਿੱਚ ਹੀ ਵਿਆਹ ਵਰਗਾ ਮਾਹੌਲ ਬਣ ਜਾਂਦਾ ਸੀ। ਇਹ ਸਭ ਘਰਾਂ ਤੇ ਪਰਿਵਾਰਾਂ ਦਾ ਸਾਂਝਾ ਕਾਰਜ ਹੁੰਦਾ ਸੀ। ਭਾਵੇਂ ਵਿਆਹ ਵਾਲੇ ਘਰ ਵਿੱਚ ਉਸ ਸਮੇਂ ਸਹੂਲਤਾਂ ਦੀ ਘਾਟ ਹੁੰਦੀ ਸੀ, ਪਰ ਪੂਰੇ ਪਿੰਡ ਦੇ ਲੋਕਾਂ ਦੇ ਸਹਿਯੋਗ ਕਾਰਨ ਕਿਸੇ ਸਹੂਲਤ ਦੀ ਘਾਟ ਕਦੇ ਵੀ ਮਹਿਸੂਸ ਨਹੀਂ ਸੀ ਹੁੰਦੀ। ਪਿੰਡ ਵਿੱਚ ਵਿਆਹ ਦੀ ਇੰਨੀ ਖ਼ੁਸ਼ੀ ਹੁੰਦੀ ਸੀ ਕਿ ਕੀ ਮਰਦ ਜਾਂ ਔਰਤਾਂ ਸਭ ਨੱਚਦੇ ਟੱਪਦੇ ਨਜ਼ਰ ਆਉਂਦੇ ਸਨ।

ਔਰਤਾਂ ਕਿਸੇ ਘਰ ਵਿਆਹ ਆਇਆ ਸੁਣ ਕੇ ਪਹਿਲਾ ਹੀ ਗੀਤ ਗਾਉਣੇ ਸ਼ੁਰੂ ਕਰ ਦਿੰਦੀਆਂ ਸਨ। ਇਹ ਗੀਤ ਵੀ ਕੁੜੀਆਂ ਅਤੇ ਮੁੰਡਿਆਂ ਦੇ ਵਿਆਹ ਲਈ ਵੱਖਰੇ-ਵੱਖਰੇ ਹੁੰਦੇ ਸਨ ਅਤੇ ਔਰਤਾਂ ਇਸ ਕੰਮ ਵਿੱਚ ਬਹੁਤ ਮਾਹਰ ਹੁੰਦੀਆਂ ਸਨ। ਕੁੜੀਆਂ ਦੇ ਵਿਆਹ ਵਿੱਚ ਜਾਂਞੀਆਂ ਨੂੰ ਦੇਣ ਵਾਲੀਆਂ ਸਿੱਠਣੀਆਂ ਦੀ ਤਿਆਰੀ ਕੀਤੀ ਜਾਂਦੀ, ਪਰ ਜੇ ਵਿਆਹ ਮੁੰਡੇ ਦਾ ਹੁੰਦਾ ਤਾਂ ਔਰਤਾਂ ਲਈ ਖ਼ੁਸ਼ੀ ਹੋਰ ਵੀ ਦੂਣੀ ਹੋ ਜਾਂਦੀ ਕਿਉਂਕਿ ਉਨ੍ਹਾਂ ਦਿਨਾਂ ਵਿੱਚ ਪਿੰਡ ਦੇ ਸਾਰੇ ਹੀ ਮਰਦ ਬਾਰਾਤ ਚਲੇ ਜਾਂਦੇ ਸਨ। ਬਾਰਾਤਾਂ ਵੀ ਦੂਜੇ ਪਿੰਡ ਜਾ ਕੇ ਦੋ-ਤਿੰਨ ਦਿਨ ਰਹਿੰਦੀਆਂ ਅਤੇ ਇਸ ਤਰ੍ਹਾਂ ਪਿੱਛੇ ਰਹਿ ਗਈਆਂ ਔਰਤਾਂ ਨੂੰ ਦੋ ਤਿੰਨ ਦਿਨ ਰੱਜ ਕੇ ਨੱਚਣ-ਟੱਪਣ ਅਤੇ ਗੀਤ ਗਾਉਣ ਦਾ ਮੌਕਾ ਮਿਲ ਜਾਂਦਾ ਸੀ।

ਮੁੰਡਿਆਂ ਦੇ ਵਿਆਹਾਂ ਲਈ ਔਰਤਾਂ ਵਾਸਤੇ ਜੰਞ ਚੜ੍ਹਨ ਸਮੇਂ ਦੇ ਸ਼ਗਨਾਂ ਦੇ ਗੀਤਾਂ ਸਮੇਤ ਜੰਞ ਜਾਣ ਤੋਂ ਬਾਅਦ ਗਿੱਧਿਆਂ ਦੇ ਪਿੜਾਂ ਵਿੱਚ ਨੱਚਣ-ਟੱਪਣ ਅਤੇ ਬੋਲੀਆਂ ਪਾਉਣ ਦਾ ਖ਼ਾਸ ਚਾਅ ਹੁੰਦਾ ਸੀ। ਇਹੀ ਕਾਰਨ ਸੀ ਕਿ ਉਹ ਘਰ ਦੇ ਮਰਦਾਂ ਦੀ ਗ਼ੈਰ ਹਾਜ਼ਰੀ ਵਿੱਚ ਦੂਜੀਆਂ ਔਰਤਾਂ ਅਤੇ ਨਾਨਕਾ ਮੇਲ ਵਿੱਚ ਆਈਆਂ ਔਰਤਾਂ ਨਾਲ ਮਿਲ ਕੇ ਗਿੱਧਿਆਂ ਦੇ ਪਿੜਾਂ ਵਿੱਚ ਖ਼ੂਬ ਧਮਾਲਾਂ ਪਾਉਂਦੀਆਂਸਨ। ਇਸ ਮੌਕੇ ਲਈ ਉਹ ਚੁਣ-ਚੁਣ ਕੇ ਖ਼ਾਸ ਬੋਲੀਆਂ ਤਿਆਰ ਕਰਦੀਆਂ ਸਨ, ਪਰ ਇਹ ਬੋਲੀਆਂ ਬਹੁਤ ਹੀ ਰੋਚਕ, ਰੁਮਾਂਟਿਕ ਅਤੇ ਇੱਕ ਦੂਜੀ ਨੂੰ ਟਕੋਰਾਂ ਕਰਨ ਵਾਲੀਆਂ ਹੁੰਦੀਆਂ ਸਨ। ਜਦੋਂ ਗਿੱਧੇ ਦਾ ਪਿੜ ਜੰਮਦਾ ਤਾਂ ਸਾਰੇ ਪਿੰਡ ਦੀਆਂ ਔਰਤਾਂ ਅਤੇ ਮੇਲਣਾਂ ਇਸ ਵਿੱਚ ਹਾਜ਼ਰ ਹੁੰਦੀਆਂ ਅਤੇ ਕਿਸੇ ਵੀ ਹਾਲਤ ਵਿੱਚ ਇਸ ਪਿੜ ਤੋਂ ਦੂਰ ਨਾ ਹੁੰਦੀਆਂ। ਮੁਟਿਆਰਾਂ ਵੱਖ-ਵੱਖ ਕਿਸਮ ਦੇ ਸਾਂਗ ਰਚਾ ਕੇ ਅਤੇ ਨਵੀਆਂ-ਨਵੀਆਂ ਬੋਲੀਆਂ ਪਾ ਕੇ ਸਭ ਦੇ ਢਿੱਡਾਂ ਵਿੱਚ ਪੀੜਾਂ ਪਾ ਦਿੰਦੀਆਂ ਸਨ। ਜਿਸ ਤਰ੍ਹਾਂ ਕਿ ਕਿਸੇ ਗਿੱਧੇ ਦੇ ਪਿੜ ਵਿੱਚ ਕੋਈ ਮੁਟਿਆਰ ਮੜਾਸਾ ਬੰਨ੍ਹ ਕੇ ਆਜੜੀ ਬਣ ਜਾਂਦੀ ਅਤੇ ਦਿਖਾਵੇਂ ਦੇ ਤੌਰ 'ਤੇ ਭੇਡਾਂ ਚਾਰਨ ਲੱਗਦੀ ਅਤੇ ਨਾਲ ਹੀ ਬੋਲੀ ਪਾਉਂਦੀ;

ਮੋੜੀ ਮੋੜੀ ਵੇ ਗੁਲਜ਼ਾਰੀ
ਭੇਡਾਂ ਦੂਰ ਗਈਆਂ।



ਇਸੇ ਤਰ੍ਹਾਂ ਕੋਈ ਹੋਰ ਮੁਟਿਆਰ ਗਿੱਧੇ ਵਿੱਚ ਵਣਜਾਰੇ ਦਾ ਦ੍ਰਿਸ਼ ਪੇਸ਼ ਕਰਦੀ ਹੋਈ ਕੋਈ ਨਵੀਂ ਬੋਲੀ ਪਾਉਂਦੀ;

ਵਣਜਾਰਾ ਆਇਆ ਨੀਂ
ਰੰਗੀਨ ਡੰਡਾ ਫੜ ਕੇ
ਉਹ ਚਾੜ੍ਹ ਕੇ ਵੰਗਾਂ
ਮੁੜ ਗਿਆ ਨੀਂ
ਸਮਰਾਲੇ ਵਾਲੀ ਸੜਕੇ।

ਇਸ ਤਰ੍ਹਾਂ ਗਿੱਧਿਆਂ ਵਿੱਚ ਪੇਸ਼ ਕੀਤੇ ਇਹ ਦ੍ਰਿਸ਼ ਮਨ ਨੂੰ ਮੋਹ ਲੈਣ ਵਾਲੇ ਹੁੰਦੇ ਸਨ। ਇਸੇ ਤਰ੍ਹਾਂ ਇੱਕ ਹੋਰ ਬੋਲੀ ਪਾਈ ਜਾਂਦੀ:

ਕਾਲੇ ਰੰਗ ਦੀ ਕੁੜਤੀ ਪਾ ਕੇ
ਜਦੋਂ ਪਿੰਡ ਵਿੱਚ ਜਾਵਾਂ
ਪਿੰਡ ਦੇ ਗੱਭਰੂ ਕਹਿਣ ਮੋਰਨੀ
ਮੈਂ ਨਾ ਅੱਖ ਮਿਲਾਵਾਂ
ਵਿੱਚ ਦੀ ਮੁੰਡਿਆਂ ਦੇ
ਸੱਪ ਬਣ ਕੇ ਲੰਘ ਜਾਵਾਂ।

ਇਨ੍ਹਾਂ ਬੋਲੀਆਂ ਵਿੱਚ ਗੱਭਰੂ ਕੀ, ਬੁੱਢੇ ਕੀ, ਕੋਈ ਵੀ ਨਹੀਂ ਸੀ ਬਖ਼ਸ਼ੇ ਜਾਂਦੇ। ਇਸੇ ਤਰ੍ਹਾਂ ਦਿਓਰ-ਭਾਬੀ ਬਾਰੇ ਬੋਲੀਆਂ ਆਮ ਹੀ ਸੁਣੀਆਂ ਜਾਂਦੀਆਂ ਸਨ। ਅਨੇਕਾਂ ਬੋਲੀਆਂ ਸਾਨੂੰ ਦਿਓਰ-ਭਾਬੀ ਦੇ ਬਾਰੇ ਵਿੱਚ ਮਿਲਦੀਆਂ ਹਨ। ਜਿਵੇਂ;

ਖੱਟਣ ਗਿਆ ਸੀ, ਕੀ ਖੱਟ ਲਿਆਂਦਾ
ਖੱਟ ਕੇ ਲਿਆਂਦੀ ਤਰ ਵੇ
ਦਿਓਰਾ ਵੇ ਤੂੰ ਬੜਾ ਮੀਸਣਾ
ਮੈਂ ਇੱਲਤਾਂ ਦੀ ਜੜ ਵੇ।

ਪੰਜਾਬ ਦੇ ਪਿੰਡਾਂ ਵਿੱਚ ਮੁਟਿਆਰਾਂ ਦੇ ਜੋਬਨ ਅਤੇ ਖ਼ੂਹ ਤੋਂ ਪਾਣੀ ਭਰਦੀਆਂ ਨਾਰਾਂ ਦੀ ਗੱਲ ਆਮ ਹੀ ਚੱਲਦੀ ਰਹਿੰਦੀ ਸੀ, ਪਰ ਜਦੋਂ ਪਿੰਡ ਵਿੱਚ ਕਿਸੇ ਘਰ 'ਤੇ ਚੁਬਾਰਾ ਪੈ ਗਿਆ ਤਾਂ ਇਨ੍ਹਾਂ ਮੁਟਿਆਰਾਂ ਦੇ ਜੋਬਨ ਅਤੇ ਖ਼ੂਹ ਤੋਂ ਪਾਣੀ ਭਰਨ ਨੂੰ ਚੁਬਾਰਿਆਂ ਨਾਲ ਵੀ ਜੋੜ ਦਿੱਤਾ ਗਿਆ। ਜਿਵੇਂ ਗਿੱਧੇ ਵਿੱਚ ਬੋਲੀ ਪਾਈ ਜਾਂਦੀ ਸੀ;

ਪਿੰਡਾਂ ਵਿੱਚੋਂ ਪਿੰਡ ਸੁਣੀਂਦਾ ਰੜਕੀ
ਬਈ ਉੱਥੋਂ ਦੀ ਇੱਕ ਨਾਰ ਸੁਣੀਂਦੀ
ਖ਼ੂਹ ਤੋਂ ਪਾਣੀ ਭਰਦੀ।



ਉੱਚਾ ਚੁਬਾਰਾ ਉੱਚੀਆਂ ਪੌੜੀਆਂ।
ਸੈਂਡਲ ਪਾ ਪਾ ਚੜ੍ਹਦੀ
ਨੀਂ ਲੱਕ ਉਹਦਾ ਪਤਲਾ ਜਿਹਾ
ਭਾਰ ਚੁੱਕਣ ਤੋਂ ਡਰਦੀ।

ਭਾਵੇਂ ਇਨ੍ਹਾਂ ਗਿੱਧਿਆਂ ਦੇ ਪਿੜਾਂ ਵਿੱਚ ਮੁਟਿਆਰਾਂ ਗਿੱਧਾ ਪਾ ਕੇ ਧੂਮ ਮਚਾ ਦਿੰਦੀਆਂ ਅਤੇ ਆਪਣੇ ਗਿੱਧੇ ਦੀ ਧਾਕ ਜਮਾਉਣ ਦਾ ਯਤਨ ਕਰਦੀਆਂ, ਪਰ ਦੂਜੀਆਂ ਔਰਤਾਂ ਉਸ ਨੂੰ ਸੰਭਲ ਕੇ ਨੱਚਣ ਦੀ ਮਿੱਠੀ ਅਤੇ ਪਿਆਰ ਭਰੀ ਸਲਾਹ ਵੀ ਦੇ ਦਿੰਦੀਆਂ ਅਤੇ ਕਹਿੰਦੀਆਂ;

ਨੀਂ ਤੂੰ ਨੱਚ ਨੱਚ ਨੱਚ
ਨੀਂ ਤੂੰ ਹੌਲੀ ਹੌਲੀ ਨੱਚ
ਡਿੱਗ ਪਵੇ ਨਾ ਗੁਆਂਢੀਆਂ ਦੀ ਕੰਧ ਬੱਲੀਏ
ਤੇਰਾ ਗਿੱਧਾ ਸਾਰੇ ਨਾਭੇ 'ਚ ਪਸੰਦ ਬੱਲੀਏ।

ਗਿੱਧੇ ਦੇ ਪਿੜਾਂ ਵਿੱਚ ਪਾਈਆਂ ਇਨ੍ਹਾਂ ਬੋਲੀਆਂ ਦੀ ਇਹ ਵਿਲੱਖਣਤਾ ਹੁੰਦੀ ਸੀ ਕਿ ਇਹ ਸਮਾਜ ਦੇ ਹਰ ਵਰਗ ਨਾਲ ਸਬੰਧਿਤ ਹੁੰਦੀਆਂ ਸਨ ਅਤੇ ਖ਼ਾਸ ਕਰਕੇ ਘਰੇਲੂ ਰਿਸ਼ਤਿਆਂ ਦੀ ਤਾਂ ਇਨ੍ਹਾਂ ਵਿੱਚ ਬਹੁਤ ਪੁੱਛ ਹੁੰਦੀ ਸੀ ਤਾਂ ਹੀ ਬੋਲੀ ਪਾਈ ਜਾਂਦੀ ਸੀ;

ਨੀਂ ਖੇਤ ਗਏ ਨੂੰ ਬਾਪੂ ਘੂਰਦੇ
ਘਰ ਆਏ ਤੂੰ ਤਾਇਆ
ਨੀਂ ਰਾਤੀ ਰੌਂਦੇ ਨੂੰ
ਮਿੰਨਤਾਂ ਨਾਲ ਮਨਾਇਆ।

ਕਈ ਵਾਰ ਤਾਂ ਕਈ ਬੋਲੀਆਂ ਬਹੁਤ ਹੀ ਪਿਆਰੀਆਂ, ਮਿਠਾਸ ਭਰੀਆਂ ਅਤੇ ਆਨੰਦਮਈ ਹੁੰਦੀਆਂ ਸਨ, ਜਿਨ੍ਹਾਂ ਨੂੰ ਵਾਰ-ਵਾਰ ਸੁਣਨ ਨੂੰ ਮਨ ਕਰਦਾ ਸੀ, ਜਿਵੇਂ;

ਆਇਆ ਸਾਵਣ ਦਿਲ ਪ੍ਰਚਾਵਣ
ਝੜੀ ਲੱਗ ਗਈ ਭਾਰੀ
ਝੂਟੇ ਲੈਂਦੀ ਰਾਣੋ ਭਿੱਜ ਗਈ
ਭਿੱਜ ਗਈ ਜੀਤੋ ਦੀ ਫੁਲਕਾਰੀ
ਪੀਂਘ ਝੂਟਦੀ ਨਣਦ ਡਿੱਗ ਪਈ
ਨਾਲੇ ਨੂਰੀ ਨਾਭੇ ਵਾਲੀ
ਬੱਦਲਾ ਨਾ ਵਰ ਵੇ
ਹੀਰ ਭਿੱਜਗੀ ਸਿਆਲਾ ਵਾਲੀ।

ਇਨ੍ਹਾਂ ਬੋਲੀਆਂ ਨੇ ਤਾਂ ਕਈ ਪੰਜਾਬ ਦੇ ਸ਼ਹਿਰਾਂ ਨੂੰ ਵੀ ਮਸ਼ਹੂਰ ਕਰ ਦਿੱਤਾ ਜਿਵੇਂ, ਪਟਿਆਲਾ, ਨਾਭਾ, ਲੁਧਿਆਣਾ, ਮਾਛੀਵਾੜਾ ਆਦਿ ਕਿਉਂਕਿ ਇਨ੍ਹਾਂ ਸ਼ਹਿਰਾਂ ਦੇ ਨਾਂ ਪੰਜਾਬੀ ਬੋਲੀਆਂ ਵਿੱਚ ਬੋਲਦੇ ਹਨ;

ਰਾਹ 'ਤੇ ਤੇਰੀ ਬੈਠਕ ਗੋਰੀਏ
ਵਿੱਚ ਸੋਨੇ ਦੀਆਂ ਸੀਖਾਂ
ਤੇਰੇ ਯਾਰ ਦੀਆਂ ਨਾਭੇ ਪੈਣ ਤਰੀਕਾਂ।

ਕਿਸੇ ਵੀ ਔਰਤ ਲਈ ਉਸ ਦੇ ਪਤੀ ਦਾ ਪਿਆਰ, ਇਨ੍ਹਾਂ ਬੋਲੀਆਂ ਵਿੱਚ ਆਮ ਕਰਕੇ ਬਹੁਤ ਝਲਕਦਾ ਸੀ। ਅਜਿਹੀਆਂ ਬੋਲੀਆਂ ਬਹੁਤ ਸੁਣਨ ਨੂੰ ਮਿਲਦੀਆਂ ਸਨ ਜਿਵੇਂ;

ਕੋਠੇ ਉੱਤੇ ਕੋਠੜਾ ਮੈਂ ਕੋਠੇ 'ਤੇ ਚੜ੍ਹ ਗਈ
ਜਦੋਂ ਮਾਹੀ ਨੂੰ ਦੇਖਿਆ ਧੜੱਮ ਡਿੱਗ ਪਈ
ਮੈਨੂੰ ਨਾ ਬੁਲਾਇਓ ਜੀ, ਮੇਰਾ ਨਹੀਂ ਟਿਕਾਣੇ ਜੀ।

ਪੰਜਾਬੀ ਬੋਲੀਆਂ ਵਿੱਚ ਬੋਤਾ ਪ੍ਰਧਾਨ ਰਿਹਾ ਹੈ। ਬੋਤੇ ਨੂੰ ਪੰਜਾਬੀ ਬੋਲੀਆਂ ਨੇ ਬਹੁਤ ਹੀ ਸਮਾਜਿਕ ਸਤਿਕਾਰ ਦਿੱਤਾ ਹੈ ਜਿਵੇਂ;

ਆ ਵੇ ਨਾਜਰਾ ਜਾ ਵੇ ਨਾਜਰਾ
ਬੋਤਾ ਬੰਨ੍ਹ ਦਰਵਾਜ਼ੇ
ਬੋਤੇ ਤੇਰੇ ਨੂੰ ਭੌਂ ਦਾ ਟੋਕਰਾ
ਤੈਨੂੰ ਦੋ ਪ੍ਰਸ਼ਾਦੇ
ਗਿੱਧੇ ਵਿੱਚ ਨੱਚਦੀ ਦੀ
ਧਮਕ ਸੁਣੇ ਦਰਵਾਜ਼ੇ।

ਕਈ ਵਾਰ ਕਿਸੇ ਮੁਟਿਆਰ ਦੇ ਪਤੀ ਦਾ ਕੱਦ ਬਹੁਤ ਛੋਟਾ ਹੁੰਦਾ ਤਾਂ ਕਹਿ ਦਿੰਦੀ ਸੀ;

ਬਾਰੀ ਬਰਸੀ ਖੱਟਣ ਗਿਆ ਸੀ
ਖੱਟ ਕੇ ਲਿਆਂਦੇ ਡੇਲੇ
ਨੀਂ ਜਾਮਣ ਦੀ ਗਿਟਕ ਜਿਹਾ
ਮੇਰੇ ਸਾਹਮਣੇ ਤੜਾ-ਤੜ ਬੋਲੇ।

ਗਿੱਧੇ ਵਿੱਚ ਕਈ ਵਾਰ ਕਈ ਔਰਤਾਂ ਆਨੇ-ਬਹਾਨੇ ਕਰ ਕੇ ਗਿੱਧੇ ਦੇ ਪਿੜ ਵਿੱਚ ਨਹੀਂ ਨੱਚਦੀਆਂ ਤਾਂ ਦੂਜੀਆਂ ਉਨ੍ਹਾਂ ਨੂੰ ਕਈ ਟਕੋਰਾਂ ਲਗਾ ਦਿੰਦੀਆਂ;

ਫੀਤਾ ਫੀਤਾ ਫੀਤਾ
ਨੀਂ ਇਹਨੇ ਕੀ ਨੱਚਣਾ
ਦੁੱਧ ਬੱਕਰੀ ਦਾ ਪੀਤਾ।

ਅੱਜਕੱਲ੍ਹ ਇਹ ਸਭ ਕੁਝ ਬੀਤੇ ਸਮੇਂ ਦੀਆਂ ਗੱਲਾਂ ਲੱਗਦੀਆਂ ਹਨ। ਵਿਆਹਾਂ ਵਿੱਚ ਉਹ ਰੰਗ ਨਹੀਂ ਰਹੇ। ਬਰਾਤਾਂ ਕੁਝ ਘੰਟੇ ਹੀ ਰਹਿੰਦੀਆਂ ਹਨ। ਗਿੱਧਿਆਂ ਦੇ ਪਿੜ ਵਿੱਚ ਨੱਚਣ ਵਾਲੀਆਂ ਸਾਰੀਆਂ ਔਰਤਾਂ ਹੀ ਬਰਾਤ ਆ ਜਾਂਦੀਆਂ ਹਨ। ਮੈਰੇਜ ਪੈਲੇਸਾਂ ਵਿੱਚ ਉੱਚੀ ਬੋਲਦੇ ਡੀਜੇ ਔਰਤਾਂ ਨੂੰ ਬੋਲੀ ਪਾਉਣ ਦਾ ਸਮਾਂ ਹੀ ਨਹੀਂ ਦਿੰਦੇ। ਵਿਆਹਾਂ ਵਿੱਚ ਖ਼ਰਚੇ ਵਧ ਗਏ ਹਨ, ਸਮਾਂ ਘਟ ਗਿਆ ਹੈ। ਇਸ ਨਾਲ ਗਿੱਧੇ ਦੀਆਂ ਬੋਲੀਆਂ ਦਾ ਆਨੰਦ ਖ਼ਤਮ ਹੋ ਗਿਆ ਹੈ।


# ਜ਼ਰਾ ਠਹਿਰ ਜ਼ਿੰਦੜੀਏ . . .

**ਜਸਜੀਤ**

ਉਧਾਰੇ ਪਲਾਂ ਦੀ ਦਾਸਤਾਨ ਅਕਹਿ ਹੁੰਦੀ, ਅਬੋਲ ਹੁੰਦੀ। ਸਖਤ ਚੱਟਾਨਾਂ ਨਾਲ ਮੱਥਾ ਮਾਰਦਿਆਂ ਜ਼ਿੰਦਗੀ ਦੀਆਂ ਊਣਤਾਈਆਂ ਨਾਲ ਗੱਡਵੀਂ ਲੜਾਈ ਕਰਦਿਆਂ ਕਦੇ ਕਦੇ ਕੁਝ ਪਲ ਸਾਹ ਲੈਣ ਲਈ ਉਧਾਰੇ ਚਾਹੀਦੇ ਹੁੰਦੇ। ਜ਼ਿੰਦਗੀ ਦੀਆਂ ਊਣਤਾਈਆਂ ਵਿੱਚੋਂ ਸੂਖਮਤਾਈ ਨਾਲ ਸੰਭਾਵਨਾਵਾਂ ਦੀ ਰਿਸ਼ਮ ਲੱਭਣ ਲਈ ਇਹ ਪਲ ਲੋੜੀਂਦੇ ਹੁੰਦੇ ਹਨ। ਜਦੋਂ ਜ਼ਿੰਦਗੀ ਨਾਲ ਜੂਝ- ਜੂਝ ਕੇ ਬੰਦਾ ਸਾਹ-ਸਤ ਹੀਣ ਹੋ ਜਾਂਦਾ ਹੈ ਉਦੋਂ ਇਹ ਬੰਦੇ ਅੰਦਰ ਸਾਹ ਵੀ ਭਰਦੇ ਹਨ ਤੇ ਸਤ ਵੀ ਬਖਸ਼ਦੇ ਹਨ। ਬੰਦਾ ਜ਼ਿੰਦਗੀ ਤੋਂ ਕੁਝ ਪਲਾਂ ਦੀ ਮੁਹਲਤ ਮੰਗਦਾ। ਜ਼ਿੰਦਗੀ ਦੀਆਂ ਸਮੀਕਰਨਾਂ ਨੂੰ ਸਮਝਣਾ ਇੰਨਾ ਅਸਾਨ ਨਹੀਂ ਹੁੰਦਾ। ਇੱਕ ਸਮੀਕਰਨ ਨੂੰ ਸੁਲਝਾਉਂਦਿਆਂ ਕਿਧਰੋਂ ਕੋਈ ਹੋਰ ਪਾਸਾ ਉਲਝ ਜਾਂਦਾ ਹੈ। ਉਹਦਾ ਚਿੱਤ ਕਰਦਾ ਹੁੰਦਾ ਕਿ ਕੋਈ ਉਹਨੂੰ ਆਖੇ ਕਿ ਦੱਸ ਤੇਰਾ ਕੀ ਦੁਖਦਾ? ਉਹਨੂੰ ਸਾਥ ਦੀ ਭਾਲ ਹੁੰਦੀ। ਉਹਦਾ ਜੀ ਕਰਦਾ ਕਿ ਕੋਈ ਉਹਨੂੰ ਉਹਦੇ ਬਿਨਾਂ ਪੁੱਛੇ- ਕਹੇ ਬਸ ਉਹ ਕਰ ਦੇਵੇ ਜੋ ਅਜੇ ਉਹਦੇ ਚਿੱਤ ਵਿੱਚ ਹੀ ਧੜਕ ਰਿਹਾ ਹੁੰਦਾ।

ਫਿਰ ਬੰਦਾ ਮੁਹੱਬਤ ਭਾਲਦਾ, ਪਿਆਰ ਭਾਲਦਾ, ਮੋਹ ਭਾਲਦਾ। ਚੰਦਰੇ ਜਿਹੇ ਪਲਾਂ ਤੋਂ ਖੁਸ਼ਗਵਾਰ ਮਹੌਲ ਦੇ ਪਰਿਵਰਤਨ ਦੀ ਉਮੀਦ ਕਰਦਾ ਤੇ ਉਨ੍ਹਾਂ ਪਲਾਂ ਵਿੱਚ ਭਲਾ ਕੀ ਹੁੰਦਾ? ਕਿਸੇ ਤਿਹਾਈ ਸੁੱਕਦੀ ਜਾ ਰਹੀ ਜੀਭ, ਖੁਸ਼ਕ ਬੁੱਲਾਂ ਤੇ ਕੋਈ ਪਾਣੀ ਦੀ ਬੂੰਦ ਜਦੋਂ ਟਪਕਦੀ ਹੈ ਤਾਂ ਬੰਦੇ ਨੂੰ ਘੜੀ ਦੀ ਘੜੀ ਕਰਾਰ ਆ ਜਾਂਦਾ। ਕੋਈ ਤਪਦੀ ਰੇਤ ਵਿੱਚ ਮੱਕੀ ਦੇ ਦਾਣੇ ਵਾਂਗ ਭੁੱਜ ਰਿਹਾ ਹੋਵੇ ਤੇ ਕੋਈ ਪਲ ਛਿਣ ਲਈ ਉਹਨੂੰ ਆਪਣੀ ਬੁੱਕਲ ਵਿੱਚ ਲੁਕੋ ਲਵੇ, ਮਰ ਚੁੱਕੇ ਬੂਟੇ ਨੂੰ ਜਦੋਂ ਕੋਈ ਨਾਲ ਦੇ ਬੂਟੇ ਦੀ ਇੱਕ ਟਾਹਣੀ ਕਹੇ ਕਿ ਲੈ ਥੋੜੀ ਦੇਰ ਮੇਰਾ ਸਹਾਰਾ ਲੈ ਕੇ ਦਮ ਲੈ ਲੈ, ਮਾਂ ਵਿਹੂਣੇ ਬੱਚੇ ਨੂੰ ਕੋਈ ਤ੍ਰੀਮਤ ਆਪਣੀ ਛਾਤੀ ਨਾਲ ਲਗਾ ਕੇ ਆਖੇ, ਕੀਹਨੇ ਮਾਰਿਆ ਮੇਰੇ ਪੁੱਤ ਨੂੰ ?..ਭਾਵਨਾਵਾਂ ਦਾ ਕਿਹੋ ਜਿਹਾ ਸੋਹਣਾ ਵੇਗ ਉਤਰੇਗਾ ਮਨ ਮੰਦਰ ਦੀਆਂ ਪੌੜੀਆਂ 'ਤੇ... ਬਿਆਨ ਨਹੀਂ ਕੀਤਾ ਜਾ ਸਕਦਾ।

ਬਸ ਇਹੀ ਕੁਝ ਚੋਣਵੇਂ ਪਲ ਹੁੰਦੇ ਹਨ, ਜਿਨ੍ਹਾਂ ਵਿੱਚ ਬੰਦਾ ਜ਼ਿੰਦਗੀ ਦੀ ਰੁਮਾਨੀਅਤ ਨੂੰ, ਹੁਸੀਨਗੀ ਨੂੰ ਜਾਣਦਾ ਹੈ , ਮਾਣਦਾ ਹੈ... ਬਹੁਤ ਕਰੀਬ ਤੋਂ। ਬੰਦਾ ਜ਼ਿੰਦਗੀ ਤੋਂ ਹੀ ਉਹ ਪਲ ਉਧਾਰੇ ਮੰਗਦਾ ਹੈ ਜਿਨ੍ਹਾਂ ਪਲਾਂ ਵਿੱਚ ਉਹ ਕੁਝ ਪਲਾਂ ਲਈ ਜ਼ਿੰਦਗੀ ਦੀ ਤਸਵੀਰ ਦੇ ਲੁਕੇ ਰੰਗਾਂ ਦੀ ਨਿਸ਼ਾਨਦੇਹੀ ਕਰ ਸਕਣ ਦੇ ਕਾਬਲ ਹੁੰਦਾ ਹੈ। ਹਰ ਸ਼ਖਸ ਅਜਿਹਾ ਹੋਣਾ ਲੋਚਦਾ ਹੈ। ਹਰ ਬਸ਼ਰ ਐਸੇ ਪਲਾਂ ਦਾ ਗਵਾਹ ਬਣਨਾ ਲੋਚਦਾ ਹੈ। ਇਹ ਲਮਹੇ ਅਸਲ ਵਿੱਚ ਉਧਾਰੇ ਹੁੰਦੇ ਹੀ ਨਹੀਂ। ਬਸ ਇਹਨਾਂ ਨੂੰ ਮਾਨਣ ਸਜਾਉਣ ਲਈ ਪਲਾਂ ਨਾਲ ਥੋੜੀ ਜਿਹੀ ਮਨ-ਮਨੌਤੀ ਕਰਨੀ ਪੈਂਦੀ ਹੈ। ਮੁੜ ਤੋਂ ਜ਼ਿੰਦਗੀ ਦੇ ਪਿੜ ਵਿੱਚ ਗਰਜਣ ਲਈ ਥੋੜਾ ਜਿਹਾ ਰੁਕ ਕੇ ਮੁੜ ਤੋਂ ਠਿੱਲਣਾ ਪੈਂਦਾ ਹੈ। ਕਹਿਣਾ ਪੈਂਦਾ ਹੈ ਕਿ,



ਜ਼ਰਾ ਠਹਿਰ ਜਿੰਦੜੀਏ ਠਹਿਰ...।

# ਕਿਸਾਨ ਖੇਤੀ ਨੂੰ ਹੰਢਣਸਾਰ ਕਿਵੇਂ ਬਣਾਉਣ ?

ਭਗਵਾਨ ਦਾਸ

ਪੰਜਾਬ ਦੇ ਕਿਸਾਨਾਂ ਅਤੇ ਖੇਤੀ ਨੂੰ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਫ਼ਸਲਾਂ ਦੀ ਉਤਪਾਦਕਤਾ 'ਚ ਖੜ੍ਹੋਤ ਆ ਗਈ ਹੈ। ਜ਼ਮੀਨ ਦੀ ਉਪਜਾਊ ਸ਼ਕਤੀ ਲਗਾਤਾਰ ਪ੍ਰਭਾਵਿਤ ਹੋ ਰਹੀ ਹੈ। ਪਾਣੀ ਦਾ ਪੱਧਰ ਥੱਲੇ ਜਾ ਰਿਹਾ ਹੈ। ਵਾਤਾਵਰਨ ਤੇ ਪ੍ਰਦੂਸ਼ਣ ਦੀਆਂ ਸਮੱਸਿਆਵਾਂ ਹਨ। ਮੌਸਮ 'ਚ ਵਾਪਰ ਰਹੀ ਤਬਦੀਲੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਸਾਨ ਕਰਜ਼ੇ ਥੱਲੇ ਦੱਬੇ ਜਾ ਰਹੇ ਹਨ। ਇਸ ਤੋਂ ਇਲਾਵਾ ਖੇਤੀ ਖੋਜ 'ਚ ਲੋੜੀਂਦਾ ਨਿਵੇਸ਼ ਨਹੀਂ ਵਧ ਰਿਹਾ। ਖੇਤੀ ਖੋਜ ਝੋਨੇ ਦੀ ਥਾਂ ਬਦਲਵੀਂਆਂ ਕਿਸਮਾਂ ਜੋ ਓਨਾ ਹੀ ਮੁਨਾਫ਼ਾ ਦੇ ਦੇਣ, ਕਿਸਾਨਾਂ ਨੂੰ ਮੁਹੱਈਆ ਕਰਵਾਉਣ ਵਿੱਚ ਅਸਫ਼ਲ ਰਹੀ ਹੈ। ਜਿਸ ਕਾਰਨ ਝੋਨੇ ਦੀ ਕਾਸ਼ਤ ਥੱਲੇ ਹਰ ਸਾਲ ਰਕਬਾ ਵਧ ਰਿਹਾ ਹੈ ਅਤੇ ਇਹ ਵਧ ਕੇ ਹੁਣ 32 ਲੱਖ ਹੈਕਟੇਅਰ 'ਤੇ ਪਹੁੰਚ ਗਿਆ ਹੈ। ਇਸ ਸਾਲ ਵਿਸ਼ੇਸ਼ ਕਰ ਕੇ ਝੋਨੇ ਦੀ ਰਹਿੰਦ-ਖੂੰਹਦ ਅਤੇ ਇਸ ਤੋਂ ਪੈਦਾ ਹੋ ਰਹੀਆਂ ਪ੍ਰਦੂਸ਼ਣ ਦੀਆਂ ਸਮੱਸਿਆਵਾਂ ਦਰਪੇਸ਼ ਹਨ। ਭਾਰਤ ਦੀ 45 ਪ੍ਰਤੀਸ਼ਤ ਜਨਸੰਖਿਆ ਅਤੇ ਪੰਜਾਬ ਦੀ 49 ਪ੍ਰਤੀਸ਼ਤ ਤੋਂ ਵੱਧ ਜਨਸੰਖਿਆ ਦੀ ਰੋਜ਼ੀ-ਰੋਟੀ ਦਾ ਆਧਾਰ ਖੇਤੀ ਹੈ। ਖੇਤੀ ਨਾਲ ਉਦਯੋਗ ਤੇ ਵਪਾਰ ਵੀ ਸੰਬੰਧਿਤ ਹਨ, ਜਿਨ੍ਹਾਂ ਦਾ ਆਧਾਰ ਵੀ ਬਹੁਤਾ ਖੇਤੀ ਹੈ।

ਪਹਿਲੇ ਸਬਜ਼ ਇਨਕਲਾਬ ਦੌਰਾਨ ਖੇਤੀ ਦਾ ਵਿਕਾਸ ਤਾਂ ਹੋਇਆ ਪਰ ਉਹ ਹੰਢਣਸਾਰ ਨਹੀਂ ਸੀ। ਸਾਲ 1980-85 ਦਰਮਿਆਨ ਤਾਂ ਖੇਤੀ ਵਿਕਾਸ ਦਰ ਮੁਲਕ ਦੀ ਆਰਥਿਕਤਾ ਦੀ ਵਿਕਾਸ ਦਰ ਨਾਲੋਂ ਵੱਧ ਰਹੀ ਪਰ ਸਾਲ 1997-98 'ਚ 2 ਪ੍ਰਤੀਸ਼ਤ 'ਤੇ ਰਹਿ ਗਈ, ਜਦੋਂ ਕਿ ਦੇਸ਼ ਦੀ ਆਰਥਿਕਤਾ ਦੀ ਵਿਕਾਸ ਦਰ 8 ਪ੍ਰਤੀਸ਼ਤ ਤੱਕ ਪਹੁੰਚ ਗਈ। ਸਾਲ 2002-03 'ਚ ਭਾਰਤ ਨੇ ਕਣਕ ਬਰਾਮਦ ਕੀਤੀ। ਫ਼ਿਰ ਇਸ ਤੋਂ ਜਲਦ ਬਾਅਦ ਹੀ ਸਾਲ 2007-08 'ਚ ਕਣਕ ਬਾਹਰੋਂ ਦੀ ਮੰਗਵਾਈ ਗਈ। ਉਸ ਤੋਂ ਬਾਅਦ ਭਾਵੇਂ ਦੇਸ਼ ਆਤਮ ਨਿਰਭਰ ਹੋ ਗਿਆ, ਉਪਰੰਤ ਅਨਾਜ ਬਰਾਮਦ ਵੀ ਕਰਨ ਲੱਗ ਪਿਆ ਸੀ। ਪੰਜਾਬ ਵਲੋਂ ਹਰਿਆਣਾ ਸਮੇਤ ਦੇਸ਼ ਦੀ ਅੰਨ ਸੁਰੱਖਿਆ 'ਚ ਪ੍ਰਭਾਵਸ਼ਾਲੀ ਯੋਗਦਾਨ ਪਾਇਆ ਗਿਆ। ਬਹੁਸੰਖਿਆ ਦਾ ਵਿਕਾਸ ਤੇ ਰੋਟੀ ਦਾ ਆਧਾਰ ਅੱਜ ਵੀ ਖੇਤੀ ਹੈ। ਭਾਵੇਂ ਜੀ.ਡੀ.ਪੀ. 'ਚ ਖੇਤੀ ਦਾ ਯੋਗਦਾਨ 51 ਪ੍ਰਤੀਸ਼ਤ ਤੋਂ ਘਟ ਕੇ 17 ਪ੍ਰਤੀਸ਼ਤ ਰਹਿ ਗਿਆ ਹੈ। ਆਰਥਿਕ ਸੁਰੱਖਿਆ ਤੇ ਸੰਤੁਲਤਤਾ ਲਈ ਅਤੇ ਗ਼ਰੀਬੀ ਤੇ ਬੇਰੁਜ਼ਗਾਰੀ ਘਟਾਉਣ ਲਈ ਕੁਦਰਤੀ ਸੋਮਿਆਂ ਦੀ ਸੂਝਵਾਨ ਵਰਤੋਂ ਦੀ ਲੋੜ ਹੈ। ਪੰਜਾਬ ਦੇ ਕੁੱਲ ਭੂਗੋਲਿਕ ਰਕਬੇ ਦਾ 82 ਫ਼ੀਸਦੀ ਰਕਬਾ ਬਿਜਾਈ-ਅਧੀਨ ਹੈ। ਕਾਸ਼ਤਯੋਗ ਰਕਬੇ 'ਚ ਕੋਈ ਵਾਧਾ ਹੋਣਾ ਸੰਭਵ ਨਹੀਂ। ਪਿਛਲੇ ਕਈ ਸਾਲਾਂ ਤੋਂ ਵਾਹੀ ਦਾ ਰਕਬਾ ਉੱਥੇ ਹੀ ਖੜ੍ਹਾ ਹੈ। ਇੱਕ ਖੁਸ਼ਗਵਾਰ ਪਹਿਲੂ ਹੈ ਕਿ ਪੰਜਾਬ ਦਾ ਬਿਜਾਈ ਅਧੀਨ ਰਕਬਾ 98.9 ਪ੍ਰਤੀਸ਼ਤ ਹੈ, ਜਦੋਂ ਕਿ ਭਾਰਤ ਦਾ ਅੱਧੇ ਤੋਂ ਵੱਧ ਰਕਬਾ ਅਜੇ ਵੀ ਬਰਾਨੀ ਹੈ। ਪੰਜਾਬ 'ਚ ਝੋਨੇ ਦੀ ਰਹਿੰਦ-ਖੂੰਹਦ ਨੂੰ ਅੱਗਾਂ ਲਗਾਏ ਜਾਣ ਕਾਰਨ ਅਤੇ ਖਾਦਾਂ ਦਾ ਲੋੜ ਨਾਲੋਂ ਵੱਧ ਇਸਤੇਮਾਲ ਕੀਤੇ ਜਾਣ ਕਾਰਨ ਜ਼ਮੀਨ ਦੀ ਉਪਜਾਊ ਸ਼ਕਤੀ ਘਟ ਰਹੀ ਹੈ। ਫ਼ਸਲਾਂ ਦੀ ਉਤਪਾਦਕਤਾ 'ਚ ਖੜ੍ਹੋਤ ਆਉਣਾ ਇੱਕ ਗੰਭੀਰ ਸਮੱਸਿਆ ਬਣ ਕੇ ਸਾਹਮਣੇ ਆਈ ਹੈ, ਜਿਸ ਨੂੰ ਰੋਕਣ ਦੀ ਲੋੜ ਹੈ। ਪਾਣੀ ਦੀ ਬੱਚਤ ਨੂੰ ਵੀ ਦੇਣ ਦੀ ਲੋੜ ਹੈ। ਇਸ ਦੀ ਲੋੜ ਮੁਤਾਬਿਕ ਹੀ ਵਰਤੋਂ ਕਰਨੀ ਚਾਹੀਦੀ ਹੈ। ਕੇਂਦਰ ਦੇ ਅਨਾਜ ਭੰਡਾਰ 'ਚ ਯੋਗਦਾਨ ਪਾਉਣ ਲਈ ਪੰਜਾਬ ਅੱਗੇ ਰਿਹਾ ਹੈ, ਭਾਵੇਂ ਪਿੱਛੇ ਕੁਝ ਅਰਸੇ ਤੋਂ ਕਣਕ ਦਾ ਯੋਗਦਾਨ ਪਾਉਣ 'ਚ ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਵਰਗੇ ਰਾਜ ਅੱਗੇ ਨਿਕਲ ਗਏ ਹਨ। ਸਥਿਰਤਾ ਲਿਆਉਣ 'ਚ ਅਜੇ ਵੀ ਪੰਜਾਬ ਪ੍ਰਭਾਵਸ਼ਾਲੀ ਯੋਗਦਾਨ ਪਾ ਸਕੇਗਾ।



ਉਤਪਾਦਕਤਾ ਵਧਾਉਣ 'ਚ ਬੀਜਾਂ ਦਾ ਮਹੱਤਵਪੂਰਨ ਰੋਲ ਹੈ। ਕਿਸਾਨਾਂ 'ਚ ਬੀਜਾਂ ਦੇ ਪ੍ਰਤੀ ਪਿਛਲੇ ਸਾਲਾਂ 'ਚ ਵਧੇਰੇ ਚੇਤਨਾ ਹੋਣ ਕਾਰਨ ਕਣਕ ਦਾ ਉਤਪਾਦਨ 182 ਲੱਖ ਟਨ ਨੂੰ ਛੂਹ ਗਿਆ ਸੀ ਅਤੇ ਝੋਨੇ ਸੰਬੰਧੀ ਵੀ ਕੇਂਦਰ ਦੇ ਅੰਨ- ਭੰਡਾਰ 'ਚ ਇਸ ਦਾ ਯੋਗਦਾਨ ਪ੍ਰਭਾਵਸ਼ਾਲੀ ਰਿਹਾ ਅਤੇ ਬਾਸਮਤੀ ਦੀ ਬਰਾਮਦ 'ਚ ਮੋਹਰੀ ਸੂਬਾ ਰਿਹਾ ਹੈ। ਪਰ ਇਸ ਸਾਲ ਜਾਪਦਾ ਹੈ ਕਿ ਕਿਸਾਨਾਂ ਵਲੋਂ ਨਵੇਂ ਬੀਜਾਂ ਦੀ ਘੱਟ ਵਰਤੋਂ ਹੋਵੇਗੀ। ਬੀਜ ਉਤਪਾਦਕਾਂ, ਕਿਸਾਨ ਸੰਗਠਨਾਂ ਅਤੇ ਕਿਸਾਨ ਮੇਲਿਆਂ ਰਾਹੀਂ ਕਣਕ ਦੀਆਂ ਨਵੀਆਂ ਕਿਸਮਾਂ ਦੇ ਬੀਜ ਕਿਸਾਨਾਂ ਨੂੰ ਝੋਨਾ ਵੇਚਣ 'ਚ ਆਈਆਂ ਮੁਸ਼ਕਿਲਾਂ ਅਤੇ ਉਤਪਾਦਨ ਘਟਣ ਕਰਕੇ ਬੜੇ ਘੱਟ ਵਿਕੇ ਹਨ। ਨਵੇਂ ਬੀਜਾਂ ਸੰਬੰਧੀ ਕਿਸਾਨਾਂ ਦੀ ਖਰੀਦ ਸ਼ਕਤੀ ਪ੍ਰਭਾਵਿਤ ਹੋਈ ਹੈ। ਸੂਬੇ ਦੇ ਵੱਡੇ ਬੀਜ ਵਿਕਰੇਤਾ ਬਰਾੜ ਸੀਡਜ਼ ਅਤੇ ਭੱਠਲ ਬੀਜ ਫ਼ਾਰਮ ਲੁਧਿਆਣਾ 'ਤੇ ਪਹਿਲੇ ਸਾਲਾਂ ਦੇ ਮੁਕਾਬਲੇ ਅੱਧੇ ਬੀਜ ਵੀ ਨਹੀਂ ਵਿਕੇ। ਕੁੱਝ ਕਿਸਾਨਾਂ ਵੱਲੋਂ ਮਿਲੀਆਂ ਰਿਪੋਰਟਾਂ ਅਨੁਸਾਰ ਉਨ੍ਹਾਂ ਨੇ ਖਰੀਦ ਸ਼ਕਤੀ ਨਾ ਹੋਣ ਕਾਰਨ ਆਪਣੇ ਕੋਲ ਭੰਡਾਰ ਕੀਤੀ ਹੋਈ ਕਣਕ ਨੂੰ ਹੀ ਬੀਜ ਬਣਾ ਕੇ ਬੀਜ ਲਿਆ। ਇਸ ਨਾਲ ਉਤਪਾਦਨ ਤੇ ਉਤਪਾਦਕਤਾ ਭਵਿੱਖ ਵਿੱਚ ਹੋਰ ਘਟਣ ਦੀ ਸੰਭਾਵਨਾ ਹੈ। ਰਾਜ ਦੇ ਹੋਰ ਬੀਜ ਵਿਕਰੇਤਾਵਾਂ ਦਾ ਵੀ ਕਹਿਣਾ ਹੈ ਕਿ ਉਨ੍ਹਾਂ ਕੋਲੋਂ ਇਸ ਸਾਲ ਹਾੜੀ ਦੇ ਬੀਜਾਂ ਦੀ ਵਿਕਰੀ ਬਹੁਤ ਘੱਟ ਹੋਈ ਹੈ ਅਤੇ ਉਹਨਾਂ ਕੋਲ ਕਣਕ ਦੇ ਬੀਜਾਂ ਦੇ ਅਣਵਿਕੇ ਜ਼ਖੀਰੇ ਪਏ ਹਨ। ਇਨ੍ਹਾਂ ਨੂੰ ਹੁਣ ਉਹ ਮੰਡੀ ਵਿੱਚ ਕਣਕ ਦੇ ਤੌਰ 'ਤੇ ਵੇਚਣ ਲਈ ਮਜਬੂਰ ਹੋਣਗੇ। ਨਵੀਆਂ ਤੇ ਸਫ਼ਲ ਕਿਸਮਾਂ ਦੇ ਬੀਜਾਂ ਦੀ ਵਰਤੋਂ ਅਤੇ ਵੰਡ ਵਿੱਚ ਯੋਗ ਪ੍ਰਬੰਧਨ ਤੇ ਨਿਪੁੰਨ ਯੋਜਨਾਬੰਦੀ ਕਰਨ ਦੀ ਲੋੜ ਹੈ।

ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਖੇਤੀ ਨੂੰ ਹੰਡਣਸਾਰ ਬਣਾਉਣ ਅਤੇ ਇਸ ਨੂੰ ਵਪਾਰ ਦੇ ਤੌਰ 'ਤੇ ਵੱਧ ਤੋਂ ਵੱਧ ਉਤਪਾਦਕਤਾ ਹਾਸਲ ਕਰ ਕੇ ਲਾਹੇਵੰਦ ਬਨਾਉਣ। ਉਨ੍ਹਾਂ ਵੱਲੋਂ ਖੇਤੀ ਦਾ ਧੰਦਾ ਮੁਨਾਫ਼ਾ ਕਮਾਉਣ ਅਤੇ ਆਮਦਨ ਵਧਾਉਣ ਲਈ ਅਪਣਾਇਆ ਜਾਵੇ, ਕੇਵਲ ਗੁਜ਼ਾਰੇ ਲਈ ਨਹੀਂ। ਰਾਜ ਵਿੱਚ 14.5 ਲੱਖ ਤੋਂ ਵੱਧ ਟਿਊਬਵੈੱਲ ਸਿੰਜਾਈ ਵਾਸਤੇ ਲੱਗੇ ਹੋਏ ਹਨ ਅਤੇ ਪਾਣੀ ਦੀ ਵੱਧ ਵਰਤੋਂ ਕਾਰਨ ਜ਼ਮੀਨ ਥੱਲੇ ਪਾਣੀ ਦਾ ਪੱਧਰ ਨੀਵਾਂ ਹੋ ਰਿਹਾ ਹੈ। ਲਗਾਤਾਰ ਪੀੜ੍ਹੀ ਦਰ ਪੀੜ੍ਹੀ ਅਤੇ ਵਰਾਸਤ ਦੇ ਕਾਨੂੰਨਾਂ ਕਾਰਨ ਖੇਤਾਂ ਦਾ ਆਕਾਰ ਘਟਦਾ ਜਾ ਰਿਹਾ ਹੈ। ਕਿਸਾਨਾਂ ਦੀ ਬਹੁਮਤ ਕੋਲ 10 ਏਕੜ ਤੋਂ ਵੀ ਘੱਟ ਜ਼ਮੀਨ ਹੈ ਅਤੇ ਇੱਕ - ਤਿਹਾਈ ਕਿਸਾਨਾਂ ਕੋਲ 5 ਏਕੜ ਜ਼ਮੀਨ ਵੀ ਨਹੀਂ। ਛੋਟੇ ਆਕਾਰ ਵਾਲੇ ਖੇਤਾਂ ਤੋਂ ਕਿਸਾਨਾਂ ਦੀ ਖੇਤੀ ਆਮਦਨ ਕਾਫ਼ੀ ਘੱਟ ਹੈ। ਜਿਨ੍ਹਾਂ ਛੋਟੇ ਕਿਸਾਨਾਂ ਨੇ ਜ਼ਮੀਨ ਠੇਕੇ 'ਤੇ ਲਈ ਹੋਈ ਹੈ, ਉਹ ਗ਼ਰੀਬੀ ਵੱਲ ਵਧਦੇ ਜਾ ਰਹੇ ਹਨ। ਪੰਜਾਬ ਭਾਰਤ ਦਾ ਸੂਬਾ ਹੈ। ਵਿਸ਼ਵ ਬੈਂਕ ਦੀ ਇੱਕ ਰਿਪੋਰਟ ਅਨੁਸਾਰ 12.9 ਪ੍ਰਤੀਸ਼ਤ ਭਾਰਤ ਦੇ ਲੋਕ 2.15 ਡਾਲਰ ਪ੍ਰਤੀ ਦਿਨ ਤੋਂ ਵੀ ਘੱਟ 'ਤੇ ਆਪਣਾ ਗੁਜ਼ਾਰਾ ਕਰ ਰਹੇ ਹਨ। ਉਹ ਅਤਿ ਗ਼ਰੀਬੀ ਦੀ ਹਾਲਤ ਵਿੱਚ ਆਪਣਾ ਜੀਵਨ ਬਸਰ ਕਰ ਰਹੇ ਹਨ। ਤਕਰੀਬਨ 57 ਫ਼ੀਸਦੀ ਜਨਸੰਖਿਆ ਨੂੰ ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਅੰਨ ਯੋਜਨਾ ਅਤੇ ਹੋਰ ਸਕੀਮਾਂ ਥੱਲੇ ਮੁਫ਼ਤ ਅਨਾਜ ਦਿੱਤਾ ਜਾ ਰਿਹਾ ਹੈ। ਇੱਕ ਅਨੁਮਾਨ ਅਨੁਸਾਰ 69108 ਕਰੋੜ ਰੁਪਏ ਦੀ ਮਾਲੀਅਤ ਦਾ ਕਣਕ ਤੇ ਚਾਵਲ ਅਧਾਰਿਤ ਅਨਾਜ ਇਹਨਾਂ ਲੋਕਾਂ ਕੋਲ ਨਹੀਂ ਪਹੁੰਚਦਾ। ਜੇ ਇਸ ਲੀਕੇਜ 'ਤੇ ਹੀ ਕਾਬੂ ਪਾ ਲਿਆ ਜਾਵੇ ਤਾਂ ਇਹ ਰੁਪਿਆ ਖੇਤੀਬਾੜੀ ਦੇ ਵਿਕਾਸ ਲਈ ਕਿਸਾਨਾਂ ਦੀ ਭਲਾਈ 'ਤੇ ਖਰਚ ਕੀਤਾ ਜਾ ਸਕਦਾ ਹੈ। ਸਭ ਤੋਂ ਵੱਧ ਸੰਕਟ ਤੋਂ ਬਚਣ ਲਈ ਪਾਣੀ ਦੀ ਯੋਗ ਵਰਤੋਂ ਜ਼ਰੂਰੀ ਹੈ। ਲੇਜ਼ਰ ਲੈਂਡ ਲੈਵਲਰ ਕਰਾਹੇ ਦੀ ਵਰਤੋਂ ਨੂੰ ਵੱਡੇ ਪੱਧਰ 'ਤੇ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ। ਜਿਸ ਨੂੰ ਸਿਰੇ ਚਾੜ੍ਹਨ ਲਈ ਛੋਟੇ ਕਿਸਾਨਾਂ ਨੂੰ ਮਦਦ ਦਿੱਤੀ ਜਾਣੀ ਲੋੜੀਂਦੀ ਹੋਵੇਗੀ।

ਇਸ ਨਾਲ ਪਾਣੀ ਦੀ ਬੱਚਤ ਹੋਵੇਗੀ ਅਤੇ ਉਤਪਾਦਕਤਾ ਵਧੇਗੀ। ਲੇਜ਼ਰ ਲੈਂਡ ਲੈਵਲਿੰਗ ਉਪਰੰਤ ਖੇਤ ਨੂੰ ਪਾਣੀ ਇਕਸਾਰ ਜਾਂਦਾ ਹੈ ਅਤੇ ਖਾਦਾਂ ਅਤੇ ਯੂਰੀਏ ਦੀ ਸੰਤੁਲਿਤ ਵਰਤੋਂ ਹੁੰਦੀ ਹੈ। ਬੀਜਾਂ ਦੀ ਉੱਗਣ ਸ਼ਕਤੀ ਵਧਦੀ ਹੈ ਜਿਸ ਉਪਰੰਤ ਪ੍ਰਤੀ ਹੈਕਟੇਅਰ ਝਾੜ ਵਿੱਚ ਵਾਧਾ ਹੁੰਦਾ ਹੈ। ਪਾਣੀ ਦੀ ਬੱਚਤ ਲਈ ਫ਼ਸਲਾਂ ਦੀ ਪੈਦਾਵਾਰ ਬੈੱਡ ਪਲਾਂਟਿੰਗ ਵਿਧੀ ਅਪਣਾ ਕੇ ਵੀ ਕੀਤੀ ਜਾ ਸਕਦੀ ਹੈ। ਛੋਟੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਉਨ੍ਹਾਂ ਨੂੰ ਪੋਲੀ ਹਾਊਸ ਵਿੱਚ ਸਬਜ਼ੀਆਂ ਬੀਜਣ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਸਬਜ਼ੀਆਂ ਪੈਦਾ ਕਰ ਕੇ ਉਹ ਆਪਣਾ ਚੰਗਾ ਗੁਜ਼ਾਰਾ ਕਰ ਸਕਦੇ ਹਨ।



# ਯੂ.ਐਨ.ਓ. ਦਾ ਮਹਿਜ਼ ਘੋਸ਼ਣਾ-ਪੱਤਰ ਬਣ ਕੇ ਰਹਿ ਗਿਐ ਕੌਮਾਂਤਰੀ ਮਨੁੱਖੀ ਅਧਿਕਾਰਾਂ ਦਾ ਐਲਾਨਨਾਮਾ



ਡਾ. ਗੁਰਵਿੰਦਰ ਸਿੰਘ
ਕੋਆਰਡੀਨੇਟਰ ਪੰਜਾਬੀ ਸਾਹਿਤ ਸਭਾ ਮੁਢਲੀ ਐਬਟਸਫੋਰਡ ਬੀ.ਸੀ. ਕੈਨੇਡਾ

ਦੂਜੀ ਵਿਸ਼ਵ ਜੰਗ (1939 ਤੋਂ 1945) ਵਿੱਚ ਲੱਖਾਂ ਦੀ ਗਿਣਤੀ ਵਿੱਚ ਮੌਤਾਂ ਹੋਈਆਂ ਸਨ। ਯਹੂਦੀਆਂ ਦੀ ਵੱਡੀ ਪੱਧਰ ’ਤੇ ਨਸਲਕੁਸ਼ੀ ਹੋਈ ਸੀ। ਜਰਮਨ ਦੇ ਤਾਨਾਸ਼ਾਹ ਅਡੋਲਫ਼ ਹਿਟਲਰ ਨੇ ਲੱਖਾਂ ਹੀ ਲੋਕਾਂ ਨੂੰ ਅਣ-ਮਨੁੱਖੀ ਤਸੀਹੇ ਦੇ ਕੇ ਉਨ੍ਹਾਂ ਨੂੰ ਜਿਉਣ ਦੇ ਅਧਿਕਾਰ ਤੋਂ ਵਾਂਝੇ ਕਰ ਦਿੱਤਾ ਸੀ। ਦੂਜੇ ਸੰਸਾਰ ਜੰਗ ਵਿੱਚ ਹੋਏ ਭਿਆਨਕ ਮਨੁੱਖੀ ਕਤਲੇਆਮ ਅਤੇ ਤਬਾਹੀ ਨੂੰ ਵੇਖਦੇ ਹੋਏ ਤੇ ਤੀਜੇ ਸੰਸਾਰ ਜੰਗ ਦੇ ਖੌਫ਼ ਨਾਲ ਖਦਸ਼ਿਆਂ ਨੂੰ ਰੱਦ ਕਰਨ ਲਈ ਸੰਨ 1945 ਵਿੱਚ, ਸੰਯੁਕਤ ਰਾਸ਼ਟਰ ਸੰਘ ਦੀ ਸਥਾਪਨਾ ਕੀਤੀ ਗਈ ਸੀ, ਜਿਸ ਦਾ ਉਦੇਸ਼ ਕੌਮਾਂਤਰੀ ਪੱਧਰ ਤੇ ਸ਼ਾਂਤੀ, ਸੁਰੱਖਿਆ ਤੇ ਸਥਿਰਤਾ ਦਾ ਮਾਹੌਲ ਕਾਇਮ ਕਰਨਾ, ਸੱਭਿਆਚਾਰਕ ਤੇ ਆਰਥਿਕ ਸਾਂਝ ਕਾਇਮ ਕਰਨਾ ਅਤੇ ਵੱਖ-ਵੱਖ ਰਾਸ਼ਟਰਾਂ ਦਰਮਿਆਨ ਮੇਲ-ਜੋਲ ਦੀ ਸਥਾਪਨਾ ਕਰਨਾ ਨਿਰਧਾਰਤ ਕੀਤਾ ਗਿਆ। 10 ਦਸੰਬਰ 1948 ਨੂੰ ਮਨੁੱਖੀ ਅਧਿਕਾਰਾਂ ਦੇ ਆਲਮੀ ਐਲਾਨਨਾਮੇ (ਯੂਨੀਵਰਸਲ ਡਿਕਲੇਰੇਸ਼ਨ ਆਫ਼ ਹਿਊਮਨ ਰਾਈਟਸ) ਨੂੰ ਸੰਯੁਕਤ ਰਾਸ਼ਟਰ ਸੰਘ ਦੇ 58 ਮੈਂਬਰ ਦੇਸ਼ਾਂ ਨੇ, ਸਿਧਾਂਤਕ ਰੂਪ ਵਿੱਚ ਅਪਣਾਇਆ। ਵਿਸ਼ਵ ਸ਼ਾਂਤੀ ਦੇ ਨਾਲ-ਨਾਲ ਮਨੁੱਖੀ ਸੁਤੰਤਰਤਾ ਦੀ ਅਹਿਮੀਅਤ ਦੇ ਮੱਦੇ ਨਜ਼ਰ 10 ਦਸੰਬਰ ਨੂੰ ਮਾਨਵੀ ਹੱਕਾਂ ਦੀ ਘੋਸ਼ਣਾ ਕੀਤੀ ਗਈ, ਜਿਸ ਦੇ ਅੰਤਰਗਤ ਜੀਵਨ, ਸੁਤੰਤਰਤਾ, ਸੁਰੱਖਿਆ, ਕਾਨੂੰਨੀ ਸਮਾਨਤਾ, ਸੰਪਤੀ, ਵਿਦਿਆ ਪ੍ਰਾਪਤੀ, ਧਾਰਮਿਕ ਆਜ਼ਾਦੀ ਅਤੇ ਨਿਆਂ ਪ੍ਰਾਪਤੀ ਆਦਿ ਦੇ ਅਧਿਕਾਰ ਸ਼ਾਮਿਲ ਹਨ। ਮਨੁੱਖੀ ਅਧਿਕਾਰਾਂ ਦੇ ਐਲਾਨਨਾਮੇ ਦੀਆਂ ਕੁੱਲ 30 ਧਾਰਾਵਾਂ ਹਨ ਜੋ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੇ ਕਾਨੂੰਨ ਦਾ ਅਹਿਮ ਅੰਗ ਹਨ। 4 ਦਸੰਬਰ, 1950 ਨੂੰ ਸੰਯੁਕਤ ਰਾਸ਼ਟਰ ਜਨਰਲ ਦੀ 317ਵੀਂ ਅਸੈਂਬਲੀ ਵਿੱਚ ਮਤਾ ਨੰਬਰ 423 (5) ਪਾਸ ਕੀਤਾ ਗਿਆ ਅਤੇ ਉਸ ਤੋਂ ਬਾਦ ਹਰ ਸਾਲ 10 ਦਸੰਬਰ ਦਾ ਦਿਨ ਮਨੁਖੀ ਅਧਿਕਾਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਮਨੁੱਖੀ ਅਧਿਕਾਰ ਤੋਂ ਭਾਵ ਹੈ ਕਿ ‘ਸਾਫ਼-ਸੁਥਰੀ ਤੇ ਸੁਰੱਖਿਅਤ ਜੀਵਨ- ਸ਼ੈਲੀ ਵਾਸਤੇ ਸਾਰੇ ਮਨੁੱਖਾਂ ਨੂੰ ਸਮਾਨ ਰੂਪ ਵਿੱਚ ਸਹੂਲਤਾਂ ਹਾਸਿਲ ਹੋਣ।’ ਇਸ ਤੋਂ ਘੱਟ ਪ੍ਰਾਪਤੀ ਵਿਦਰੋਹ ਦੀ ਜਨਮਦਾਤੀ ਹੈ ਤੇ ਇਸ ਤੋਂ ਵੱਧ ਹੱਕ ਮਾਨਣਾ, ਅਧਿਕਾਰਾਂ ਦੇ ਨਾਂ ’ਤੇ ਦੂਜਿਆਂ ਦਾ ‘ਸ਼ੋਸ਼ਣ’ ਹੁੰਦਾ ਹੈ।

ਭਾਰਤ ਵਿੱਚ ਮਨੁੱਖੀ ਹੱਕਾਂ ਦੀ ਪਰਿਭਾਸ਼ਾ ‘ਵਿਅਕਤੀ ਤੋਂ ਵਿਅਕਤੀ ਤੱਕ’ ਬਦਲਦੀ ਹੈ। ਕਿਸੇ ਦਫ਼ਤਰ ਵਿੱਚ ਬੈਠਾ ਅਫ਼ਸਰ ਆਪਣੇ ਅਧੀਨ ਅਧਿਕਾਰੀ ਨੂੰ, ਨਿੱਜੀ ਹਿੱਤ ਲਈ ਵਰਤਣਾ ਆਪਣਾ ਅਧਿਕਾਰ ਸਮਝਦਾ ਹੈ। ਲਾਲ ਬੱਤੀ ਵਾਲੀ ਗੱਡੀ ’ਤੇ ਸਵਾਰ ਨੇਤਾ ਲੋਕਾਂ ਨੂੰ ਗੁੰਮਰਾਹ ਕਰਕੇ ਵੋਟਾਂ ਹਥਿਆਉਣਾ ਆਪਣਾ ਹੱਕ ਸਮਝਦਾ ਹੈ। ਸਥਾਪਤੀ ਦੀ ਕੁਰਸੀ ’ਤੇ ਬੈਠਾ ਸ਼ਾਸਕ ਜਨ-ਸੰਪਤੀ ਨੂੰ ਨਿੱਜੀ ਸੰਪਤੀ ਸਮਝਦਿਆਂ, ਉਸਨੂੰ ਲੁੱਟਣਾ ਜਨਮ ਸਿੱਧ ਅਧਿਕਾਰ ਸਮਝਦਾ ਹੈ। ਅਜਿਹੀ ਬੇਇਨਸਾਫ਼ੀ ਤੇ ਅਨਿਆਂ ਦੀ ਕੋਝੀ ਤਸਵੀਰ ਅਨੇਕਾਂ ਸਵਾਲਾਂ ਨੂੰ ਜਨਮ ਦਿੰਦੀ ਹੈ। ਸਵਾਲ ਇਹ ਉਠਦਾ ਹੈ ਕਿ ਮਨੁੱਖੀ ਹੱਕਾਂ ਦਾ ਘਾਣ ਕਦੋਂ ਤੱਕ ਹੁੰਦਾ ਰਹੇਗਾ? ਇਨਸਾਫ਼ ਦੀ ਮੰਗ ਵਾਸਤੇ ਸਤਾਏ ਮਨੁੱਖ, ਫ਼ੈਸਲਿਆਂ ਦੀ ਉਡੀਕ ’ਚ ਕਦੋਂ ਬਿਰਖ ਬਣੇ ਰਹਿਣਗੇ? ਨਿਰਦੋਸ਼ ਇਨਸਾਨਾਂ ਨਾਲ ਹੁੰਦੀਆਂ ਵਧੀਕੀਆਂ ਦੀ ਦਾਸਤਾਨ ਕਦੋਂ ਜਾ ਕੇ ਖਤਮ ਹੋਵੇਗੀ?

ਇਹਨਾਂ ਸਵਾਲਾਂ ਦਾ ਬਿਲਕੁਲ ਸਿੱਧਾ, ਸਪੱਸ਼ਟ ਤੇ ਵਿਹਾਰਕ ਉਤਰ ਇਹ ਹੈ ਕਿ ਅਨਿਆਂ ਦੀ ਦੁਖਾਂਤਕ ਕਹਾਣੀ ਦਾ ਅੰਤ ਉਦੋਂ ਤੱਕ ਨਹੀਂ ਹੋਵੇਗਾ, ਜਦ ਤੱਕ ਕੁਰਸੀਦਾਰਾਂ ਨੂੰ ਆਪਣੇ ਹੱਡਾਂ ’ਤੇ ਬੇਦੋਸ਼ਿਆਂ ਦੀ ਤਰ੍ਹਾਂ ਸਿਤਮ ਝੱਲਣੇ ਨਹੀਂ ਪੈਂਦੇ। ਜਿੰਨਾਂ ਚਿਰ ਸ਼ਾਸਕ ਖੁਦ ਤਸ਼ੱਦਦ ਦਾ ਸ਼ਿਕਾਰ ਨਹੀਂ ਹੁੰਦਾ, ਉਨ੍ਹਾਂ ਚਿਰ ਉਹ ਕੀ ਜਾਣੇ ਕਿ ਵਧੀਕੀ ਤੇ ਬੇਇਨਸਾਫ਼ੀ ਕੀ ਹੁੰਦੀ ਹੈ।

ਭਾਰਤ ਦੀਆਂ ਜੇਲ੍ਹਾਂ ਅੰਦਰ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਨੌਜਵਾਨ ਅਤੇ ਹੋਰ ਐਕਟਵਿਸਟ ਜਿਸ ਤਰ੍ਹਾਂ ਸੜ ਰਹੇ ਹਨ, ਇਹ ਇਸ ਦੀ ਮੂੰਹ ਬੋਲਦੀ ਤਸਵੀਰ ਹੈ। ਪੰਜਾਬ




ਦੀ ਧਰਤੀ ’ਤੇ ਗੈਰ-ਕਾਨੂੰਨੀ ਤਰੀਕੇ ਨਾਲ ਅਗਵਾ ਕੀਤੇ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਪੁਲਿਸ ਹਿਰਾਸਤ ਵਿੱਚ ਝੂਠੇ-ਮੁਕਾਬਲਾ ਬਣਾ ਕੇ ਸ਼ਰੇਆਮ ਕਤਲ ਕਰ ਦੇਣ ਤੋਂ ਵੱਡਾ ਭਿਆਨਕ ਕਤਲੇਆਮ ਹੋਰ ਕੀ ਹੋਵੇਗਾ? ਸਿਤਮਜ਼ਰੀਫ਼ੀ ਦੇਖੋ ਕਿ ਆਪਣੇ ਗੁਨਾਹਾਂ ’ਤੇ ਪਰਦਾ ਪਾਉਣ ਲਈ ਉਹਨਾਂ ਲਾਸ਼ਾਂ ਨੂੰ ਵਾਰਸਾਂ ਹਵਾਲੇ ਕਰਨ ਦੀ ਬਜਾਇ, ਲਾਵਾਰਿਸ ਕਹਿ ਕੇ ਇਕੱਠਿਆਂ ਹੀ ਅੱਗ ’ਚ ਸਾੜ ਦਿੱਤਾ ਗਿਆ। ਇਥੇ ਹੀ ਬੱਸ ਨਹੀਂ, ਜਦ ਮਨੁੱਖੀ ਅਧਿਕਾਰਾਂ ਦੀ ਆਵਾਜ਼ ਬੁਲੰਦ ਕਰਨ ਵਾਲਾ ਯੋਧਾ ਭਾਈ ਜਸਵੰਤ ਸਿੰਘ ਖ਼ਾਲਸਾ ਮਾਨਵਤਾ ਦੇ ਕਾਤਲਾਂ ਦੀ ਇਸ ਘਿਣਾਉਣੀ ਚਾਲ ਨੂੰ ਬੇਨਕਾਬ ਕਰਦਾ ਹੈ, ਤਾਂ ਉਸਨੂੰ ਅਗਵਾ ਕਰਨ ਮਗਰੋਂ ਅਨੇਕਾਂ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਜਾਂਦਾ ਹੈ। ਉਸ ਮਹਾਨ ਵਿਅਕਤੀ ਦਾ ਦੋਸ਼ ਕੀ ਸੀ? ਸਿਰਫ਼ ਏਨਾ ਕਿ ਉਸਨੇ ਮਨੁੱਖੀ ਹੱਕਾਂ ਲਈ ਸੱਚ ਦੀ ਦੁਹਾਈ ਦਿੱਤੀ ਤੇ ਉਸਨੂੰ ਸਰਕਾਰੀ ਝੂਠ ਦਾ ਹਨੇਰਾ ਬਰਦਾਸ਼ਤ ਨਹੀਂ ਕਰ ਸਕਿਆ।

ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰਾਂ ਨਾਲ ਸਬੰਧਿਤ ਰਿਪੋਰਟ ਵਿੱਚ 140 ਦੇਸ਼ਾਂ ਦੇ ਕੀਤੇ ਸਰਵੇਖਣ ਵਿੱਚ ਭਾਰਤ ਨੂੰ ‘ਫ਼ਾਡੀ’ ਸਥਾਨ ਮਿਲਣ ’ਤੇ ਨਮੋਸ਼ੀ ਉਠਾਉਣੀ ਪਈ ਹੈ। ਇੱਥੇ ਹੀ ਵੱਸ ਨਹੀਂ ਕੌਮਾਂਤਰੀ ਪ੍ਰੈੱਸ ਮੀਡੀਆ ਦੀ ਆਜ਼ਾਦੀ ਦੇ ਮਾਮਲੇ ਵਿੱਚ ਭਾਰਤ 180 ਦੇਸ਼ਾਂ ਵਿੱਚੋਂ 161ਵੇਂ ਸਥਾਨ ’ਤੇ ਖਿਸਕ ਗਿਆ ਹੈ। ਦੂਜੇ ਪਾਸੇ ‘ਫ਼ਖ਼ਰ ਵਾਲੀ ਗੱਲ’ ਹੈ ਕਿ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਭਾਰਤ ਜਲਦੀ ਹੀ ਦੁਨੀਆਂ ਦਾ ‘ਮੋਦੀ’ ਮੁਲਕ ਬਣ ਜਾਏਗਾ। ਸੈਂਕੜੇ ਬਿਲੀਅਨ ਡਾਲਰ ਦਾ ਕਰਜ਼ਾਈ ਹਿੰਦੁਸਤਾਨ ਆਰਥਿਕ ਦ੍ਰਿਸ਼ਟੀਕੋਣ ਤੋਂ ‘ਕੰਗਾਲਿਸਤਾਨ’ ਬਣਦਾ ਜਾ ਰਿਹਾ ਹੈ ਅਤੇ ਸਰਕਾਰੀ ਚਹੇਤੇ ਲੁਟੇਰੇ ਅਰਬਾਂ ਖਰਬਾਂ ਲੁੱਟ ਕੇ ਸਰਕਾਰ ਦੀ ਸ਼ਹਿ ’ਤੇ ਦੇਸ਼ ਵਿੱਚੋਂ ਬਾਹਰ ਭੱਜ ਰਹੇ ਹਨ।

ਅੱਜ ਦੀ ਤਾਜ਼ਾ ਸਥਿਤੀ ਦੀ ਗੱਲ ਕਰੀਏ, ਤਾਂ ਪਾਣੀ ਸਿਰ ਤੋਂ ਲੰਘਿਆ ਜਾਪਦਾ ਹੈ। ਵਿਦੇਸ਼ਾਂ ਦੀ ਧਰਤੀ ’ਤੇ ਭਾਰਤੀ ਹੁਕਮਰਾਨਾਂ ਵੱਲੋਂ ਸਿੱਖਾਂ ’ਤੇ ਹੋ ਰਹੇ ਹਮਲਿਆਂ ਦੀ ਕਹਾਣੀ ਟਾਈਮ ਮੈਗਜ਼ੀਨ ਵਰਗੇ ਕੌਮਾਂਤਰੀ ਰਸਾਲੇ ਬਿਆਨ ਕਰ ਰਹੇ ਹਨ। ਕੈਨੇਡਾ ਵਿੱਚ ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਅਤੇ ਅਮਰੀਕਾ ਵਿੱਚ ਗੁਰਪਤਵੰਤ ਸਿੰਘ ਪੰਨੂ ਨੂੰ ਕਤਲ ਕਰਨ ਲਈ ਇੰਡੀਅਨ ਏਜੰਟਾਂ ਵੱਲੋਂ ਸਿਰਜੇ ਬਿਰਤਾਂਤ ਦੀ ਗੱਲ ਕਰੀਏ ਤਾਂ ਮਨੁੱਖੀ ਅਧਿਕਾਰਾਂ ਦੇ ਮਾਮਲੇ ਵਿੱਚ ਭਾਰਤ ਦੀ ਸ਼ਰਮਨਾਕ ਭੂਮਿਕਾ ਨਜ਼ਰ ਆਉਂਦੀ ਹੈ। ਵੱਖਰੇ ਸਿਆਸੀ ਖਿਆਲਾਂ ਵਾਲੇ ਵਿਅਕਤੀਆਂ ਨੂੰ ਵਿਦੇਸ਼ਾਂ ਦੀ ਧਰਤੀ ’ਤੇ ਕਤਲ ਕਰਵਾਉਣਾ ਕਿਹੋ ਜਿਹੀ ਲੋਕ ਰਾਜ ਦੀ ਤਸਵੀਰ ਪੇਸ਼ ਕਰਦਾ ਹੈ, ਇਹ ਅੱਜ ਜੱਗ ਜ਼ਾਹਿਰ ਹੋ ਚੁੱਕਿਆ ਹੈ। ਦੁਨੀਆਂ ਭਰ ਵਿੱਚ ਵੱਸਦਾ ਸਿੱਖ ਭਾਈਚਾਰਾ ਇਸ ਵੇਲੇ ਬਿਖੜੇ ਹਾਲਾਤਾਂ ਵਿਚੋਂ ਗੁਜ਼ਰ ਰਿਹਾ ਹੈ। ਇਸ ਵੇਲੇ ਇੰਡੀਆ ਨੇ ਸਿੱਖਾਂ ਉੱਤੇ ਕੀਤੇ ਜਾਂਦੇ ਜੁਲਮਾਂ ਦਾ ਦਾਇਰਾ ਸੰਸਾਰ ਭਰ ਤੱਕ ਵਧਾਇਆ ਹੈ।

ਅਮਰੀਕਾ, ਕੈਨੇਡਾ, ਪਾਕਿਸਤਾਨ ਅਤੇ ਇੰਗਲੈਂਡ ਵਿੱਚ ਸਿੱਖਾਂ ਦੇ ਮਿੱਥ ਕੇ ਕਤਲ ਕਰਨ ਪਿੱਛੇ ਦਿੱਲੀ ਦਰਬਾਰ ਦਾ ਹੱਥ ਹੋਣ ਦੇ ਖੁਲਾਸੇ ਇੰਡੀਅਨ ਸਟੇਟ ਦੀ ਗੈਰ-ਨਿਆਂਇਕ ਕਤਲਾਂ ਦੀ ਦਹਿਸ਼ਤਵਾਦੀ ਨੀਤੀ ਅਤੇ ਕੌਮਾਂਤਰੀ ਪੱਧਰ ਉੱਤੇ ਲਾਗੂ ਕੀਤੀ ਜਾ ਰਹੀ ਸਿੱਖਾਂ ਦੇ ਕਤਲਾਂ ਦੀ ਯੋਜਨਾਬੱਧ ਮੁਹਿੰਮ ਨੂੰ ਉਜਾਗਰ ਕਰਦੀ ਹੈ। ਇਹ ਘਟਨਾਵਾਂ ਦਰਸਾਉਂਦੀਆਂ ਹਨ ਕਿ 1984 ਵਿੱਚ ਇੰਡੀਆ ਵਿੱਚ ਸਿੱਖਾਂ ਦੀ ਕੀਤੀ ਗਈ ਨਸਲਕੁਸ਼ੀ ਅਤੇ 1980-90ਵਿਆਂ ਦੌਰਾਨ ਪੰਜਾਬ ਵਿੱਚ ਕੀਤੇ ਗਏ ਮਨੁੱਖਤਾ ਖ਼ਿਲਾਫ਼ ਜ਼ੁਰਮਾਂ ਪਿੱਛੇ ਕੰਮ ਕਰਦੀ ਇੰਡੀਆ ਸਟੇਟ ਵਿਚਲੀ ‘ਨਸਲਕੁਸ਼ੀ ਦੀ ਤਰੰਗ’ (ਜਿਨੋਸਾਈਲ ਇਮਪਲਸ) ਮੁੜ ਜ਼ੋਰ ਫ਼ੜ੍ਹ ਰਹੀ ਹੈ।

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਚੜ੍ਹਦੀਕਲਾ ਦੀ ਸੋਚ ਵਾਲੀ ਵਿਚਾਰਧਾਰਾ ਇਹ ਹੈ ਕਿ ਸਿੱਖੀ ਵਿੱਚ ਨੌਵੇਂ ਗੁਰੂ ਨਾਨਕ ਗੁਰੂ ਤੇਗ਼ ਬਹਾਦਰ ਸਾਹਿਬ ਨੇ ‘ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ’ ਦੇ ਅਨੁਸਾਰ ਨਾ ਡਰ ਦੇਣ ਤੇ ਨਾ ਡਰ ਸਹਿਣ ਦਾ ਸਿਧਾਂਤ ਦਿੱਤਾ ਹੈ। ਕੌਮਾਂਤਰੀ ਪੱਧਰ ’ਤੇ ਜੇਕਰ ਯੂਐਨਓ ਲਈ ਮਨੁੱਖੀ ਅਧਿਕਾਰਾਂ ਦੀ ਸਭ ਤੋਂ ਢੁਕਵੀ ਮਿਸ਼ਨ ਸਟੇਟਮੈਂਟ ਹੋ ਸਕਦੀ ਹੈ, ਤਾਂ ਉਹ ਇਹੀ ਹੈ। ਇਸ ਸਿਧਾਂਤ ਦੀ ਦੇਣ ਗੁਰੂ ਸਾਹਿਬ ਨੇ ਸਾਢੇ ਚਾਰ ਸਦੀਆਂ ਪਹਿਲਾਂ ਦਿੱਤੀ। ਇਸ ਨੂੰ ਮੁਕੰਮਲ ਰੂਪ ਵਿੱਚ ਅਪਨਾਉਣ ਦੀ ਲੋੜ ਹੈ। ਅਜੋਕੇ ਸਮੇਂ ਪੂਰੇ ਸੰਸਾਰ ਵਿੱਚ ਮਨੁੱਖੀ ਹੱਕਾਂ ਦੀ ਜਾਗਰੂਕਤਾ, ਕ੍ਰਾਂਤੀਕਾਰੀ ਸ਼ਕਲ ਅਖਤਿਆਰ ਕਰ ਰਹੀ ਹੈ। ਪ੍ਰਸਿੱਧ ਚਿੰਤਕ ਰੂਸੋ ਦੇ ਵਿਚਾਰ ਅਨੁਸਾਰ ਮਨੁੱਖ ਨੂੰ, ਮੁੱਢਲੇ ਅਧਿਕਾਰਾਂ ਸਹਿਤ ਸੁਤੰਤਰ ਜਿਉਣ ਦਾ ਹੱਕ ਹਾਸਿਲ ਹੋਣਾ ਲਾਜ਼ਮੀ ਹੈ। ਮਨੁੱਖ ਨੂੰ ਮੂਲ ਅਧਿਕਾਰਾਂ ਤੋਂ ਸਖਣਾ ਰੱਖਣਾ ਬਗ਼ਾਵਤ ਨੂੰ ਜਨਮ ਦੇਣਾ ਹੈ ਤੇ ਅਜਿਹੀ ਸਥਿਤੀ ਵਿੱਚ ਅਧਿਕਾਰ ਮੰਗਣ ਦੀ ਥਾਂ, ਖੋਹਣ ਦੀ ਭਾਵਨਾ ਜਾਗ ਉਠਦੀ ਹੈ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਕੀ ਵਿਰਾਸਤੀ ਖੂਹਾਂ ਰਾਹੀਂ ਪਾਣੀ ਬਚਾਇਆ ਜਾ ਸਕਦਾ ਹੈ ?



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪਾਣੀ ਪ੍ਰਕ੍ਰਿਤੀ ਅਤੇ ਮਨੁੱਖ ਦੀ ਮੁੱਢਲੀ ਲੋੜ ਹੈ। ਦੋਵਾਂ ਦੇ ਜੀਵਨ ਵਿੱਚ ਹੀ ਖੇੜਾ ਅਤੇ ਖ਼ੁਸ਼ਹਾਲੀ ਪਾਣੀ ਦੀ ਹੋਂਦ ਨਾਲ ਸੰਭਵ ਮੰਨਦੇ ਹੋਏ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ - ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥ ਗੁਰੂ ਜੀ ਦੁਆਰਾ ਲਗਪਗ 500 ਸਾਲ ਪਹਿਲਾਂ ਉਚਾਰੇ ਗਏ ਇਹ ਬਚਨ ਪਾਣੀ ਬਚਾਉਣ ਵਾਲੀਆਂ ਲਗਪਗ ਸਮੂਹ ਸੰਸਥਾਵਾਂ ਵੱਲੋਂ ਨਿਰੰਤਰ ਵਰਤੇ ਜਾ ਰਹੇ ਹਨ ਤਾਂ ਕਿ ਆਮ ਲੋਕਾਂ ਦੇ ਮਨ ਵਿੱਚ ਪਾਣੀ ਬਚਾਉਣ ਪ੍ਰਤੀ ਸੰਵੇਦਨਾ ਪੈਦਾ ਕੀਤੀ ਜਾ ਸਕੇ। ਪੰਜ ਦਰਿਆਵਾਂ ਤੋਂ ਬਣੇ ਪੰਜਾਬ ਦੇ ਅੱਜ ਇਹ ਹਾਲਾਤ ਬਣੇ ਹੋਏ ਹਨ ਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਨੀਵਾਂ ਹੋਣ ਦੇ ਨਾਲ-ਨਾਲ ਸ਼ੁੱਧ ਪਾਣੀ ਦੀ ਹੋਂਦ ਨਿਰੰਤਰ ਮਨਫ਼ੀ ਹੁੰਦੀ ਜਾ ਰਹੀ ਹੈ। ਪਾਣੀ ਮਨੁੱਖੀ ਜੀਵਨ ਦਾ ਆਧਾਰ ਹੈ ਜਿਸ ਤੋਂ ਬਗ਼ੈਰ ਉਸ ਦੀ ਹੋਂਦ ਸੰਭਵ ਨਹੀਂ ਮੰਨੀ ਜਾ ਸਕਦੀ। ਜਦੋਂ ਮਨੁੱਖ ਪਾਣੀ ਪੀਂਦਾ ਹੈ ਤਾਂ ਇਸ ਵਿਚਲੇ ਤੱਤ ਸਰੀਰ ਵਿੱਚ ਪ੍ਰਵੇਸ਼ ਕਰ ਜਾਂਦੇ ਹਨ ਜਿਹੜੇ ਉਸ ਦੇ ਜੀਵਨ ਵਿਕਾਸ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਪੰਜਾਬ ਦੇ ਦਰਿਆਵਾਂ ਦੇ ਪਾਣੀ ਨਾਲ ਪਹਾੜਾਂ ਤੋਂ ਰੁੜ੍ਹ ਕੇ ਆਉਣ ਵਾਲੀ ਮਿੱਟੀ ਨੇ ਇਸ ਖਿੱਤੇ ਨੂੰ ਖ਼ੁਸ਼ਹਾਲੀ ਪ੍ਰਦਾਨ ਕੀਤੀ ਸੀ ਜਿਸ ਨੂੰ ਦੇਖ ਕੇ ਬਾਹਰੀ ਹਮਲਾਵਰਾਂ ਦੇ ਮਨ ਵਿੱਚ ਖੋਟ ਪੈਦਾ ਹੋ ਗਈ ਸੀ। ਉਹਨਾਂ ਦੇ ਨਿਰੰਤਰ ਹਮਲਿਆਂ ਨੇ ਇਸ ਖਿੱਤੇ ਨੂੰ ਲੁੱਟਣ ਅਤੇ ਉਜਾੜਨ ਵਿੱਚ ਕੋਈ ਕਸਰ ਨਹੀਂ ਛੱਡੀ। ਬਾਹਰੀ ਹਮਲਾਵਰਾਂ ਦੀ ਹਕੂਮਤ ਭਾਰਤ ਵਿੱਚ ਸਥਾਪਿਤ ਹੋਈ ਤਾਂ ਉਹਨਾਂ ਨੇ ਕਿਹੜੇ ਜ਼ੁਲਮ ਹਨ, ਜਿਹੜੇ ਇੱਥੋਂ ਦੇ ਲੋਕਾਂ 'ਤੇ ਨਹੀਂ ਕੀਤੇ ਸਨ। ਇੱਥੋਂ ਦੇ ਹਾਕਮ ਉਹਨਾਂ ਨੂੰ ਆਪਣੀਆਂ ਬੇਟੀਆਂ ਦੇ ਰਿਸ਼ਤੇ ਦੇ ਕੇ ਆਪਣਾ ਰਾਜ ਬਚਾਉਣ ਵਿੱਚ ਸਫ਼ਲ ਹੋ ਗਏ ਸਨ ਪਰ ਪੰਜਾਬ ਦੇ ਲੋਕਾਂ ਨੇ ਉਹਨਾਂ ਦੀ ਈਨ ਨਹੀਂ ਮੰਨੀ ਸੀ। ਆਮ ਲੋਕਾਂ ਨੂੰ ਹਾਕਮਾਂ ਦੇ ਜ਼ੁਲਮ ਤੋਂ ਬਚਾਉਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਇੱਥੋਂ ਦੇ ਪਾਣੀ ਵਿੱਚ ਬਾਣੀ ਦਾ ਰਸ ਘੋਲ ਦਿੱਤਾ ਸੀ ਜਿਸ ਤੋਂ ਤਿਆਰ ਹੋਏ ਖੰਡੇ ਦੇ ਅੰਮ੍ਰਿਤ ਨੇ ਜਬਰ ਅਤੇ ਜ਼ੁਲਮ ਦਾ ਟਾਕਰਾ ਕਰਦੇ ਹੋਏ ਇੱਥੋਂ ਦੇ ਲੋਕਾਂ ਨੂੰ ਅਣਖ ਅਤੇ ਸਵੈਮਾਨ ਭਰਪੂਰ ਜੀਵਨ ਬਸਰ ਕਰਨ ਦੀ ਜਾਚ ਸਿਖਾਈ ਸੀ।

ਪੰਜਾਬ ਦਾ ਜਿਹੜਾ ਇਲਾਕਾ ਦਰਿਆਵਾਂ ਤੋਂ ਦੂਰ ਸੀ ਉਹਨਾਂ ਇਲਾਕਿਆਂ ਵਿੱਚ ਗੁਰੂ ਸਾਹਿਬਾਨ ਨੇ ਖੂਹ ਲਵਾਏ ਸਨ ਤਾਂ ਕਿ ਆਮ ਲੋਕਾਂ ਲਈ ਪਾਣੀ ਦੀ ਪੂਰਤੀ ਕੀਤੀ ਜਾ ਸਕੇ। ਗੁਰੂ ਸਾਹਿਬਾਨ ਦੁਆਰਾ ਲਵਾਏ ਗਏ ਖੂਹਾਂ ਨੇ ਪਾਣੀ ਦੀ ਪੂਰਤੀ ਕਰਨ ਦੇ ਨਾਲ-ਨਾਲ ਜਾਤ-ਪਾਤ ਅਤੇ ਭੇਦਭਾਵ ਦੀ ਭਾਵਨਾ ਨੂੰ ਦੂਰ ਕਰਨ ਦਾ ਕਾਰਜ ਵੀ ਕੀਤਾ ਸੀ। ਗੋਇੰਦਵਾਲ ਸਾਹਿਬ, ਧਮਤਾਨ ਸਾਹਿਬ ਆਦਿ ਨਗਰਾਂ ਵਿਖੇ ਗੁਰੂ ਜੀ ਦੁਆਰਾ ਲਵਾਏ ਗਏ ਖੂਹ ਇਤਿਹਾਸ ਦਾ ਹਿੱਸਾ ਹਨ। ਇਸ ਤੋਂ ਇਲਾਵਾ ਗੁਰੂ ਸਾਹਿਬਾਨ ਨੇ ਉਹਨਾਂ ਖੂਹਾਂ ਦਾ ਪਾਣੀ ਮਿੱਠਾ ਕਰ ਦਿੱਤਾ ਸੀ, ਜਿਹੜੇ ਖਾਰੇ ਸਨ।

ਇਸ ਸੰਬੰਧੀ ਇੱਕ ਮਹੱਤਵਪੂਰਨ ਘਟਨਾ ਰਾਜਸਥਾਨ ਵਿਖੇ ਦੇਖਣ ਨੂੰ ਮਿਲੀ। ਇਸ ਪ੍ਰਦੇਸ਼ ਵਿੱਚ ਸਥਿਤ ਗੁਰਧਾਮਾਂ ਦੀ ਯਾਤਰਾ ਕਰਦੇ ਹੋਏ ਜਦੋਂ ਪੋਖਰਨ ਪੁੱਜੇ ਤਾਂ ਇੱਕ ਬਜ਼ੁਰਗ ਨਾਲ ਵਿਚਾਰ-ਚਰਚਾ ਅਰੰਭ ਹੋ ਗਈ। ਬਜ਼ੁਰਗ ਨੂੰ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦੱਖਣ ਵੱਲ ਜਾਂਦੇ ਹੋਏ ਪਹਿਲੀ ਵਾਰੀ ਲਗਪਗ 3-4 ਮਹੀਨੇ ਰਾਜਸਥਾਨ ਵਿੱਚ ਰਹੇ ਪਰ ਬਹੁਤੇ ਗੁਰਧਾਮਾਂ ਬਾਰੇ ਜਾਣਕਾਰੀ ਨਹੀਂ ਮਿਲਦੀ। ਬਜ਼ੁਰਗ ਕਹਿਣ ਲੱਗਾ ਕਿ ਰਾਜਸਥਾਨ ਦੇ ਜਿਹੜੇ ਖੂਹ ਮਿੱਠੇ ਹਨ, ਉਹ ਗੁਰੂ ਸਾਹਿਬ ਦੇ ਚਰਨ-ਛੋਹ ਅਸਥਾਨ ਹਨ। ਇਸ ਸੰਬੰਧੀ ਨੌਹਰ ਦੀ ਛੀਨ ਤਲਾਈ ਵਿੱਚ



ਹੰਡਿਆਇਆ ਦੇ ਗੁਰਦੁਆਰਾ ਗੁਰੂਸਰ ਪੱਕਾ ਵਿਖੇ ਮੌਜੂਦ ਪੁਰਾਤਨ ਖੂਹ।

ਲੱਗੀ ਹੋਈ ਅੰਮ੍ਰਿਤ ਖੂਹੀ ਨੂੰ ਦੇਖਿਆ ਜਾ ਸਕਦਾ ਹੈ ਜਿਸ ਦਾ ਪਾਣੀ ਗੁਰੂ ਸਾਹਿਬ ਨੇ ਮਿੱਠਾ ਕੀਤਾ ਸੀ।

ਖੂਹਾਂ ਤੋਂ ਇਲਾਵਾ ਛੱਪੜਾਂ ਦਾ ਪਾਣੀ ਸਾਫ਼ ਕਰਨਾ ਅਤੇ ਇਹਨਾਂ ਦੀ ਸੁਰੱਖਿਆ ਲਈ ਨਿਰੰਤਰ ਯਤਨਸ਼ੀਲ ਰਹਿਣ ਦੀ ਪ੍ਰੇਰਨਾ ਗੁਰੂ ਸਾਹਿਬਾਨ ਨੇ ਪ੍ਰਦਾਨ ਕੀਤੀ ਸੀ। ਗੁਰੂ ਤੇਗ਼ ਬਹਾਦਰ ਜੀ ਦੇ ਚਰਨ-ਛੋਹ ਅਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਤਾਂ ਪਤਾ ਲੱਗਿਆ ਕਿ ਗੁਰੂ ਸਾਹਿਬ ਦੇ ਬਹੁਤ ਸਾਰੇ ਅਸਥਾਨ ਉਸ ਜਗ੍ਹਾ 'ਤੇ ਸਸ਼ੋਭਿਤ ਹਨ ਜਿੱਥੇ ਪਹਿਲਾਂ ਪਾਣੀ ਦੇ ਛੱਪੜ ਹੁੰਦੇ ਸਨ ਅਤੇ ਹੁਣ ਉਹ ਸਰੋਵਰਾਂ ਦਾ ਰੂਪ ਧਾਰਨ ਕਰ ਗਏ ਹਨ। ਇਹ ਛੱਪੜ ਹੀ ਪਿੰਡ ਦੇ ਲੋਕਾਂ ਲਈ ਪਾਣੀ ਦਾ ਸਰੋਤ ਸਨ। ਗੁਰੂ ਸਾਹਿਬਾਨ ਨੇ ਆਪਣੀਆਂ ਪ੍ਰਚਾਰ ਯਾਤਰਾਵਾਂ ਦੌਰਾਨ ਛੱਪੜਾਂ ਦੇ ਪਾਣੀ ਨੂੰ ਸਾਫ਼ ਰੱਖਣ ਅਤੇ ਰੋਜ਼ਾਨਾਂ ਇਸ਼ਨਾਨ ਕਰਨ ਦੀ ਪ੍ਰੇਰਨਾ ਪੈਦਾ ਕੀਤੀ ਸੀ ਤਾਂ ਕਿ ਉੱਥੋਂ ਦੇ ਵਸਨੀਕ ਬਿਮਾਰੀਆਂ ਤੋਂ ਬਚਣ ਦੇ ਨਾਲ-ਨਾਲ ਪਾਣੀ ਦੇ ਮਹੱਤਵ ਸੰਬੰਧੀ ਜਾਗਰੂਕ ਹੋ ਸਕਣ।

ਮੌਜੂਦਾ ਸਮੇਂ ਵਿੱਚ ਇਹ ਚਿੰਤਾ ਅਤੇ ਚੇਤਨਾ ਪ੍ਰਗਟ ਕੀਤੀ ਜਾ ਰਹੀ ਹੈ ਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਨਿਰੰਤਰ ਘੱਟਦਾ ਜਾ ਰਿਹਾ ਹੈ ਅਤੇ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਵਿੱਚ ਰਾਜਸਥਾਨ ਵਰਗੇ ਹਾਲਾਤ



ਬਨਾਰਸ ਦੇ ਗੁਰਦੁਆਰਾ ਬੜੀ ਸੰਗਤ, ਨੀਚੀ ਬਾਗ਼ ਦੇ ਦਰਬਾਰ ਹਾਲ ਵਿੱਚ ਸੰਭਾਲ ਕੇ ਰੱਖਿਆ ਹੋਇਆ ਖੂਹ।

ਪੈਦਾ ਹੋ ਸਕਦੇ ਹਨ। ਇਸ ਦਿਸ਼ਾ ਵਿੱਚ ਕਾਰਜ ਕਰਦੇ ਹੋਏ ਪਾਣੀ ਦੀ ਦੁਰਵਰਤੋਂ ਰੋਕਣ, ਪਾਣੀ ਦੀ ਸੰਜਮ ਨਾਲ ਵਰਤੋਂ ਕਰਨ ਅਤੇ ਧਰਤੀ ਹੇਠਲੇ ਪਾਣੀ ਦਾ ਪੱਧਰ ਹੋਰ ਨਿਵਾਣ ਵੱਲ ਜਾਣ ਤੋਂ ਰੋਕਣ ਲਈ ਯਤਨ ਕੀਤੇ ਜਾ ਰਹੇ ਹਨ। ਇਸ ਦੇ ਨਾਲ-ਨਾਲ ਅਜਿਹੇ ਯਤਨ ਵੀ ਕੀਤੇ ਜਾ ਰਹੇ ਹਨ ਕਿ ਦਰਿਆਵਾਂ ਦਾ ਪਾਣੀ ਗੰਧਲਾ ਹੋਣ ਤੋਂ ਬਚਾਇਆ ਜਾ ਸਕੇ ਤਾਂ ਕਿ ਇਸ ਦੀ ਵਰਤੋਂ ਕਰਨ ਵਾਲੇ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋਣ ਤੋਂ ਬੱਚ ਸਕਣ। ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਸਭ ਦਾ ਧਿਆਨ ਇਸ ਪਾਸੇ ਵਧੇਰੇ ਹੈ ਕਿ ਕਿਸਾਨ ਵਧੇਰੇ ਪਾਣੀ ਦੀ ਵਰਤੋਂ ਵਾਲੀਆਂ ਫ਼ਸਲਾਂ ਉਗਾਉਂਦੇ ਹਨ ਜਿਸ ਨਾਲ ਪਾਣੀ ਦਾ ਪੱਧਰ ਦਿਨੋ-ਦਿਨ ਘੱਟਦਾ ਜਾ ਰਿਹਾ ਹੈ। ਪਾਣੀ ਦੇ ਮਾਹਰ ਇਹ ਤਰਕ ਦੇ ਰਹੇ ਹਨ ਕਿ ਨਹਿਰਾਂ ਰਾਹੀਂ ਪੰਜਾਬ ਦਾ ਪਾਣੀ ਦੂਜੇ ਸੂਬਿਆਂ ਨੂੰ ਦਿੱਤਾ ਜਾ ਰਿਹਾ ਹੈ ਅਤੇ ਹਜ਼ਾਰਾਂ ਸਾਲਾਂ ਦੇ ਮੀਂਹ ਨਾਲ ਤੁਪਕਾ-ਤੁਪਕਾ ਕਰਕੇ ਧਰਤੀ ਵਿੱਚ ਸਿੰਜਿਆ ਪਾਣੀ ਬਿਜਲੀ ਦੀਆਂ ਮੋਟਰਾਂ ਨਾਲ ਕੁੱਝ ਸਾਲਾਂ ਵਿਚ ਹੀ ਕੱਢ ਲੈਣ ਨਾਲ ਇਹ ਸੰਕਟ ਗੰਭੀਰ ਰੂਪ ਧਾਰਨ ਕਰ ਗਿਆ ਹੈ।

ਧਰਤੀ ਹੇਠਲੇ ਪਾਣੀ ਦਾ ਪੱਧਰ ਬਚਾਉਣ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ। ਸ਼ਹਿਰਾਂ ਵਿੱਚ ਉਹਨਾਂ ਅਸਥਾਨਾਂ 'ਤੇ ਬੋਰ ਕੀਤੇ ਗਏ ਜਿੱਥੇ ਮੀਂਹ ਦਾ ਪਾਣੀ ਇਕੱਤਰ ਹੁੰਦਾ ਸੀ ਅਤੇ ਪਿੰਡਾਂ ਵਿੱਚ ਮੀਂਹ ਦੇ ਪਾਣੀ ਖੂਹਾਂ ਵਿੱਚ ਪਾਉਣ ਦੇ ਉਪਰਾਲੇ ਕੀਤੇ ਜਾਣ ਲੱਗੇ ਪਰ ਇਹ ਯਤਨ ਬਹੁਤੇ ਸਫ਼ਲ ਨਹੀਂ ਹੋ ਸਕੇ। ਕੁੱਝ ਮਾਹਰ ਇਹ ਕਹਿਣ ਲੱਗੇ ਕਿ ਗੈਰ ਕੁਦਰਤੀ ਢੰਗ ਨਾਲ ਜ਼ਮੀਨ ਵਿੱਚ ਪਾਇਆ ਜਾਣ ਵਾਲਾ ਅਤੇ ਸਪਰੇਅ ਵਾਲੀਆਂ ਫ਼ਸਲਾਂ ਵਿਚੋਂ ਹੋ ਕੇ ਧਰਤੀ ਵਿੱਚ ਜਾਣ ਵਾਲਾ ਪਾਣੀ ਧਰਤੀ ਹੇਠਲੇ ਪਾਣੀ ਨੂੰ ਵੀ ਖਰਾਬ ਕਰ ਦੇਵੇਗੇ। ਕੁਦਰਤ ਨੇ ਧਰਤੀ ਵਿੱਚ ਹਜ਼ਾਰਾਂ ਫਿਲਟਰ ਲਗਾਏ ਹੋਏ ਹਨ ਅਤੇ ਜਦੋਂ ਕੁਦਰਤੀ ਢੰਗ ਨਾਲ ਇਹਨਾਂ ਫਿਲਟਰਾਂ ਵਿਚੋਂ ਹੁੰਦਾ ਹੋਇਆ ਪਾਣੀ ਧਰਤੀ ਵਿੱਚ ਜਾਂਦਾ ਹੈ ਤਾਂ ਹੀ ਪੂਰਨ ਤੌਰ 'ਤੇ ਸ਼ੁੱਧ ਹੋ ਸਕਦਾ ਹੈ।

ਖੇਤੀ ਲਈ ਪਾਣੀ ਬਚਾਉਣ ਦੇ ਯਤਨ ਕਰਨ ਵਾਲੇ ਮਾਹਰ ਚਿੰਤਾ ਪ੍ਰਗਟ ਕਰ ਰਹੇ ਹਨ ਕਿ ਜੇਕਰ ਸੁਚੇਤ ਹੋ ਕੇ ਇਸ ਦਿਸ਼ਾ ਵਿੱਚ ਯਤਨ ਨਾ ਕੀਤੇ ਗਏ ਤਾਂ ਪੀਣ ਵਾਲਾ ਪਾਣੀ ਮਿਲਣਾ ਵੀ ਮੁਸ਼ਕਲ ਹੋ ਜਾਵੇਗਾ। ਇਸ ਸੰਬੰਧੀ ਕੁਝ ਨਵੇਂ ਢੰਗ-ਤਰੀਕੇ ਅਪਨਾਉਣ ਦੀ ਲੋੜ ਹੈ ਤਾਂ ਕਿ ਪਾਣੀ ਦੀ ਘਾਟ ਨੂੰ ਪੂਰਾ ਕੀਤਾ ਜਾ ਸਕੇ। ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਪੰਜਾਬ ਵਿੱਚ ਫ਼ਸਲਾਂ ਦੀ ਬਿਜਾਈ ਨਿਰੰਤਰ ਚੱਲਦੀ ਰਹਿਣੀ ਹੈ ਅਤੇ ਉਹਨਾਂ ਫ਼ਸਲਾਂ ਦੀ ਬਿਜਾਈ ਵੱਲ ਧਿਆਨ ਦੇਣ ਦੀ ਲੋੜ ਹੈ ਜਿਹੜੀਆਂ ਘੱਟ ਪਾਣੀ ਨਾਲ ਵਧੇਰੇ ਝਾੜ ਪੈਦਾ ਕਰ ਸਕਦੀਆਂ ਹਨ।

ਸ਼ਹਿਰਾਂ ਵਿੱਚ ਪਾਣੀ ਪਹਿਲਾਂ ਹੀ ਸਰਕਾਰੀ ਸਮੇਂ ਅਨੁਸਾਰ ਆਉਂਦਾ ਹੈ ਅਤੇ ਜਿਹੜੇ ਘਰ ਗਲੀਆਂ-ਮੁਹੱਲਿਆਂ ਦੇ ਅਖੀਰ ਵਿੱਚ ਹਨ, ਉੱਥੇ ਨਿਸਚਿਤ ਕੀਤੇ ਗਏ ਸਮੇਂ ਵਿੱਚ ਵੀ ਪਾਣੀ ਪੂਰਾ ਨਹੀਂ ਆਉਂਦਾ ਜਿਸ ਕਰਕੇ ਬਹੁਤ ਸਾਰੇ ਘਰਾਂ ਵਿੱਚ ਬਿਜਲਈ ਮੋਟਰਾਂ ਲੱਗੀਆਂ ਹੋਈਆਂ ਹਨ। ਪਾਣੀ ਦੀ ਸਪਲਾਈ ਨਿਰੰਤਰ ਅਤੇ ਨਿਸਚਿਤ ਕਰਕੇ ਧਰਤੀ ਹੇਠੋਂ ਪਾਣੀ ਕੱਢਣ ਵਾਲੀਆਂ ਮੋਟਰਾਂ ਨੂੰ ਘਟਾਇਆ ਜਾ ਸਕਦਾ ਹੈ। ਪਟਿਆਲਾ ਵਿਧਾਨ ਸਭਾ ਹਲਕੇ ਤੋਂ ਜਿੱਤ ਕੇ ਪੰਜਾਬ ਦੇ ਮੁੱਖ ਮੰਤਰੀ ਬਣੇ ਕੈਪਟਨ ਅਮਰਿੰਦਰ ਸਿੰਘ ਨੇ ਇਹ ਪਹਿਲ ਕੀਤੀ ਸੀ ਕਿ ਪਟਿਆਲਾ ਸ਼ਹਿਰ ਦੀ ਵਾਟਰ ਸਪਲਾਈ ਦੀ ਪੂਰਤੀ ਭਾਖੜਾ ਨਹਿਰ ਤੋਂ ਕੀਤੀ ਜਾਵੇ। ਇਸ ਸੰਬੰਧੀ ਬਹੁਤ ਸਾਰਾ ਕਾਰਜ ਪੂਰਾ ਹੋ ਗਿਆ ਹੈ। ਅਜਿਹੇ ਯਤਨ ਕਰਨ ਦੀ ਹੋਰ ਵਧੇਰੇ ਲੋੜ ਹੈ ਕਿ ਜਿਸ ਵੀ ਸ਼ਹਿਰ ਵਿਚੋਂ ਸਾਫ਼ ਪਾਣੀ ਦੀਆਂ ਨਹਿਰਾਂ ਵਗਦੀਆਂ ਜਾਂ ਲੰਘਦੀਆਂ ਹਨ, ਉਹਨਾਂ ਦੀ ਸਪਲਾਈ ਨਹਿਰੀ ਪਾਣੀ ਨੂੰ ਫਿਲਟਰ ਕਰਕੇ ਕੀਤੀ ਜਾ ਸਕਦੀ ਹੈ ਜਿਸ ਨਾਲ ਲੱਖਾਂ ਲੀਟਰ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਸਕਦਾ ਹੈ।

ਇਸ ਸੰਬੰਧੀ ਇੱਕ ਮਹੱਤਵਪੂਰਨ ਨੁਕਤਾ ਇਹ ਵੀ ਹੋ ਸਕਦਾ ਹੈ ਕਿ ਪੰਜਾਬ ਵਿੱਚ ਸੈਂਕੜੇ ਗੁਰਦੁਆਰਾ ਸਾਹਿਬਾਨ ਮੌਜੂਦ ਹਨ ਜਿਨ੍ਹਾਂ ਦੇ ਚੁਗਿਰਦੇ ਵਿੱਚ ਸਰੋਵਰ ਨਿਰਮਲਤਾ ਦਾ ਪ੍ਰਤੀਕ ਹਨ। ਇਹਨਾਂ ਗੁਰਧਾਮਾਂ ਦੇ ਨਾਲ ਉਹ ਖੂਹ ਵੀ ਮੌਜੂਦ ਹਨ ਜਿਹੜੇ ਗੁਰੂ ਸਾਹਿਬਾਨ ਦੇ ਸਮੇਂ ਹੋਂਦ ਵਿੱਚ ਆਏ ਸਨ। ਪਾਣੀ ਦੇ ਨਵੇਂ ਸਰੋਤ ਪ੍ਰਾਪਤ ਹੋਣ ਉਪਰੰਤ ਇਹਨਾਂ ਖੂਹਾਂ ਨੂੰ ਬੰਦ ਕਰ ਦਿੱਤਾ ਗਿਆ ਹੈ ਜਾਂ ਇਹ ਉਜਾੜ ਰੂਪ ਧਾਰਨ ਕਰ ਗਏ ਹਨ। ਇਹਨਾਂ ਖੂਹਾਂ ਨਾਲ ਆਮ ਲੋਕਾਂ ਦੀ ਸ਼ਰਧਾ ਭਾਵਨਾ ਜੁੜੀ ਹੋਈ ਹੈ। ਤਲਵੰਡੀ ਸਾਬੋ ਦੇ ਸਰੋਵਰ ਦੀ ਗਾਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹੱਥਾਂ ਨਾਲ ਕੱਢੀ ਸੀ, ਅੰਮ੍ਰਿਤਸਰ ਦੇ ਸਰੋਵਰ ਨੂੰ ਰਾਵੀ ਦਰਿਆ ਨਾਲ ਉਦਾਸੀ ਮਹੰਤਾਂ ਨੇ ਜੋੜਿਆ ਸੀ, ਪਟਿਆਲੇ ਦੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਅਤੇ ਗੁਰਦੁਆਰਾ ਮੋਤੀ ਬਾਗ਼ ਸਾਹਿਬ ਦੇ ਸਰੋਵਰਾਂ ਲਈ ਪਾਣੀ ਦੀ ਸਪਲਾਈ ਭਾਖੜਾ ਨਹਿਰ ਤੋਂ ਕੀਤੀ ਜਾ ਰਹੀ ਹੈ।

ਸਰੋਵਰਾਂ ਦੇ ਨਾਲ-ਨਾਲ ਖੂਹ ਵੀ ਸਿੱਖ ਵਿਰਾਸਤ ਅਤੇ ਭਾਵਨਾ ਨਾਲ ਜੁੜੇ ਹੋਏ ਹਨ। ਪੰਜਾਬ ਅਤੇ ਪੰਜਾਬ ਤੋਂ ਬਾਹਰ ਬਹੁਤ ਸਾਰੇ ਗੁਰਧਾਮ ਅਜਿਹੇ ਹਨ ਜਿੱਥੇ ਗੁਰਦੁਆਰਾ ਸਾਹਿਬਾਨ ਦੇ ਕੰਪਲੈਕਸ ਵਿੱਚ ਮੌਜੂਦ ਖੂਹ ਸੰਭਾਲ ਕੇ ਰੱਖੇ ਹੋਏ ਹਨ। ਬਨਾਰਸ ਵਿਖੇ ਗੁਰੂ ਤੇਗ਼ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਗੁਰਦੁਆਰਾ ਬੜੀ ਸੰਗਤ ਦਾ ਖੂਹ ਦਰਬਾਰ ਹਾਲ ਦੇ ਅੰਦਰ ਹੀ ਸੰਭਾਲ ਕੇ ਰੱਖਿਆ ਹੋਇਆ ਹੈ। ਪੰਜਾਬ ਦੇ ਮਾਲਵਾ ਇਲਾਕੇ ਵਿੱਚ ਲਗਪਗ ਹਰ ਇੱਕ ਗੁਰਦੁਆਰਾ ਸਾਹਿਬ ਦੇ ਨਾਲ ਵੀ ਖੂਹ ਦੇਖਣ ਨੂੰ ਮਿਲਦੇ ਹਨ ਜਿਨ੍ਹਾਂ ਦੇ ਨੇੜੇ ਹੀ ਸਰੋਵਰ ਵੀ ਬਣੇ ਹੋਏ ਹਨ। ਮਹੀਨੇ ਵਿੱਚ ਇਕ ਜਾਂ ਦੋ ਵਾਰੀ ਜਾਂ ਕਿਸੇ ਵਿਸ਼ੇਸ਼ ਮੌਕੇ ਸਰੋਵਰਾਂ ਦਾ ਪਾਣੀ ਬਦਲਿਆ ਜਾਂਦਾ ਹੈ। ਬਹੁਤ ਸਾਰੇ ਸਰੋਵਰਾਂ ਨੂੰ ਬਿਜਲੀ ਦੀਆਂ ਮੋਟਰਾਂ ਨਾਲ ਭਰਿਆ ਜਾਂਦਾ ਹੈ। ਜੇਕਰ ਇਹਨਾਂ ਸਰੋਵਰਾਂ ਨੂੰ ਵੀ ਨਹਿਰਾਂ ਦੇ ਫਿਲਟਰ ਕੀਤੇ ਪਾਣੀ ਨਾਲ ਜੋੜ ਦਿੱਤਾ ਜਾਵੇ ਅਤੇ ਫਿਰ ਇਹ ਪਾਣੀ ਬਾਹਰ ਖੇਤਾਂ ਆਦਿ ਵਿਚ ਛੱਡਣ ਦੀ ਬਜਾਏ ਖੂਹਾਂ ਵਿੱਚ ਪਾ ਦਿੱਤਾ ਜਾਵੇ ਤਾਂ ਵੀ ਕੁੱਝ ਭਲਾ ਹੋ ਸਕਦਾ ਹੈ। ਇਹ ਕਾਰਜ ਕਿੰਨਾ ਕੁ ਸਾਰਥਿਕ ਸਿੱਧ ਹੋ ਸਕਦਾ ਹੈ, ਇਹ ਤਾਂ ਪਾਣੀ ਦੇ ਮਾਹਰ ਹੀ ਦੱਸ ਸਕਦੇ ਹਨ।



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਮੀਆਂ ਮੁਹੰਮਦ ਬਖ਼ਸ਼



ਮੀਆਂ ਮੁਹੰਮਦ ਬਖ਼ਸ਼ ਇੱਕ ਪੰਜਾਬੀ ਮੁਸਲਿਮ ਸੂਫ਼ੀ ਸੰਤ ਕਵੀ ਹੋਇਆ ਹੈ। ਪੰਜਾਬੀ ਉਸ ਦੀ ਮਾਤ-ਭਾਸ਼ਾ ਹੈ। ਉਸ ਦੀ ਪੰਜਾਬੀ ਸੂਫ਼ੀ ਸਾਹਿਤ ਵਿੱਚ ਵੱਡੀ ਦੇਣ ਹੈ। ਉਸ ਦੀ ਰਚਨਾ ਵਿੱਚ ਸ਼ਬਦ ਕਲਾ, ਅਰਥ ਕਲਾ, ਉੱਚ ਕਲਪਨਾ ਤੇ ਵਿਸ਼ਾਲ ਅਨੁਭਵ ਨੂੰ ਪ੍ਰਾਪਤ ਕਰਨ ਲਈ ਉਸ ਨੇ ਦੁਨੀਆਂ ਵਿੱਚ ਤਿਆਗੀ ਜੀਵਨ ਬਤੀਤ ਕੀਤਾ। ਆਪਣੇ ਕਾਮਿਲ ਮੁਰਸ਼ਦ ਅੱਗੇ ਆਤਮ ਸਮਰਪਣ ਕਰ ਦਿੱਤਾ। ਉਸ ਦੇ ਵੱਡੇ ਭਰਾ ਦਾ ਕਹਿਣਾ ਹੈ ਕਿ ਮੀਆਂ ਨੇ ਪੰਜਾਬੀ ਸਾਹਿਤ ਵਿੱਚ ਇੱਕ ਨਿਪੁੰਨ ਸ਼ਾਹਕਾਰ ਰਚਨਾ ਪੇਸ਼ ਕੀਤੀ ਹੈ।

ਨਿਕੰਮੇ ਕਿੱਸੇ ਬਹੁਤ ਸ਼ੀਹਰਫ਼ੀਆਂ, ਕੀ ਹੋਇਆ ਤੁਧ ਲਿਖੇ।
ਐਸੇ ਸ਼ਿਅਰ ਅਸ਼ਆਰ ਬਹੁਤ ਸੇ, ਸ਼ਾਇਰ ਅੱਜਕਲ ਸਿਖੇ।
ਤੇ ਹੁਕਮ ਕੀਤਾ ਕਿ ਕਿੱਸਾ ਸੈਫ਼ ਮਲੂਕ ਲਿੱਖੋ।
ਕਿੱਸੇ ਅੰਦਰ ਕਸਰ ਨਾ ਛੱਡੀਂ ਹੋਵੇ ਰਮਜ਼ ਫ਼ਕਰ ਦੀ।
ਸਨਅਤ ਭੀ ਵਿੱਚ ਥੋੜੀ ਬਹੁਤੀ ਚਲੇ ਲਿਜ਼ਤ ਕਰਦੀ।

ਤੇ ਸੱਚ ਮੁੱਚ ਇਸ ਕਿੱਸੇ ਨੇ ਮੀਆਂ ਨੂੰ ਸ਼੍ਰੋਮਣੀ ਸਾਹਿਤਕਾਰ ਬਣਾ ਦਿੱਤਾ। ਇਹ ਕਿੱਸਾ ਇੱਕ ਲੋਕ ਗਾਥਾ 'ਤੇ ਆਧਾਰਿਤ ਹੈ। ਇਸ ਵਿੱਚ ਮੀਆਂ ਨੇ ਸੈਫ਼ ਮਲੂਕ ਅਤੇ ਹੁਸਨਪੁਰੀ ਬਦੀਆ ਜਮਾਲ ਦੀ ਨਿਰਮਲ ਪ੍ਰੀਤ ਸਦੀਵੀ ਸੁੰਦਰਤਾ ਦਾ ਉੱਤਮ ਸੁਮੇਲ ਕੀਤਾ ਹੈ। ਇਸ ਲਈ ਇਹ ਕਿੱਸਾ ਪੰਜਾਬ ਦੀ ਜਿਉਂਦੀ ਜਾਗਦੀ ਪ੍ਰੀਤ ਦਾ ਪ੍ਰਤੀਨਿਧ ਬਣ ਗਿਆ ਹੈ। ਇਸ ਵਿੱਚ ਆਤਮਾ ਅਤੇ ਗਿਆਨ ਦੀਆਂ ਝੜਪਾਂ ਹਨ। ਜੀਵਨ ਦੀ ਧੜਕਣ ਦਾ ਦਰਦ ਬੇਮਿਸਾਲ ਹੈ। ਯੂਸਫ਼ ਜੁਲੇਖ਼ਾਂ ਦੇ ਕਿੱਸੇ ਤੋਂ ਬਾਅਦ ਮੁਸਲਮਾਨਾਂ ਵਿੱਚ ਬੜੇ ਚਾਅ ਨਾਲ ਪੜ੍ਹਿਆ ਜਾਂਦਾ ਹੈ।

ਮੀਆਂ ਜੰਮੂ ਕਸ਼ਮੀਰ, ਜਿਹਲਮ ਪਿੰਡੀ ਅਤੇ ਕੈਮਲਪੁਰ ਦੇ ਮਸ਼ਹੂਰ ਸੂਫ਼ੀ ਸਨ। ਆਪ ਇੱਥੋਂ ਦੇ ਜਨ ਸਧਾਰਣ ਵਿੱਚ ਹਰਮਨ ਪਿਆਰੇ ਸਨ। ਉਹ ਸੰਸਾਰੀ ਗਿਆਨ ਦਾ ਭੰਡਾਰ ਸਨ। ਉਹਨਾਂ ਦੀ ਵਿਆਖਿਆ ਲੋਕਾਂ ਨੂੰ ਕੀਲਣ ਦੀ ਸ਼ਕਤੀ ਰੱਖਦੀ ਸੀ। ਉਹ ਮੁਸਲਮਾਨੀ ਸ਼ਰਾਹ ਵਿੱਚ ਪੱਕੇ ਸੂਫ਼ੀ ਦਰਵੇਸ਼ ਸਨ। ਮੀਆਂ ਨੇ ਆਪਣੀ ਜਨਮ ਤਾਰੀਖ਼ ਬਾਰੇ ਆਪਣੀ ਲਿਖਤ ਵਿੱਚ ਦੱਸਿਆ ਹੈ ਕਿ ਉਸ ਦੀ ਵੱਡੀ ਭੈਣ ਦਾ ਅੰਦਾਜ਼ਾ ਹੈ। ਪੱਕਾ ਪਤਾ ਤਾਂ ਰੱਬ ਨੂੰ ਹੀ ਹੈ।

ਸਨ ਮੁਕਦਸ ਹਿਜ਼ਰੀ ਦੱਸਾਂ, ਬਾਰਾਂ ਸੈ ਸੱਤ ਦਾਹੇ।
ਸੱਤ ਅਤੇ ਦੋ ਹੋਰ ਮੁਹੰਮਦ , ਉਪਰ ਇਸ ਥੀ ਆਹੇ।
ਮਾਹ ਰਜ਼ਮਾਨ ਮੁਬਾਰਕ ਅੰਦਰ, ਵਕਤ ਬਹਾਰ ਗੁਲਾਬੀ।
ਸ.ਫਰ ਉਲ ਇਸ਼ਕ ਮੁਕਾਈ ਹੈ ਇਸ ਫ਼ਜ਼ਲ ਜਨਾਬੀ।
ਉਮਰ ਮੁਸਨਿਫ਼ ਦੀ ਤਦਆਹੀ, ਤਿੰਨ ਦਾਹੇ ਤਿੰਨ ਯੱਕੇ।
ਭੈਣ ਵੱਡੀ ਫ਼ੁਰਮਾਦੀ ਇਹੋ, ਪਤੇ ਰੱਬ ਨੂੰ ਪੱਕੇ।

1279 ਹਿਜਰੀ ਵਿੱਚ ਰੋਜ਼ਿਆਂ ਦਾ ਮੁਬਾਰਕ ਮਹੀਨਾ ਫ਼ਰਵਰੀ 1864 ਈਸਵੀ ਬਣਦਾ ਹੈ। ਉਸ ਸਾਲ ਫ਼ਰਵਰੀ ਦਾ ਪਿਛਲਾ ਅੱਧ ਤੇ ਰਮਜਾਨ ਮੁਬਾਰਕ ਦਾ ਪਹਿਲਾ ਅੱਧ ਨਾਲੋਂ ਨਾਲ ਤੁਰੇ। ਮਾਰਚ ਦਾ ਮਹੀਨਾ ਆਰੰਭ ਹੋਣ 'ਤੇ ਰੋਜ਼ੇ ਮੁੱਕਣ 'ਤੇ ਆਏ। ਰੁੱਤ ਗੁਲਾਬੀ ਹੋ ਗਈ। ਸਫ਼ਲ ਉਲ ਇਸ਼ਕ ਮੁਕੰਮਲ ਹੋ ਗਿਆ। ਜਿਸ ਨੂੰ ਕਿੱਸਾ 'ਸੈਫ਼ ਮਲੂਕ' ਕਹਿੰਦੇ ਹਨ। ਇਸ ਅਨੁਸਾਰ ਉਦੋਂ ਆਪਣੀ ਉਮਰ 33 ਸਾਲ ਦੱਸਦੇ ਹਨ ਤਾਂ ਉਹਨਾਂ ਦੀ ਜਨਮ ਤਰੀਕ 1831 ਈਸਵੀ ਬਣਦੀ ਹੈ। ਬਾਕੀ ਰੱਬ ਨੂੰ ਪਤਾ ਹੈ।

ਸੈਫ਼ ਮਲੂਕ ਵਿੱਚ ਮੀਆਂ ਆਪਣੇ ਜਨਮ ਸਥਾਨ ਬਾਰੇ ਲਿਖਦੇ ਹਨ:

ਜਿਹਲਮ ਘਾਟੋਂ ਪਰਬਤ ਪਾਸੇ, ਮੀਰਪੁਰੇ ਥੀ ਦੱਖਣ
ਖੜੀ ਮੁਲਕ ਵਿੱਚ ਲੋੜਨ ਜਿਹੜੇ ਤਲਬ ਬੰਦੇ ਦੀ ਰੱਖਣ..

ਕਸ਼ਮੀਰ ਜ਼ਿਲ੍ਹੇ ਦੇ ਮੀਰਪੁਰ ਦਾ ਇੱਕ ਪਵਿੱਤਰ ਜਾਣਿਆ ਜਾਂਦਾ ਪਿੰਡ ਖੜੀ ਸ਼ਰੀ.ਫ ਹੈ। ਉਥੋਂ ਦਾ ਮੀਆਂ ਦਾ ਜਨਮ ਹੈ। ਆਪ ਜੀ ਦੇ ਪਿਤਾ ਦਾ ਨਾਉਂ ਮੀਆ ਸ਼ਮਸਊਦੀਨ ਸੀ। ਆਪ ਜੀ ਦਾ ਪ੍ਰਵਾਰ ਪੰਜਾਬੀ ਗੁਜ਼ਰ ਪੋਸਵਾਲ ਜਾਤੀ ਤੋਂ ਹੈ, ਜੋ ਪਸ਼ੂ ਚਾਰਨ ਦਾ ਕੰਮ ਕਰਦੇ ਸਨ। ਜੋ 16ਵੀਂ ਸਦੀ ਵਿੱਚ ਗੁਜ਼ਰਾਤ ਆਣ ਵੱਸੇ ਸਨ। ਜੋ ਗੁਜਰਾਂ ਦਾ ਗੜ੍ਹ ਸੀ। ਪਿੰਡ ਖੜੀ ਵਿੱਚ ਪੀਰ ਸ਼ਾਹ ਕਲੰਦਰ ਦਮੜੀ ਵਾਲੇ ਦਾ ਦਰਬਾਰ ਹੈ। ਮੀਆਂ ਜੀ ਦੇ ਪਿਤਾ ਇਸੇ ਪੀਰ ਦੀ ਗੱਦੀ ਦੇ ਗੱਦੀਦਾਰ ਸਨ। ਆਪ ਇੱਕ ਚੰਗੇ ਜ਼ਿਮੀਦਾਰ ਪ੍ਰਵਾਰ ਨਾਲ ਸਬੰਧ ਰਖਦੇ ਸਨ। ਆਪ ਤਿੰਨ ਭਰਾ ਸਨ, ਵਿਚੋਂ ਵਿਚਕਾਰਲੇ ਸਨ। ਵੱਡਾ ਭਰਾ ਮੀਆਂ ਬਹਾਵਲ ਬਖ਼ਸ਼, ਛੋਟਾ ਮੀਆਂ ਅਲੀ ਬਖ਼ਸ਼ ਇਨ੍ਹਾਂ ਦੀ ਇੱਕ ਵੱਡੀ ਭੈਣ ਸੀ। ਆਪ ਜੀ ਦੀ ਪ੍ਰਵਰਿਸ ਧਾਰਮਿਕ ਅਧਿਆਤਮਕ ਮਾਹੌਲ ਵਿੱਚ ਹੋਈ। ਫ਼ਕੀਰੀ ਵਿਰਾਸਤ ਵਿੱਚ ਮਿਲੀ। ਆਪਣੀ ਮੁੱਢਲੀ ਸਿੱਖਿਆ ਘਰ ਵਿਚੋਂ ਹੀ ਪ੍ਰਾਪਤ ਕੀਤੀ। ਵਧੇਰੇ ਸਿੱਖਿਆ ਲਈ ਸੀਵਲ ਸ਼ਰੀਫ਼ ਵਿਖੇ ਹਾਫ਼ਜ਼ ਮੁਹੰਮਦ ਅਲੀ ਦੇ ਮਸ਼ਹੂਰ ਮਦੱਰਸੇ ਵਿੱਚ ਭੇਜਿਆ ਗਿਆ। ਆਪ ਨੇ ਇਥੋਂ ਹੀ ਹਾਫ਼ਜ ਨਾਸਰਦੀਨ ਸਾਹਿਬ ਤੋਂ ਵਿਦਿਆ ਪ੍ਰਾਪਤ ਕੀਤੀ। ਨਾਸਰਦੀਨ ਅੱਖਾਂ ਤੋਂ ਹੀਣ ਸਨ ਪਰ ਸੰਗੀਤ ਪ੍ਰੇਮੀ ਸਨ। ਇੱਥੋਂ ਹੀ ਮੀਆਂ ਨੂੰ ਸੰਗੀਤ ਦਾ ਸ਼ੌਕ ਹੋ ਗਿਆ। ਆਪ ਦਿਨ ਭਰ ਮਸਤੀ ਵਿੱਚ ਗਾਉਂਦੇ ਸਨ।

ਸੈਫ਼ ਮਲੂਕ ਦੇ ਕਿੱਸੇ ਤੋਂ ਪਤਾ ਲੱਗਦਾ ਹੈ ਕਿ ਚੜ੍ਹਦੀ ਜਵਾਨੀ ਵਿੱਚ ਮੀਆਂ ਨੂੰ ਕਿਸੇ ਨਾਲ ਪਿਆਰ ਹੋ ਗਿਆ ਸੀ। ਜਿਸਦਾ ਦਰਦ ਉਹਨਾਂ ਹੰਢਾਇਆ ਹੈ। 'ਦਰਦ ਅਪਨੇ ਦੀ ਛੇੜ ਕਹਾਣੀ, ਰੋਵੇ ਪਿਆ ਮੁਹੰਮਦ।' ਮੀਆਂ ਇੱਕ ਬੇਪ੍ਰਵਾਹ ਬੰਦੇ ਸਨ। ਲੋਕ ਲਾਲਚ ਤੋਂ ਨਿਰਲੇਖ ਸਨ। ਉਹਨਾਂ ਜ਼ਿੰਦਗੀ ਭਰ ਕਠੋਰ ਤਪ ਕੀਤਾ। ਰੱਬੀ ਗਿਆਨ ਪ੍ਰਾਪਤ ਕਰਨ ਲਈ ਦੂਰ ਦੂਰ ਤੱਕ ਸਫ਼ਰ ਕੀਤਾ। ਵੱਡੇ ਵੱਡੇ ਵਲੀਆ ਤੇ ਫ਼ਕੀਰਾਂ ਦੀ ਸੰਗਤ ਕੀਤੀ। ਆਪ ਪੀਰ ਦਮੜੀ ਵਾਲੇ ਦੇ ਸੋਹਲੇ ਗਾਉਂਦੇ। ਸੱਯਦ ਅਬਦਲ ਕਾਦਿਰ ਜੀਲਾਨੀ ਦੀ ਸਿਫ਼ਤ ਕਰਦੇ। ਗੁਰ ਭਗਤੀ ਤੇ ਰੱਬ ਦੀ ਭਗਤੀ ਵਿੱਚ ਮਹਾਨ ਰਹਿੰਦੇ। ਆਪ ਸੱਚੇ ਸੁੱਚੇ ਮੁਸਲਮਾਨ ਸਨ, ਦਿਲੋਂ ਮਾਨਵਤਾਵਾਦੀ ਸਨ। ਹਰ ਜਾਤ, ਮਜ਼੍ਹਬ ਦੇ ਲੋਕਾਂ ਨੂੰ ਬਹੁਤ ਪਿਆਰ ਕਰਦੇ ਸਨ। 'ਦੇਈ ਜ਼ਜਾਈ ਰੱਬ ਨ ਹਿੰਦੂ ਮੁਸਲਮਾਨ' ਕਹਿ ਕੇ ਧਰਮਾਂ ਵਿੱਚ ਸ਼ਰਧਾ ਰੱਖਦੇ ਸਨ। ਕਵਿਤਾ ਵਿੱਚ ਪ੍ਰਭੂ ਲਈ ਰਾਮ ਤੇ ਸ਼ਿਆਮ ਸ਼ਬਦ ਵੀ ਵਰਤੇ ਹਨ।

ਆਪ ਜੀ ਵੱਲੋਂ ਡੇਢ ਦਰਜਨ ਪੁਸਤਕਾਂ ਲਿਖੀਆਂ ਗਈਆਂ ਪਰ ਪ੍ਰਸਿੱਧੀ ਸੈਫ਼ ਮਲੂਕ ਦੇ ਕਿੱਸੇ ਅਤੇ ਕਿੱਸਾ ਸੋਹਣੀ ਮਹੀਵਾਲ ਤੋਂ ਪ੍ਰਾਪਤ ਹੋਈ ਹੈ। ਮੀਆਂ ਸਾਰੀ ਉਮਰ ਕੰਵਾਰਾ ਰਿਹਾ ਅਤੇ ਜਤੀ ਸਤੀ ਰਿਹਾ। ਉਜਾੜ ਥਾਂਵਾਂ ਦੀ ਭਾਲ ਕੀਤੀ। ਸਾਰੀ ਉਮਰ ਅੱਲਾ ਅੱਲਾ ਕਰਦੇ ਅਤੇ ਪ੍ਰੀਤਾਂ ਦੇ ਕਿੱਸੇ ਲਿਖਦੇ ਉਸ ਲੇਖਣੀ ਤੋਂ ਹੀ ਆਨੰਦ ਮਾਣਦੇ ਰਹੇ।

ਨ ਘਰ ਚਾੜੇ ਨਾ ਸੁੱਖ ਡਿੱਠੇ, ਨ ਕੁਝ ਖੱਟੀ ਖਟੀ।
ਨਹੀਂ ਕਿਸੇ ਵੱਲ ਲਹਿਣਾ ਕੋਈ, ਨ ਛੱਡ ਚੱਲੇ ਤਰੱਟੀ।

ਜਾਂ ਫ਼ਿਰ

ਹਿੱਕੋ ਸੁਖਨ ਨ ਹੋਰ ਤਮਾਮੀ , ਜੋ ਨਿਆਮਤ ਮੈਂ ਪਾਈ।
ਉਸੇ ਮਰਦ ਸੱਚੇ ਦਾ ਸਦਕਾ, ਆਪਣੀ ਨਹੀਂ ਕਮਾਈ।

ਮੀਆਂ ਨੇ 33 ਸਾਲ ਦੀ ਉਮਰ ਤੱਕ ਪੰਜਾਬੀ ਅਤੇ ਫ਼ਾਰਸੀ ਦੇ ਕਵੀ ਘੋਖ ਲਏ ਸਨ। ਜਿਵੇਂ ਨਿਜਾਮੀ ਗੰਜਵੀ, ਰੂਮੀ ਜਾਮੀ, ਹਾਫ਼ਿਜ਼, ਖਾਜੂ, ਉਰਫ਼ੀ ਆਦਿ ਕਵੀਆਂ ਦੀ ਤਰਜ਼ 'ਤੇ ਉਸ ਨੇ ਆਪ ਲਿਖਿਆ। ਬੋਲੀ ਦੀ ਮਿਠਾਸ ਤੇ ਰਾਗ ਦੀ ਨਿਪੁੰਨਤਾ ਸਰੋਤਿਆਂ ਨੂੰ ਕੀਲ ਲੈਂਦੀ ਹੈ। ਉਸ ਦੀ ਦੇਵਤਾ ਵਿੱਚ ਮਿਆਰੀ ਪੰਜਾਬੀ ਅਤੇ ਪੰਜਾਬੀ ਦੀਆਂ ਪੋਠੋਹਾਰੀ ਹਿਨਕੇ ਉਪ ਭਾਸ਼ਾਵਾਂ ਨਾਲ ਬਣੀ ਮਿਸ਼ਰਤ ਭਾਸ਼ਾ ਹੈ। ਅਰਬੀ ਅਤੇ ਫ਼ਾਰਸੀ ਸ਼ਬਦਾਂ ਦੀ ਭਰਪੂ ਸ਼ਬਦਾਵਲੀ ਦੀ ਵਰਤੋ ਕੀਤੀ ਹੈ। ਉਸ ਨੇ ਆਪਣੇ ਮਹਾਨ ਰਹੱਸਵਾਦੀ ਵਿਚਾਰਾਂ ਨਾਲ ਪੰਜਾਬੀ ਬੋਲੀ ਵਿੱਚ ਯੋਗਦਾਨ ਪਾਇਆ।

ਮੀਆਂ ਦੀ ਮੌਤ 1907 ਵਿੱਚ ਲਗਭਗ 77 ਸਾਲ ਦੀ ਉਮਰ ਵਿੱਚ ਹੋਈ। ਉਹਨਾਂ ਨੂੰ ਆਪਣੇ ਅਧਿਆਤਮਕ ਮਹਾਨ ਪੜਦਾਦਾ ਦਮਰਿਯਾਨ ਵਲੀ ਸਰਕਾਰ ਤੋਂ ਦੂਰ ਖੜੀ ਸ਼ਰੀ.ਫ ਵਿੱਚ ਦਫ਼ਨਾਇਆ ਗਿਆ। ਦਰਿਆ ਜੇਹਲਮ ਦੇ ਕੰਢੇ ਜਿਹਲਮ ਦੇ ਪੱਤਣ ਅਤੇ ਮੀਰਪੁਰ ਦੇ ਪੱਤਣ ਦੇ ਵਿਚਾਲੇ ਗਦਿਆਰੀਆ ਵਾਲਾ ਪੱਤਣ ਹੈ। ਇਸੇ ਪੱਤਣ ਤੇ ਮੀਆਂ ਦਾ ਮਜ਼ਾਰ ਹੈ। ਹਰ ਸਾਲ ਮੇਲਾ ਲੱਗਦਾ ਹੈ। ਹਜ਼ਾਰਾਂ ਸ਼ਰਧਾਲੂ ਪਹੁੰਚਦੇ ਹਨ। ਮੀਆਂ ਲਈ ਦੁਆ ਖੈਰ ਮੰਗਦੇ ਹਨ। ਮੰਨਤਾ ਮੰਨਦੇ ਹਨ, ਮੰਨਤਾ ਤਾਰਦੇ ਹਨ। ਅਤੁੱਟ ਭੰਡਾਰਾ ਵਰਤਦਾ ਹੈ। ਇਹ ਥਾਂ ਜੇਹਲਮ ਤੋਂ 12 ਕੁ ਮੀਲ ਉੱਤਰ ਵੱਲ ਹੈ। ਮੀਰਪੁਰੇ ਤੋਂ ਦੱਖਣ ਵੱਲ।

ਮੀਆਂ ਦੀ ਕਾਵਿ ਕਲਾ: ਮੀਆਂ ਦੀ ਸ਼ਾਇਰੀ ਦਿਲ ਵਿਚੋਂ ਨਿਕਲੀ ਹੂਕ ਹੈ, ਜੋ ਪਾਠਕ ਦੇ ਦਿਲ ਵਿੱਚ ਖੁਬ ਜਾਂਦੀ ਹੈ। ਉਸ ਦਾ ਕਹਿਣਾ ਹੈ ਕਿ ਕਵੀ ਨੇ ਆਪਣੇ ਅਨੁਭਵ ਪ੍ਰਤੀ ਸੁਹਿਰਦ ਹੋਣਾ ਚਾਹੀਦਾ ਹੈ। ਉਹ ਹੀ ਕਵੀ ਸੁਹਿਰਦਤਾ ਨਾਲ ਬੋਲ ਸਕਦਾ ਹੈ, ਜਿਸ ਨੇ ਸੰਬੰਧਿਤ ਅਨੁਭਵ ਦੀ ਪੀੜ ਆਪ ਹੰਢਾਈ ਹੋਵੇ। ਉਸ ਦੀ ਕਵਿਤਾ ਸੋਜ਼ ਨਾਲ ਭਰੀ ਪਈ ਹੈ। ਜੋ ਉਸ ਦੇ ਦਿਲ ਵਿਚੋਂ ਨਿਕਲੀ ਹੂਕ ਹੈ। ਉਸ ਦੀ ਹੂਕ ਦਾ ਸੋਮਾ ਇਸ਼ਕ ਹੈ। ਇਸ਼ਕ ਨੂੰ ਸੂਫ਼ੀ ਮਜਾਜ਼ੀ ਤੇ ਹਕੀਕੀ ਦੋਹਾਂ ਪੱਧਰਾਂ 'ਤੇ ਮਾਣਦਾ ਤੇ ਪ੍ਰਚਾਰਦਾ ਹੈ।

ਕਿੱਸੇ ਹੋਰ ਕਿਸੇ ਦੇ ਅੰਦਰ, ਦਰਦ ਆਪਣੇ ਕੁਝ ਹੋਵਣ।
ਬਿਨਾ ਪੀੜਾਂ ਤਾਸੀਰਾਂ ਨਾਹੀ, ਬਿਨ ਪੀੜੇ ਕਦ ਰੋਵਣ ?
ਸੁਖਨ ਭਲਾ ਜੋ ਦਰਦੋਂ ਭਰਿਆ, ਬਿਨ ਦਰਦਾਂ ਕੁਝ ਨਾਹੀ
ਨੜਾ ਕਮਾਦਾਂ ਫ਼ਰਕ ਰਹੋ ਦਾ, ਕਿਆ ਕਾਨੇ ਕਿਆ ਕਾਹੀ।
ਦਰਦਮੰਦਾ ਦੇ ਸੁਖਨ ਮੁਹੰਮਦ, ਦੇਣ ਗਵਾਹੀ ਹਾਲੋਂ
ਜਿਸ ਪੱਲੇ ਫ਼ੁੱਲ ਬੱਧੇ ਹੋਵਣ, ਆਏ ਬਾਸ ਰੁਮਾਲੋਂ।

ਇਹ ਕਾਵਿ ਦਰਦ ਸੋਜ਼ ਸ਼ਾਇਰੀ ਦਾ ਧੁਰਾ ਹੈ। ਜੋ ਉਸ ਦੇ ਕਾਵਿ ਅਨੁਭਵ ਦੀ ਸੁੰਦਰਤਾ ਦੇ ਲਖਾਇਕ ਮੰਨੇ ਜਾਂਦੇ ਹਨ। ਮੀਆਂ ਦੀਆਂ ਨਸੀਹਤਾਂ ਵਿਚਾਰਾਂ ਦੀ ਵਿਸ਼ਾਲਤਾ ਹਨ ਤੇ ਪਾਠਕ ਦੀ ਸਮਝ ਵਿੱਚ ਆਉਂਦੀਆਂ ਹਨ। ਸਾਦਗੀ ਦਾ ਨਮੂਨਾ ਹਨ :

ਝੋਲੀ ਮਾਹ ਅੰਗਾਰ ਮੁਹੰਮਦ, ਕੋਈ ਬਚਾ ਨਾ ਸਕੇ
ਇਸ਼ਕਾਂ ਮੁਸ਼ਕਾਂ ਤੇ ਦਰਿਆਵਾਂ ਕੌਣ ਛੁਪਾਵੇ ਡੱਕੇ
ਇਸ਼ਕੇ ਅੰਦਰ ਸਬਰ ਨਾ ਰਚਦਾ, ਸੂਰਜ ਮੈਲ ਨ ਲੱਗਦੀ
ਸੁੱਕਾ ਰੂ ਨਹੀਂ ਕਰ ਸਕਦਾ, ਪਰਦਾਪੋਸ਼ੀ ਅੱਗ ਦੀ।
******

ਆਪ ਬੇ-ਅਖਲਾਸਾਂ ਅੰਦਰ, ਖ਼ਾਸਾਂ ਦੀ ਗੱਲ ਕਰਨੀ
ਮਿੱਠੀ ਖੀਰ ਪਕਾ ਮੁਹੰਮਦ, ਕੁੱਤਿਆਂ ਅੱਗੇ ਧਰਨੀ
*****

ਮੀਆਂ ਦੀਆਂ ਉਦਾਹਰਣਾਂ ਵਿੱਚ ਵਿਲੱਖਣਤਾ ਮਹਿਬੂਬ ਦੇ ਨਖਸ਼ਿਖ ਵਰਨਣ ਵਿੱਚ ਬੜੀ ਉਘੜੀ ਹੈ। ਹਰ ਇੱਕ ਨਾਇਕਾਂ ਤੇ ਨਾਇਕ ਲਈ ਵੱਖਰੀਆਂ ਉਦਾਹਰਣਾਂ ਹਨ।

ਹੁਸਨ ਜਮਾਲ ਕਮਾਲ ਤੇਰੇ ਦੀ, ਝਾਲ ਨ ਜਾਂਦੀ ਝੱਲੀ
ਕੰਨ ਡੋਰੇ ਜਿਭ ਗੂੰਗੀ ਹੋਈ, ਹੋਸ਼ ਗਈ ਮੈਂ ਝੱਲੀ।

ਜਾਂ ਫ਼ਿਰ

ਹੁਸਨ ਰਸੀਲਾ ਚੂੰ ਹਲੀਮੀ, ਸਦਾ ਮੁਖ ਸਫ਼ਾਈ
ਸੋਹਣੇ ਵੇਖ ਹੋਵਣ ਸ਼ਰਮਿੰਦੇ, ਝਾਲ ਨਾ ਝਲਦਾ ਕਾਈ
ਰੋਸ਼ਨ ਸ਼ਮ੍ਹਾ ਨੂਰਾਨੀ ਚਿਹਰਾ, ਪਹੁੰਚੇ ਲਾਟ ਅਸਮਾਨੀ
ਵਾਂਗ ਪਤੰਗਾ ਸੜਨ ਚੁਫ਼ੇਰੇ ਆਸ਼ਿਕ ਮਰਦ ਜਨਾਨੀ
******

ਆਲੋਚਕਾਂ ਨੇ ਮੀਆਂ ਦੀ ਤੁਲਨਾ ਕਵੀ ਰੂਮੀ ਜਾਂ ਮੌਲਾਨਾ ਰੂਮੀ ਨਾਲ ਕੀਤੀ ਹੈ ਜੋ ਬਾਹਰਵੀਂ ਸਦੀ ਦਾ ਇੱਕ ਉੱਚ ਕੋਟੀ ਦਾ ਕਵੀ ਹੋਇਆ ਹੈ। ਮੀਆਂ ਨੂੰ ਪੰਜਾਬ ਦਾ ਰੂਮੀ ਕਿਹਾ ਹੈ। ਮਮੀਆਂ ਨੇ ਜੋ ਕਿੱਸਾ ਸੈਫ਼ ਮਲੂਕ ਦੀ ਪ੍ਰੀਤ ਗਾਥਾ ਲਿਖੀ ਹੈ। ਉਸ ਨੂੰ ਰੂਮੀ ਦੀ ਪੁਸਤਕ 'ਮਸਨਵੀ ਇਹ ਮੀਅਨਵੀ' ਦੀ ਪ੍ਰੇਰਣਾ ਦੱਸਿਆ ਹੈ।

ਬਾਤ ਮਜਾਜ਼ੀ ਰਮਜ਼ ਹੱਕਾਨੀ, ਵਨ ਵੰਨਾ ਦੀ ਕਾਠੀ
'ਸ.ਫਰ ਉਲ ਇਸ਼ਕ' ਕਿਤਾਬ ਬਣਾਈ, ਸੈਫ਼ ਛੁਪੀ ਵਿੱਚ ਲਾਠੀ
ਜਿਨ੍ਹਾਂ ਤਲਬ ਕਿੱਸੇ ਦੀ ਹੋਸੀ, ਸੁਣ ਕਿੱਸਾ ਖ਼ੁਸ਼ ਹੋਸਣ
ਜਿਨ੍ਹਾਂ ਜਾਗ ਇਸ਼ਕ ਦੀ ਸੀਨੇ, ਜਾਗ ਸੁਵੇਲੇ ਰੋਸਣ॥

ਜਾਂ ਫ਼ਿਰ

ਹਰ ਬੈਠੇ ਵਿੱਚ ਰਮਜ਼ ਫ਼ਕਰ ਦੀ, ਜੇ ਤੁਧ ਸਮਝ ਅੰਦਰ ਦੀ
ਗਲ ਸੁਣਾ ਮੁਹੰਮਦ ਬਖ਼ਸ਼ਾ, ਆਸ਼ਿਕ ਤੇ ਦਿਲਬਰ ਦੀ।

ਇਸ਼ਕ ਨੂੰ ਵਿਸ਼ੇਸ਼ ਦਖਲ ਹਾਸਿਲ ਹੈ। ਸੂਫ਼ੀ ਇਸ਼ਕ ਨੂੰ ਰੱਬ ਦੀ ਪ੍ਰਾਪਤੀ ਦਾ ਰਾਹ ਮੰਨਦੇ ਹਨ। ਇਹ ਇਨਸਾਨ ਨੂੰ ਹਵਾਨ ਤੋਂ ਨਿਖੇੜਨ ਵਾਲਾ ਹੈ। ਉਹ ਇਸ ਰਾਹ ਨੂੰ 'ਤਰੀਕਤ' ਆਖਦੇ ਹਨ। ਧਰਮ ਮਰਯਾਦਾ (ਸ਼ਰਾ) ਦੇ ਮਾਰਗ ਨਾਲੋਂ ਸ੍ਰੇਸ਼ਟ ਜਾਣਦੇ ਹਨ। ਉਹ ਰੱਬ ਨਾਲ ਪਿਆਰ ਨੂੰ 'ਇਸ਼ਕ ਹਕੀਕੀ' ਦਾ ਨਾਉਂ ਦੇਂਦੇ ਹਨ ਤੇ ਸੰਸਾਰਕ ਪਿਆਰ ਨੂੰ ਭਾਵੇਂ ਉਹ ਕਿਸੇ ਸ਼ਕਲ ਵਿੱਚ ਹੈ, 'ਇਸ਼ਕ ਮਜਾਜ਼ੀ' ਕਹਿੰਦੇ ਹਨ। ਮੀਆਂ ਦੇ ਕਲਾਮ ਵਿੱਚ ਇਸ਼ਕ ਦੀ ਵਾਰਦਾਤ ਦੇ ਸ਼ਿਅਰ ਹਨ।

ਖਾਸ ਇਨਸਾਨ ਉਹਨਾਂ ਨੂੰ ਕਹੀਏ, ਜਿਨ੍ਹਾਂ ਇਸ਼ਕ ਕਮਾਇਆ
ਧੜ ਸਿਰ ਨਾਲ ਨਾ ਆਦਮ ਹੋਂਦਾ, ਜਾਂ ਸਿਰ ਚਾਇਆ।
******

ਕਿੱਸੇ ਵਿੱਚ ਰਮਜ਼ ਹਕੀਕੀ ਨੂੰ ਮੁਹੰਮਦ ਨੇ ਛੁਪਾ ਕੇ ਨਹੀਂ ਰੱਖਿਆ, ਸਗੋਂ ਸਾਰਾ ਭੇਦ ਆਪ ਖੋਲ ਦਿੱਤਾ ਹੈ

ਰੂਹ ਸ਼ਹਿਜ਼ਾਦਾ ਸ਼ਾਹ ਮੂਹਰੇ ਨੇ ਸਿਦਕ ਮੁੱਹਬਤ ਭਾਈ
ਹਿਰਸ ਹਵਾ ਦੂਨੀ ਤੇ ਬੰਗਲਾ, ਤਨ ਨੂੰ ਜਗ ਬਣਾਈ
ਅੱਜ ਹਿਰਸ ਦੇ ਸ਼ੇਰ ਕਲਾ ਨੇ, ਕੁਟਲ ਦੌਰਾਂ ਬਦਬਖਤੀ
ਮਲਿਕਾ ਖਾਤੂੰ ਇਹ ਦਿਲ ਸੁੱਤਾ, ਸ਼ਹਵਤ ਜਾਦੂ ਤਖਤੀ
ਨ.ਫਸ ਅਸਾਡਾ ਦੇਵ ਮਹਲਾਂ , ਗ.ਫਲਤ ਨਦੀ ਡੂੰਘੇਰੀ
ਜਿਹਲ ਸਦੂੰਕ ਹੋਏ ਦੋ ਪੱਕੇ ਕੁੰਜੀ ਇਸਮ ਚੰਗੇਰੀ
ਪੰਛੀ ਪਿੰਜਰਿਆਂ ਵਿੱਚ ਹਿੱਸਾ, ਪੰਜ ਬਾਤਿਨ ਪੰਜ ਜ਼ਾਹਿਰ
ਬਾਗਿ ਇਰਮ ਦਿਲ ਵਾਂਗੂ ਸਮਝੋ ਨਿਕਲ ਹੋਏ ਨ ਬਾਹਰ
ਉਸ ਦੇ ਨੇ ਸ਼ਾਹ ਮੁਹਰੇ, ਜਿਹੜਾ ਹਿੰਮਤ ਕਰੇ ਕਮਾਈ

ਹੋਰ ਸਪਸ਼ਟ ਕੀਤਾ ਹੈ:

ਰੂਹ ਸ਼ਾਹਜਾਦਾ ਨਦੀ ਪਿਰਮ ਦੀ, ਬੇੜਾ ਜਾਣ ਬਦਨ ਨੂੰ,
ਜਾਨੀ ਨਾਲ ਮਿਲੇ ਤਦ ਜਾਨੀ, ਕਰੇ ਸ਼ਿਕਸ਼ਤਾ ਤਨ ਨੂੰ
ਦੂਰੋਂ ਆਇਆ ਯਾਰ ਮਿਲੇਗਾ, ਜਾ ਹੋਰ ਬਰੇ ਇੱਕਲਾ
ਹਮਜ ਹਕੀਕੀ ਕਹੇ ਮੁਹੰਮਦ, ਪਾ ਮਜਾਜ਼ੀ ਪੱਲਾ।

ਇਹ ਰਮਜ਼ ਅੱਲਾ ਵੱਲ ਵੱਧਣ ਦਾ ਰਾਹ ਹੈ, ਕਵੀ ਦਾ ਮੰਨਣਾ ਹੈ ਕਿ ਜੋ ਨਿਰੰਤਰ ਯਤਨ ਕਰਦਾ ਰਹਿੰਦਾ ਹੈ। ਅੰਤ ਸ.ਫਲ ਹੋ ਜਾਂਦਾ ਹੈ।

ਕਿੱਸਾ ਸੈਫ਼ ਮਲਕੇ ਵਾਲਾ, ਇਸ ਕਾਰਨ ਹੁਣ ਕਹਿਨਾ,
ਤਾਲਿਬ ਹਿੰਮਤ ਕਰ ਦੋ ਚੱਲੇ ਰਵਾ ਨਾ ਰੱਖੇ ਬਹਿਨਾ।

ਪਾਰ ਲੰਘਣ ਦੀ ਨਸੀਹਤ ਹੈ

ਲੋਇ ਲੋਇ ਭਾਂਡਾ ਭਰੇ ਕੁੜੀਏ, ਜੇ ਤੁੱਧ ਭਾਂਡਾ ਭਰਨਾ
ਸ਼ਾਮ ਪਈ ਬਿਨਾ ਸ਼ਾਮ ਮੁਹੰਮਦ, ਘਰ ਜਾਂਦੀ ਨੇ ਡਰਨਾ
******

ਮੀਆਂ ਇੱਕ ਪ੍ਰੋੜ ਕਵੀ ਹੈ। ਉਸ ਨੇ ਆਪਣੇ ਪੂਰਵਜ਼ਾਂ ਲੇਖਕਾਂ ਦੀ ਪੰਜਾਬੀ ਲੇਖਣੀ ਤੋਂ ਲਾਭ ਉਠਾਇਆ ਹੈ। ਉਸ ਨੇ ਖਿਆਲ ਹੀ ਨਹੀਂ ਲਏ ਸਗੋਂ ਕਾਵਿ ਬਣਤਰਾਂ ਦਾ ਅੰਦਾਜ਼ ਵੀ ਅਪਣਾਇਆ ਹੈ।

ਸੁਣ ਮੁਰਲੀ ਦੀ ਲੜਕੀ ਕੋਲੂੰ ਦਰਦ ਵਿਛੋੜਾ ਰੁੱਖ ਦਾ
ਸਭਨਾ ਦਾ ਏਹ ਹਾਲ ਮੁਹੰਮਦ, ਕਹੋ ਕੀ ਹਾਲ ਮਨੁੱਖ ਦਾ ?

ਮੀਆਂ ਦੇ ਇੱਕ ਬੋਲ ਤੇ ਉਸ ਦੇ ਮੁਕਾਬਲੇ ਤੇ ਮਿਲਦੇ ਬੁੱਲ੍ਹੇ ਸ਼ਾਹ ਦੀ ਕਾਫ਼ੀ ਦੀ ਇੱਕ ਉਦਾਹਰਣ ਹੈ :

ਮੁਹੰਮਦ ਬਖ਼ਸ਼ :

ਜਿਨ੍ਹਾਂ ਇਸ਼ਕ ਖਰੀਦ ਨਾ ਕੀਤਾ, ਐਂਵੇ ਆ ਬਿਗ੍ਹਾਤੇ
ਇਸ਼ਕੇ ਬਾਝ ਮੁਹੰਮਦ ਬਖ਼ਸ਼ਾ, ਕਿਆ ਆਦਮ ਕਿਆ ਸੁੱਤੇ
ਜਿਸ ਦਿਲ ਅੰਦਰ ਇਸ਼ਕ ਨ ਰਚਿਆ, ਕੁੱਤੇ ਉਸ ਥੀ ਚੰਗੇ,
ਖਾਵੰਦ ਦੇ ਘਰ ਰਾਖੀ ਕਰਦੇ ਸਾਬਿਰ ਭੁਖੇ ਨੰਗੇ

ਬੁੱਲਾ :

ਰਾਤੀਂ ਜਾਗੇ ਕਰੇ ਇਬਾਦਤ
ਰਾਤੀਂ ਜਾਗਣ ਕੁੱਤੇ, ਤੈਥੋਂ ਉੱਤੇ
ਭੌਂਕਣ ਤੋਂ ਬੰਦ ਮੂਲ ਨ ਹੁੰਦੇ
ਜਾ ਰੂੜੀ ਤੇ ਸੁੱਤੇ, ਤੈਥੋਂ ਉੱਤੇ
ਖਸਮ ਆਪਣੇ ਦਾ ਦਰ ਨਾ ਛੱਡਦੇ
ਭਾਵੇਂ ਵੱਜਣ ਜੁੱਤੇ ਤੈਥੋਂ ਉੱਤੇ
ਬੁੱਲ੍ਹੇ ਸ਼ਾਹ ਕੋਈ ਰਖਤ ਵਿਹਾਜ਼ ਲੈ,
ਨਹੀਂ ਤੇ ਬਾਜ਼ੀ ਲੈ ਗਏ ਕੁੱਤੇ, ਤੈਥੋਂ ਉੱਤੇ॥

ਮੁਹੰਮਦ ਬਖ਼ਸ਼ ਦੇ ਕਿੱਸੇ ਦੇ ਪਾਤਰ ਤਾਂ ਭਾਵੇਂ ਪਰੀਆਂ, ਦੇਵ ਮਲਕ ਆਦਿ ਦੇ ਪਰਾਸਰੀਰਕ ਵਿਅਕਤੀ ਰੱਖੇ ਹਨ ਤਾਂ ਵੀ ਉਹਨਾਂ ਦੇ ਹਾਵ ਭਾਵ, ਤੌਰ ਤਰੀਕੇ ਤੇ ਰੀਤੀ ਰਿਵਾਜ ਜ਼ਮਾਨੇ ਦੇ ਹਨ। ਸਮਾਜ ਦੇ ਚ੍ਰਿਤਣ ਮਿਲਦੇ ਹਨ। ਕਿੱਸੇ ਵਿੱਚ ਵਿਆਹ ਤੇ ਕੁੜੀਆਂ ਦੇ ਗੀਤ, ਹਾਸੇ ਮਖੌਲ, ਪੱਛਮੀ ਪੰਜਾਬ ਦੀ ਸਭਿਅਤਾ ਦਾ ਚਿੱਤਰ ਬੜੇ ਯਥਾਰਥਕ ਢੰਗ ਨਾਲ ਪ੍ਰਸਤੁਤ ਕੀਤਾ ਹੈ। ਇਸ ਪੱਖੋਂ ਕਿੱਸਾ 'ਸੈਫ਼ ਮਲੂਕ' ਵੇਚਣਯੋਗ ਹੈ।






# ਕੀ ਬੱਚੇ ਦਾ ਵਿਗੜਿਆ ਰਹਿੰਦੈ ਮੂਡ ?





ਸੁਖਮੰਦਰ ਸਿੰਘ ਤੂਰ

ਆਮ ਵੇਖਣ ਵਿੱਚ ਆਉਂਦਾ ਹੈ ਕਿ ਅੱਜ-ਕੱਲ੍ਹ ਦੇ ਪੜ੍ਹੇ -ਲਿਖੇ ਮਾਂ-ਪਿਓ ਆਪਣੇ ਬੱਚਿਆਂ ਨੂੰ ਖ਼ੁਸ਼ ਰੱਖਣ ਲਈ ਉਨ੍ਹਾਂ ਵਾਸਤੇ ਹਰ ਤਰ੍ਹਾਂ ਦੀਆਂ ਸਹੂਲਤਾਂ ਇਕੱਠੀਆਂ ਕਰਦੇ ਹਨ। ਇਸ ਖ਼ਾਤਿਰ ਉਹ ਕਦੀ-ਕਦੀ ਆਪਣੀ ਸਮਰੱਥਾ ਤੋਂ ਵੀ ਵੱਧ ਖ਼ਰਚ ਕਰ ਦਿੰਦੇ ਹਨ। ਉਹ ਬੱਚਿਆਂ ਨੂੰ ਆਪਣੇ ਗੁਆਂਢੀ ਜਾਂ ਰਿਸ਼ਤੇਦਾਰਾਂ ਦੇ ਬੱਚਿਆਂ ਤੋਂ ਪੜ੍ਹਾਈ-ਲਿਖਾਈ, ਲਿਬਾਸ ਜਾਂ ਖਾਣ-ਪੀਣ ਪੱਖੋਂ ਘੱਟ ਨਹੀਂ ਵੇਖਣਾ ਚਾਹੁੰਦੇ ਪਰ ਅਫ਼ਸੋਸ ਦੀ ਗੱਲ ਹੈ ਕਿ ਮਾਂ-ਪਿਓ ਵੱਲੋਂ ਕੀਤੇ ਗਏ ਇਨ੍ਹਾਂ ਸਾਰੇ ਯਤਨਾਂ ਦੇ ਬਾਵਜੂਦ ਬੱਚੇ ਸੰਤੋਖ ਵਿੱਚ ਨਹੀਂ ਰਹਿੰਦੇ, ਫ਼ਿਰ ਵੀ ਉਨ੍ਹਾਂ ਦਾ ਮੂਡ ਵਿਗੜਿਆ ਹੀ ਰਹਿੰਦਾ ਹੈ। ਉਹ ਜ਼ਿੱਦ ਕਰਦੇ ਹਨ, ਰੋਂਦੇ ਹਨ, ਮਾਰ-ਕੁੱਟ ਹੁੰਦੀ ਹੈ, ਅਨੁਸ਼ਾਸਨ ਨਹੀਂ, ਗੁੱਸਾ ਭਰਿਆ ਰਹਿੰਦਾ ਹੈ।

**ਮਨ ਦੀ ਖੁਸ਼ੀ ਦੇਣਾ ਸਭ ਤੋਂ ਅਹਿਮ**

ਬਚਪਨ ਤੋਂ ਲੜਕਪਨ ਦੀ ਅਵਸਥਾ ਤਾਈਂ ਸਭ ਤੋਂ ਜ਼ਿਆਦਾ ਪਰਿਵਾਰ, ਫ਼ਿਰ ਸਕੂਲ /ਅਧਿਆਪਕ ਤੇ ਸੰਗੀ-ਸਾਥੀ ਅਤੇ ਫ਼ਿਰ ਸਮਾਜ ਦਾ ਪ੍ਰਭਾਵ ਬੱਚਿਆਂ 'ਤੇ ਪੈਂਦਾ ਹੈ। ਇਨ੍ਹਾਂ ਤੋਂ ਉਪਜੀਆਂ ਸਮੱਸਿਆਵਾਂ ਹੀ ਉਨ੍ਹਾਂ ਦੀ ਨਾ-ਖ਼ੁਸ਼ੀ ਦਾ ਕਾਰਨ ਬਣਦੀਆਂ ਹਨ। ਬੱਚੇ ਦੇ ਮਨ ਨੂੰ ਸਮਝਣ ਵਾਲੀਆਂ ਭਾਵਨਾਵਾਂ ਹਰ ਮਾਂ-ਪਿਓ ਜਾਂ ਅਧਿਆਪਕ ਕੋਲ ਨਹੀਂ ਹੁੰਦੀਆਂ। ਜਦੋਂ ਬੱਚੇ ਦੀ ਇਹ ਨਾ-ਖ਼ੁਸ਼ੀ ਉਸ ਦੀ ਤਰੱਕੀ / ਕੈਰੀਅਰ ਆਦਿ ਨੂੰ ਪ੍ਰਭਾਵਿਤ ਕਰਨ ਲੱਗੇ ਤਾਂ ਕਈ ਵਾਰ ਇਹ ਗੰਭੀਰ ਰੂਪ ਧਾਰਨ ਕਰ ਲੈਂਦੀ ਹੈ। ਇਸ ਹਾਲਤ ਵਿੱਚ ਮਾਂ-ਪਿਓ ਨੂੰ ਗੰਭੀਰਤਾ ਨਾਲ ਸੋਚ ਵਿਚਾਰ ਕੇ ਇਸ ਨਾ-ਖ਼ੁਸ਼ੀ 'ਚੋਂ ਬੱਚੇ ਨੂੰ ਉਭਾਰਨਾ ਚਾਹੀਦਾ ਹੈ, ਨਹੀਂ ਤਾਂ ਉਸ ਦੀ ਨਾ-ਖ਼ੁਸ਼ ਰਹਿਣ ਦੀ ਆਦਤ ਬਣ ਜਾਂਦੀ ਹੈ, ਜੋ ਫ਼ਿਰ ਹੌਲੀ-ਹੌਲੀ ਉਦਾਸੀ ਵਿੱਚ ਤਬਦੀਲ ਹੋ ਜਾਂਦੀ ਹੈ। ਇਸ ਲਈ ਬੱਚੇ ਦੀ ਇਹ ਨਾ-ਖ਼ੁਸ਼ ਰਹਿਣ ਵਾਲੀ ਆਦਤ ਛੁਡਾਉਣੀ ਜ਼ਰੂਰੀ ਹੋ ਜਾਂਦੀ ਹੈ। ਜੇਕਰ ਇਸ ਕੰਮ ਲਈ ਮਾਂ-ਪਿਓ ਆਪਣੇ-ਆਪ ਨੂੰ ਅਸਮਰੱਥ ਸਮਝਣ ਤਾਂ ਕਿਸੇ ਮਾਹਿਰ ਮਨੋ-ਵਿਗਿਆਨਿਕ ਦੀ ਸਲਾਹ ਵੀ ਲੈ ਸਕਦੇ ਹਨ।

**ਬੱਚਿਆਂ ਦੀਆਂ ਇੱਛਾਵਾਂ 'ਚ ਵਾਧਾ**

ਦੂਜੇ ਪਾਸੇ ਬੱਚਿਆਂ ਦੀਆਂ ਇੱਛਾਵਾਂ ਵੀ ਬਹੁਤ ਵੱਧ ਗਈਆਂ ਹਨ ਕਿ ਉਹ ਜ਼ਮਾਨੇ ਦੇ ਅਨੁਸਾਰ ਹਰ ਚੀਜ਼ ਲੈ ਕੇ ਦੇਣ ਜਿਵੇਂ -ਕਾਰ, ਮੋਟਰਸਾਈਕਲ, ਮੋਬਾਈਲ ਫ਼ੋਨ, ਕੰਪਿਊਟਰ ਆਦਿ। ਦੂਸਰੇ ਬੱਚਿਆਂ ਦੇ ਘਰਾਂ ਵਿੱਚ ਵੀ ਇਹ ਚੀਜ਼ਾਂ ਹਨ, ਇਸ ਕਰ ਕੇ ਉਨ੍ਹਾਂ ਦੇ ਘਰ ਵੀ ਇਹ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਉਹ ਵੀ ਉਨ੍ਹਾਂ ਤੋਂ ਨੀਵੇਂ ਨਾ ਕਹਾਉਣ। ਉੱਧਰ ਮਾਂ-ਪਿਓ ਵੀ ਬੱਚਿਆਂ ਤੋਂ ਬਹੁਤ ਆਸਾਂ ਲਾਉਂਦੇ ਹਨ ਕਿ ਉਨ੍ਹਾਂ ਦਾ ਬੱਚਾ ਸਕੂਲ 'ਚੋਂ ਅੱਵਲ ਰਹੇ, ਅੰਗਰੇਜ਼ੀ ਫ਼ਟਾਫ਼ਟ ਬੋਲੇ, ਨੱਚਣਾ-ਗਾਉਣਾ, ਆਰਟ ਆਦਿ ਸਭ ਆਉਂਦਾ ਹੋਵੇ, ਸੱਭਿਆਚਾਰਕ ਗਤੀਵਿਧੀਆਂ ਵਿੱਚ ਵੀ ਸਭ ਤੋਂ ਅੱਗੇ ਰਹੇ। ਮਾਂ-ਪਿਓ ਅਤੇ ਬੱਚੇ ਦੀਆਂ ਇਹ ਇੱਛਾਵਾਂ ਜਦੋਂ ਆਪਸ ਵਿੱਚ ਟਕਰਾਉਂਦੀਆਂ ਹਨ ਤਾਂ ਇਹ ਟਕਰਾਅ ਹੀ ਮਾਂ-ਪਿਓ ਅਤੇ ਬੱਚੇ ਦੇ ਸਬੰਧਾਂ ਵਿੱਚ ਵਖਰੇਵਾਂ ਪੈਦਾ ਕਰ ਦਿੰਦਾ ਹੈ। ਇਸ ਤਰ੍ਹਾਂ ਘਰ ਵਿੱਚ ਗੁੱਸਾ ਅਤੇ ਤਣਾਅ ਵੱਧਦਾ ਅਤੇ ਘਰ ਦਾ ਮਾਹੌਲ ਖ਼ਰਾਬ ਹੁੰਦਾ ਹੈ, ਫ਼ਿਰ ਇਸ ਤਰ੍ਹਾਂ ਦੇ ਮਾਹੌਲ ਵਿੱਚ ਬੱਚਾ ਖ਼ੁਸ਼ ਕਿਵੇਂ ਰਹਿ ਸਕਦਾ ਹੈ ?

**ਆਲੇ-ਦੁਆਲੇ ਦੇ ਪ੍ਰਭਾਵ**

ਦਰਅਸਲ ਬੱਚੇ ਦੇ ਨਾ-ਖ਼ੁਸ਼ ਰਹਿਣ ਦਾ ਕਾਰਨ ਸਿਰਫ਼ ਮਾਂ-ਪਿਓ, ਸਕੂਲ ਜਾਂ ਫ਼ਿਰ ਸਮਾਜ ਹੀ ਨਹੀਂ ਹੁੰਦਾ, ਹਾਲਾਂਕਿ ਇਹ ਸਭ ਇਸ ਵਿੱਚ ਸ਼ਾਮਿਲ ਹੁੰਦੇ ਹਨ। ਬੱਚੇ ਦੇ ਸੰਤੁਸ਼ਟ ਨਾ ਹੋਣ ਦਾ ਕੋਈ ਨਿਸ਼ਚਿਤ ਕਾਰਨ ਨਹੀਂ ਦੱਸਿਆ ਜਾ ਸਕਦਾ। ਘਰ-ਪਰਿਵਾਰ, ਸਕੂਲ, ਸਮਾਜ ਆਦਿ ਇਨ੍ਹਾਂ ਸਾਰਿਆਂ ਦੇ ਵਾਤਾਵਰਨ ਦਾ ਮਿਲਿਆ-ਜੁਲਿਆ ਅਸਰ ਬੱਚੇ 'ਤੇ ਪੈਂਦਾ ਹੈ। ਇੱਥੋਂ ਤੱਕ ਕਿ ਬੱਚਿਆਂ ਦੀਆਂ ਇੱਛਾਵਾਂ ਦਾ ਬਹੁਤ ਜ਼ਿਆਦਾ ਧਿਆਨ ਰੱਖਣ ਨਾਲ ਵੀ ਉਹ ਨਾ-ਖ਼ੁਸ਼ ਰਹਿੰਦੇ ਹਨ। ਇਸ.'ਤੇ ਬਾਲ-ਮਨੋਵਿਗਿਆਨਕਾਂ ਦਾ ਤਰਕ ਹੈ ਕਿ ਬੱਚਿਆਂ ਨੂੰ ਕੁਝ ਚੀਜ਼ਾਂ ਤੋਂ ਵੰਚਿਤ ਰੱਖਿਆ ਜਾਵੇ ਤਾਂ ਉਨ੍ਹਾਂ ਨੂੰ ਕੁਝ ਕਮੀ ਮਹਿਸੂਸ ਹੋਵੇ, ਪਰ ਭਰਿਆ/ਪੂਰਾ ਘਰ ਹੋਣ 'ਤੇ ਉਨ੍ਹਾਂ ਦੀ ਭੁੱਖ ਅਤੇ ਤਲਾਸ਼ ਵਧੇਰੇ ਹੋ ਜਾਂਦੀ ਹੈ। ਉਹ ਸੋਚਦੇ ਹਨ ਕਿ ਇਹ ਸਹੂਲਤਾਂ ਤਾਂ ਮੌਜੂਦ ਹਨ ਹੀ, ਸ਼ਾਇਦ ਇਨ੍ਹਾਂ ਤੋਂ ਪਰ੍ਹੇ ਜਾਂ ਇਨ੍ਹਾਂ ਤੋਂ ਵੱਧ ਕੇ ਕੁਝ ਹੋਰ ਹੋਵੇ ਜਿਹੜਾ ਉਨ੍ਹਾਂ ਨੂੰ ਮਿਲਣਾ ਚਾਹੀਦਾ ਸੀ ਅਤੇ ਉਹ ਮਿਲਿਆ ਨਹੀਂ।

ਇਸ ਦਾ ਹੱਲ ਤਾਂ ਇਹੀ ਹੈ ਕਿ ਬੱਚਿਆਂ ਨੂੰ ਸਹੂਲਤਾਂ ਤੇ ਹੋਰ ਸਹੂਲਤਾਂ ਦੇਈ ਜਾਣ ਦੀ ਥਾਂ ਕੁਝ ਆਪਣੇ ਤੋਂ ਨੀਵੇਂ ਤਬਕੇ ਦੇ ਬੱਚਿਆਂ ਨਾਲ ਵੀ ਸਾਂਝ ਪਾਉਣੀ ਸਿਖਾਈ ਜਾਵੇ, ਜੋ ਅਕਸਰ ਅਸੀਂ ਨਹੀਂ ਪਾਉਂਦੇ ,ਪਤਾ ਨਹੀਂ ਇਸ ਨਾਲ ਅਸੀਂ ਨੀਵੇਂ ਹੋ ਜਾਵਾਂਗੇ, ਪਰ ਬੱਚੇ ਦੇ ਬਿਹਤਰ ਭਵਿੱਖ ਲਈ ਇਸ ਤਰ੍ਹਾਂ ਕਰਨਾ ਚਾਹੀਦਾ ਹੈ ਤਾਂ ਕਿ ਬੱਚੇ ਨੂੰ ਪਤਾ ਲੱਗ ਸਕੇ ਕਿ ਸਿਰਫ਼ ਸਹੂਲਤਾਂ ਹੀ ਜ਼ਿੰਦਗੀ ਨਹੀਂ, ਕੁਝ ਘਾਟ ਅਤੇ ਸੰਘਰਸ਼ ਵੀ ਜ਼ਿੰਦਗੀ ਹੈ।

# ਕਿੰਝ ਰੋਕੀਏ ਬੱਚਿਆਂ 'ਚ ਵੱਧ ਰਿਹਾ ਚਿੜਚੜਾਪਣ ?

ਹਰਕੀਰਤ ਕੌਰ





ਅੱਜ ਦੀ ਜੀਵਨ ਸ਼ੈਲੀ ਵਿੱਚ ਮਾਪੇ ਬੱਚਿਆਂ ਦੇ ਵਿਵਹਾਰ ਨੂੰ ਲੈ ਕੇ ਬਹੁਤ ਚਿੰਤਤ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅੱਜ ਅਸੀਂ ਬਹੁਤ ਹੀ ਅਰਾਮਦਾਇਕ, ਸੁੱਖ ਸਹੂਲਤਾਂ ਨਾਲ ਲਬਰੇਜ਼ ਜ਼ਿੰਦਗੀ ਜਿਓ ਰਹੇ ਹਾਂ। ਅੱਜ ਉਹ ਸਮਾਂ ਨਹੀਂ ਕਿ ਬੱਚਿਆਂ ਦੀਆਂ ਰੀਝਾਂ ਪੂਰੀਆਂ ਕਰਨ ਲਈ ਇੱਕ ਮਿੱਥੇ ਤਿਥ ਤਿਉਹਾਰ ਦੀ ਉਡੀਕ ਕੀਤੀ ਜਾਵੇ, ਬਲਕਿ ਮਾਪੇ ਬੱਚੇ ਦੇ ਮੂੰਹ ਵਿਚੋਂ ਨਿਕਲੀ ਹਰ ਫ਼ਰਮਾਇਸ਼ ਨੂੰ ਉਸੇ ਸਮੇਂ ਪੂਰਿਆਂ ਕਰਨ ਦਾ ਯਤਨ ਕਰਦੇ ਹਨ। ਪਰ ਇਸ ਸੁੱਖ ਸਹੂਲਤਾਂ ਦੇ ਹੁੰਦਿਆਂ ਹੋਇਆਂ, ਐਸ਼ੋ ਅਰਾਮ ਦੇ ਵੱਧ ਸਾਧਨ ਹੁੰਦਿਆਂ ਹੋਇਆਂ ਵੀ ਅਕਸਰ ਦੇਖਿਆ ਗਿਆ ਹੈ ਕਿ ਬੱਚੇ ਬਹੁਤ ਜਲਦੀ ਚਿੜਚਿੜੇ ਹੋ ਜਾਂਦੇ ਹਨ। ਉਨ੍ਹਾਂ ਨੂੰ ਨਿੱਕੀ ਜਿਹੀ ਗੱਲ 'ਤੇ ਗੁੱਸਾ ਆ ਜਾਂਦਾ ਹੈ ਅਤੇ ਇਹ ਨਾਰਾਜ਼ਗੀ ਲੰਬੇ ਸਮੇਂ ਤੱਕ ਬਣੀ ਰਹਿੰਦੀ ਹੈ। ਬੱਚਿਆਂ ਦੀ ਸ਼ਹਿਣਸ਼ੀਲਤਾ ਏਨੀ ਘੱਟ ਚੁੱਕੀ ਹੈ ਕਿ ਉਹ ਮਾਪਿਆਂ ਦੁਆਰਾ ਕਹੀ ਗੱਲ ਨੂੰ ਵੀ ਸਹਾਰਨ ਨੂੰ ਤਿਆਰ ਨਹੀਂ ਹਨ। ਅੱਜ ਬਹੁਤ ਸਾਰੇ ਮਾਪੇ ਇਸ ਗੱਲ ਤੋਂ ਪਰੇਸ਼ਾਨ ਹਨ ਕਿ ਉਹਨਾਂ ਦੇ ਬੱਚੇ ਉਹਨਾਂ ਦੀ ਇੱਕ ਗੱਲ ਨਹੀਂ ਸਹਾਰਦੇ, ਹਾਲਾਂਕਿ ਮਾਪਿਆਂ ਦੁਆਰਾ ਬੱਚਿਆਂ ਦੀ ਰੀਝਾਂ ਪੂਰੀਆਂ ਕਰਨ ਵਿੱਚ ਕੋਈ ਕਮੀਂ ਨਹੀਂ ਰਹਿਣ ਦਿੱਤੀ ਜਾਂਦੀ। ਇਸੇ ਚਿੜਚਿੜੇਪਣ ਕਰਕੇ ਬੱਚੇ ਨਾ ਤਾਂ ਚੰਗੇ ਦੋਸਤ ਬਣਾ ਸਕਦੇ ਹੁੰਦੇ ਹਨ ਅਤੇ ਨਾ ਹੀ ਬੱਚੇ ਆਪਣੇ ਆਲੇ ਦੁਆਲੇ ਦੇ ਲੋਕਾਂ ਅਤੇ ਸਾਕ ਸੰਬੰਧੀਆਂ ਨਾਲ ਜਿਆਦਾ ਖੁੱਲ੍ਹ ਪਾਉਂਦੇ ਹਨ। ਅਕਸਰ ਅਜਿਹੀ ਮਾਨਸਿਕਤਾ ਵਾਲੇ ਬੱਚੇ ਜਿਆਦਤਰ ਕ੍ਰੋਧਿਤ ਰਹਿੰਦੇ ਹਨ ਅਤੇ ਹੌਲੀ ਹੌਲੀ ਮਾਨਸਿਕ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ। ਇਸੇ ਕਾਰਨ ਨਾ ਤਾਂ ਉਹ ਪੜਾਈ ਵਿੱਚ ਆਪਣਾ ਵਧੀਆ ਪ੍ਰਦਰਸ਼ਨ ਕਰ ਪਾਉਂਦੇ ਹਨ ਅਤੇ ਨਾ ਹੀ ਕਿਸੇ ਹੋਰ ਗਤੀਵਿਧੀਆਂ ਵਿੱਚ। ਅਜਿਹੇ ਬੱਚਿਆਂ ਨੂੰ ਲੱਗਦਾ ਹੁੰਦਾ ਹੈ ਕਿ ਜਿਹੜੀ ਚੀਜ਼ ਨੂੰ ਪਾਉਣ ਦੀ ਤਮੰਨਾ ਉਹਨਾਂ ਦੇ ਮਨ ਵਿੱਚ ਹੈ ਉਹ ਹਰ ਹੀਲੇ ਉਹਨਾਂ ਕੋਲ ਹੋਣੀ ਚਾਹੀਦੀ ਹੈ। ਅਜਿਹੇ ਬੱਚਿਆਂ ਵਿੱਚ ਆਤਮ ਵਿਸ਼ਵਾਸ ਜਾਂ ਤਾਂ ਬਹੁਤ ਘੱਟ ਹੁੰਦਾ ਹੈ ਜਾਂ ਫ਼ਿਰ ਲੋੜ ਤੋਂ ਵੱਧ ਹੁੰਦਾ ਹੈ, ਜਦੋਂ ਲੋੜ ਤੋਂ ਵੱਧ ਆਤਮ ਵਿਸ਼ਵਾਸ ਹੁੰਦਾ ਹੈ ਤਾਂ ਅਜਿਹੇ ਬੱਚਿਆਂ ਨੂੰ ਆਪਣਾ ਆਪ ਹਰ ਜਗ੍ਹਾ ਸਹੀ ਲੱਗਦਾ ਹੈ, ਅਤੇ ਕਿਸੇ ਹੋਰ ਦੀ ਗੱਲ ਸੁਣਨ ਜਾਂ ਮੰਨਣ ਤੋਂ ਬਿਲਕੁਲ ਮੁਨਕਰ ਹੁੰਦੇ ਹਨ, ਜੇਕਰ ਅਜਿਹੇ ਬੱਚਿਆਂ ਨੂੰ ਤਾੜਨਾ ਕੀਤੀ ਜਾਵੇ ਤਾਂ ਇਹਨਾਂ ਦਾ ਚਿੜਚਿੜਾਪਨ ਸਾਹਮਣੇ ਆਉਂਦਾ ਹੈ। ਇਹ ਉਹ ਕੁਝ ਗੱਲਾਂ ਹਨ ਜੋ ਆਮ ਹੀ ਘਰਾਂ ਵਿੱਚ ਵੇਖਣ ਨੂੰ ਮਿਲਦੀਆਂ ਹਨ ਪਰ ਹੁਣ ਸੋਚਣ ਵੀ ਗੱਲ ਇਹ ਹੈ ਕਿ ਇਸ ਚਿੜਚਿੜੇਪਣ ਦੇ ਕਾਰਣ ਕੀ ਹਨ, ਕੋਈ ਵੀ ਸੁਭਾਅ ਮਨੁੱਖ ਮਾਂ ਦੇ ਪੇਟ ਵਿੱਚੋਂ ਲੈਕੇ ਨਹੀਂ ਆਉਂਦਾ ਬਲਕਿ ਜਿਵੇਂ ਜਿਵੇਂ ਵੱਡਾ ਹੁੰਦਾ ਹੈ ਆਪਣੇ ਆਲੇ ਦੁਆਲੇ ਦੇ ਵਾਤਾਵਰਣ ਤੋਂ ਆਦਤਾਂ ਗ੍ਰਹਿਣ ਕਰਦਾ ਰਹਿੰਦਾ ਹੈ ਅਤੇ ਆਪਣੇ ਸੁਭਾਅ ਦਾ ਵਿਕਾਸ ਕਰਦਾ ਰਹਿੰਦਾ ਹੈ।

ਮੈਨੂੰ ਬੱਚਿਆਂ ਵਿੱਚ ਵੱਧ ਰਹੇ ਚਿੜਚਿੜੇਪਣ ਦਾ ਸਭ ਤੋਂ ਵੱਡਾ ਕਾਰਣ ਵੱਧ ਰਹੀ ਤਕਨੋਲੋਜੀ ਲੱਗਦਾ ਹੈ। ਅੱਜ ਤਕਰੀਬਨ ਹਰ ਦੱਸ ਬਾਰਾਂ ਸਾਲ ਦੇ ਬੱਚੇ ਕੋਲ ਆਪਣਾ ਸਮਾਰਟਫ਼ੋਨ ਹੈ ਜੇ ਆਪਣਾ ਨਹੀਂ ਤਾਂ ਉਹ ਆਪਣੇ ਮਾਪਿਆਂ ਦੇ ਫ਼ੋਨ ਦੀ ਪੂਰੀ ਵਰਤੋਂ ਕਰਦੇ ਹਨ। ਵੀਡੀਓ ਗੇਮਜ਼, ਸਮਾਰਟਫ਼ੋਨ ਤੇ ਹੋਰ ਤਕਨੀਕੀ ਸਾਧਨਾਂ ਨੇ ਬੱਚਿਆਂ ਦੇ ਸੁਭਾਅ ਵਿੱਚ ਬਹੁਤ ਤਬਦੀਲੀਆਂ ਕੀਤੀਆਂ ਹਨ। ਬੱਚਿਆਂ ਦੀ ਅੱਧੇ ਤੋਂ ਜਿਆਦਾ ਬੁੱਧੀ ਇਹਨਾਂ ਗੈਜਟਸ ਵਿੱਚ ਸਮਾ ਚੁੱਕੀ ਹੈ। ਲੰਬੇ ਸਮੇਂ ਤੱਕ ਫ਼ੋਨ ਦੇਖਦੇ ਰਹਿਣਾ ਉਹਨਾਂ ਨੂੰ ਚਿੜਚਿੜਾ ਬਣਾ ਦਿੰਦਾ ਹੈ, ਉਹ ਮਾਪਿਆਂ ਨਾਲ ਪਰਿਵਾਰ ਨਾਲ ਬੈਠਣ ਵਾਲੇ ਸਮੇਂ ਵਿੱਚ ਵੀ ਫ਼ੋਨ ਆਦਿ ਦੇਖਣ ਵਿੱਚ ਵਿਅਸਤ ਹੁੰਦੇ ਹਨ, ਆਪਸੀ ਰਾਬਤਾ ਟੁੱਟਣ ਕਾਰਣ ਬੱਚੇ ਵਿੱਚ ਚਿੜਚਿੜਾਪਣ ਵੱਧ ਰਿਹਾ ਹੈ। ਇਸ ਤੋਂ ਬਾਅਦ ਦੂਸਰਾ ਕਾਰਣ ਖਾਣੇ ਨੂੰ ਮੰਨਿਆ ਜਾ ਸਕਦਾ ਹੈ, ਜਿਹੜੇ ਬੱਚੇ ਵਧੇਰੇ ਤੇਲ ਭਰਭੂਰ ਜਾਂ ਬਾਹਰ ਦਾ ਖਾਣਾ ਖਾਂਦੇ ਹਨ ਉਹਨਾਂ ਵਿੱਚ ਗੁੱਸੇ ਜਾਂ ਚਿੜਚਿੜਾਪਣ ਵੱਧ ਵੇਖਣ ਨੂੰ ਮਿਲਦਾ ਹੈ। ਬਾਹਰੀ ਖਾਣੇ ਵਿੱਚ ਪਾਏ ਜਾਣ ਵਾਲੇ ਨਕਲੀ ਰੰਗ ਵੀ ਬੱਚੇ ਦੇ ਵਿਵਹਾਰ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ, ਇੱਕ ਅਧਿਐਨ 1970 ਤੋਂ ਵੱਡੇ ਪੱਧਰ 'ਤੇ ਚੱਲ ਰਿਹਾ ਸੀ ਜਿਸ ਵਿੱਚ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਹੈ ਕਿ ਭੋਜਨ ਦੇ ਰੰਗ ਅਤੇ ਬੱਚਿਆਂ ਦੇ ਵਿਵਹਾਰ ਵਿੱਚ ਰਿਸ਼ਤਾ ਹੁੰਦਾ ਹੈ। ਪੀਡੀਆਟ੍ਰਿਕ ਐਂਡ ਐਨਵਾਇਰਮੈਂਟਲ ਹੈਲਥ ਸਾਇੰਸਜ਼ ਅਤੇ ਵਾਸ਼ਿੰਗਟਨ ਯੂਨੀਵਰਸਿਟੀ ਦੇ ਸੀਏਟਲ ਚਿਲਡਰਨਜ਼ ਰਿਸਰਚ ਇੰਸਟੀਚਿਊਟ ਦੀ ਪ੍ਰੋਫ਼ੈਸਰ ਡਾ. ਸ਼ੀਲਾ ਸੱਤਿਆਨਾਰਾਇਣ ਦੱਸਦੀ ਹੈ ਕਿ ਨਕਲੀ ਰੰਗਾਂ ਵਾਲੀਆਂ ਭੋਜਨ ਵਸਤੂਆਂ ਵਿੱਚ ਐਡੀਟਿਵ ਤੇ ਵੱਡੀ ਮਾਤਰਾ ਵਿੱਚ ਖੰਡ ਹੁੰਦੀ ਹੈ, ਜੋ ਬੱਚਿਆਂ ਲਈ ਨੁਕਸਾਨਦੇਹ ਹੋ ਸਕਦੀ ਹੈ ਅਤੇ ਵਿਵਹਾਰ ਨੂੰ ਪ੍ਰਭਾਵਿਤ ਕਰਦੀ ਹੈ।

ਸੋ ਹੁਣ ਆਖਰੀ ਪੜਾਅ ਇਹ ਹੈ ਕਿ ਬੱਚਿਆਂ ਦੇ ਚਿੜਚਿੜੇਪਣ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ‹ ਇਸ ਦਾ ਬਹੁਤ ਹੀ ਸਰਲ ਅਤੇ ਸਪੱਸ਼ਟ ਜਵਾਬ ਇਹ ਹੈ ਕਿ ਮਾਪੇ ਬੱਚਿਆਂ ਦੇ ਬਚਪਨ ਤੋਂ ਹੀ ਉਸਦੀਆਂ ਗਤੀਵਿਧੀਆਂ ਤੇ ਨਿਯੰਤਰਣ ਰੱਖਣ, ਬਚਪਨ ਤੋਂ ਬੱਚਿਆਂ ਦੇ ਮਾਪੇ ਬਣਨ ਦੀ ਜਗ੍ਹਾ ਉਹਨਾਂ ਦੇ ਸਹਿਯੋਗੀ ਬਣੋ, ਬਚਪਨ ਤੋਂ ਹੀ ਬੱਚਿਆਂ ਦੀ ਹਰ ਗਤੀਵਿਧੀ ਦਾ ਟਾਈਮ ਟੇਬਲ ਬਣਾਇਆ ਜਾਵੇ। ਉਹਨਾਂ ਦੇ ਹਰ ਕੰਮ ਨੂੰ ਨਿਸ਼ਚਿਤ ਸਮੇਂ ਵਿੱਚ ਹੀ ਪੂਰਿਆਂ ਕੀਤਾ ਜਾਵੇ। ਫ਼ੋਨ ਜਾਂ ਹੋਰ ਤਕਨੀਕੀ ਸਾਧਨਾਂ ਤੋਂ ਥੋੜਾ ਦੂਰ ਰੱਖਿਆ ਜਾਵੇ। ਤਾਜ਼ੇ ਵਾਤਾਵਰਣ ਵਿੱਚ ਬੱਚਿਆਂ ਨੂੰ ਲੈਕੇ ਜਾਇਆ ਜਾਵੇ, ਉਹਨਾਂ ਦੀ ਪਸੰਦ ਜਾਂ ਨਾਪਸੰਦ ਦਾ ਧਿਆਨ ਰੱਖਿਆ ਜਾਵੇ। ਜਿੰਨਾਂ ਹੋ ਸਕੇ ਬੱਚਿਆਂ ਨੂੰ ਘਰ ਦਾ ਬਣਿਆ ਹੋਇਆ ਤਾਜ਼ਾ ਖਾਣਾ ਖਵਾਇਆ ਜਾਵੇ। ਬਾਹਰੀ ਖਾਣੇ ਤੋਂ ਗੁਰੇਜ਼ ਕੀਤਾ ਜਾਵੇ। ਬੱਚੇ ਨੂੰ ਖ਼ੁਸ਼ ਰੱਖਣ ਲਈ ਉਸਨੂੰ ਤੋਹਫ਼ਿਆਂ ਤੇ ਨਿਰਭਰ ਨਾ ਕੀਤਾ ਜਾਵੇ ਬਲਕਿ ਬੱਚੇ ਨੂੰ ਆਪਣੇ ਮਾਪਿਆਂ ਜਾਂ ਆਪਣੇ ਆਪ ਵਿਚੋਂ ਖ਼ੁਸ਼ੀ ਲੱਭਣੀ ਸਿਖਾਈ ਜਾਵੇ। ਅਜਿਹੇ ਰਵੱਈਏ ਨੂੰ ਧਾਰਣ ਕਰਨ ਤੋਂ ਬਾਅਦ ਵੀ ਜੇਕਰ ਵਿਵਹਾਰ ਵਿੱਚ ਫ਼ਰਕ ਨਹੀਂ ਪੈਂਦਾ ਤਾਂ ਕਿਸੇ ਚੰਗੇ ਡਾਕਟਰ ਦੀ ਸਲਾਹ ਵੀ ਲਈ ਜਾ ਸਕਦੀ ਹੈ। ਇਸ ਤਰ੍ਹਾਂ ਦੀਆਂ ਕੁਝ ਨਿੱਕੀਆਂ ਨਿੱਕੀਆਂ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਅਸੀਂ ਚਿੜਚਿੜੇਪਣ ਵਿੱਚ ਉੱਲਝੇ ਬੱਚਿਆਂ ਦੇ ਜੀਵਨ ਨੂੰ ਸੁਲਝਾ ਸਕਦੇ ਹਾਂ ਅਤੇ ਆਪਣੇ ਅਤੇ ਬੱਚਿਆਂ ਦੇ ਜੀਵਨ ਵਿੱਚ ਰੌਸ਼ਨੀ ਫ਼ੈਲਾਅ ਸਕਦੇ ਹਾਂ।

TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE


## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

**ਸਮਾਜ 'ਚ ਅੰਦਰਖਾਤੇ ਹੁੰਦੇ ਮਾੜੇ ਕੰਮਾਂ ਦੇ ਅਦਿੱਖ ਟਾਵਰਾਂ ਵੱਲ ਕਿਸੇ ਦਾ ਧਿਆਨ ਨਹੀਂ ਜਾਂਦਾ, ਕੁਝ ਅਜਿਹਾ ਹੀ ਬਿਆਨਦੀ ਹੈ ਕਹਾਣੀ**

# 'ਸਾਰਥਕ ਕਦਮ'



ਰਵਿੰਦਰ ਰੁਪਾਲ ਕੌਲਗੜ੍ਹ

ਟਿਕ ਟਿਕਾਅ ਜਿਹਾ ਹੋ ਗਿਆ ਸੀ, ਟੈਂਪੂ ਉੱਤੇ ਲੱਦੇ ਜਾਣ ਵਾਲੇ, ਸਰੀਏ, ਗਾਡਰ, ਫ਼ੱਟੇ, ਐਂਗਲ ਅਤੇ ਹੋਰ ਨਿੱਕ ਸੁੱਕ, ਜਾਣੀਕਿ ਸਾਰਾ ਕੁਝ ਲੱਦਿਆ ਜਾ ਚੁੱਕਾ ਸੀ, ਚੁਪਾਸੇ ਚੁੱਪ ਫ਼ੈਲ ਗਈ, ਭਾਵੇਂ ਹਜੇ ਖਾਸਾ ਨ੍ਹੇਰਾ ਨਹੀਂ ਸੀ ਹੋਇਆ, ਫ਼ਿਰ ਵੀ ਟਿਕ ਟਿਕਾਅ ਹੋ ਗਿਆ ਸੀ, ਪਰ ਉਸੇ ਵਕਤ ਮੇਰੇ ਮਨ 'ਚ ਖਲਬਲੀ ਮੱਚ ਉਠੀ, ਉਸ ਦਿਨ ਦੇ ਪਏ ਹੋਏ ਰੌਲੇ ਰੱਪੇ ਤੋਂ ਵੀ ਜ਼ਿਆਦਾ ਤੇਜ਼, ਜਾਣੋਂ ਮਨ ਯਕਦਮ ਇਵੇਂ ਅਸ਼ਾਂਤ ਹੋ ਗਿਆ, ਜਿਵੇਂ ਮੈਂ ਕੋਈ ਅੱਗ ਦੀਆਂ ਤੇਜ਼ ਲਪਟਾਂ 'ਚ ਘਿਰਦਾ ਜਾ ਰਿਹਾ ਹੋਵਾਂ।

ਪੰਜ ਚਾਰ ਦਿਨ ਪਹਿਲਾਂ, ਹਨੇਰੀ ਵਾਂਗ ਉਠੀ ਉਸ ਕਾਨਾ-ਫ਼ੂਸੀ ਤੋਂ ਵੀ ਜ਼ਿਆਦਾ ਬੇਸਬਰਾ ਹੋ ਗਿਆ ਸਾਂ ਮੈਂ, ਹੁਣ ਕੀ ਕਰਾਂ? ਕਿਧਰ ਜਾਵਾਂ? ਬਿਸਤਰੇ ਉੱਤੇ ਪਿਆ, ਮੈਂ ਇੰਝ ਮਹਿਸੂਸ ਕਰਨ ਲੱਗਿਆ, ਜਿਵੇਂ ਮੈਂ ਕੰਡਿਆਂ ਦੇ ਝਾਫ਼ੇ ਉੱਪਰ ਪਿਆ ਹੋਵਾਂ। ਕੀਹਨੂੰ ਪੁੱਛਾਂ ਜਾ ਕੇ ਕਿ ਆਪਣੇ ਮੁਹੱਲੇ ਦੀ ਅਜਿਹੀ ਇਕਜੁਟਤਾ ਬਣਾਉਣ ਦਾ ਕੀ ਫ਼ਾਇਦਾ? ਪਹਿਲਾਂ ਓਸ ਟਾਵਰ ਉੱਤੇ ਤਾਂ ਨਿਗਾਹ ਮਾਰ ਲੈਂਦੇ, ਇਉਂ ਸੋਚ ਕੇ ਮੈਨੂੰ ਆਪਣੇ ਮੁਹੱਲੇ ਦੀ ਏਕਤਾ ਕਮੇਟੀ 'ਤੇ ਗੁੱਸਾ ਚੜ੍ਹਨ ਲੱਗਿਆ। ਇਸ ਟਾਵਰ ਦਾ ਸਾਮਾਨ ਤਾਂ ਤੇਜਪਾਲ ਸਿੰਘ ਨੂੰ ਆਉਂਦਾ ਦਿੱਸ ਪਿਆ, ਪਰ ਓਸ ਟਾਵਰ ਦਾ ਕੀ ਕਰੀਏ, ਜਿਸ ਦਾ ਕਿਧਰੋਂ ਕੋਈ ਸਾਮਾਨ ਨਹੀਂ ਆਉਂਦਾ, ਓਸ ਸ਼ਾਮ ਨੂੰ ਉਦੋਂ ਤਾਂ ਪੰਦਰਾਂ ਵੀਹਾਂ ਮਿੰਟਾਂ 'ਚ ਤੇਜਪਾਲ ਨੇ ਸਾਰੇ ਮੁਹੱਲੇ ਵਾਲਿਆਂ ਨੂੰ ਹਾਕਾਂ ਮਾਰ ਮਾਰਕੇ ਆਪਣੇ ਦੁਆਲੇ ਇੰਝ ਇਕੱਠੇ ਕਰ ਲਿਆ, ਜਿਵੇਂ ਗੁੜ ਦੁਆਲੇ ਮੱਖੀਆਂ ਕੱਠੀਆਂ ਹੋਈਆਂ ਹੋਣ। ਤੇਜਪਾਲ ਦੀ ਕੋਠੀ, ਮੁਹੱਲੇ ਦੇ ਅੰਦਰ ਵੜਦੇ ਹੀ ਪਹਿਲੇ ਮੋੜ ਉੱਤੇ ਬਣੀ ਹੋਈ ਹੈ, ਜਦੋਂ ਦਾ ਉਹ ਰਿਟਾਇਰ ਹੋਇਐ, ਬਸ ਉਦੋਂ ਤੋਂ ਹੀ ਮੁਹੱਲੇ ਅੰਦਰ ਬਾਹਰ ਜਾਣ ਆਉਣ ਵਾਲਿਆਂ 'ਤੇ ਉਹ ਗੇਟ ਕੀਪਰ ਵਾਂਗ ਪੂਰਾ ਧਿਆਨ ਰੱਖਦੈ।

ਓਦਣ ਆਥਣ ਜਿਹਾ ਹੋਣ ਵੇਲੇ, ਉਹੋ ਕੋਲੋਂ ਲੰਘਣ ਵਾਲੇ ਹਰੇਕ ਬੰਦੇ ਨੂੰ, ਵੀਰ ਜੀ ਉਰੇ ਆਉ, ਫ਼ਲਾਣਿਆ ਉਰੇ ਆ ਬਈ, ਮਾਸਟਰ ਜੀ ਰੁਕਿਓ, ਦੋਧੀ ਸਾਬ੍ਹ ਗੱਲ ਸੁਣ ਕੇ ਜਾਣਾ, ਇੰਸਪੈਕਟਰ ਸਾਬ੍ਹ ਦੇਖੋ ਆਪਣੇ ਮੁਹੱਲੇ ਵਿੱਚ ਕੀ ਹੋ ਰਿਹੈ?

ਗੱਲ ਕੀ, ਜਿਹੜਾ ਵੀ ਉਸ ਦੇ ਕੋਲ ਆਵੇ ਉਹੀਓ ਪੁੱਛੀ ਜਾਵੇ, ਦੱਸ ਕੀ ਗੱਲ ਐ ਬਈ? ਲੈ ਥੋਨੂੰ ਕਿਤੇ ਪਤਾ ਨਹੀਂ, ਆਪਣੇ ਮਹੱਲੇ ਵਿੱਚ ਟਾਵਰ ਲੱਗ ਰਿਹਾ ਹੈ ਟਾਵਰ।

ਮੈਨੂੰ ਪਰ੍ਹੇ ਤੋਂ ਤੁਰੇ ਆਉਂਦੇ ਨੂੰ ਦੇਖ ਕੇ, ਉਹ ਕਈ ਜਾਣਿਆ ਦੇ ਵਿਚਦੀ ਝਾਕਦਾ ਹੋਇਆ ਬੋਲਿਆ, ਲੈ ਉਹ ਆ ਗਏ ਸੱਤਪਾਲ ਵੀਰ ਜੀ, ਇਨ੍ਹਾਂ ਦੇ ਤਾਂ ਕੰਧ ਨਾਲ ਕੰਧ ਐ, ਸਭ ਤੋਂ ਵੱਧ ਤਾਂ ਇਨ੍ਹਾਂ ਨੂੰ ਔਖੈ, ਨਾਂਹ ਥੋਨੂੰ ਜਮਾਅ ਈ ਪਤਾ ਨੀ ਲੱਗਿਆ ਕਿ ਥੋਡੇ ਨਾਲ ਟਾਵਰ ਲੱਗ ਰਿਹੈ।

ਵੀਰ ਜੀ ਥੋਨੂੰ ਤਾਂ ਸਭ ਤੋਂ ਵੱਧ ਨੁਕਸਾਨ ਹੋਣੈ, ਖਿਆਲ ਕਰੋ ਕੁਝ ਖਿਆਲ ? ਨੇੜੇ ਆਏ 'ਤੇ ਉਸ ਨੇ ਮੇਰੀ ਬਾਂਹ ਨੂੰ ਹਲੂਣਾ ਦੇ ਕੇ ਕਿਹਾ।

ਮੈਂ ਜਿਵੇਂ ਨੀਂਦ ਚੋਂ ਜਾਗਿਆ ਹੋਵਾਂ...ਟਾਵਰ! ਮੈਂ ਵੀ ਬਾਕੀਆਂ ਵਾਂਗ ਹੈਰਾਨੀ ਜਿਹੀ ਨਾਲ ਤੇਜਪਾਲ ਤੋਂ ਪੁੱਛਿਆ।

ਕਿੱਥੇ ਲੱਗ ਰਿਹੈ ਵੀਰ...? ਨਾਲੇ ਕੀਹਦੇ...? ਇਉਂ ਕਹਿ ਕੇ ਮੈਂ ਆਪਣੇ ਮਹੱਲੇ ਅਤੇ ਘਰ ਵੱਲ ਨੂੰ ਮੁੜ ਕੇ ਝਾਕਿਆ।

ਉਹ ਦੇਖੋ ਸਾਹਮਣੇ, ਠੰਢੀ ਹਵਾ ਆਲੀਆਂ ਮਸ਼ੀਨਾਂ ਬਣਾਉਣ ਵਾਲੇ ਧਰਮੀ ਦੀ ਬਿਲਡਿੰਗ ਵੱਲ, ਉਹਦੇ 'ਤੇ ਲੱਗ ਰਿਹੈ।

'ਹਾਂ ਉਏ, ਇਹ ਤਾਂ ਦੇਖਿਆ ਈ ਨੀਂ ਕਿਸੇ ਨੇ, ਇਉਂ ਕਹਿ ਕੇ ਮੈਂ ਵੀ ਸਾਰਿਆਂ 'ਚ ਚੁੱਪ ਕਰ ਕੇ ਖੜ੍ਹ ਗਿਆ, ਜਿਵੇਂ ਸਭ ਸੋਚ ਰਹੇ ਹੋਣ ਕਿ ਹੁਣ ਧਰਮੀ ਨਾਲ ਕੌਣ ਵਿਗਾੜੇ, ਅਗਲੇ ਦੀ ਅਪਦੀ ਬਿਲਡਿੰਗ ਉਤੇ ਕੰਮ ਚੱਲ ਰਿਹੈ, ਭਲਾ ਉਸ ਨੂੰ ਕੌਣ ਰੋਕੂ?

ਇਉਂ ਚੁੱਪ ਕੀਤਿਆਂ ਗੱਲ ਨੀਂ ਬਣਨੀ ਬਾਈ ਜੀ, ਕੱਠੇ ਹੋਵੋ ਮੁਹੱਲੇ ਵਾਲੇ ਸਾਰੇ, ਇਨ੍ਹਾਂ ਟਾਵਰਾਂ ਦੀਆਂ ਤਿੱਖੀਆਂ ਤਰੰਗਾਂ ਨਾਲ ਵੀਹ ਤਰ੍ਹਾਂ ਦੀਆਂ ਬਿਮਾਰੀਆਂ ਫ਼ੈਲਦੀਆਂ ਨੇ, ਆਪਦੇ ਕੋਲ਼ ਆਉਣ ਵਾਲੇ ਹਰੇਕ ਬੰਦੇ ਦੇ ਮਨ 'ਚ ਇਉਂ ਕਹਿਕੇ, ਤੇਜਪਾਲ ਦਹਿਸ਼ਤ ਫ਼ੈਲਾਅ ਦਿੰਦਾ, ਤਾਂ ਕਿ ਕੋਈ ਵੀ ਮੁਹੱਲੇਦਾਰ ਇਕਜੁਟਤਾ ਦਿਖਾਉਣ 'ਚ ਪਿੱਛੇ ਨਾ ਰਹੇ।

ਸਾਰੇ ਹੈਰਾਨ ਹੋਏ, ਤੇਜਪਾਲ ਦੀਆਂ ਗੱਲਾਂ ਸੁਣ ਰਹੇ ਸਨ, ਜਦੋਂ ਉਸ ਦੇ ਆਲੇ ਦੁਆਲੇ ਪੰਦਰਾਂ ਵੀਹ ਜਣਿਆਂ ਦਾ ਇਕੱਠ ਜਿਹਾ ਹੋ ਗਿਆ ਤਾਂ ਵਿੱਚੋਂ ਇੱਕ ਜਣਾ ਬੋਲਿਆ, 'ਅੱਗੇ ਤਾਂ ਲੋਕੀ ਥੋੜ੍ਹੇ ਬਹੁਤੇ ਪੈਸਿਆਂ ਦੇ ਲਾਲਚ ਨੂੰ ਇਨ੍ਹਾਂ ਟਾਵਰਾਂ ਨੂੰ ਆਪਣੇ ਘਰਾਂ ਦੀਆਂ ਛੱਤਾਂ ਉੱਤੇ ਲਗਵਾ ਲੈਂਦੇ ਸਨ, ਪਰ ਹੁਣ ਤਾਂ ਅਕਲ ਆ ਗਈ ਸਭ ਨੂੰ ਕਿ ਇਹੋ ਜਿਹੇ ਟਾਵਰ ਮੁਹੱਲੇ ਤਾਂ ਮੁਹੱਲੇ, ਇਹ ਤਾਂ ਸ਼ਹਿਰ ਦੇ ਆਸ ਪਾਸ ਵੀ ਨਹੀਂ ਲੱਗਣਾ ਚਾਹੀਦਾ ਕਿਧਰੇ।

ਇਕੱਠ 'ਚੋਂ ਰਿਟਾਇਰ ਮਾਸਟਰ ਪ੍ਰੀਤ ਜੀ, ਤੇਜਪਾਲ ਦੇ ਸ਼ਬਦਾਂ ਦੀ ਪ੍ਰੋੜਤਾ ਕਰਦੇ ਹੋਏ ਬੋਲੇ, 'ਆਹ ਆਪਣੇ ਨੇੜੇ ਗੋਬਿੰਦਪੁਰਿਓਂ ਤਾਂ ਬਹੁਤਿਆਂ ਨੇ ਪਟਵਾ ਵੀ ਦਿੱਤੇ ਨੇ ਟਾਵਰ, ਇਹ ਖ਼ਬਰ ਆਈ ਸੀ ਅਖ਼ਬਾਰਾਂ 'ਚ ਪਿਛਲੇ ਦਿਨੀਂ।'

ਫ਼ਿਰ ਇੱਕ ਰਿਟਾਇਰ ਪੁਲਿਸ ਵਾਲਾ ਬੋਲਿਆ, 'ਇਸ ਤੋਂ ਪਹਿਲਾਂ ਕਿ ਇਹ ਟਾਵਰ ਸਾਡੇ ਮੁਹੱਲੇ ਵਿੱਚ ਲੱਗੇ, ਆਪਾਂ ਨੂੰ ਹੁਣੇ ਹੀ ਰੁਕਵਾ ਦੇਣਾ ਚਾਹੀਦੈ, ਬਾਅਦ ਵਿੱਚ ਪੁਲਿਸ ਨੂੰ ਬੁਲਵਾ ਕੇ ਫ਼ੈਸਲੇ ਕਰਵਾਉਂਦੇ ਫ਼ਿਰਾਂਗੇ, ਇਹ ਮੁਹੱਲੇ ਦਾ ਕੰਮ ਐ, ਫ਼ਿਰ ਨਾਲ ਤੁਰਨ ਲਈ ਵੀ ਤਿਆਰ ਨਹੀਂ ਹੋਣਾ ਕਿਸੇ ਨੇ।

ਕੱਢ ਫ਼ੇ ਫ਼ੋਨ, ਹੁਣ ਦੂਜੇ ਮਾਸਟਰ ਸਰਵੀ ਨੇ ਆਪਣੇ ਕੋਲ ਖੜ੍ਹੇ ਇਕ ਮੁਹੱਲੇਦਾਰ ਨੂੰ ਕਿਹਾ, ਮਿਲਾ ਰਸ਼ੀਤ ਬਾਬੂ ਜੀ ਨੂੰ, ਘੱਟੋ ਘੱਟ ਉਨ੍ਹਾਂ ਨੂੰ ਤਾਂ ਦੱਸੀਏ ਕਿ ਆਪਣੇ ਮੁਹੱਲੇ ਵਿੱਚ ਕੋਈ ਟੈਲੀਫ਼ੋਨ ਕੰਪਨੀ ਅਪਦਾ ਟਾਵਰ ਲਾ ਰਹੀ ਹੈ, ਧਰਮੀ ਦੀ ਬਿਲਡਿੰਗ ਉੱਤੇ, ਉਸ ਨੇ ਫ਼ੋਨ ਕੱਢਿਆ। ਰਤੀਸ਼ ਬਾਬੂ ਜੀ ਭਾਵੇਂ ਸਾਡੇ ਮੁਹੱਲੇ ਦੇ ਪ੍ਰਧਾਨ ਤਾਂ ਨਹੀਂ ਹਨ, ਪਰ ਉਹ ਮੁਹੱਲੇ ਦੀਆਂ ਅਜਿਹੀਆਂ ਸੇਵਾਵਾਂ ਲਈ ਹਮੇਸ਼ਾ ਤੱਤਪਰ ਰਹਿੰਦੇ ਹਨ ਅਤੇ ਸਾਂਝੇ ਕੰਮਾਂ ਦੀ ਖੁੱਲ੍ਹ ਕੇ ਆਰਥਿਕ ਮਦਦ ਵੀ ਕਰਦੇ ਨੇ।

ਪਰ ਇੱਕ ਜਣਾ ਵਿੱਚੋਂ ਹੋਰ ਬੋਲਿਆ, ਪਰ੍ਹਲੇ ਮੁਹੱਲੇ 'ਚ ਅਵਤਾਰ ਮਿਸਤਰੀ ਨੇ ਪੈਸਿਆਂ ਦੇ ਲਾਲਚ ਨੂੰ ਤਿੰਨ ਕੁ ਸਾਲ ਪਹਿਲਾਂ ਅਪਦੇ ਘਰੇ ਟਾਵਰ ਲਗਵਾਇਆ ਸੀ, ਵਿਚਾਰਾ ਪਿਛਲੇ ਸਾਲ ਚੰਗਾ ਭਲਾ ਹੀ ਚੜ੍ਹਾਈ ਕਰ ਗਿਆ, ਉਂਝ ਕਦੇ ਉਸਦਾ ਸਿਰ ਵੀ ਨਹੀਂ ਸੀ ਦੁਖਿਆ ਅੱਜ ਤੱਕ। ਇਸ ਗੱਲ ਨੂੰ ਸਾਰਾ ਮੁਹੱਲਾ ਭਲੀਭਾਂਤ ਜਾਣਦਾ ਸੀ, ਇਸੇ ਕਰਕੇ ਸਾਰਿਆਂ ਦੇ ਮਨਾਂ ਵਿੱਚ ਸਹਿਮ ਬੈਠਿਆਂ ਹੋਇਆ ਸੀ, ਪਰ ਇਸ ਵਕਤ ਮੈਂ ਸਭ ਤੋਂ ਵੱਧ ਡਰ ਰਿਹਾ ਸਾਂ, ਮੇਰੀ ਤਾਂ ਕੰਧ ਨਾਲ ਕੰਧ ਸੀ।

ਸੱਚੀ ਗੱਲ ਐ ਭਾਈ, ਕਰੋ ਕੋਈ ਹੀਲਾ ਸਾਰੇ ਜਣੇ ਰਲ੍ਹਕੇ, ਜੇ ਆਪਾਂ ਅਜਿਹੇ ਕੰਮ ਦੀ ਪਹਿਲ ਕਰਾਂਗੇ ਤਾਂ ਬਾਕੀ ਮੁਹੱਲੇ ਆਲਿਆਂ ਦੀਆਂ ਵੀ ਅੱਖਾਂ ਖੁੱਲ੍ਹ ਜਾਣਗੀਆਂ, ਹੋ ਸਕਦਾ ਹੈ ਉਹ ਵੀ ਸਿਆਣੇ ਬਣ ਕੇ ਆਪਣੇ ਮੁਹੱਲਿਆਂ ਵਿੱਚ ਟਾਵਰ ਨਾ ਲੱਗਣ ਦੇਣ। ਇੱਕ ਹੋਰ ਬੋਲਿਆ ਸੀ।

ਫ਼ੇਰ ਤਾਂ ਇਹ ਵੀ ਹੋ ਸਕਦਾ ਹੈ ਕਿ 'ਲੋਪ ਹੋਈਆਂ ਚਿੜੀਆਂ, ਸ਼ਾਇਦ ਕਿਧਰੋਂ ਵਾਪਸ ਮੁੜ ਆਉਣ।' ਇਹ ਗੱਲ ਹੁਣ ਐਫ਼.ਸੀ.ਆਈ. ਦਾ ਇੱਕ ਉੱਚ ਅਧਿਕਾਰੀ ਕਹਿ ਰਿਹਾ ਸੀ।

ਇਹ ਹੀਲਾ ਕਰਨ ਲਈ ਆਪਾਂ ਨੂੰ ਫ਼ਿਰ ਅਰਜ਼ੀਆਂ ਲਿਖਣੀਆਂ ਪੈਣੀਆਂ ਹਨ, ਇੱਕ ਐੱਸ. ਡੀ.ਐੱਮ. ਨੂੰ, ਇੱਕ ਡਿਪਟੀ ਨੂੰ ਅਤੇ ਇੱਕ ਕਮੇਟੀ ਵਾਲੇ ਈ.ਓ. ਨੂੰ।

ਲਿਖੋ ਸਾਡੇ ਮੁਹੱਲੇ ਵਿੱਚ ਇੱਕ ਟੈਲੀਫ਼ੋਨ ਕੰਪਨੀ ਆਪਣਾ ਟਾਵਰ ਲਾ ਰਹੀ ਹੈ ਉਸ ਨਾਲ਼ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਫ਼ੈਲਣ ਦਾ ਡਰ ਹੈ, ਇਹ ਗੱਲ ਸਾਡੇ ਮੁਹੱਲੇ ਦਾ ਵੈਟਰਨਰੀ ਡਾਕਟਰ, ਇਕੱਠ ਨੂੰ ਸਮਝਾ ਰਿਹਾ ਸੀ। ਇਹ ਤਾਂ ਜੇ ਆਪਾਂ ਥੋੜ੍ਹੀ ਜਿਹੀ ਹੋਰ ਘੌਲ ਕਰ ਗਏ ਤਾਂ ਪਰਸੋਂ ਐਤਵਾਰ ਐ, ਚੱਲ ਰਹੇ ਟਾਵਰ ਦਾ ਕੰਮ ਤਾਂ ਤਿੰਨਾਂ ਦਿਨਾਂ ਵਿੱਚ ਕਿਤੇ ਦਾ ਕਿਤੇ ਜਾ ਪਹੁੰਚਣੈ, ਫ਼ਿਰ ਆਪਾਂ ਸਾਰੇ ਹੱਥ ਮਲ੍ਹਦੇ ਰਹਿ ਜਾਵਾਂਗੇ, ਇੱਕ ਰਜਿਸਟਰੀ ਕਲਰਕ ਨੇ ਆਪਣੇ ਵਿਚਾਰ ਪੇਸ਼ ਕੀਤੇ।

ਪਹਿਲਾਂ ਆਪਾਂ ਧਰਮੀ ਨਾਲ ਤਾਂ ਗੱਲ ਕਰੀਏ, ਹੁਣ ਇਕੱਠ ਵਿੱਚੋਂ ਆਵਾਜ਼ਾਂ ਆਉਣ ਲੱਗੀਆਂ।

'ਲੈ, ਉਹਦੇ ਨਾਲ ਆਪਾਂ ਨੂੰ ਗੱਲ ਕਰਨ ਦੀ ਕੀ ਲੋੜ ਪਈ ਐ ਬਈ, ਇੱਕ ਤਾਂ ਉਹ ਗ਼ਲਤੀ ਕਰ ਰਿਹੈ, ਉਪਰੋਂ ਉਹਦੇ ਨਾਲ ਈ ਗੱਲ ਕਰੀਏ, ਕਦੇ ਵੀ ਨਹੀਂ, ਤੇਜਪਾਲ, ਧਰਮੀ ਨਾਲ ਗੱਲ ਕਰਨ ਨੂੰ ਮੰਨ ਨਹੀਂ ਸੀ ਰਿਹਾ।

'ਨਹੀਂ ਯਾਰ, ਉਸ ਨੂੰ ਪਹਿਲਾਂ ਸਮਝਾਈਏ, ਕਿ ਸਾਰਾ ਮੁਹੱਲਾ ਤੇਰੇ ਖ਼ਿਲਾਫ਼ ਹੋ ਜਾਵੇਗਾ, ਤੂੰ ਥੋੜ੍ਹੇ ਬਹੁਤੇ ਪੈਸਿਆਂ ਦੇ ਲਾਲਚ 'ਚ ਆ ਕੇ ਸਾਰੇ ਮੁਹੱਲੇ ਨਾਲ਼ ਦੁਸ਼ਮਣੀ ਮੁੱਲ ਨਾ ਲੈ, ਤੈਨੂੰ ਮਹਿੰਗੀ ਪੈ ਜਾਵੇਗੀ, ਇਹ ਆਵਾਜ਼ ਸਾਡੇ ਮੁਹੱਲੇ 'ਚ ਰਹਿੰਦੇ ਇੱਕ ਫ਼ਨਾਂਸਰ ਦੀ ਸੀ।

ਹੁਣ ਪੰਦਰਾਂ ਵੀਹ ਜਣਿਆਂ ਦਾ ਤੇਜਪਾਲ ਦੀ ਕੋਠੀ ਮੂਹਰੇ 'ਕੱਠ ਹੋਇਆ ਖੜ੍ਹਾ ਸੀ, ਬਾਕੀ ਮੁਹੱਲੇ ਆਲਿਆਂ ਨਾਲ਼ ਫ਼ਟਾ ਫ਼ਟ ਫ਼ੋਨਾਂ ਉੱਤੇ ਸੰਪਰਕ ਕੀਤੇ ਜਾ ਰਹੇ ਸਨ, ਸਾਰੇ ਜਣੇ ਖੜ੍ਹੇ ਆਪੋ ਆਪਣੀਆਂ ਸਕੀਮਾਂ ਲੜਾ ਰਹੇ ਸਨ ਕਿ ਕਿਸੇ ਨਾ ਕਿਸੇ ਤਰੀਕੇ ਇਸ ਪ੍ਰੋਜੈਕਟ ਨੂੰ ਫ਼ੇਲ੍ਹ ਕੀਤਾ ਜਾਵੇ, ਘੱਟੋ ਘੱਟ ਆਪਣੇ ਮੁਹੱਲੇ 'ਚ ਤਾਂ ਇਹ ਟਾਵਰ ਨਾ ਲੱਗਣ ਦਿੱਤਾ ਜਾਵੇ।

ਸਾਰੇ ਮੁਹੱਲੇ ਵਾਲੇ ਤੇਜਪਾਲ ਦੇ ਘਰ ਮੂਹਰੇ ਹਾਲੇ ਖੜ੍ਹੇ ਹੀ ਸਨ ਕਿ ਐਨੀ ਦੇਰ ਵਿੱਚ ਅਚਾਨਕ ਟਾਵਰ ਨੂੰ ਫ਼ਿੱਟ ਕਰਨ ਵਾਲੇ ਮਿਸਤਰੀ ਮੁੰਡੇ ਆਪਣੇ ਕੰਮ ਤੋਂ ਛੁੱਟੀ ਕਰ ਕੇ, ਵਾਪਸ ਆਪਣੇ ਘਰਾਂ ਨੂੰ ਮੁੜਦੇ ਹੋਏ ਮੁਹੱਲੇ ਦੇ ਇਕੱਠ ਨੇ ਘੇਰ ਲਏ, ਉਨ੍ਹਾਂ ਨੂੰ ਬਰੋਬਰ ਆਇਆਂ ਨੂੰ ਦੇਖ ਕੇ, 'ਕੱਠ 'ਚੋਂ ਕਈ ਜਣੇ 'ਕੱਠੇ ਹੀ ਬੋਲੇ, ਥੋਨੂੰ ਕੀਹਨੇ ਕਿਹੈ ਉਏ ਇਸ ਮੁਹੱਲੇ ਵਿੱਚ ਟਾਵਰ ਲਾਉਣ ਨੂੰ...?

ਮਿਸਤਰੀ ਮੁੰਡੇ ਇਕੱਠ ਨੂੰ ਦੇਖ ਕੇ ਘਬਰਾਹਟ 'ਚ ਆ ਗਏ, ਉਨ੍ਹਾਂ 'ਚੋਂ ਇੱਕ ਜਣਾ ਆਪਣੇ ਸਾਈਕਲ ਤੋਂ ਉਤਰਦਾ ਹੋਇਆ ਬੋਲਿਆ, ਜੀ ਸਾਡੇ ਅਫ਼ਸਰ ਨੇ, ਤੇ ਉਸ ਦੇ ਨਾਲ ਜਾਂਦੇ ਦੋਵੇਂ ਮੁੰਡੇ ਵੀ ਸਾਈਕਲਾਂ ਤੋਂ ਉਤਰਕੇ ਖੜ੍ਹ ਗਏ।

'ਲਿਆ ਦੇ ਉਰੇ, ਤੇਰੇ ਅਫ਼ਸਰ ਦਾ ਫ਼ੋਨ ਨੰਬਰ, ਕਰੀਏ ਉਹਦੇ ਨਾਲ ਵੀ ਗੱਲ, ਦੇਖੀਏ ਉਹ ਕਿੱਡਾ ਕੁ ਸਾਨ੍ਹ ਐ ਮੁਹੱਲੇ ਮੂਹਰੇ, ਕਿੰਨੀ ਕੁ ਹਿੰਮਤ ਰੱਖਦੈ 'ਅਪਦੈ 'ਚ ਮੁਹੱਲੇ ਨੂੰ ਟੱਕਰ ਮਾਰਨ ਦੀ, ਇੱਕ ਹੋਰ ਜਣੇ ਨੇ ਵਿੱਚੋਂ ਅੱਗ ਉੱਗਲੀ।

ਉਨ੍ਹਾਂ ਤਿੰਨਾਂ ਜਣਿਆਂ ਵਿੱਚੋਂ ਇੱਕ ਮੁੰਡੇ ਨੇ ਆਪਣੇ ਅਫ਼ਸਰ ਦਾ ਫ਼ੋਨ ਨੰਬਰ ਦੇ ਦਿੱਤਾ, ਨੰਬਰ ਲੈ ਕੇ ਇੱਕ ਮੁਹੱਲੇਦਾਰ ਨੇ ਅਫ਼ਸਰ ਨੂੰ ਫ਼ੋਨ ਮਿਲਾਇਆ, ਅੱਗੋਂ ਅਫ਼ਸਰ ਦੇ ਹੈਲੋ ਕਹਿੰਦੇ ਸਾਰ ਹੀ ਉਹ ਬੋਲਿਆ, 'ਭਰਾਵਾ ਸਾਡੇ ਮੁਹੱਲੇ 'ਚ, ਤੂੰ ਜਿਹੜਾ ਟਾਵਰ ਲਗਵਾ ਰਿਹੈ ਨਾ, ਉਸ ਨੂੰ ਅੱਜ ਹੀ ਬੰਦ ਕਰਵਾ ਦੇ, ਨਹੀਂ ਹੋਣ ਵਾਲੇ ਕਿਸੇ ਵੀ ਨਫ਼ੇ ਨੁਕਸਾਨ ਦਾ ਤੂੰ ਖ਼ੁਦ ਜੁੰਮੇਵਾਰ ਹੋਵੇਗਾ, ਅੱਗੋਂ ਅਫ਼ਸਰ ਕੀ ਬੋਲਿਆ, ਸਾਰੇ ਲੋਕ ਚੁੱਪ ਚਾਪ ਖੜ੍ਹੇ ਸੁਣਦੇ ਰਹੇ, ਫ਼ੇਰ ਫ਼ੋਨ ਕਰਨ ਵਾਲੇ ਨੇ ਗੱਲ ਮੁਕਾਈ, ਭਰਾਵਾ ਸੁਣ, ਸਵੇਰੇ ਗਿਆਰਾਂ ਵਜੇ ਪੰਚਾਇਤ 'ਕੱਠੀ ਹੋ ਰਹੀ ਐ ਤੇਰੇ ਅਤੇ ਬਿਲਡਿੰਗ ਮਾਲਕ ਧਰਮੀ ਦੇ ਖ਼ਿਲਾਫ਼, ਉਸ ਵਿੱਚ ਤੇਰਾ ਪਹੁੰਚਣਾ ਜ਼ਰੂਰੀ ਐ, ਇਉਂ ਕਹਿ ਕੇ ਉਸ ਨੇ ਫ਼ੋਨ ਕੱਟ ਦਿੱਤਾ ਸੀ।

ਇੱਕ ਹੋਰ ਬੰਦੇ ਨੇ ਜਿਸ ਕੋਲ ਧਰਮੀ ਦਾ ਫ਼ੋਨ ਨੰਬਰ ਸੀ, ਉਸ ਨੂੰ ਫ਼ੋਨ ਮਿਲਾ ਦਿੱਤਾ, ਉਹਦੇ ਫ਼ੋਨ ਚੁੱਕਣ 'ਤੇ ਉਹ ਬੋਲਿਆ, ਧਰਮੀ ਵੀਰ ਤੂੰ ਸਾਡੇ ਮੁਹੱਲੇ ਵਿੱਚ ਟਾਵਰ ਲੱਗਵਾ ਰਿਹੈ, ਤੈਨੂੰ ਪਤਾ ਹੈ ਇਸ ਦੇ ਕਿੰਨੇ ਨੁਕਸਾਨ ਹੁੰਦੇ ਨੇ, ਤੂੰ ਆਪ ਤਾਂ ਰਹਿਨੈ ਕਿਸੇ ਹੋਰ ਮੁਹੱਲੇ ਵਿੱਚ, ਸਾਡੇ ਮੁਹੱਲੇ ਵਿੱਚ ਤਾਂ ਤੂੰ ਰਹਿਣਾ ਨਹੀਂ, ਏਧਰ ਤਾਂ ਅਸੀਂ ਰਹਿਣੈ, ਮਾੜਾ ਮੋਟਾ ਖਿਆਲ ਕਰ ਕੁੱਝ, ਇਹ ਕੰਮ ਬੰਦ ਕਰਵਾ ਦੇ, ਨਹੀਂ ਤਾਂ...। ਇਉਂ ਕਹਿ ਕੇ ਉਸ ਨੇ ਵੀ ਫ਼ੋਨ ਕੱਟ ਦਿੱਤਾ।

'ਕੀ ਕਿਹੈ ਧਰਮੀ ਨੇ...?' ਕੋਲ ਖੜ੍ਹੇ ਇਕ ਦੋਧੀ ਨੇ ਪੁੱਛਿਆ।

ਉਸ ਨੇ ਦੱਸਿਆ ਕਿ ਉਹ ਕਹਿੰਦੈ, 'ਇਹ ਟਾਵਰ ਤਾਂ ਸਿਰਫ਼ ਜ਼ੀਰੋ ਵਾਟ ਦਾ ਐ, ਇਸ ਨਾਲ ਕਿਸੇ ਨੂੰ ਕੋਈ ਨੁਕਸਾਨ ਨਹੀਂ ਹੋ ਸਕਦਾ, ਕਹਿੰਦਾ ਤੁਸੀਂ ਵਹਿਮ ਨਾ ਕਰੋ, ਆਹ ਗੱਲ ਕੀਤੀ ਐ ਉਹਨੇ।'

'ਵਹਿਮ...? ਵਹਿਮ ਕਿਉਂ ਨਾ ਕਰੀਏ, ਟਾਵਰ ਭਾਵੇਂ ਜ਼ੀਰੋ ਵਾਟ ਦਾ ਹੋਵੇ, ਉਹ ਆਪਣੇ ਘਰੇ, ਆਪਣੇ ਮੁਹੱਲੇ ਵਿੱਚ ਲਗਵਾਵੇ ਫ਼ਿਰ, ਸਾਨੂੰ ਕੋਈ ਇਤਰਾਜ਼ ਨਹੀਂ, ਪਰ ਏਥੇ ਅਸੀਂ ਉਸਦੀ ਬਿਲਡਿੰਗ ਉੱਤੇ ਕਦਾਚਿਤ ਵੀ ਨਹੀਂ ਲੱਗਣ ਦੇਣਾ ਟਾਵਰ ਟੂਵਰ, ਇਉਂ ਕਹਿ ਉਸ ਨੂੰ ਫ਼ੋਨ ਕਰ ਕੇ ਦੁਬਾਰਾ, ਨਾਲੇ ਕਹਿ ਕਿ ਸਾਡੇ ਮੁਹੱਲੇ ਨਾਲ ਪੰਗੇ ਨਾ ਲਵੇ, ਨਹੀਂ ਤਾਂ ਤੇਰੀ ਫ਼ੈਕਟਰੀ ਫ਼ੂਕਟਰੀ ਵੀ ਚੁਕਵਾ ਦਿਆਂਗੇ ਏਥੋਂ, ਧਰਮੀ ਦੀਆਂ ਜ਼ੀਰੋ ਵਾਟ ਵਾਲੀਆਂ ਗੱਲਾਂ ਸੁਣ ਕੇ ਲੋਕਾਂ ਦਾ ਗੁੱਸਾ ਵਧਣਾ ਸ਼ੁਰੂ ਹੋ ਗਿਆ।

ਲੋਕਾਂ ਵਿੱਚ ਆਪਸ ਵਿਚੀ ਖਾਸੀ ਘੁਸਰ ਮੁਸਰ ਹੋਣ ਲੱਗੀ, ਯਕਦਮ ਇਕੱਠ ਵਿੱਚ ਏਨਾ ਜ਼ਿਆਦਾ ਰੌਲਾ ਰੱਪਾ ਵੱਧ ਗਿਆ ਕਿ ਕਿਸੇ ਨੂੰ ਕੁਝ ਵੀ ਸੁਣਾਈ ਨਹੀਂ ਸੀ ਦੇ ਰਿਹਾ ਕਿ ਕੋਈ ਕਹਿ ਕੀ ਰਿਹੈ।

ਰੌਲੇ ਰੱਪੇ ਨੂੰ ਚੁੱਪ ਕਰਾਉਂਦਾ ਹੋਇਆ, ਉਨ੍ਹਾਂ ਮਿਸਤਰੀ ਮੁੰਡਿਆਂ 'ਚੋਂ ਇੱਕ ਜਣਾ ਬੋਲਿਆ, 'ਤੁਸੀਂ ਇਉਂ ਕਰੋ, ਪੱਚੀ ਤੀਹ ਬੰਦਿਆਂ ਦੇ ਸਾਇਨ ਕਰਵਾਕੇ ਸਵੇਰੇ ਇੱਕ ਅਰਜ਼ੀ, ਐੱਸ.ਡੀ.ਐੱਮ. ਦੇ ਦੇਦਿਓ, ਵਿੱਚ ਲਿਖ ਦੇਣਾ ਕਿ ਪ੍ਰਦੂਸ਼ਣ ਫ਼ੈਲਣ ਦੇ ਡਰੋਂ ਸਾਡੇ ਮੁਹੱਲੇ ਵਾਲੇ ਇਸ ਟਾਵਰ ਨੂੰ ਏਥੇ ਲਵਾਉਂਣਾ ਨਹੀਂ ਚਾਹੁੰਦੇ, ਕਿਰਪਾ ਕਰ ਕੇ ਇਸ ਕਾਰਜ ਵਿੱਚ ਸਾਡੀ ਸਹਾਇਤਾ ਕੀਤੀ ਜਾਵੇ, ਜੇ ਤੁਸੀਂ ਵਿੱਚ ਪ੍ਰਦੂਸ਼ਣ ਸ਼ਬਦ ਲਿਖਿਆ ਹੋਵੇਗਾ ਤਾਂ ਸਾਡੇ ਅਫ਼ਸਰ ਨੂੰ ਤਾਂ ਭੱਜਣ ਨੂੰ ਰਾਹ ਨਹੀਂ ਥਿਆਉਣਾ, ਕਿਉਂਕਿ ਸਰਕਾਰ ਪਹਿਲਾਂ ਇਸੇ ਸ਼ਬਦ ਉੱਤੇ ਗੌਰ ਕਰਦੀ ਹੈ, ਉਸ ਮਿਸਤਰੀ ਮੁੰਡੇ ਨੇ ਆਪਣੇ ਤਜਰਬੇ ਦੇ ਆਧਾਰ 'ਤੇ ਨੁਕਤਾ ਦੱਸਿਆ ਅਤੇ ਸਾਰਿਆਂ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਸਾਈਕਲ ਨੂੰ ਅੱਡੀ ਦਿੱਤੀ ਤੇ ਔਹ ਗਿਆ, ਔਹ ਗਿਆ।

ਮਾਸਟਰ ਜੀ ਨੇ ਕਿਹਾ, 'ਇਹ ਕੰਮ ਹੁਣੇ ਕਰੋ ਫ਼ੇਰ, ਕੱਲ੍ਹ ਕੀਹਨੇ ਦੇਖੀ ਐ? ਲਿਆ ਭੱਜਕੇ ਚਾਰ ਪੰਜ ਖ਼ਾਲੀ ਕਾਗਜ਼, ਅਰਜ਼ੀਆਂ ਤਾਂ ਹੁਣੇ ਲਿਖ ਦਿੰਨੇ ਆਂ, ਦਸ ਮਿੰਟ ਲੱਗਣੇ ਨੇ ਸਾਰੇ, ਨਾਲੇ ਸਾਰਾ ਮੁਹੱਲਾ ਖੜ੍ਹੈ, ਸਾਇਨ ਵੀ ਨਾਲ਼ੋਂ ਨਾਲ ਹੋ ਜਾਣਗੇ।

'ਕੱਠ 'ਚੋਂ ਇੱਕ ਜਣਾ ਭੱਜਕੇ ਨਾਲ ਦੀ ਫ਼ੋਟੋਸਟੇਟ ਦੁਕਾਨ ਤੋਂ ਕਾਗਜ਼ ਫ਼ੜ ਲਿਆਇਆ, ਫ਼ੇਰ ਤੇਜਪਾਲ ਦੀ ਬੈਠਕ 'ਚ ਸਾਰੇ ਮੈਂਬਰ ਬੈਠ ਗਏ। ਬਾਕੀ ਮੁਹੱਲੇ ਵਾਲੇ ਉਥੇ ਹੀ ਪੁੱਜਣੇ ਸ਼ੁਰੂ ਹੋ ਗਏ, ਜਿਨ੍ਹਾਂ ਨਾਲ ਫ਼ੋਨ 'ਤੇ ਸੰਪਰਕ ਕੀਤਾ ਹੋਇਆ ਸੀ।

ਸਾਰੇ ਜਣਿਆਂ ਨੇ ਰਲ਼ ਕੇ ਬੜੇ ਕਰੜੇ ਸ਼ਬਦਾਂ ਵਿੱਚ ਅਰਜ਼ੀਆਂ ਲਿਖਵਾਈਆਂ ਕਿ ਇਸ ਟਾਵਰ ਦੀਆਂ ਕਿਰਨਾਂ ਨਾਲ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਫ਼ੈਲਦੀਆਂ ਹਨ, ਹਰਟ-ਟਰਵਲ ਵਾਲੇ ਲੋਕਾਂ ਦਾ ਛੇਤੀ ਅੰਤ ਹੋ ਜਾਵੇਗਾ, ਅਦਿੱਖ ਪ੍ਰਦੂਸ਼ਣ ਫ਼ੈਲਦਾ ਹੈ, ਵਿਚਾਰੀਆਂ ਚਿੜ੍ਹੀਆਂ, ਕਾਂ ਘੁੱਗੀਆਂ ਅਤੇ ਹੋਰ ਕਈ ਤਰ੍ਹਾਂ ਦੇ ਭੋਲੇ ਪੰਛੀ, ਇਨ੍ਹਾਂ ਟਾਵਰਾਂ ਦੀ ਮਾਰ ਹੇਠ ਆ ਕੇ, ਪਤਾ ਨਹੀਂ ਕਿੱਥੇ 'ਲੋਪ ਹੋ ਗਏ, ਐਨੀਆਂ ਭਿਆਨਕ ਅਤੇ ਜਾਨਲੇਵਾ ਬਿਮਾਰੀਆਂ ਲਾਉਣ ਵਾਲੇ ਇਸ ਟਾਵਰ ਨੂੰ ਕਿਰਪਾ ਕਰਕੇ ਸਾਡੇ ਮੁਹੱਲੇ 'ਚ ਨਾ ਲੱਗਣ ਦਿੱਤਾ ਜਾਵੇ, ਕਿਉਂਕਿ ਅਸੀਂ ਲੋਕ ਅਜੇ ਨਿਰੋਗ ਜਿਊਣਾ ਚਾਹੁੰਦੇ ਹਾਂ। ਅਸੀਂ ਆਪ ਜੀ ਦੇ ਅਤੀ ਧੰਨਵਾਦੀ ਹੋਵਾਂਗੇ। ਸਮੂਹ ਮੁਹੱਲਾ ਨਿਵਾਸੀ, ਸ਼ਬਦ ਲਿਖਦੀ ਸਾਰ ਧੜਾ ਧੜ ਤੀਹ ਪੈਂਤੀ ਬੰਦਿਆਂ ਦੇ ਸਾਇਨ ਸਾਰੀਆਂ ਹੀ ਅਰਜ਼ੀਆਂ ਉਪਰ ਹੋ ਗਏ ਸਨ।

ਚਾਰ ਕੁ ਦਿਨਾਂ ਦੀ ਚੱਲ ਰਹੀ ਕਾਨਾਂ-ਫ਼ੂਸੀ ਅਤੇ ਮੁਹੱਲੇ ਦੀ ਇਕਜੁਟਤਾ ਉਦੋਂ ਆਪਣੇ ਰੰਗ ਦਿਖਾ ਗਈ, ਜਦੋਂ ਕੰਪਨੀ ਦੇ ਅਫ਼ਸਰ ਨੇ ਹਾਰ ਮੰਨ ਕੇ ਮੁਹੱਲੇ ਦੀ ਪੰਚਾਇਤ ਸਾਹਮਣੇ ਆਪਣੇ ਗੋਡੇ ਟੇਕਦਿਆਂ ਇੰਝ ਕਿਹਾ, 'ਮੈਂ ਹੁਣੇ ਹੀ ਇਸ ਟਾਵਰ ਦੀ, ਵਾਪਸੀ ਦੇ ਆਡਰ ਦਿੰਦਾਂ ਹਾਂ, ਇਹ ਟਾਵਰ ਇਸ ਮੁਹੱਲੇ 'ਚ ਨਹੀਂ ਲਾਇਆ ਜਾਵੇਗਾ, ਅਫ਼ਸਰ ਦੇ ਮੂੰਹੋਂ ਇਉਂ ਸੁਣਦੀ ਸਾਰ ਹੀ ਮੁਹੱਲੇ ਵਾਲਿਆਂ ਦੇ ਮੂੰਹਾਂ ਉੱਤੇ ਖ਼ੁਸ਼ੀ ਦੀ ਲਹਿਰ ਦੌੜ ਗਈ ਸੀ।

ਅੱਜ ਸ਼ਾਮ ਮੂੰਹ ਹਨ੍ਹੇਰੇ ਤੋਂ ਲੈ ਕੇ ਰਾਤੀਂ ਦਸ ਕੁ ਵਜੇ ਤੱਕ ਬਿਲਡਿੰਗ ਦੀ ਤੀਜੀ ਮੰਜ਼ਿਲ ਉੱਤੇ ਲੱਗਣ ਵਾਲੇ ਟਾਵਰ ਦਾ ਸਾਮਾਨ ਵਾਪਸ ਲਾਹ ਕੇ ਇੱਕ ਟੈਂਪੂ 'ਚ ਲੱਦਿਆ ਜਾ ਰਿਹਾ ਸੀ, ਬਿਲਡਿੰਗ ਤੋਂ ਆਖਰੀ ਸਰੀਏ ਦੇ ਸੁੱਟਣ ਤੱਕ ਮੇਰੇ ਕੰਨਾਂ 'ਚ ਠੱਕ ਠੱਕ ਦੀ ਆਵਾਜ਼ ਨਿਰੰਤਰ ਆਉਂਦੀ ਰਹੀ।

ਹੁਣ ਕਾਫ਼ੀ ਟਿਕ ਟਿਕਾਅ ਜਿਹਾ ਹੋ ਗਿਆ ਸੀ। ਪਰ ਇੱਕ ਹੋਰ ਟਾਵਰ ਬਾਰੇ ਸੋਚ ਕੇ ਮੇਰੇ ਕੰਨਾਂ 'ਚ ਹੋ ਰਹੇ ਖੜ੍ਹਕੇ ਦੇ ਨਾਲ-ਨਾਲ ਇੱਕ ਖਲਬਲੀ ਜਿਹੀ ਮੱਚ ਉਠੀ, ਓਸ ਟਾਵਰ ਅੱਗੇ ਜਿਵੇਂ ਸਾਰੇ ਮੁਹੱਲੇ ਦੀ ਅਥਾਹ ਤਾਕਤ ਕਿਧਰੇ ਖਿੰਡ ਪੁੰਡ ਗਈ ਹੋਵੇ, ਇਹੇ ਟਾਵਰ ਜਿਹੜਾ ਇੱਕੋ ਥਾਂ 'ਤੇ ਗੱਡਿਆ ਜਾਣਾ ਸੀ ਅਤੇ ਆਪਣੀਆਂ ਕਿਰਨਾਂ ਰਾਹੀਂ ਅਜਿਹੀਆਂ ਬਿਮਾਰੀਆਂ ਫ਼ੈਲਾਉਂਦਾ ਹੈ ਜਿਹੜੀਆਂ ਘੱਟੋ ਘੱਟ ਲਾਗ ਦੀਆਂ ਬਿਮਾਰੀਆਂ ਨਹੀਂ ਹਨ, ਇਹ ਟਾਵਰ ਤਾਂ ਮੁਹੱਲੇ ਵਾਲਿਆਂ ਨੂੰ ਦਿੱਸ ਪਿਆ, ਜਿਸ ਨੂੰ ਉਨ੍ਹਾਂ ਲੱਗਣ ਤੋਂ ਪਹਿਲਾਂ ਪਟਵਾ ਦਿੱਤਾ, ਪਰ ਇੱਕ ਹੋਰ ਟਾਵਰ ਜੋ ਤੁਰਿਆ ਫ਼ਿਰਦੈ, ਉਹ ਜਿਹੜਾ ਆਪਣੀਆਂ ਅੱਖਾਂ ਰਾਹੀਂ ਪੰਛੀਆਂ ਉੱਤੇ ਨਹੀਂ, ਬਲਕਿ ਮੁਹੱਲੇਦਾਰਾਂ ਉੱਤੇ ਅਟੈਕ ਕਰਕੇ ਅਜਿਹੀਆਂ ਏਡਜ਼ ਵਰਗੀਆਂ ਬਿਮਾਰੀਆਂ ਫ਼ੈਲਾਉਂਦੈ, ਜੇ ਕਿਸੇ ਵੀ ਬੰਦੇ ਨੂੰ ਲੱਗ ਜਾਵੇ, ਜਿਹੜੀ ਪੀੜ੍ਹੀ ਦਰ ਪੀੜ੍ਹੀ ਕਦੇ ਮੁੱਕੇਗੀ ਈ ਨਹੀਂ, ਜਿਸ ਕਾਰਨ ਬੰਦਾ ਨਾ ਜਿਊਦਿਆਂ 'ਚ ਨਾ ਮਰਿਆ ਵਿੱਚ, ਜਿਸਨੂੰ ਆਪਣੀ ਜ਼ੁਬਾਨ ਨਾਲ ਦੱਸਕੇ, ਕੋਈ ਕਿਸੇ 'ਆਪਣੇ ਨਾਲ' ਵੀ ਸਾਂਝੀ ਨਹੀਂ ਕਰ ਸਕਦਾ, ਭਲਾ ਓਸ ਟਾਵਰ ਦੀ ਵਾਪਸੀ ਦੇ ਆਡਰ ਕੌਣ ਕਰੇਗਾ...? ਕੌਣ ਕਰੇਗਾ ਆਡਰ...?

ਹਾਂ ਜੇ ਸਾਡੇ ਮੁਹੱਲੇ ਦੀ ਏਕਤਾ ਕਮੇਟੀ ਅਜਿਹੇ ਟਾਵਰ ਦੀ ਵਾਪਸੀ ਦੇ ਆਡਰ ਕਰੇਗੀ ਤਾਂ ਹੋ ਸਕਦੈ, ਹੋਰ ਮੁਹੱਲਿਆਂ ਵਾਲੇ ਵੀ, ਸਾਡੇ ਇਸ ਉਠਾਏ ਹੋਏ ਸਾਰਥਕ ਕਦਮ ਨੂੰ ਦੇਖਕੇ, ਆਪੋ ਆਪਣੇ ਪਹਿਲੇ ਕਦਮ ਚੁੱਕ ਹੀ ਲੈਣ।

# ਮੇਰੀ ਕਲਮ

## ਸੁੰਦਰਤਾ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਦਬੰਗ ਤੇ ਨਿਸੰਗ ਨੱਚੀ, ਕਰੇ ਅਠਖੇਲੀਆਂ,
ਜਿਹਦੀਆਂ ਅਦਾਵਾਂ ਸਾਨੂੰ, ਲੱਗਣ ਪਹੇਲੀਆਂ।
ਗੁੰਦਿਆ ਸਰੀਰ, ਅੰਗ ਅੰਗ ਨਸ਼ਿਆਇਆ ਏ,
ਸੋਚ ਸੋਚ ਜਿਵੇਂ ਉਹਨੂੰ, ਰੱਬ ਨੇ ਬਣਾਇਆ ਏ।
ਇੱਕ ਪੱਟ ਪਾਂਵਦੀ, ਤੇ ਇੱਕ ਪੱਟ ਲਾਹੰਵਦੀ,
ਕੋਈ ਵੀ ਪੁਸ਼ਾਕ, ਉਹਦੇ ਮੇਚ ਨਹੀਉਂ ਆਂਵਦੀ।
ਤੀਰ ਉਹਦੇ ਨੈਣਾਂ ਦੇ ਨੇ, ਸੀਨਿਆਂ ਨੂੰ ਵਿੰਨ੍ਹਦੇ,
ਸ਼ੋਖ ਜਿਹੇ ਹਾਸੇ ਜਾਣੋਂ, ਰੂਹਾਂ ਤਾਈਂ ਸਿੰਜਦੇ।
ਤੱਕ ਲਵੇ ਜਿਹੜਾ ਉਹਨੂੰ, ਗਵਾ ਲਵੇ ਕਈ ਕੁੱਛ,
ਰਾਹਾਂ ਵਿੱਚ ਰੁਲ਼ ਜਾਵੇ, ਘਰ ਉਹਦਾ ਪੁੱਛ ਪੁੱਛ।
ਡੰਗਿਆ ਹੈ ਕਈਆਂ ਨੂੰ, ਤੇ ਲੁੱਟੇ ਗਏ ਨੇ ਜਨ ਕਈ,
ਰੋਗ ਡਾਢੇ ਲਾਏ ਕਈਆਂ, ਗਏ ਨਸ਼ਈ ਬਣ ਕਈ।
ਕਈਆਂ ਨੂੰ ਨਾ ਚੈਨ ਦਿਨੇ, ਰਾਤ ਨੂੰ ਨਾ ਨੀਂਦ ਏ,
ਕਈਆਂ ਨੂੰ ਨਾ ਬਾਕੀ ਹੁਣ, ਜਿਉਣ ਦੀ ਉਮੀਦ ਏ।
ਤੋਬਾ ਤੋਬਾ ਸਾਰੇ ਪਾਸੇ, ਬੱਲੇ ਬੱਲੇ ਹੋਈ ਐ,
ਐਹੋ ਜਿਹੀ ਆਫ਼ਤ ਤੋਂ, ਬਚਿਆ ਬੱਸ ਕੋਈ ਐ।

## ਗ਼ਜ਼ਲ

ਡਾ. ਹਰਨੇਕ ਸਿੰਘ ਕਲੇਰ

ਬਾਤ ਕਰਦਾ ਸੀ, ਸਦਾ ਜੋ ਪਿਆਰ ਦੀ।
ਪੀੜ ਬਣ ਕੇ, ਰਹਿ ਗਿਆ ਹੈ ਖਾਰ ਦੀ।
ਗ਼ਮ ਨਹੀਂ ਹੁਣ, ਮਾਣਦੇ ਹਾਂ ਜ਼ਿੰਦਗੀ,
ਨਾ ਖ਼ੁਸ਼ੀ ਹੈ ਜਿੱਤ ਦੀ, ਨਾ ਹਾਰ ਦੀ।
ਨਾ ਸਦਾ ਪਤਝੜ ਰਹੇ, ਸਭ ਜਾਣਦੇ,
ਰੁੱਤ ਮੁੜ ਕੇ ਮਾਣ ਲੈ ਬਹਾਰ ਦੀ।
ਜ਼ਿੰਦਗੀ ਦਾ ਸੱਚ, ਸੁਣ ਮਨ ਡੋਲਿਆ,
ਨਾ ਕਦੇ ਲੰਘੀ ਮੁੜੇ, ਰੁੱਤ ਪਿਆਰ ਦੀ।
ਨਾ ਕਰੀਂ ਸ਼ਿਕਵਾ, ਕਦੇ ਵੀ ਯਾਰ 'ਤੇ,
ਸਾਂਭ ਰੱਖੀਂ, ਤੂੰ ਨਿਸ਼ਾਨੀ ਯਾਰ ਦੀ।
ਸੱਚ ਰੱਖੀਂ ਕੋਲ, ਜੋ ਨਾ ਹਾਰਦਾ,
ਜਿੱਤ ਹੁੰਦੀ ਹੈ, ਸਦਾ ਹੀ ਪਿਆਰ ਦੀ।
ਮਨ 'ਚ ਨਾ ਤੂੰ, ਖੋਟ ਰੱਖੀਂ ਆਪਣੇ,
ਰੱਬ ਨਾਲੋਂ ਵੱਧ, ਸ਼ਕਤੀ ਨਾਰ ਦੀ।
ਚੱਲਦੀ ਕਾਨੀ ਰਹੇ, ਜੇ ਮਿੱਤਰਾ,
ਫੇਰ ਸਾਨੂੰ, ਲੋੜ ਕੀ ਤਲਵਾਰ ਦੀ।

## ਧੂੰਆਂ

ਹਰਦੀਪ ਸਿੰਘ ਭੁਦਨ

ਇਹ ਕੋਈ
ਆਮ ਧੂੰਆਂ ਨਹੀਂ
ਜਿਹੜਾ ਆ ਵੜਦਾ
ਸਾਡੇ ਸਾਰੇ ਚੁਗਿਰਦੇ 'ਚ
ਤੇ ਲੈ ਲੈਂਦਾ ਹੈ
ਆਪਣੀ ਗ੍ਰਿਫ਼ਤ ਵਿੱਚ
ਜਿਉਣਾ ਦੁੱਭਰ ਕਰ ਦਿੰਦਾ
ਹਰ ਇੱਕ ਦਾ
ਜਿਸ ਦੇ ਵਿੱਚ
ਬੋਲਣਾ ਵੀ
ਸਾਹ ਲੈਣਾ ਵੀ
ਔਖਾ ਹੋ ਜਾਂਦਾ
ਜਿਸ ਦੀ ਆਮਦ ਨਾਲ
ਸੜਕਾਂ 'ਤੇ ਵਾਪਰਦੇ
ਹਰ ਰੋਜ਼ ਹਾਦਸੇ
ਹਸੂੰ ਹਸੂੰ ਕਰਦੇ ਚਿਹਰੇ
ਮਿੰਟਾਂ ਸਕਿੰਟਾਂ 'ਚ
ਪੈ ਜਾਂਦੇ ਨੇ
ਅਣ ਆਈ
ਮੌਤ ਦੇ ਮੂੰਹ 'ਚ
ਇਹ ਕੋਈ
ਆਮ ਧੂੰਆਂ ਨਹੀਂ...
ਇਸ ਧੂੰਏਂ ਦਾ
ਰੰਗ ਤੇ ਮੌਸਮ
ਆਪਣਾ ਵੱਖਰਾ ਹੈ
ਇਸ ਦੀ ਚਰਚਾ
ਗਲੀ ਮਹੱਲੇ ਹੀ ਨਹੀਂ
ਅੱਜ ਕੱਲ ਤਾਂ
ਦਿੱਲੀ ਤੇ ਲਾਹੌਰ
ਵਿੱਚ ਵੀ ਹੈ
ਭਾਵੇਂ ਇਹ ਕਿਸੇ ਦਾ
ਸ਼ੌਕ ਨਹੀਂ
ਮਜਬੂਰੀ ਹੈ
ਫਿਰ ਵੀ
ਚਰਚਾ ਦਾ ਵਿਸ਼ਾ ਹੈ
ਰੋਜ਼ ਦੇ ਅਖਬਾਰਾਂ ਦਾ
ਇਹ ਕੋਈ
ਆਮ ਧੂੰਆਂ ਨਹੀਂ....

## ਕਮਲ਼ਿਆ !

ਰੰਜੀਵਨ ਸਿੰਘ

ਵੱਡਾ ਹੋ
ਆਖੇਂ ਤੂੰ
ਕਰਜ਼/ ਮਮਤਾ ਦਾ
ਤੂੰ ਲਾਹੇਂਗਾ
ਕਮਲਿਆ!
ਮਾਂ
ਕਰਜ਼ ਨ੍ਹੀਂ ਚੜ੍ਹਾਉਂਦੀ
ਅਸੀਸਾਂ/ ਅਹਿਸਾਸਾਂ
ਲੋਰੀਆਂ ਤੇ ਦੁਲਾਰ ਨਾਲ
ਲਬਰੇਜ਼ ਕਰਦੀ ਐ
ਔਲਾਦ ਆਪਣੀ ਨੂੰ
ਬਸ
ਉਸੇ ਅਹਿਸਾਸ ਨਾਲ
ਪਿਆਰ ਕਰ/ ਸਤਿਕਾਰ ਕਰ
ਮਾਂ ਆਪਣੀ ਦਾ
ਕਮਲਿਆ!
ਕਿਉਂਕਿ ਮਾਂ
ਕਰਜ਼ ਨ੍ਹੀਂ ਚੜ੍ਹਾਉਂਦੀ।

## ਗ਼ਜ਼ਲ

ਬਲਵਿੰਦਰ ਬਾਲਮ

ਜੀਣਾ ਮਰਨਾ ਤੇਰੇ ਨਾਲ ਜਦ ਫਿਰ ਕਿਉਂ ਜਾਵਾਂ ਹੋਰ ਕਿਤੇ।
ਅਪਣੀ ਰਹਿਮਤ ਦਾ ਸਰਮਾਇਆ ਮੈਂ ਕਿਉਂ ਪਾਵਾਂ ਹੋਰ ਕਿਤੇ।
ਓਧਰ ਵੱਖਰੇ ਯਾਰਾਨੇ ਤੇ ਏਧਰ ਵੱਖਰੇ ਅਫ਼ਸਾਨੇ,
ਇੰਝ ਨਈਂ ਹੋਣਾ ਲੋਕਾਂ ਨੂੰ ਫਿਰ ਮੈਂ ਸਮਝਾਵਾਂ ਹੋਰ ਕਿਤੇ।
ਤੇਰੇ ਰੁੱਖ ਦੀ ਛਾਵੇਂ ਬਹਿ ਇੱਕ ਸਕੂਨ ਨਜ਼ਾਰਾ ਪਾਇਆ,
ਐਪਰ ਮਤਲਬ ਪਿੱਛੋਂ ਫਿਰ ਕਿਉਂ ਆਵਾਂ ਜਾਵਾਂ ਹੋਰ ਕਿਤੇ।
ਚਿੰਤਾ ਵਾਲੀ ਚਾਰ ਦੀਵਾਰੀ ਮਸਤਕ ਵਾਲੀ ਬੁਗਨੀ ਵਿੱਚ,
ਅਪਣੀ ਮਸਤੀ ਦੇ ਵਿੱਚ ਅਪਣੀ ਮੌਜ ਲੁਟਾਵਾਂ ਹੋਰ ਕਿਤੇ।
ਉਸ ਦੇ ਚਿਹਰੇ ਦੀ ਮੁਸਕਾਨ 'ਚ ਇੱਕ ਬਣਾਉਟੀਪਣ ਝਲਕੇ,
ਤਕਦਾ ਏਧਰ ਵਾਲੇ ਪਾਸੇ ਚੋਰ ਨਿਗ੍ਹਾਵਾਂ ਹੋਰ ਕਿਤੇ।
ਤੇਰੇ ਨੈਣਾਂ ਵਿੱਚ ਗੁਫ਼ਾਵਾਂ ਦਾ ਸਿਰਨਾਵਾਂ ਲਭਦਾ ਨਈਂ,
ਇਸ ਮੰਜ਼ਿਲ ਦੀਆਂ ਛੁਪੀਆਂ ਹੋਈਆਂ ਲਗਦਾ ਰਾਹ੍ਵਾਂ ਹੋਰ ਕਿਤੇ।
ਇਸ ਗੁੱਡੀ ਨੇ ਅੰਬਰ ਦੇ ਵਿੱਚ ਮੁਮਕਿਨ ਹੈ ਕਿ ਚੜ੍ਹਣਾ ਨਈਂ,
ਕਿਉਂਕਿ ਇਸ ਦੀਆਂ ਅਗਰ ਤਣਾਵਾਂ ਮਗਰ ਤਣਾਵਾਂ ਹੋਰ ਕਿਤੇ।
ਇੱਕ ਕਮਾਨ 'ਚ ਦੋ-ਦੋ ਤੀਰ ਚਲਾਵਣ ਦੀ ਸਮਰੱਥਾ ਹੈ,
ਇੱਕ ਚੜ੍ਹਾਵਾਂ ਏਧਰ ਪਾਸੇ ਇੱਕ ਚੜ੍ਹਾਵਾਂ ਹੋਰ ਕਿਤੇ।
ਸਮਝਣ ਵਾਲੇ ਸਮਝਣਗੇ ਸਮਝਣ ਵਾਲੀ ਗੱਲ ਸਮਝਣ ਜੇ,
ਗੱਲ ਸੁਣਾਵਾਂ ਗ਼ੈਰਾਂ ਨੂੰ ਤੇ ਪਾਠ ਪੜ੍ਹਾਵਾਂ ਹੋਰ ਕਿਤੇ।
ਮਜਬੂਰੀ ਵੀ ਇੱਛਾਵਾਂ ਨੂੰ ਫਾਂਸੀ ਤੇ ਲਟਕਾ ਦਿੰਦੀ ਹੈ,
ਅੱਟੀ-ਸੱਟੀ ਹੋਰ ਕਿਤੇ ਹੈ ਐਪਰ ਲਾਵਾਂ ਹੋਰ ਕਿਤੇ।
ਇਹ ਤਾਂ ਹਰਗਿਜ਼ ਹੋ ਨਈਂ ਸਕਦਾ ਗ਼ਜ਼ਲ ਤਿਰੀ ਨੂੰ ਵਿੱਚ ਤਰੰਨੁਮ,
ਮਹਿਫ਼ਲ ਬਾਲਮ ਤੇਰੀ ਹੋਵੇ ਐਪਰ ਗਾਵਾਂ ਹੋਰ ਕਿਤੇ।

## ਗ਼ਜ਼ਲ

ਰੋਜ਼ੀ ਸਿੰਘ

ਚਾਲ ਵੀ ਹੈ ਬਦਲੀ-ਬਦਲੀ ਨਜ਼ਰ ਦੀ ਮਸਤੀ ਬਦਲ ਰਹੀ ਹੈ,
ਹਰ ਤਰਫ਼ ਹੁਣ ਰੌਸ਼ਨੀ ਹੈ ਲੱਗਦੈ ਬਸਤੀ ਬਦਲ ਰਹੀ ਹੈ।
ਹਾਲਾਤ ਬਦਲਣਗੇ ਕਦੇ ਤਾਂ, ਦੌਰ ਗ਼ਮ ਦਾ ਇਹ ਜਾਏਗਾ ਹੀ,
ਹਾਲੇ ਤਾਂ ਇਹ ਦੌਰ ਹੈ ਕਿ ਆਪਣੀ ਹਸਤੀ ਬਦਲ ਰਹੀ ਹੈ।
ਕਿਤੇ ਹੈ ਜਗਦਾ ਚਿਰਾਗ਼ ਕਿਧਰੇ ਦੀਵਿਆਂ ਦੀ ਡਾਰ ਵੀ ਹੈ,
ਦਰਿਆ ਹੈ ਕਿ ਮਚਲ ਰਿਹਾ ਹੈ ਤੇ ਵਿੱਚ ਕਸ਼ਤੀ ਬਦਲ ਰਹੀ ਹੈ।
ਸੜ ਰਿਹੈ ਇਖ਼ਲਾਕ ਏਥੇ ਤੇ ਵਿਕ ਰਿਆ ਏ ਜ਼ਮੀਰ ਥਾਂ ਥਾਂ,
ਕੌਣ ਹਨ ਕਿ ਮੁੱਕਰ ਰਹੇ ਨੇ ਜ਼ੁਬਾਂ ਇਹ ਸਸਤੀ ਬਦਲੀ ਰਹੀ ਹੈ।
ਦੇਖ ਲੈ ਆਪਣੀ ਦੁਨੀਆ ਆ ਕੇ ਇੱਕ ਵਾਰ ਤੂੰ ਐ ਖ਼ੁਦਾਇਆ,
ਮਰ ਰਹੀ ਇਨਸਾਨੀਅਤ ਔਰ ਖ਼ੁਦਾਪ੍ਰਸਤੀ ਬਦਲ ਰਹੀ ਹੈ।

## ਗ਼ਜ਼ਲ

ਬਿੰਦਰਜੀਤ ਕੌਰ

ਉੱਗਣਗੇ ਕਿੱਦਾਂ ਪਥਰੀਲੇ ਰਾਹਾਂ ਦੇ ਵਿੱਚ
ਇਹ ਬੀਜ ਜੋ ਬੀਜੇ ਨੇ ਬੰਜਰ ਥਾਵਾਂ ਦੇ ਵਿੱਚ
ਸੁਗੰਧੀਆਂ ਦੀ ਭਾਲ ਹਾਲੇ ਵੀ ਬਰਕਰਾਰ
ਹਵਾ ਜ਼ਹਿਰ ਘੋਲ ਰਹੀ ਮੇਰਿਆਂ ਸਾਹਾਂ ਦੇ ਵਿੱਚ
ਅਤਿ ਦੀ ਪਿਆਸ ਤੇ ਪਾਣੀ 'ਚ ਵੀ ਜ਼ਹਿਰ
ਜ਼ਿੰਦਗੀ ਦੀ ਭਾਲ ਸਿਸਕੀਆਂ ਆਹਾਂ ਦੇ ਵਿੱਚ
ਬਾਗ਼ਾਂ 'ਚ ਵੀ ਵਾਹ ਮੇਰਾ ਕੰਢਿਆਂ ਦੇ ਨਾਲ
ਕਸੂਰ ਵੀ ਤੇ ਦੱਸੋ ਦਿੱਤੀਆਂ ਸਜ਼ਾਵਾਂ ਦੇ ਵਿੱਚ
ਹੁਣ ਸੂਰਜ ਦੂਰ ਕਰੇ ਮੇਰੇ ਘਰ ਦੇ ਨੇੜੇ
ਦਮ ਘੁੱਟਦਾ ਹੈ ਠੰਢੀਆਂ ਛਾਵਾਂ ਦੇ ਵਿੱਚ
ਨੈਣਾਂ ਨੂੰ ਛੱਡ ਅੰਬਰਾਂ ਤੋਂ ਬਰਸ ਜਾਂਦਾ
ਕੋਈ ਚੀਸ ਹੀ ਨਹੀਂ ਤੇਰੀਆਂ ਧਾਹਾਂ ਦੇ ਵਿੱਚ
ਕਾਇਨਾਤ ਵੀ ਮਿਲਾਵੇ ਜੋ ਮਨ ਤੋਂ ਚਾਹੀਏ
ਮੈਂ ਸ਼ਾਮਿਲ ਨਹੀਂ ਤੇਰੀਆਂ ਦੁਆਵਾਂ ਦੇ ਵਿੱਚ।

## ਸੱਚੇ ਬੋਲ

ਚਰਨ ਸਿੰਘ ਮਾਹੀ

ਆਖਦੇ ਨੇ ਲੋਕੀਂ ਹੁੰਦੀ ਸੱਚ ਤਾਈਂ ਫਾਂਸੀ।
ਪਰ ਸੱਚ ਦੇ ਮੂੰਹ 'ਤੇ ਕਦੇ ਦੇਖੀ ਨ੍ਹੀਂ ਉਦਾਸੀ।
ਝੂਠੇ ਦੀ ਹਾਮੀ ਕਦੇ ਭਰਦਾ ਨ੍ਹੀਂ ਹੁੰਦਾ।
ਤਾਹੀਉਂ ਤਾਂ ਲੋਕੋ ਸੱਚ ਮਰਦਾ ਨ੍ਹੀਂ ਹੁੰਦਾ।
ਸੱਚ ਦੇ ਰਾਹ ਵਿੱਚ ਬੜੇ ਟਿੱਬੇ ਟੋਏ ਨੇ।
ਰਾਹ ਜਿਹੜੇ ਇਸ ਦਾ ਰੋਕ ਕੇ ਖਲੋਏ ਨੇ।
ਕਦੇ ਵੀ ਤੂਫ਼ਾਨਾਂ ਤੋਂ ਡਰਦਾ ਨ੍ਹੀਂ ਹੁੰਦਾ।
ਤਾਹੀਉਂ ਤਾਂ ਲੋਕੋ ਸੱਚ ਮਰਦਾ ਨ੍ਹੀਂ ਹੁੰਦਾ।
ਸੱਚ ਤਾਂ ਹਮੇਸ਼ਾ ਰਹਿੰਦਾ ਸ਼ੇਰ ਵਾਂਗੂੰ ਗੱਜਦਾ।
ਛੱਡ ਕੇ ਮੈਦਾਨ ਇਹ ਕਦੇ ਨਹੀਂ ਭੱਜਦਾ।
ਹੁੰਦਾ ਕਿਤੇ ਜ਼ੁਲਮ ਇਹ ਜਰਦਾ ਨ੍ਹੀਂ ਹੁੰਦਾ।
ਤਾਹੀਉਂ ਤਾਂ ਲੋਕੋ ਸੱਚ ਮਰਦਾ ਨੀਂ ਹੁੰਦਾ।
ਸੱਚ ਤੇ ਹਮੇਸ਼ਾ ਰਹਿੰਦੀ ਦੁਨੀਆ ਹੈ ਮੱਚਦੀ।
ਆਖ਼ਰ ਨੂੰ ਜਿੱਤ ਸਦਾ ਹੁੰਦੀ ਹੈ ਸੱਚ ਦੀ।
ਝੂਠੀ ਗੱਲ ਕਦੇ ਮਾਹੀ ਕਰਦਾ ਨ੍ਹੀਂ ਹੁੰਦਾ।
ਤਾਹੀਉਂ ਤਾਂ ਲੋਕੋ ਸੱਚ ਮਰਦਾ ਨ੍ਹੀਂ ਹੁੰਦਾ।

## ਮਜ਼ਾ ਹੀ ਕੁਝ ਹੋਰ ਸੀ !

ਪ੍ਰੀਤਪਾਲ ਸਿੰਘ
ਮਿਰਜ਼ਾਪੁਰੀ

ਬਚਪਨ ਬਿਤਾਉਣ ਦਾ
ਤੇ ਜਵਾਨੀ ਵਿੱਚ ਪੈਰ ਪਾਉਣ ਦਾ
ਮਜ਼ਾ ਹੀ ਕੁਝ ਹੋਰ ਸੀ!
ਦੇਰ ਨਾਲ ਘਰ ਆਉਣ ਦਾ
ਤੇ ਬਹਾਨੇ ਬਣਾਉਣ ਦਾ
ਮਜ਼ਾ ਹੀ ਕੁਝ ਹੋਰ ਸੀ!
ਕੀ ਕੁਝ ਹੁੰਦਾ ਸੀ ਪਿੰਡ ਵਿੱਚ
ਕਿ ਪਹਿਲੇ ਹੀ ਮਿੰਟ ਵਿੱਚ ਚਿੜ ਗਿਆ ਮੈਂ
ਫਿਰ ਨਾਂ ਨਹੀਂ ਲਿਆ ਮੈਂ ਛਿੰਝ ਦਾ
ਫਿਰ ਬਾਂਦਰ-ਕੀਲਾ ਹੀ ਖੇਡਿਆ ਮੈਂ
ਤੇ ਮੈਂ ਕੈਪਟਨ ਬਣ ਗਿਆ ਸੀ ਪਿੰਡ ਦਾ
ਭੂਤਾਂ ਦੀਆਂ ਗੱਲਾਂ ਕਰਕੇ
ਤੇ ਨਿਆਣਿਆਂ ਨੂੰ ਡਰਾਉਣ ਦਾ
ਮਜ਼ਾ ਹੀ ਕੁਝ ਹੋਰ ਸੀ!
ਰੋਜ਼ ਦੇਰ ਨਾਲ ਉੱਠਣ ਦਾ
ਤੇ ਬਾਪੂ ਤੋਂ ਗਾਲ੍ਹਾਂ ਖਾਣ ਦਾ
ਮਜ਼ਾ ਹੀ ਕੁਝ ਹੋਰ ਸੀ!
ਗਰਮੀਆਂ 'ਚ ਛੱਤ 'ਤੇ ਸੌਣ ਲਈ
ਸ਼ਾਮੀਂ ਮੰਜੇ ਸੀ ਚੜ੍ਹਾਏ
ਅੱਧੀ ਕੁ ਰਾਤੀਂ ਮੀਂਹ ਆ ਗਿਆ
ਅੱਖਾਂ ਮਲਦਿਆਂ ਥੱਲੇ ਲਾਹੇ
ਅਗਲਿਆਂ ਦਾ ਟਰਾਲੀ ਪਿੱਛੇ
'ਮੂਰਖਾ ਸੰਗਲ ਨਾ ਫੜ' ਲਿਖਾਉਣ ਦਾ
ਤੇ ਸਾਡਾ ਫਿਰ ਓਸੇ ਹੀ ਸੰਗਲ ਨੂੰ
ਹੱਥ ਪਾਉਣ ਦਾ
ਮਜ਼ਾ ਹੀ ਕੁਝ ਹੋਰ ਸੀ!
ਇੱਕ ਬੁੜ੍ਹੇ ਤੋਂ ਖੂੰਡੀ ਖਾਧੀ
ਮਜ਼ਾਕ ਉਹਦਾ ਉਡਾ ਕੇ
ਖਾਧੇ ਬਹੁਤ ਮੈਂ ਪੀਪੇ ਵਾਲੇ ਬਿਸਕੁਟ
ਚਾਹ ਵਿੱਚ ਪਾ-ਪਾ ਕੇ





ਵਿਆਹ ਵਿੱਚ ਹਲਵਾਈ ਨਾਲ
ਲੱਡੂ ਵਟਾਉਣ ਦਾ
ਤੇ ਵਿੱਚੋਂ ਫਿਰ ਚੋਰੀ-ਚੋਰੀ ਖਾਣ ਦਾ
ਮਜ਼ਾ ਹੀ ਕੁਝ ਹੋਰ ਸੀ!
ਕਿਸੇ ਨੇ ਘਰ ਦਾ ਪਤਾ ਜੋ ਪੁੱਛਿਆ
ਆਏ ਅਸੀਂ ਉਹਨੂੰ ਘਰ ਪਹੁੰਚਾ ਕੇ
ਪਰ ਕਈ ਵਾਰੀ ਹੱਸੇ ਬਹੁਤ
ਉਹਨੂੰ ਪੁੱਠੇ ਰਸਤੇ ਪਾ ਕੇ
ਆਪੂੰ ਸ਼ਰਾਰਤ ਕਰਕੇ ਲੁਕ ਜਾਣ ਦਾ
ਤੇ ਦੂਜੇ ਨੂੰ ਪੀ.ਟੀ. ਮਾਸਟਰ ਤੋਂ ਫੈਂਟੀ ਲਗਾਉਣ ਦਾ
ਮਜ਼ਾ ਹੀ ਕੁਝ ਹੋਰ ਸੀ!
ਬਹੁਤ ਕੁਝ ਪਾਇਆ
ਕਈ ਵਾਰੀ ਹੱਸਿਆ ਮੈਂ ਕਈ ਕਈ ਵਾਰੀ ਰੋ ਪਿਆ
ਬਹੁਤ ਕੁਝ ਪਾਇਆ ਅਸੀਂ ਬਹੁਤ ਕੁਝ ਖੋ ਗਿਆ
ਬੱਚੇ ਸਾਗ ਤੇ ਮੱਕੀ ਦੀ ਰੋਟੀ ਨਹੀਂ ਖਾਂਦੇ
ਤੇ ਸਾਨੂੰ ਕੋਈ ਫੈਂਸੀ ਚੀਜ਼ ਨਹੀਂ ਭਾਉਂਦੀ
ਬੱਚੇ ਚੰਗੀ ਪੰਜਾਬੀ ਨਹੀਂ ਬੋਲਦੇ
ਤੇ ਸਾਨੂੰ ਚੰਗੀ ਅੰਗਰੇਜ਼ੀ ਨਹੀਂ ਆਉਂਦੀ
ਕਈ ਵਾਰੀਂ ਸੋਚਦੇ ਹਾਂ ਯਾਰੋ ਇਹ ਕੀ ਹੋ ਗਿਆ
ਬਹੁਤ ਕੁਝ ਪਾਇਆ ਅਸੀਂ ਬਹੁਤ ਕੁਝ ਖੋ ਗਿਆ
ਇੱਥੇ ਰਿਸ਼ਤੇ ਕਾਫ਼ੀ ਘੱਟ ਹਨ,
ਕੁਝ ਰਿਸ਼ਤੇ ਉੱਥੇ ਰਹਿ ਗਏ
ਕੁਝ ਰਿਸ਼ਤੇ ਇੱਥੇ ਖੋ ਗਏ
ਮਾਮੇ, ਚਾਚੇ, ਮਾਸੜ, ਫੁੱਫੜ
ਸਭ ਇੱਥੇ ਆ ਕੇ ਅੰਕਲ ਹੋ ਗਏ
ਨਾਮ ਤੱਕ ਬਦਲ ਗਏ
ਕ੍ਰਿਸ਼ਨਾਮੂਰਤੀ ਇੱਥੇ ਆ ਕੇ ਕ੍ਰਿਸ਼ ਹੋ ਗਿਆ
ਬਹੁਤ ਕੁਝ ਪਾਇਆ ਅਸੀਂ ਬਹੁਤ ਕੁਝ ਖੋ ਗਿਆ
ਕਈ ਵਾਰ ਲੱਗਦਾ ਕਿ ਥੋੜ੍ਹਾ ਜਿਹਾ ਪਾਇਆ ਅਸੀਂ
ਬਹੁਤ ਕੁਝ ਖੋ ਗਿਆ।

# ਹਾਕੀ: ਭਾਰਤ ਨੇ ਪੰਜਵੀਂ ਵਾਰ ਜਿੱਤਿਆ ਪੁਰਸ਼ ਜੂਨੀਅਰ ਏਸ਼ੀਆ ਕੱਪ

## ਫ਼ਾਈਨਲ ਵਿੱਚ ਹੁੰਦਲ ਦੇ ਚਾਰ ਗੋਲਾਂ ਨਾਲ ਪਾਕਿਸਤਾਨ ਨੂੰ ਹਰਾਇਆ

## ਇਸ ਤੋਂ ਪਹਿਲਾਂ ਭਾਰਤ ਨੇ 2004, 2008, 2015 ਤੇ 2023 ਵਿੱਚ ਜਿੱਤਿਆ ਸੀ ਇਹ ਖ਼ਿਤਾਬ

ਮਸਕਟ/ਏ.ਟੀ.ਨਿਊਜ਼: ਪਿਛਲੇ ਚੈਂਪੀਅਨ ਭਾਰਤ ਨੇ ਅਰੀਜੀਤ ਸਿੰਘ ਹੁੰਦਲ ਦੇ ਚਾਰ ਗੋਲਾਂ ਦੀ ਮਦਦ ਨਾਲ ਇੱਥੇ ਪੁਰਸ਼ ਜੂਨੀਅਰ ਏਸ਼ੀਆ ਕੱਪ ਦੇ ਫ਼ਾਈਨਲ ਮੈਚ ਵਿੱਚ ਰਵਾਇਤੀ ਵਿਰੋਧੀ ਪਾਕਿਸਤਾਨ ਨੂੰ 5-3 ਨਾਲ ਹਰਾ ਕੇ ਖ਼ਿਤਾਬ ਆਪਣੇ ਨਾਮ ਕੀਤਾ। ਇਸ ਮਹਾਦੀਪ ਪੱਧਰੀ ਟੂਰਨਾਮੈਂਟ ਵਿੱਚ ਭਾਰਤ ਦਾ ਇਹ ਪੰਜਵਾਂ ਖ਼ਿਤਾਬ ਹੈ। ਇਸ ਤੋਂ ਪਹਿਲਾਂ ਭਾਰਤ ਨੇ 2004, 2008, 2015 ਤੇ 2023 ਵਿੱਚ ਇਹ ਖ਼ਿਤਾਬ ਜਿੱਤਿਆ ਸੀ। ਕੋਵਿਡ-19 ਕਾਰਨ ਇਹ ਟੂਰਨਾਮੈਂਟ 2021 ਵਿੱਚ ਨਹੀਂ ਕਰਵਾਇਆ ਗਿਆ ਸੀ। ਇਸ ਤੋਂ ਪਹਿਲਾਂ ਜਪਾਨ ਨੇ ਮਲੇਸ਼ੀਆ ਨੂੰ 2-1 ਨਾਲ ਹਰਾ ਕੇ ਤੀਜਾ ਸਥਾਨ ਹਾਸਲ ਕੀਤਾ।




ਮੈਚ ਦੌਰਾਨ ਹੁੰਦਲ ਨੇ ਚੌਥੇ, 18ਵੇਂ ਤੇ 54ਵੇਂ ਮਿੰਟ ਵਿੱਚ ਤਿੰਨ ਪੈਨਲਟੀ ਕਾਰਨਰਾਂ ਨੂੰ ਗੋਲ ਵਿੱਚ ਬਦਲਿਆ ਅਤੇ 47ਵੇਂ ਮਿੰਟ ਵਿੱਚ ਇਕ ਹੋਰ ਗੋਲ ਕੀਤਾ। ਭਾਰਤ ਲਈ ਇੱਕ ਹੋਰ ਗੋਲ ਦਿਲਰਾਜ ਸਿੰਘ (19ਵੇਂ ਮਿੰਟ) ਨੇ ਕੀਤਾ। ਪਾਕਿਸਤਾਨ ਲਈ ਸੂਫ਼ੀਆਨਾ ਖਾਨ (30ਵੇਂ ਤੇ 39ਵੇਂ ਮਿੰਟ) ਨੇ ਦੋ ਪੈਨਲਟੀ ਕਾਰਨਰਾਂ ਨੂੰ ਗੋਲ ਵਿੱਚ ਬਦਲਿਆ ਜਦਕਿ ਹੰਨਾਨ ਸ਼ਾਹਿਦ ਨੇ ਤੀਜੇ ਮਿੰਟ ਵਿੱਚ ਗੋਲ ਕੀਤਾ।

ਪਾਕਿਸਤਾਨ ਨੇ ਤੀਜੇ ਮਿੰਟ ਵਿੱਚ ਹੀ ਸ਼ਾਹਿਦ ਦੇ ਗੋਲ ਨਾਲ ਲੀਡ ਹਾਸਲ ਕੀਤੀ। ਭਾਰਤ ਨੇ ਕੁਝ ਸਕਿੰਟਾਂ ਬਾਅਦ ਹੀ ਆਪਣਾ ਪਹਿਲਾ ਪੈਨਲਟੀ ਕਾਰਨਰ ਹਾਸਲ ਕੀਤਾ। ਹੁੰਦਲ ਨੇ ਸ਼ਕਤੀਸ਼ਾਲੀ ਡਰੈਗ ਫ਼ਲਿੱਕ 'ਤੇ ਪਾਕਿਸਤਾਨ ਦੇ ਗੋਲਕੀਪਰ ਦੇ ਸੱਜੇ ਪਾਸਿਓਂ ਗੋਲ ਵਿੱਚ ਪਹੁੰਚ ਕੇ ਟੀਮ ਨੂੰ ਬਰਾਬਰੀ ਦਿਵਾਈ। ਦੂਜੇ ਕੁਆਰਟਰ ਵਿੱਚ ਭਾਰਤ ਨੇ ਆਪਣੇ ਖੇਡ ਵਿੱਚ ਸੁਧਾਰ ਕੀਤਾ ਅਤੇ 18ਵੇਂ ਮਿੰਟ ਵਿੱਚ ਆਪਣਾ ਦੂਜਾ ਪੈਨਲਟੀ ਕਾਰਨਰ ਹਾਸਲ ਕੀਤਾ, ਜਿਸ ਨੂੰ ਹੁੰਦਲ ਨੇ ਗੋਲ ਵਿੱਚ ਬਦਲ ਦਿੱਤਾ। ਇੱਕ ਮਿੰਟ ਬਾਅਦ ਦਿਲਰਾਜ ਨੇ ਇਕ ਬਿਹਤਰੀਨ ਗੋਲ ਕਰ ਕੇ ਭਾਰਤ ਦੀ ਲੀਡ ਨੂੰ 3-1 ਕੀਤਾ। ਭਾਰਤ ਨੇ ਆਖ਼ਰੀ ਕੁਆਰਟਰ ਦੌਰਾਨ 47ਵੇਂ ਮਿੰਟ 'ਚ ਆਪਣਾ ਤੀਜਾ ਪੈਨਲਟੀ ਕਾਰਨਰ ਹਾਸਲ ਕੀਤਾ ਪਰ ਹੁੰਦਲ ਦੇ ਸ਼ਾਟ ਨੂੰ ਪਾਕਿਸਤਾਨ ਦੇ ਗੋਲਕੀਪਰ ਮੁਹੰਮਦ ਜੰਜੂਆ ਨੇ ਬਚਾਅ ਲਿਆ। ਹੁੰਦਲ ਨੇ ਹਾਲਾਂਕਿ, ਕੁਝ ਸਕਿੰਟ ਬਾਅਦ ਹੀ ਗੋਲ ਕਰ ਕੇ ਭਾਰਤ ਨੂੰ ਮੁੜ ਲੀਡ ਦਿਵਾਈ। ਭਾਰਤ ਨੇ ਆਖ਼ਰੀ 10 ਮਿੰਟ ਵਿੱਚ ਪਾਕਿਸਤਾਨ 'ਤੇ ਦਬਾਅ ਬਣਾਉਂਦਿਆਂ ਹੁੰਦਲ ਨੇ ਇੱਕ ਵਾਰ ਮੁੜ ਤੋਂ ਗੋਲ ਕਰ ਕੇ ਟੀਮ ਦੀ 5-3 ਨਾਲ ਜਿੱਤ ਯਕੀਨੀ ਬਣਾਈ।

# ਆਸਟ੍ਰੇਲੀਆ ਨੇ ਭਾਰਤ ਨੂੰ ਦੂਜੇ ਟੈਸਟ ਮੈਚ ਵਿੱਚ 10 ਵਿਕਟਾਂ ਨਾਲ ਹਰਾਇਆ

ਭਾਰਤ ਤੇ ਆਸਟ੍ਰੇਲੀਆ ਦਰਮਿਆਨ ਬਾਰਡਰ ਗਾਵਸਕਰ ਟੈਸਟ ਸੀਰੀਜ਼ ਦੇ ਦੂਜੇ ਟੈਸਟ ਮੈਚ 'ਚ ਆਸਟ੍ਰੇਲੀਆ ਨੇ ਭਾਰਤ ਨੂੰ 10 ਵਿਕਟਾਂ ਨਾਲ ਹਰਾ ਦਿੱਤਾ ਹੈ। ਮੈਚ 'ਚ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਭਾਰਤ ਨੇ ਆਪਣੀ ਪਹਿਲੀ ਪਾਰੀ 'ਚ ਨਿਤੀਸ਼ ਰੈਡੀ ਦੀਆਂ 42 ਦੌੜਾਂ, ਕੇ.ਐੱਲ. ਰਾਹੁਲ ਦੀਆਂ 37 ਦੌੜਾਂ, ਸ਼ੁਭਮਨ ਗਿੱਲ ਦੀਆਂ 31 ਦੌੜਾਂ, ਅਸ਼ਵਿਨ ਦੀਆਂ 22 ਦੌੜਾਂ ਤੇ ਪੰਤ ਦੀਆਂ 21 ਦੌੜਾਂ ਨਾਲ 180 ਦੌੜਾਂ ਬਣਾਈਆਂ ਸਨ। ਇਸ ਦੌਰਾਨ ਆਸਟ੍ਰੇਲੀਆ ਲਈ ਮਿਸ਼ੇਲ ਸਟਾਰਕ ਨੇ 6, ਕਮਿੰਸ ਨੇ 2, ਬੋਲੈਂਡ ਨੇ 2 ਵਿਕਟਾਂ ਲਈਆਂ ਸਨ।



ਇਸ ਤੋਂ ਬਾਅਦ ਆਸਟ੍ਰੇਲੀਆ ਨੇ ਆਪਣੀ ਪਹਿਲੀ ਪਾਰੀ 'ਚ ਟ੍ਰੈਵਿਸ ਹੈੱਡ ਦੀਆਂ 140 ਦੌੜਾਂ ਤੇ ਲਾਬੁਸ਼ੇਨ ਦੀਆਂ 64 ਦੌੜਾਂ ਦੀ ਬਦੌਲਤ ਆਲ ਆਊਟ ਹੋ ਕੇ 337 ਦੌੜਾਂ ਬਣਾਈਆਂ ਸਨ। ਇਸ ਤਰ੍ਹਾਂ ਆਸਟ੍ਰੇਲੀਆ ਨੇ 157 ਦੌੜਾਂ ਦੀ ਬੜ੍ਹਤ ਬਣਾ ਲਈ ਸੀ। ਭਾਰਤ ਵੱਲੋਂ ਬੁਮਰਾਹ ਨੇ 4, ਸਿਰਾਜ ਨੇ 4, ਨਿਤੀਸ਼ ਨੇ 1 ਤੇ ਅਸ਼ਵਿਨ ਨੇ 1 ਵਿਕਟਾਂ ਲਈਆਂ।

ਇਸ ਤੋਂ ਬਾਅਦ ਭਾਰਤ ਨੇ ਆਪਣੀ ਦੂਜੀ ਪਾਰੀ 'ਚ ਨਿਤੀਸ਼ ਰੈਡੀ ਦੀਆਂ 42 ਦੌੜਾਂ, ਸ਼ੁਭਮਨ ਗਿੱਲ ਦੀਆਂ 28 ਦੌੜਾਂ, ਰਿਸ਼ਭ ਪੰਤ ਦੀਆਂ 28 ਦੌੜਾਂ ਤੇ ਯਸ਼ਸਵੀ ਜਾਇਸਵਾਲ ਦੀਆਂ 24 ਦੌੜਾਂ ਨਾਲ 175 ਦੌੜਾਂ ਬਣਾਈਆਂ ਤੇ ਆਸਟ੍ਰੇਲੀਆ ਨੂੰ ਜਿੱਤ ਲਈ 19 ਦੌੜਾਂ ਦਾ ਟੀਚਾ ਦਿੱਤਾ, ਜਿਸ ਨੂੰ ਆਸਟ੍ਰੇਲੀਆ ਵੱਲੋਂ ਮੈਕਸਵੀਨੀ ਵੱਲੋਂ 10 ਦੌੜਾਂ ਤੇ ਉਸਮਾਨ ਖ਼ਵਾਜਾ ਵੱਲੋਂ 9 ਦੌੜਾਂ ਬਣਾ ਹਾਸਲ ਕਰ ਲਿਆ ਗਿਆ। ਇਸ ਤਰ੍ਹਾਂ ਆਸਟ੍ਰੇਲੀਆ ਨੇ ਭਾਰਤ ਨੂੰ 10 ਵਿਕਟਾਂ ਨਾਲ ਹਰਾ ਦਿੱਤਾ। ਇਸ ਤਰ੍ਹਾਂ ਇਹ ਸੀਰੀਜ਼ 1-1 ਨਾਲ ਬਰਾਬਰੀ 'ਤੇ ਪਹੁੰਚ ਗਈ ਹੈ।

## ਭਾਰਤ ਨੇ ਡਬਲਯੂ.ਟੀ.ਸੀ. ਪੁਆਇੰਟ ਟੇਬਲ 'ਚ ਗੁਆਇਆ ਪਹਿਲਾ ਸਥਾਨ

ਆਸਟ੍ਰੇਲੀਆ ਖ਼ਿਲਾਫ਼ ਐਡੀਲੇਡ 'ਚ ਗੁਲਾਬੀ ਗੇਂਦ ਨਾਲ ਖੇਡੇ ਗਏ ਟੈਸਟ 'ਚ ਭਾਰਤ ਦੀ 10 ਵਿਕਟਾਂ ਦੀ ਹਾਰ ਨਾਲ ਉਹ ਵਿਸ਼ਵ ਟੈਸਟ ਚੈਂਪੀਅਨਸ਼ਿਪ (ਡਬਲਯੂ.ਟੀ.ਸੀ.) ਟੇਬਲ 'ਚ ਤੀਜੇ ਸਥਾਨ 'ਤੇ ਖਿਸਕ ਗਿਆ। ਅਗਲੇ ਸਾਲ ਜੂਨ 'ਚ ਲਾਰਡਸ 'ਚ ਹੋਣ ਵਾਲੇ ਫ਼ਾਈਨਲ ਲਈ ਅਜੇ ਤੱਕ ਫ਼ਾਈਨਲਿਸਟ ਸਾਹਮਣੇ ਨਹੀਂ ਆਏ ਹਨ ਅਤੇ ਅਜਿਹੇ 'ਚ ਭਾਰਤ ਨੂੰ ਤੀਜੇ ਸਥਾਨ 'ਤੇ ਆਉਣਾ ਇੱਕ ਵੱਡਾ ਝਟਕਾ ਹੈ ਕਿਉਂਕਿ ਫ਼ਾਈਨਲ ਮੁਕਾਬਲਾ ਪਹਿਲੇ ਸਥਾਨ 'ਤੇ ਰਹਿਣ ਵਾਲੀਆਂ ਦੋ ਟੀਮਾਂ ਵਿਚਾਲੇ ਖੇਡਿਆ ਜਾਵੇਗਾ।2023-25 ਦੇ ਚੱਕਰ ਲਈ, ਦੱਖਣੀ ਅਫ਼ਰੀਕਾ (ਪੀਸੀਟੀ 59.26) ਨੇ ਇਸ ਦੌੜ ਵਿੱਚ ਭਾਰਤ (ਪੀਸੀਟੀ 57.29) ਨੂੰ ਪਛਾੜ ਦਿੱਤਾ ਹੈ ਅਤੇ ਹੁਣ ਦੂਜੇ ਸਥਾਨ 'ਤੇ ਹੈ, ਜਦੋਂ ਕਿ ਆਸਟ੍ਰੇਲੀਆ (ਪੀਸੀਟੀ 60.71) ਪਹਿਲੇ ਸਥਾਨ 'ਤੇ ਹੈ। ਐਡੀਲੇਡ ਟੈਸਟ ਸ਼ੁਰੂ ਹੋਣ ਤੋਂ ਪਹਿਲਾਂ ਸੂਚੀ ਵਿੱਚ ਸਿਖਰ 'ਤੇ ਰਹਿਣ ਵਾਲਾ ਭਾਰਤ ਦੋ ਸਥਾਨ ਖਿਸਕ ਕੇ ਤੀਜੇ ਸਥਾਨ 'ਤੇ ਆ ਗਿਆ ਹੈ।




# ਭਾਰਤੀ ਕਿਉਂ ਨੇ ਕ੍ਰਿਕਟ ਦੇ ਦੀਵਾਨੇ ?

## ਬਾਲੀਵੁੱਡ ਤੋਂ ਬਾਅਦ, ਕ੍ਰਿਕਟ ਦੀ ਖੇਡ ਹੀ ਜੋੜਦੀ ਹੈ ਭਾਰਤੀਆਂ ਨੂੰ

ਕ੍ਰਿਕਟ ਇੱਕ ਅਜਿਹੀ ਖੇਡ ਹੈ ਜਿਸ ਨੂੰ ਅੰਗਰੇਜ਼ਾਂ ਦੁਆਰਾ ਭਾਰਤ ਲਿਆਂਦਾ ਗਿਆ ਅਤੇ ਫ਼ਿਰ ਹੌਲੀ-ਹੌਲੀ ਇਹ ਖੇਡ ਭਾਰਤ ਅਤੇ ਭਾਰਤੀ ਉਪ ਮਹਾਂਦੀਪ ਵਿੱਚ ਬਹੁਤ ਮਸ਼ਹੂਰ ਹੋ ਗਈ। 200 ਤੋਂ ਵੱਧ ਦੇਸ਼ਾਂ ਦੀ ਇਸ ਦੁਨੀਆਂ 'ਚ ਸ਼ਾਇਦ ਹੀ 20 ਦੇਸ਼ ਅੰਤਰਰਾਸ਼ਟਰੀ ਪੱਧਰ 'ਤੇ ਕ੍ਰਿਕਟ ਖੇਡਦੇ ਹਨ। ਪਰ ਇਸ ਦੇ ਬਾਵਜੂਦ ਇਹ ਖੇਡ ਭਾਰਤ ਅਤੇ ਦੁਨੀਆਂ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਬਹੁਤ ਮਸ਼ਹੂਰ ਹੈ। ਟੀ-20 ਨੇ ਕ੍ਰਿਕਟ ਨੂੰ ਹੋਰ ਰੋਮਾਂਚਕ ਖੇਡ ਬਣਾ ਦਿੱਤਾ ਹੈ।

ਭਾਵੇਂ ਭਾਰਤ ਨੇ ਆਜ਼ਾਦੀ ਤੋਂ ਪਹਿਲਾਂ ਆਪਣਾ ਪਹਿਲਾ ਟੈਸਟ ਕ੍ਰਿਕਟ 1932 ਵਿੱਚ ਖੇਡਿਆ ਸੀ, ਪਰ ਹੌਲੀ-ਹੌਲੀ ਕ੍ਰਿਕਟ ਦਾ ਵਿਸਥਾਰ ਹੋਇਆ ਅਤੇ ਪਹਿਲੀ ਵਾਰ ਦੁਨੀਆਂ ਨੇ ਭਾਰਤ ਦੀ ਕ੍ਰਿਕਟ ਦਾ ਲੋਹਾ ਮਨਵਾਇਆ ਜਦੋਂ ਭਾਰਤ ਨੇ ਕਪਿਲ ਦੇਵ ਦੀ ਅਗਵਾਈ ਵਿੱਚ ਆਪਣਾ ਪਹਿਲਾ ਅੰਤਰਰਾਸ਼ਟਰੀ ਮੈਚ ਖੇਡਿਆ ਅਤੇ ਵਨਡੇ ਵਿਸ਼ਵ ਕੱਪ ਜਿੱਤਿਆ।ਸਾਲ 1983 ਵਿੱਚ ਵਨਡੇ ਕ੍ਰਿਕਟ ਦਾ ਤੀਜਾ ਵਿਸ਼ਵ ਕੱਪ ਖੇਡਿਆ ਗਿਆ। ਭਾਰਤ ਨੇ ਦੋ ਵਾਰ ਦੇ ਵਿਸ਼ਵ ਕੱਪ ਜੇਤੂ ਅਤੇ ਉਸ ਸਮੇਂ ਦੀ ਸਭ ਤੋਂ ਮਜ਼ਬੂਤ ??ਟੀਮ ਕਹੀ ਜਾਣ ਵਾਲੀ ਵੈਸਟਇੰਡੀਜ਼ ਨੂੰ ਹਰਾ ਕੇ ਪਹਿਲੀ ਵਾਰ ਵਿਸ਼ਵ ਕੱਪ ਟਰਾਫ਼ੀ ਆਪਣੇ ਨਾਂ ਕੀਤੀ।

ਇਹ ਭਾਰਤ ਲਈ ਮਾਣ ਵਾਲਾ ਪਲ ਸੀ। ਇੱਥੋਂ ਹੀ ਕ੍ਰਿਕਟ ਪ੍ਰੇਮੀ ਕ੍ਰਿਕਟ ਦੇ ਦੀਵਾਨੇ ਹੋਣ ਲੱਗੇ। ਭਾਰਤ ਦੀ ਹਰ ਗਲੀ ਵਿੱਚ ਕ੍ਰਿਕਟ ਖੇਡਿਆ ਜਾ ਰਿਹਾ ਸੀ। 90 ਦੇ ਦਹਾਕੇ ਦੇ ਸ਼ੁਰੂ ਵਿੱਚ, ਭਾਰਤ ਵਿੱਚ ਸਚਿਨ ਤੇਂਦੁਲਕਰ, ਸੌਰਵ ਗਾਂਗੁਲੀ, ਰਾਹੁਲ ਦ੍ਰਾਵਿੜ ਵਰਗੇ ਕ੍ਰਿਕੇਟ ਸੁਪਰਸਟਾਰਾਂ ਦੀ ਸ਼ੁਰੂਆਤ ਨੇ ਭਾਰਤੀ ਕ੍ਰਿਕੇਟ ਨੂੰ ਅੱਗੇ ਵਧਾਇਆ।

ਕ੍ਰਿਕੇਟ ਸਭ ਤੋਂ ਸਸਤੀ ਖੇਡ ਹੈ ਅਤੇ ਜੇਕਰ ਤੁਸੀਂ ਭਾਰਤ ਵਿੱਚ ਇਸ ਸਸਤੀ ਖੇਡ ਵਿੱਚ ਰਣਜੀ ਖੇਡਦੇ ਹੋ ਤਾਂ ਵੀ ਤੁਹਾਨੂੰ ਬਹੁਤ ਸਾਰਾ ਪੈਸਾ ਮਿਲਣਾ ਸ਼ੁਰੂ ਹੋ ਜਾਂਦਾ ਹੈ। ਆਈਪੀਐਲ ਅਤੇ ਟੀਮ ਇੰਡੀਆ ਨੂੰ ਭੁੱਲ ਜਾਓ। ਸ਼ੁਰੂ ਵਿੱਚ ਤੁਹਾਨੂੰ ਸਿਰਫ਼ ਇੱਕ ਬੱਲੇ ਅਤੇ ਇੱਕ ਗੇਂਦ ਦੀ ਲੋੜ ਹੁੰਦੀ ਹੈ। ਭਾਵੇਂ ਟੀਮ ਵਿੱਚ ਇੱਕ ਸਮੇਂ ਵਿੱਚ 11 ਵਿਅਕਤੀ ਹੋਣੇ ਚਾਹੀਦੇ ਹਨ ਪਰ ਅਸੀਂ ਭਾਰਤੀ ਜੁਗਾੜੂ ਹਾਂ। ਦੋ ਜਣੇ ਇਕੱਠੇ ਕ੍ਰਿਕਟ ਖੇਡਣ ਦਾ ਵੀ ਆਨੰਦ ਲੈਂਦੇ ਹਨ। ਪਿੰਡ ਵਿੱਚ ਬਚਪਨ ਵਿੱਚ ਅਸੀਂ ਕਿਸੇ ਤਰ੍ਹਾਂ ਟੈਨਿਸ ਬਾਲ ਖ਼ਰੀਦਦੇ ਹੁੰਦੇ ਸੀ। ਇਸ ਤੋਂ ਬਾਅਦ ਉਹ ਖੁਦ ਬੱਲੇ ਅਤੇ ਵਿਕਟ ਬਣਾਉਂਦੇ ਸਨ। ਘੱਟ ਕੀਮਤ ਵਿੱਚ ਪੂਰਾ ਆਨੰਦ। ਭਾਰਤ ਵਿੱਚ ਕ੍ਰਿਕਟ ਦੀ ਅਜਿਹੀ ਲੋਕ-ਪ੍ਰਿਯਤਾ ਹੈ ਕਿ ਜਦੋਂ ਬੱਚਾ ਥੋੜ੍ਹਾ ਵੱਡਾ ਹੁੰਦਾ ਹੈ, ਤਾਂ ਉਸ ਨੂੰ ਬੈਡਮਿੰਟਨ ਰੈਕੇਟ,



ਹਾਕੀ ਸਟਿੱਕ ਜਾਂ ਫ਼ੁੱਟਬਾਲ ਨਹੀਂ ਬਲਕਿ ਇੱਕ ਬੱਲੇ ਦੀ ਗੇਂਦ ਦਿੱਤੀ ਜਾਂਦੀ ਹੈ !ਕ੍ਰਿਕਟ ਦੀ ਪ੍ਰਸਿੱਧੀ ਦਾ ਸਭ ਤੋਂ ਵੱਡਾ ਕਾਰਨ ਇਸ ਖੇਡ ਦਾ ਰੋਮਾਂਚ ਹੈ। ਇੱਕ ਪਾਸੇ ਜਿੱਥੇ ਫ਼ੁੱਟਬਾਲ ਅਤੇ ਹਾਕੀ ਵਰਗੀਆਂ ਖੇਡਾਂ ਵਿੱਚ ਗੋਲ ਕਰਨ ਤੋਂ ਬਾਅਦ ਹੀ ਮਜ਼ਾ ਆਉਂਦਾ ਹੈ, ਉੱਥੇ ਹੀ ਦੂਜੇ ਪਾਸੇ ਕ੍ਰਿਕਟ ਵਿੱਚ ਵੀ ਤੁਸੀਂ ਹਰ ਗੇਂਦ ਨਾਲ ਖੇਡ ਦਾ ਆਨੰਦ ਲੈ ਸਕਦੇ ਹੋ। ਹਾਂ, ਇਹ ਇੱਕ ਹਕੀਕਤ ਹੈ ਕਿ ਕ੍ਰਿਕਟ ਦੀ ਖੇਡ ਨੂੰ ਹੋਰ ਖੇਡਾਂ ਨਾਲੋਂ ਜ਼ਿਆਦਾ ਸਮਾਂ ਲੱਗਦਾ ਹੈ। ਪਰ ਟੀ-20 ਫ਼ਾਰਮੈਟ ਦੇ ਰੂਪ ਵਿੱਚ ਵੱਡਾ ਸਮਾਂ ਬਰੇਕ ਆਇਆ ਹੈ। ਇਹੀ ਕਾਰਨ ਹੈ ਕਿ ਆਈਪੀਐਲ ਵਰਗੀਆਂ ਕ੍ਰਿਕਟ ਲੀਗਾਂ ਨੂੰ 150 ਤੋਂ ਵੱਧ ਦੇਸ਼ਾਂ ਵਿੱਚ ਦੇਖਿਆ ਜਾਂਦਾ ਹੈ।ਅਸੀਂ ਭਾਰਤੀਆਂ ਨੇ ਕ੍ਰਿਕਟ ਨੂੰ ਬਹੁਤ ਮਸ਼ਹੂਰ ਕੀਤਾ ਹੈ ਭਾਵੇਂ ਸਾਡੇ ਕੋਲ ਬਹੁਤ ਸਮਾਂ ਹੈ। ਕ੍ਰਿਕਟ ਮੈਚ ਦੇਖਣ ਲਈ, ਸਕੂਲ ਜਾਂ ਕਾਲਜ ਤੋਂ ਬੰਕ ਕਰਨਾ ਜਾਂ ਦਫ਼ਤਰ ਤੋਂ ਛੁੱਟੀ ਲੈਣਾ ਭਾਰਤ ਵਿੱਚ ਆਮ ਗੱਲ ਹੈ। ਜਦੋਂ ਮਿਹਨਤਕਸ਼ ਲੋਕ ਛੁੱਟੀ ਲੈ ਕੇ ਮੈਚ ਦੇਖਦੇ ਹਨ ਤਾਂ ਸੋਚੋ ਕਿ ਵਿਹਲੇ ਬੈਠੇ ਬੇਰੁਜ਼ਗਾਰਾਂ ਨੇ ਕ੍ਰਿਕਟ ਦੀ ਪ੍ਰਸਿੱਧੀ ਵਿੱਚ ਕਿੰਨਾ ਵਡਮੁੱਲਾ ਯੋਗਦਾਨ ਪਾਇਆ ਹੈ!

ਬਾਲੀਵੁੱਡ ਤੋਂ ਬਾਅਦ, ਕ੍ਰਿਕਟ ਹੀ ਇਕ ਅਜਿਹੀ ਖੇਡ ਹੈ ਜੋ ਸਾਨੂੰ ਭਾਰਤੀਆਂ ਨੂੰ ਜੋੜਦੀ ਹੈ। ਕਹਿਣ ਦਾ ਮਤਲਬ ਇਹ ਹੈ ਕਿ ਭਾਰਤ ਦੀ ਏਕਤਾ ਅਤੇ ਅਖੰਡਤਾ ਵਿੱਚ ਕ੍ਰਿਕਟ ਦੇ ਯੋਗਦਾਨ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।ਭਾਰਤ ਵਿੱਚ ਹੋਰ ਵੀ ਖੇਡਾਂ ਹਨ, ਜਿਨ੍ਹਾਂ ਦੇ ਕਈ ਖਿਡਾਰੀ ਅੰਤਰਰਾਸ਼ਟਰੀ ਪੱਧਰ 'ਤੇ ਵੀ ਖੇਡਦੇ ਹਨ ਪਰ ਸਰਕਾਰ ਅਤੇ ਸਬੰਧਿਤ ਬੋਰਡ ਦੇ ਹੋਰਨਾਂ ਖੇਡਾਂ ਪ੍ਰਤੀ ਉਦਾਸੀਨ ਰਵੱਈਏ ਦੇ ਸਿੱਟੇ ਵਜੋਂ ਫ਼ੁੱਟਬਾਲ, ਹਾਕੀ, ਬੈਡਮਿੰਟਨ, ਟੈਨਿਸ ਜਾਂ ਐਥਲੈਟਿਕਸ ਦਾ ਵਿਕਾਸ ਨਹੀਂ ਹੋ ਰਿਹਾ। ਅਜਿਹਾ ਨਹੀਂ ਹੈ ਕਿ ਕ੍ਰਿਕਟ ਤੋਂ ਇਲਾਵਾ ਹੋਰ ਖੇਡਾਂ ਵਿੱਚ ਪ੍ਰਤਿਭਾਸ਼ਾਲੀ ਖਿਡਾਰੀਆਂ ਦੀ ਕਮੀ ਹੈ। ਸਮੱਸਿਆ ਇਹ ਹੈ ਕਿ ਨਾ ਤਾਂ ਖਿਡਾਰੀਆਂ ਨੂੰ ਸਹੀ ਮੌਕਾ ਮਿਲਦਾ ਹੈ ਅਤੇ ਨਾ ਹੀ ਬਿਹਤਰ ਸਿਖਲਾਈ ਮਿਲਦੀ ਹੈ। ਜੇਕਰ ਸਿਰਫ਼ ਕ੍ਰਿਕੇਟ ਹੀ ਸਾਡੇ ਕੋਲ ਰਹਿ ਜਾਵੇ ਤਾਂ ਇਹ ਯਕੀਨੀ ਤੌਰ 'ਤੇ ਹਰਮਨ ਪਿਆਰਾ ਹੋਵੇਗਾ।

# ਮੁੜ ਸਰਗਰਮ ਹੋਈ ਅਮਰ ਨੂਰੀ

ਸੁਰਜੀਤ ਜੱਸਲ

ਹਰਮਨ ਪਿਆਰੀ ਗਾਇਕਾ ਅਮਰ ਨੂਰੀ ਨੇ ਜਿੱਥੇ ਗਾਇਕੀ ਵਿੱਚ ਉੱਚਾ ਮੁਕਾਮ ਹਾਸਲ ਕੀਤਾ ਹੈ, ਉੱਥੇ ਫ਼ਿਲਮੀ ਪਰਦੇ 'ਤੇ ਵੀ ਅਦਾਕਾਰਾ ਵਜੋਂ ਵੱਖਰੀ ਪਛਾਣ ਸਥਾਪਤ ਕੀਤੀ ਹੈ। ਦਲੀਪ ਕੌਰ ਟਿਵਾਣਾ ਦੇ ਨਾਵਲ 'ਏਹੋ ਹਮਾਰਾ ਜੀਵਣਾ' 'ਤੇ ਆਧਾਰਿਤ ਟੀ.ਵੀ. ਸੀਰੀਅਲ ਤੋਂ ਅਦਾਕਾਰੀ ਦੇ ਖੇਤਰ ਨਾਲ ਜੁੜੀ ਅਮਰ ਨੂਰੀ ਨੇ ਦਰਜਨਾਂ ਪੰਜਾਬੀ ਫ਼ਿਲਮਾਂ ਵਿੱਚ ਯਾਦਗਾਰੀ ਕਿਰਦਾਰ ਨਿਭਾਏ ਹਨ। ਇਨ੍ਹਾਂ ਵਿੱਚ 'ਬਦਲਾ ਜੱਟੀ ਦਾ', 'ਵਿਸਾਖੀ', 'ਦਿਲ ਦਾ ਮਾਮਲਾ', 'ਪੰਚਾਇਤ', 'ਜੀ ਆਇਆਂ ਨੂੰ', 'ਮੇਲ ਕਰਾ ਦੇ ਰੱਬਾ', 'ਡੈਡੀ ਕੂਲ ਮੁੰਡੇ ਫੂਲ' ਆਦਿ ਜ਼ਿਕਰਯੋਗ ਫ਼ਿਲਮਾਂ ਹਨ।

ਭਾਵੇਂ ਕੁਝ ਵਰ੍ਹੇ ਪਹਿਲਾਂ ਸਰਦੂਲ ਸਿਕੰਦਰ ਦੇ ਵਿਛੋੜੇ ਨੇ ਨੂਰੀ ਨੂੰ ਧੁਰ ਅੰਦਰ ਤੱਕ ਝੰਜੋੜ ਕੇ ਰੱਖ ਦਿੱਤਾ ਸੀ, ਪ੍ਰੰਤੂ ਸਮੇਂ ਦੇ ਨਾਲ ਚੱਲਦਿਆਂ ਉਸ ਨੇ ਆਪਣੇ ਪਰਿਵਾਰ ਨੂੰ ਮੁੜ ਸੰਭਾਲਿਆ। ਆਪਣੇ ਬੱਚਿਆਂ ਸਾਰੰਗ-ਅਲਾਪ ਅਤੇ ਕਲਾ ਵਿੱਚ ਹੀ ਉਸ ਨੇ ਸਰਦੂਲ ਨੂੰ ਅੰਗ-ਸੰਗ ਮਹਿਸੂਸ ਕਰਦਿਆਂ ਜ਼ਿੰਦਗੀ ਜਿਊਣ ਦਾ ਯਤਨ ਕੀਤਾ ਹੈ। ਬਹੁਤ ਜਲਦੀ ਉਹ ਪਰਵਾਸੀ ਪੰਜਾਬੀਆਂ ਦਾ ਸੱਚ ਪੇਸ਼ ਕਰਦੀ ਫ਼ਿਲਮ 'ਵੱਡਾ ਘਰ' ਵਿੱਚ ਨਾਮੀ ਅਦਾਕਾਰ ਸਰਦਾਰ ਸੋਹੀ ਨਾਲ ਨਜ਼ਰ ਆਵੇਗੀ।



ਨੂਰੀ ਨੇ ਦੱਸਿਆ ਕਿ ਇਹ ਫ਼ਿਲਮ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਦੀ ਜ਼ਿੰਦਗੀ ਦੇ ਸਰੋਕਾਰਾਂ ਨਾਲ ਜੁੜੀ ਹੋਈ ਹੈ। ਫ਼ਿਲਮ ਆਪਣੇ ਸਿਰਲੇਖ ਵਾਂਗ ਹੀ ਵੱਡੇ ਘਰ-ਪਰਿਵਾਰ ਦੇ ਗੂੜ੍ਹੇ ਰਿਸ਼ਤਿਆਂ ਦੀ ਅਹਿਮੀਅਤ ਵਿਚਲੀ ਅਣਬਣ, ਫ਼ਿਕਰ, ਸੰਘਰਸ਼ ਅਤੇ ਵਿਚਾਰ ਧਾਰਾਵਾਂ ਦੇ ਫ਼ਰਕ ਅਤੇ ਪੰਜਾਬ ਦੇ ਮੁੱਖ ਮੁੱਦੇ ਪੇਸ਼ ਕਰੇਗੀ। ਇਹ ਜਿੱਥੇ ਦਰਸ਼ਕਾਂ ਨੂੰ ਇੱਕ ਚੰਗਾ ਸਮਾਜਿਕ ਸੰਦੇਸ਼ ਦੇਵੇਗੀ, ਉੱਥੇ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿਣ, ਬਜ਼ੁਰਗਾਂ ਦਾ ਸਤਿਕਾਰ ਕਰਨ ਦੀ ਨਸੀਹਤ ਵੀ ਦੇਵੇਗੀ। ਇਸ ਫ਼ਿਲਮ ਨੂੰ ਗੀਤਕਾਰ ਜਸਬੀਰ ਗੁਣਾਚੌਰੀਆ ਨੇ ਲਿਖਿਆ ਹੈ। ਇਸ ਦੇ ਨਿਰਮਾਤਾ ਸੰਦੀਪ ਸਿੰਘ ਧੰਜਲ (ਲਾਡੀ) ਅਤੇ ਮਨਿੰਦਰ ਸਿੰਘ ਕੰਵਲ (ਰੌਬ ਕੰਵਲ) ਹਨ। ਕਮਲਜੀਤ ਸਿੰਘ ਅਤੇ ਗੋਲਡੀ ਢਿੱਲੋਂ ਨੇ ਇਸ ਨੂੰ ਨਿਰਦੇਸ਼ਿਤ ਕੀਤਾ ਹੈ। ਇਸ ਵਿੱਚ ਜੋਬਨ ਪ੍ਰੀਤ, ਮੈਂਡੀ ਤੱਖਰ, ਭਿੰਦਾ ਔਜਲਾ, ਸਰਦਾਰ ਸੋਹੀ, ਨਿਰਮਲ ਰਿਸ਼ੀ, ਅਮਰ ਨੂਰੀ, ਰਵਿੰਦਰ ਮੰਡ, ਕਵਲੀਨ, ਸਤਵੰਤ ਕੌਰ, ਤਰਸੇਮ ਪੌਲ, ਬਲਵੀਰ ਬੋਪਾਰਾਏ, ਹਰਪ ਨਾਜ਼, ਜੋਤੀ ਅਰੋੜਾ, ਸੁਖਵਿੰਦਰ ਰੋਡੇ ਅਤੇ ਬਾਲ ਕਲਾਕਾਰ ਗੁਰਬਾਜ਼ ਸੰਧੂ ਨੇ ਅਹਿਮ ਕਿਰਦਾਰ ਨਿਭਾਏ ਹਨ। ਅਮਰ ਨੂਰੀ ਨੇ ਦੱਸਿਆ ਕਿ ਉਹ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਕਲਾ ਨੂੰ ਸਮਰਪਿਤ ਹੋ ਕੇ ਆਪਣੇ ਪ੍ਰਸ਼ੰਸਕਾਂ ਦੇ ਰੂਬਰੂ ਹੁੰਦੀ ਰਹੇਗੀ। ਫ਼ਿਲਮਾਂ ਦੇ ਨਾਲ ਨਾਲ ਉਹ ਜਲਦੀ ਹੀ ਆਪਣੇ ਸੰਗੀਤ ਪ੍ਰੇਮੀਆਂ ਲਈ ਵੀ ਕੁਝ ਨਵਾਂ ਲੈ ਕੇ ਆਵੇਗੀ।

# ਦਿਲਜੀਤ ਨੇ ਪੰਜਾਬ 'ਚ ਬਿਤਾਏ ਖ਼ੁਸ਼ੀ ਦੇ ਪਲ



ਪੰਜਾਬੀ ਗਾਇਕ ਤੇ ਅਦਾਕਾਰ ਦਿਲਜੀਤ ਦੋਸਾਂਝ ਨੇ ਪੰਜਾਬ 'ਚ ਬਿਤਾਏ ਇੱਕ ਦਿਨ ਦੀ ਵੀਡੀਓ ਸਾਂਝੀ ਕੀਤੀ ਹੈ, ਜਿਸ ਵਿੱਚ ਉਹ ਖਾਣਾ ਬਣਾਉਂਦਾ ਅਤੇ ਕ੍ਰਿਕਟ ਖੇਡਦਾ ਨਜ਼ਰ ਆ ਰਿਹਾ ਹੈ। ਇਸ ਸਬੰਧੀ ਇੰਸਟਾਗ੍ਰਾਮ 'ਤੇ ਉਸ ਨੇ ਇੱਕ ਵੀਡੀਓ ਸਾਂਝੀ ਕੀਤੀ ਹੈ ਜਿਸ ਵਿੱਚ ਉਹ ਦਿਨ ਦੀ ਸ਼ੁਰੂਆਤ ਕਸਰਤ ਤੋਂ ਕਰਦਾ ਹੈ। ਇਸ ਮਗਰੋਂ ਉਹ ਨਾਸ਼ਤੇ 'ਚ ਪਰੌਂਠਾ ਤੇ ਫਲ ਖਾਂਦਾ, ਮਗਰੋਂ ਚੁੱਲ੍ਹੇ 'ਤੇ ਚਿਕਨ ਬਣਾਉਂਦਾ ਨਜ਼ਰ ਆਉਂਦਾ ਹੈ। ਇਸ ਵੀਡੀਓ ਨੂੰ ਦਿਲਜੀਤ ਵੱਲੋਂ ਪੰਜਾਬੀ ਵਿੱਚ ਕੀਤੀ ਕੁਮੈਂਟਰੀ ਹੋਰ ਵੀ ਖਾਸ ਬਣਾਉਂਦੀ ਹੈ। ਇਸ ਗੀਤ ਨਾਲ ਉਸ ਨੇ ਲਿਖਿਆ ਹੈ ਕਿ 'ਇੱਕ ਦਿਨ ਪੰਜਾਬ ਵਿੱਚ'। ਇਸ ਦੇ ਨਾਲ ਹੀ ਦਿਲਜੀਤ ਨੇ ਚੰਡੀਗੜ੍ਹ ਵਿੱਚ ਸ਼ੋਅ ਕਰਨੇ ਹਨ। ਉਸ ਦਾ ਇਹ ਟੂਰ ਗੁਹਾਟੀ 'ਚ 29 ਦਸੰਬਰ ਦੇ ਸ਼ੋਅ ਨਾਲ ਖ਼ਤਮ ਹੋਵੇਗਾ।

# ਭਾਰਤ 'ਚ ਮਹਿਲਾ ਨਿਰਦੇਸ਼ਕਾਂ ਦੀ ਗਿਣਤੀ ਪੰਜ ਫ਼ੀਸਦੀ ਤੋਂ ਵੀ ਘੱਟ: ਗੁਨੀਤ ਮੌਂਗਾ



ਫ਼ਿਲਮਸਾਜ਼ ਗੁਨੀਤ ਮੌਂਗਾ ਨੂੰ ਵਿਸ਼ਵਾਸ ਹੈ ਕਿ ਭਾਰਤੀ ਫ਼ਿਲਮ ਇੰਡਸਟਰੀ ਵਿੱਚ ਮਹਿਲਾ ਨਿਰਦੇਸ਼ਕਾਂ ਦੀ ਗਿਣਤੀ ਭਵਿੱਖ ਵਿੱਚ ਵਧੇਗੀ। ਹਾਲਾਂਕਿ ਉਹ ਇਸ ਗੱਲੋਂ ਜ਼ਰੂਰ ਨਿਰਾਸ਼ ਹੈ ਕਿ ਭਾਰਤ ਵਿੱਚ ਮਹਿਲਾ ਨਿਰਦੇਸ਼ਕਾਂ ਦੀ ਗਿਣਤੀ ਪੰਜ ਫ਼ੀਸਦ ਤੋਂ ਵੀ ਘੱਟ ਹੈ। ਗੁਨੀਤ ਮੌਂਗਾ ਕਪੂਰ ਆਸਕਰ ਪੁਰਸਕਾਰ ਜੇਤੂ ਫ਼ਿਲਮ 'ਦਿ ਐਲੀਫ਼ੈਂਟ ਵਿਸਪਰਰਜ਼', 'ਗੈਂਗਜ਼ ਆਫ਼ ਵਾਸੇਪੁਰ', 'ਦਿ ਲੰਚਬੌਕਸ' ਤੇ 'ਮਸਾਨ' ਜਿਹੀਆਂ ਫ਼ਿਲਮਾਂ ਦੇ ਨਿਰਮਾਣ ਦਾ ਹਿੱਸਾ ਰਹੇ 'ਸਿੱਖਿਆ ਐਂਟਰਟੇਨਮੈਂਟ' ਜਿਹੇ ਪ੍ਰੋਡਕਸ਼ਨ ਅਦਾਰੇ ਦੀ ਬਾਨੀ ਹੈ। ਗੁਨੀਤ ਇਸ ਕੰਪਨੀ ਦੀ ਸੰਸਥਾਪਕ ਅਤੇ ਅਚਿਨ ਜੈਨ ਸਹਿ-ਸੰਸਥਾਪਕ ਹਨ। ਵੱਖਰੇ ਵਿਸ਼ੇ ਅਤੇ ਵੱਖਰੀ ਕਿਸਮ ਦੀਆਂ ਫ਼ਿਲਮਾਂ ਨੂੰ ਬਤੌਰ ਨਿਰਮਾਤਾ ਬਣਾਉਣ ਲਈ ਜਾਣੇ ਜਾਂਦੇ ਸਿੱਖਿਆ ਐਂਟਰਟੇਨਮੈਂਟ ਦੀ ਝੋਲੀ ਕਈ ਕੌਮੀ ਐਵਾਰਡ ਪੈ ਚੁੱਕੇ ਹਨ। ਗੁਨੀਤ ਤੇ ਅਚਿਨ ਦੀ ਟੀਮ ਨੇ ਸਿੱਖਿਆ ਐਂਟਰਟੇਨਮੈਂਟ ਬੈਨਰ ਹੇਠਾਂ ਕਈ ਫ਼ਿਲਮਾਂ ਬਣਾਈਆਂ ਹਨ। ਹਾਲ ਹੀ ਵਿੱਚ ਹੋਏ ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ ਆਫ਼ ਇੰਡੀਆ (ਆਈਐੱਫਐੱਫਆਈ) ਗੋਆ ਦੇ ਇੱਕ ਸੈਸ਼ਨ ਦੀ ਸ਼ੁਰੂਆਤ ਕਰਦਿਆਂ ਗੁਨੀਤ ਨੇ ਕਿਹਾ, "ਮੈਂ ਪਿਛਲੇ 17-18 ਸਾਲਾਂ ਤੋਂ ਨਿਰਮਾਤਾ ਹਾਂ ਤੇ ਮੇਰੀ ਟੀਮ ਵਿੱਚ ਵੱਡੀ ਗਿਣਤੀ ਵਿੱਚ ਮਹਿਲਾਵਾਂ ਕੰਮ ਕਰ ਰਹੀਆਂ ਹਨ। ਆਪਣੀ ਪ੍ਰੋਡਕਸ਼ਨ ਕੰਪਨੀ ਵਿੱਚ ਅਸੀਂ ਪੂਰੇ ਮਨ ਨਾਲ ਮਹਿਲਾ ਨਿਰਦੇਸ਼ਕਾਂ ਨੂੰ ਅੱਗੇ ਲਿਆਉਂਦੇ ਹਾਂ। ਮੈਨੂੰ ਆਸ ਹੈ ਕਿ ਭਵਿੱਖ ਵਿੱਚ ਅਸੀਂ ਮਹਿਲਾ ਨਿਰਦੇਸ਼ਕਾਂ ਨੂੰ ਵੱਡੇ ਪੱਧਰ 'ਤੇ ਅੱਗੇ ਲਿਜਾ ਸਕਾਂਗੇ।" ਉਸ ਨੇ ਇੱਥੇ ਫ਼ਿਲਮਸਾਜ਼ੀ ਦੇ ਵੱਖ-ਵੱਖ ਪਹਿਲੂਆਂ 'ਚ ਮਹਿਲਾਵਾਂ ਦੀ ਵਧਦੀ ਭੂਮਿਕਾ ਤੇ ਫ਼ਿਲਮ ਸਨਅਤ 'ਚ ਲਿੰਗ ਸਮਾਨਤਾ ਦੀ ਅਹਿਮੀਅਤ ਨੂੰ ਉਭਾਰਿਆ।

ਗੁਨੀਤ ਜਦੋਂ ਲਾਸ ਏਂਜਲਸ ਵਿੱਚ 'ਦਿ ਐਲੀਫ਼ੈਂਟ ਵਿਸਪਰਰਜ਼' ਫ਼ਿਲਮ ਦੇ ਸਿਲਸਿਲੇ ਵਿੱਚ ਗਈ ਸੀ ਤਾਂ ਉਹ 'ਵਿਮੈੱਨ ਇਨ ਫ਼ਿਲਮ' (ਡਬਲਿਊਆਈਐੱਫ) ਦੇ ਸੰਪਰਕ ਵਿੱਚ ਆਈ ਸੀ। ਸੰਨ 1973 'ਚ ਸਥਾਪਿਤ ਇਹ ਗੈਰ-ਮੁਨਾਫ਼ਾ ਸੰਗਠਨ ਸਕਰੀਨ ਇੰਡਸਟਰੀ ਵਿੱਚ ਕੈਮਰੇ ਦੇ ਅੱਗੇ ਅਤੇ ਪਿੱਛੇ ਕੰਮ ਕਰਨ ਵਾਲੀਆਂ ਔਰਤਾਂ ਦਾ ਸਮਰਥਨ ਕਰਦਾ ਹੈ। ਗੁਨੀਤ ਨੇ ਦੱਸਿਆ ਕਿ ਕਿਵੇਂ ਆਖਰ ਉਸ ਨੂੰ 'ਡਬਲਿਊਆਈਐੱਫ' ਦੇ ਰੂਪ ਵਿੱਚ ਇੱਕ ਸਾਥੀ ਮਿਲਿਆ। "ਉਨ੍ਹਾਂ ਨੂੰ ਮਹਿਲਾ ਨਿਰਦੇਸ਼ਕਾਂ, ਤਕਨੀਸ਼ੀਅਨਾਂ ਲਈ ਕੰਮ ਕਰਦਿਆਂ ਦੇਖ, ਉਨ੍ਹਾਂ ਨੂੰ ਆਸਕਰ ਜਿਹੇ ਵੱਕਾਰੀ ਸਨਮਾਨਾਂ ਲਈ ਅੱਗੇ ਲਿਆਉਂਦਿਆਂਦੇਖ ਕੇ ਮੈਨੂੰ ਬਹੁਤ ਹੈਰਾਨੀ ਹੋਈ। ਸੋ ਇਸ ਨੇ ਮੈਨੂੰ ਇਸ ਪਾਸੇ ਅੱਗੇ ਵਧਣ ਲਈ ਪ੍ਰੇਰਿਤ ਕੀਤਾ ਕਿਉਂਕਿ ਮੇਰੀ ਆਪਣੀ ਵੀ ਇਹੋ ਸੋਚ ਸੀ।" ਘਰ ਪਰਤ ਕੇ ਉਸ ਨੇ ਫ਼ਿਲਮ ਇੰਡਸਟਰੀ ਵਿਚਲੀਆਂ ਔਰਤਾਂ ਨਾਲ ਮੁੜ ਸੰਪਰਕ ਸਾਧਿਆ ਤੇ ਇਸ ਤਰ੍ਹਾਂ ਡਬਲਿਊਆਈਐੱਫ ਇੰਡੀਆ ਚੈਪਟਰ ਦਾ ਜਨਮ ਹੋਇਆ। ਅਜੇ ਇਹ ਆਪਣੇ ਸ਼ੁਰੂਆਤੀ ਦੌਰ ਵਿੱਚ ਹੀ ਹੈ। ਉਹ ਦੱਸਦੀ ਹੈ, "ਭਾਰਤ ਵਿੱਚ ਸਾਡੇ ਕੋਲ ਇਸ ਸਬੰਧੀ ਪੂਰੇ ਅੰਕੜੇ ਨਹੀਂ ਹਨ, ਸਾਨੂੰ ਨਹੀਂ ਪਤਾ ਕਿ ਕਿੰਨੀਆਂ ਔਰਤਾਂ ਸਾਡੇ ਵਿੱਚੋਂ ਇਸ ਸਨਅਤ 'ਚ ਹਨ, ਪਰ ਅਸੀਂ ਇੱਕ ਢਾਂਚਾ ਬਣਾਉਣ ਵਿੱਚ ਜੁਟੇ ਹੋਏ ਹਾਂ। ਉਮੀਦ ਹੈ ਇੱਕ ਦਿਨ ਸਾਨੂੰ ਸਫ਼ਲਤਾ ਜ਼ਰੂਰ ਮਿਲੇਗੀ।" ਗੁਨੀਤ ਮੌਂਗਾ ਕਪੂਰ ਹਾਲਾਂਕਿ, ਮੰਨਦੀ ਹੈ ਕਿ ਭਾਰਤੀ ਫ਼ਿਲਮ ਇੰਡਸਟਰੀ ਵਿੱਚ ਬਰਾਬਰ ਮਿਹਨਤਾਨਾ ਅਜੇ ਵੀ ਪੂਰੀ ਤਰ੍ਹਾਂ ਸੰਭਵ ਨਹੀਂ ਹੋ ਸਕਿਆ ਹੈ ਪਰ ਉਸ ਨੂੰ ਲੱਗਦਾ ਹੈ ਕਿ ਇਸ ਸਬੰਧੀ ਸਕਾਰਾਤਮਕ ਸਫ਼ਰ ਸ਼ੁਰੂ ਹੋ ਚੁੱਕਾ ਹੈ।

## ਗਾਇਕੀ ਤੇ ਸੰਗੀਤਕਾਰੀ ਤੋਂ ਪੰਜਾਬੀ ਫ਼ਿਲਮਾਂ 'ਚ ਸਰਗਰਮ ਹੋਇਆ

# ਭਿੰਦਾ ਔਜਲਾ



ਹਰਜਿੰਦਰ ਸਿੰਘ ਜਵੰਦਾ

ਭਿੰਦਾ ਔਜਲਾ ਪੰਜਾਬੀ ਗੀਤ ਸੰਗੀਤ ਦੇ ਖੇਤਰ ਵਿੱਚ ਇੱਕ ਖਾਸ ਪਹਿਚਾਣ ਰੱਖਣ ਵਾਲਾ ਕਲਾਕਾਰ ਹੈ। ਭਿੰਦਾ ਜਿੱਥੇ ਖ਼ੁਦ ਇੱਕ ਵਧੀਆ ਗਾਇਕ ਹੈ, ਉੱਥੇ ਇੱਕ ਨਾਮੀ ਸੰਗੀਤਕਾਰ ਵੀ ਹੈ। ਅੱਜ ਦੇ ਅਨੇਕਾਂ ਗਾਇਕਾਂ ਨੂੰ ਸਫ਼ਲਤਾ ਦੀਆਂ ਪੌੜੀਆਂ ਚੜ੍ਹਾਉਣ ਵਿੱਚ ਭਿੰਦਾ ਔਜਲਾ ਦਾ ਵਿਸ਼ੇਸ਼ ਸਹਿਯੋਗ ਰਿਹਾ ਹੈ। ਪੰਜਾਬ ਦੇ ਕਪੂਰਥਲਾ ਜ਼ਿਲ੍ਹੇ ਦੇ ਨਾਮੀ ਪਿੰਡ ਸੁਰਖਪੁਰ ਦਾ ਜੰਮਪਲ ਗੁਰਮੀਤ ਸਿੰਘ ਉਰਫ਼ ਭਿੰਦਾ ਔਜਲਾ ਦਾ ਕਲਾਕਾਰੀ ਸਫ਼ਰ ਵਿਦੇਸ਼ੀ ਧਰਤੀ ਇੰਗਲੈਂਡ ਤੋਂ ਸ਼ੁਰੂ ਹੁੰਦਾ ਹੈ। ਜਿੱਥੇ ਮਿਹਨਤਾਂ ਮਸ਼ੱਕਤਾਂ ਕਰਦਿਆਂ ਉਸ ਨੇ ਯਾਰਾਂ ਦੋਸਤਾਂ ਨਾਲ ਗਾਇਕੀ ਦਾ ਸ਼ੌਕ ਪਾਲਿਆ। ਹੌਲੀ ਹੌਲੀ ਇਹ ਸ਼ੌਕ ਉਸ ਨੂੰ ਬੁਲੰਦੀਆਂ ਤੱਕ ਲੈ ਗਿਆ। ਅੱਜ ਸ਼ੋਹਰਤ ਦੇ ਅੰਬਰਾਂ 'ਤੇ ਭਿੰਦੇ ਦੀ ਤੂਤੀ ਬੋਲਦੀ ਹੈ ਪ੍ਰੰਤੂ ਉਸਨੇ ਕਦੇ ਪੈਰ ਨਹੀਂ ਛੱਡੇ, ਉਹ ਧਰਤੀ ਨਾਲ ਜੁੜਿਆ ਰੰਗੀਲਾ ਇਨਸਾਨ ਹੈ। ਭਾਵੇਂ ਕਿ ਉਸਦੀ ਜ਼ਿੰਦਗੀ ਵਿੱਚ ਬਹੁਤ ਸਾਰੇ ਉਤਰਾਅ -ਚੜ੍ਹਾਅ ਆਏ ਪਰ ਉਸ ਨੇ ਮਿਹਨਤ ਅਤੇ ਰੱਬ ਤੋਂ ਭਰੋਸਾ ਨਹੀਂ ਚੱਕਿਆ।

ਭਿੰਦਾ ਔਜਲਾ ਗਾਇਕੀ ਤੋਂ ਬਾਅਦ ਫ਼ਿਲਮਾਂ ਵਿੱਚ ਵੀ ਸਰਗਰਮ ਹੈ। ਪਿਛਲੇ ਸਾਲ ਉਸ ਦੀ ਫ਼ਿਲਮ 'ਪਿੰਡ ਅਮਰੀਕਾ' ਬਤੌਰ ਅਦਾਕਾਰ ਪਰਦੇ ਆਈ ਸੀ ਤੇ ਹੁਣ ਉਹ ਇੱਕ ਹੋਰ ਫ਼ਿਲਮ 'ਵੱਡਾ ਘਰ' ਨਾਲ ਚਰਚਾ ਵਿੱਚ ਹੈ।

ਨਵੀਂ ਆ ਰਹੀ ਫ਼ਿਲਮ 'ਵੱਡਾ ਘਰ' ਵਿੱਚ ਉਸਨੇ ਦੀਪੇ ਨਾਂ ਦੇ ਐਸੇ ਪਾਤਰ ਦੀ ਭੂਮਿਕਾ ਨਿਭਾਈ ਹੈ ਜੋ ਵਿਦੇਸ਼ੀ ਜ਼ਿੰਦਗੀ ਦੇ ਨਜ਼ਾਰੇ ਲੁੱਟਣ ਵਿੱਚ ਮਸਤ ਹੈ। ਉਸ ਨੂੰ ਪੰਜਾਬ ਬੈਠੇ ਆਪਣੇ ਮਾਪਿਆਂ ਦਾ ਬਿਲਕੁਲ ਖਿਆਲ ਨਹੀਂ, ਜਿਨ੍ਹਾਂ ਨੇ ਉਸ ਨੂੰ ਜ਼ਮੀਨਾਂ ਵੇਚ ਵਿਦੇਸ਼ ਭੇਜਿਆ। ਭਿੰਦੇ ਦੀ ਅਦਾਕਾਰੀ ਕਮਾਲ ਦੀ ਹੈ। ਦਰਸ਼ਕ ਉਸ ਨੂੰ ਗਾਇਕੀ ਤੋਂ ਬਾਅਦ ਇਸ ਨਵੇਂ ਰੂਪ ਵਿੱਚ ਫ਼ਿਲਮੀ ਪਰਦੇ ਤੇ ਵੀ ਜ਼ਰੂਰ ਪਸੰਦ ਕਰਨਗੇ। ਰੋਬੀ ਐਂਡ ਲਾਡੀ ਫ਼ਿਲਮ ਪ੍ਰੋਡਕਸ਼ਨ ਲਿਮਟਿਡ ਅਤੇ ਜਸਵੀਰ ਗੁਣਾਚੌਰੀਆ ਪ੍ਰੋਡਕਸ਼ਨ ਲਿਮਟਿਡ ਦੀ ਪੇਸ਼ਕਸ਼ 13 ਦਸੰਬਰ ਨੂੰ ਰਿਲੀਜ਼ ਹੋ ਰਹੀ ਨਿਰਦੇਸ਼ਕ ਕਮਲਜੀਤ ਸਿੰਘ ਅਤੇ ਗੋਲਡੀ ਢਿਲੋਂ ਦੀ ਫ਼ਿਲਮ 'ਵੱਡਾ ਘਰ' ਬਾਰੇ ਭਿੰਦਾ ਔਜਲਾ ਨੇ ਦੱਸਿਆ ਕਿ ਇਸਦੇ ਸਿਰਲੇਖ ਵਾਂਗ ਹੀ ਵੱਡੇ ਘਰ-ਪਰਿਵਾਰ ਦੇ ਗੂੜ੍ਹੇ ਰਿਸ਼ਤਿਆਂ ਦੀ ਅਹਿਮੀਅਤ ਇਸ ਵਿਚਲੀ ਅਣ-ਬਣ, ਫ਼ਿਕਰ, ਸੰਘਰਸ਼ ਅਤੇ ਵਿਚਾਰ-ਧਾਰਾਵਾਂ ਦੇ ਫ਼ਰਕ ਅਤੇ ਪੰਜਾਬ ਦੇ ਮੁੱਖ ਮੁੱਦੇ ਵਿਖਾ ਕੇ ਪੇਸ਼ ਕਰੇਗੀ। ਘਰ ਉਸ ਵਿੱਚ ਵਸਦੇ ਲੋਕਾਂ ਨਾਲ ਹੀ ਬਣਦਾ ਹੈ, ਨਹੀਂ ਤਾਂ ਖ਼ਾਲੀ ਘਰ ਦੀਆਂ ਕੰਧਾਂ ਵੀ ਇੱਕ ਪਲ ਤੋਂ ਬਾਅਦ ਗੱਲਾਂ ਕਰਨੀਆਂ ਬੰਦ ਕਰ ਦਿੰਦੀਆਂ ਨੇ।

ਇਸ ਫ਼ਿਲਮ ਵਿੱਚ ਉਸਨੇ ਦੀਪੇ ਦਾ ਕਿਰਦਾਰ ਨਿਭਾਇਆ ਹੈ ਜੋ ਪੰਜਾਬ ਦੇ ਇੱਕ ਮਾੜੇ ਵੈਲਪੁਣੇ ਵਿੱਚ ਅੱਗੇ, ਨਸ਼ੇ ਵਿੱਚ ਲਥ-ਪਥ, ਬਿਨਾਂ ਕੋਈ ਜ਼ਿੰਦਗੀ ਦੇ ਮੁਕਾਮ ਵਾਲੇ ਨੌਜਵਾਨ ਦੀ ਝਾਕੀ ਪੇਸ਼ ਕਰਦਾ ਹੋਇਆ ਆਪਣੀਆਂ ਆਦਤਾਂ ਸਦਕਾ ਕੈਨੇਡਾ ਵਰਗੇ ਤੇਜ਼ ਮੁਲਕ ਵਿੱਚ ਆਪਣੇ ਮਾਪਿਆਂ ਨੂੰ ਬੁਲਾ ਉਥੋਂ ਦੇ ਸੰਘਰਸ਼ ਵੀ ਵਿਖਾਉਂਦਾ ਹੈ। ਆਪਣੇ ਇਸ ਕਿਰਦਾਰ ਰਾਹੀਂ ਉਸਨੇ ਵਿਦੇਸ਼ਾਂ ਦੀਆਂ ਸੜਕਾਂ 'ਤੇ ਰੁਲਦੇ ਮਾਪਿਆਂ ਦੀ ਤਸਵੀਰ ਵੀ ਪੇਸ਼ ਕੀਤੀ ਹੈ।



ਨਿਰਮਾਤਾ ਸੰਦੀਪ ਸਿੰਘ ਧੰਜਲ (ਲਾਡੀ), ਮਨਿੰਦਰ ਸਿੰਘ ਕੰਵਲ (ਰੋਬ ਕੰਵਲ) ਅਤੇ ਜਸਵੀਰ ਗੁਣਾਚੌਰੀਆ ਵੱਲੋਂ ਬਣਾਈ ਇਸ ਫ਼ਿਲਮ 'ਵੱਡਾ ਘਰ' ਵਿੱਚ ਜੋਬਨ ਪ੍ਰੀਤ, ਮੈਂਡੀ ਤੱਖਰ, ਭਿੰਦਾ ਔਜਲਾ, ਸਰਦਾਰ ਸੋਹੀ, ਨਿਰਮਲ ਰਿਸ਼ੀ, ਅਮਰ ਨੂਰੀ, ਰਵਿੰਦਰ ਮੰਡ, ਕਵਲੀਨ, ਸਤਵੰਤ ਕੌਰ, ਤਰਸੇਮ ਪੌਲ, ਬਲਵੀਰ ਬੋਪਾਰਾਏ, ਹਰਪ ਨਾਜ਼, ਜੋਤੀ ਅਰੋੜਾ, ਸੁਖਵਿੰਦਰ ਰੋਡੇ ਅਤੇ ਬਾਲ ਕਲਾਕਾਰ ਗੁਰਬਾਜ਼ ਸੰਧੂ ਨੇ ਅਹਿਮ ਕਿਰਦਾਰ ਨਿਭਾਏ ਹਨ। ਇਸ ਫ਼ਿਲਮ ਦੀ ਕਹਾਣੀ, ਡਾਇਲਾਗ ਅਤੇ ਸਕਰੀਨ ਪਲੇਅ ਜਸਬੀਰ ਗੁਣਾਚੌਰੀਆ ਨੇ ਲਿਖਿਆ ਹੈ ਤੇ ਗੀਤ ਵੀ ਜਸਬੀਰ ਗੁਣਾਚੌਰੀਆ ਨੇ ਹੀ ਲਿਖੇ ਹਨ, ਜਿੰਨ੍ਹਾਂ ਨੂੰ ਨਛੱਤਰ ਗਿੱਲ, ਸੋਨੂੰ ਕੱਕੜ, ਮਾਸਟਰ ਸਲੀਮ, ਕੰਵਰ ਗਰੇਵਾਲ, ਗੁਰਸ਼ਬਦ, ਸੁਨਿਧੀ ਚੋਹਾਨ, ਜੀ ਖਾਨ ਅਤੇ ਅਫ਼ਸਾਨਾ ਖਾਨ ਨੇ ਪਲੇਅ ਬੈਕ ਗਾਇਆ ਹੈ। ਸੰਗੀਤ ਜਤਿੰਦਰ ਸ਼ਾਹ ਨੇ ਤਿਆਰ ਕੀਤਾ ਹੈ। ਨਿਰਮਾਤਾ ਤੇ ਡਿਸਟਰੀਬਿਊਟਰ ਲਵਪ੍ਰੀਤ ਸੰਧੂ ਲੱਕੀ ਦੀ ਨਵਰੋਜ਼ ਗੁਰਬਾਜ਼ ਐਂਟਰਟੇਨਮੈਂਟ ਕੰਪਨੀ ਵੱਲੋਂ ਸੰਸਾਰ ਭਰ ਵਿੱਚ 13 ਦਸੰਬਰ ਨੂੰ ਰਿਲੀਜ਼ ਕੀਤੀ ਜਾ ਰਹੀ ਇਹ ਫ਼ਿਲਮ 'ਵੱਡਾ ਘਰ' ਪੰਜਾਬੀ ਦਰਸ਼ਕਾਂ ਨੂੰ ਮਨੋਰੰਜਨ ਦੇ ਨਾਲ ਨਾਲ ਸਮਾਜਿਕ ਸਰੋਕਾਰਾਂ ਨਾਲ ਵੀ ਜੋੜੇਗੀ। ਗੀਤ ਸੰਗੀਤ ਦੇ ਨਾਲ ਨਾਲ ਭਿੰਦਾ ਔਜਲਾ ਹੁਣ ਫ਼ਿਲਮਾਂ ਲਈ ਵੀ ਪੂਰੀ ਤਰ੍ਹਾਂ ਸਰਗਰਮ ਹੈ। ਆਉਣ ਵਾਲੇ ਸਮੇਂ ਵਿੱਚ ਉਸਦੀਆਂ ਕਈ ਫ਼ਿਲਮਾਂ ਰਿਲੀਜ਼ ਹੋਣਗੀਆਂ, ਜਿੰਨ੍ਹਾਂ ਵਿੱਚੋਂ ਇੱਕ ਹਿੰਦੀ ਦੀ ਫ਼ਿਲਮ ਅਲਜ਼ਾਈਮਰ ਅਤੇ ਇੱਕ ਹਿੰਦੀ ਦੀ ਵੈਬ ਸਿਰੀਜ਼ ਵੀ ਸ਼ਾਮਿਲ ਹੈ ਜੋ ਉਸਦੇ ਫ਼ਿਲਮੀ ਕਰੀਅਰ ਨੂੰ ਮਜ਼ਬੂਤੀ ਮਿਲੇਗੀ।

## ਸ਼੍ਰੋਮਣੀ ਕਮੇਟੀ ਵੱਲੋਂ ਭਾਈ ਚੌੜਾ

ਇਸ ਲਈ ਉਨ੍ਹਾਂ ਕਮੇਟੀ ਦੀ ਮੀਟਿੰਗ ਵਿੱਚ ਮਤਾ ਵੀ ਲਿਆਂਦਾ ਸੀ। ਧਾਮੀ ਨੇ ਕਿਹਾ ਸੀ ਕਿ ਗੋਲੀ ਦੀ ਇਸ ਘਟਨਾ ਦੀ ਜਾਂਚ ਕਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਇੱਕ ਕਮੇਟੀ ਰਘੂਜੀਤ ਸਿੰਘ ਸੀਨੀਅਰ ਮੀਤ ਪ੍ਰਧਾਨ, ਸ਼ੇਰ ਸਿੰਘ ਮੰਡਵਾਲਾ ਜਨਰਲ ਸਕੱਤਰ, ਸੁਖਹਰਪ੍ਰੀਤ ਸਿੰਘ ਰੋਡੇ ਅੰਤ੍ਰਿੰਗ ਮੈਂਬਰ, ਕੁਲਵੰਤ ਸਿੰਘ ਮੰਨਣ ਮੁੱਖ ਸਕੱਤਰ ਅਤੇ ਪ੍ਰਤਾਪ ਸਿੰਘ ਸਕੱਤਰ (ਕੋਆਰਡੀਨੇਟਰ) ਦਾ ਗਠਨ ਕੀਤਾ ਗਿਆ ਹੈ, ਜੋ ਤਿੰਨ ਹਫ਼ਤਿਆਂ ਦੇ ਅੰਦਰ ਆਪਣੀ ਰਿਪੋਰਟ ਦੇਵੇਗੀ। ਉਨ੍ਹਾਂ ਕਿਹਾ ਕਿ ਇਸ ਘਟਨਾ ਸੰਬੰਧੀ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਦੀ ਭੂਮਿਕਾ ਦੀ ਵੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ।

ਵਿਰੋਧੀ ਧਿਰ ਨਾਲ ਸੰਬੰਧਿਤ ਸ਼੍ਰੋਮਣੀ ਕਮੇਟੀ ਮੈਂਬਰਾਂ ਜਸਵੰਤ ਸਿੰਘ ਪੁੜੈਣ ਤੇ ਪਰਮਜੀਤ ਸਿੰਘ ਰਾਏਪੁਰ ਵੱਲੋਂ ਇਸ ਮਤੇ 'ਤੇ ਵਿਰੋਧ ਦਰਜ ਕਰਾਇਆ ਗਿਆ। ਪੁੜੈਣ ਨੇ ਕਿਹਾ ਕਿ ਗੋਲੀ ਦੀ ਘਟਨਾ 'ਤੇ ਅਫ਼ਸੋਸ ਹੈ, ਪਰ ਅਸੀਂ ਭਾਈ ਚੌੜਾ ਨੂੰ ਪੰਥ ਵਿਚੋਂ ਛੇਕਣ ਬਾਰੇ ਸਹਿਮਤ ਨਹੀਂ। ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ 'ਤੇ ਕਤਲ ਜਾਂ ਇਰਾਦਾ ਕਤਲ ਦੇ ਕੇਸ ਨਹੀਂ ਸੁਣੇ ਜਾਂਦੇ। ਸ਼੍ਰੋਮਣੀ ਕਮੇਟੀ ਦੇ ਵਕੀਲ ਪ੍ਰਧਾਨ ਨੂੰ ਯਕੀਨਨ ਪਤਾ ਹੋਵੇਗਾ, ਫ਼ੇਰ ਸ਼੍ਰੋਮਣੀ ਕਮੇਟੀ ਦੀ ਐਮਰਜੈਂਸੀ ਮੀਟਿੰਗ ਦੀ ਕੀ ਤੁਕ ਸੀ ? ਭਾਈ ਨਰਾਇਣ ਸਿੰਘ ਚੌੜਾ ਵਿਰੁੱਧ ਪੁਲਿਸ, ਕਚਹਿਰੀ ਜਾਣਾ ਹੀ ਮੁਨਾਸਿਬ ਹੈ। ਪੰਥ ਵਿਚੋਂ ਛੇਕਣ ਦੀ ਕੋਈ ਠੋਸ ਵਜ੍ਹਾ ਨਹੀਂ ਦੱਸ ਸਕੇ। ਇਮਾਰਤ ਨੂੰ ਮਿੱਥ ਕੇ ਗੋਲੀ ਨਹੀਂ ਮਾਰੀ ਗਈ। ਬੇਨਤੀ ਹੈ ਅੰਤ੍ਰਿੰਗ ਕਮੇਟੀ ਮਿੱਥ ਕੇ ਪੰਥਕ ਮਰਯਾਦਾ ਦਾ ਘਾਣ ਨਾ ਕਰੇ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਿੱਖ ਸੰਗਤ ਦਾ ਵੱਡਾ ਹਿੱਸਾ ਭਾਈ ਨਾਰਾਇਣ ਸਿੰਘ ਚੌੜਾ ਦੇ ਐਕਸ਼ਨ ਨਾਲ ਸਹਿਮਤ ਨਹੀਂ, ਕਿਉਂ ਇਸ ਹਮਲੇ ਨੇ ਸਿੱਖ ਰਾਜਨੀਤੀ ਵਿਚੋਂ ਲੀਹੋਂ ਲਥੇ ਬਾਦਲ ਦਲ ਨੂੰ ਉਭਰਨ ਦਾ ਭਰਮ ਬਣਾਇਆ ਹੈ ਤੇ ਸੁਖਬੀਰ ਸਿੰਘ ਬਾਦਲ ਨੂੰ ਪੰਥ ਦਾ ਸੇਵਾਦਾਰ ਤੇ ਨਿਰਮਾਣ ਸਖਸ਼ੀਅਤ ਦੀ ਮਿਥ ਘੜਨ ਦਾ ਬਾਦਲ ਦਲ ਨੂੰ ਮੌਕਾ ਦਿਤਾ ਹੈ। ਨਾ ਇਸ ਐਕਸ਼ਨ ਦਾ ਸਮਾਂ ਠੀਕ ਸੀ, ਨਾ ਸਥਾਨ। ਪਾਵਨ ਅਸਥਾਨ ਦਰਬਾਰ ਸਾਹਿਬ ਕੋਲ ਇਹ ਕਾਰਵਾਈ ਨਹੀਂ ਹੋਣੀ ਚਾਹੀਦੀ ਸੀ। ਭਾਵੇਂ ਕਿ ਕੁਛ ਪੰਥਕ ਧਿਰਾਂ ਭਾਈ ਚੌੜਾ ਦੇ ਐਕਸ਼ਨ ਨੂੰ ਦਰੁਸਤ ਠਹਿਰਾ ਰਹੀਆਂ ਹਨ। ਇਸ ਦੀ ਤੁਲਨਾ ਮੱਸਾ ਰੰਘੜ ਦੇ ਐਕਸ਼ਨ ਨਾਲ ਕਰ ਰਹੀਆਂ ਹਨ। ਪਰ ਇਹ ਸੱਚ ਹੈ ਕਿ ਇਸ ਐਕਸ਼ਨ ਤੋਂ ਬਾਅਦ ਕਲੀਅਰ ਹੋ ਗਿਆ ਕਿ ਬਾਦਲ ਅਕਾਲੀ ਲੀਡਰਸ਼ਿਪ ਵਿੱਚ ਕੋਈ ਤਬਦੀਲੀ ਨਹੀਂ ਆਈ ਤੇ ਇਹਨਾਂ ਦਾ ਪ੍ਰੋਗਰਾਮ ਹਾਲੇ ਵੀ ਸਿੱਖ ਸਿਧਾਂਤ ਛਿਕੇ ਟੰਗਕੇ ਸੱਤਾ ਹਾਸਿਲ ਕਰਨਾ ਹੈ।

ਪਰ ਭਾਈ ਚੌੜਾ ਦੀ ਭਾਵੁਕਤਾ ਵਿੱਚ ਇਹ ਗਲਤੀ ਕਿਵੇਂ ਸੁਖਬੀਰ ਸਿੰਘ ਬਾਦਲ ਦੇ ਗੁਨਾਹਾਂ ਤੋਂ ਵੱਡੀ ਹੈ। ਸੁਖਬੀਰ ਸਿੰਘ ਬਾਦਲ ਅਕਾਲ ਤਖ਼ਤ ਸਾਹਿਬ ਉੱਪਰ ਤਲਬ ਹੋ ਕੇ ਆਪ ਮੰਨ ਗਿਆ ਕਿ ਉਹ ਗੁਰੂ ਬੇਅਦਬੀ, ਸੌਦਾ ਸਾਧ ਨੂੰ ਮਾਫ਼ੀ, ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਨੂੰ ਚੰਡੀਗੜ੍ਹ ਵਿਖੇ ਤਲਬ ਕਰਨ , ਬਹਿਬਲ ਗੋਲੀ ਕਾਂਡ ਤੇ ਬੁਚੜ ਪੁਲਿਸ ਅਫ਼ਸਰਾਂ ਨੂੰ ਅਕਾਲੀ ਸਰਕਾਰ ਵਿੱਚ ਉੱਚੇ ਅਹੁੱਦੇ ਦਿਵਾਉਣ ਦਾ ਜ਼ਿੰਮੇਵਾਰ ਹੈ।

ਸਿੱਖ ਪੰਥ ਹਾਲੇ ਵੀ ਮੰਨਦਾ ਕਿ ਸੁਖਬੀਰ ਬਾਦਲ ਦੇ ਗੁਨਾਹਾਂ ਦੀ ਸਜ਼ਾ ਜੋ ਅਕਾਲ ਤਖ਼ਤ ਸਾਹਿਬ ਤੋਂ ਦਿਤੀ ਗਈ ਹੈ ਉਹ ਸੰਤੁਸ਼ਟੀਜਨਕ ਨਹੀਂ ਹੈ। ਉਸ ਨੂੰ ਸਿੱਖ ਪੰਥ ਵਿਚੋਂ ਛੇਕਣਾ ਚਾਹੀਦਾ ਸੀ ਜਾਂ ਅਕਾਲੀ ਦਲ ਵਿਚੋਂ ਬਾਹਰ ਕਢਿਆ ਜਾਣਾ ਚਾਹੀਦਾ ਸੀ। ਪਰ ਜਥੇਦਾਰ ਬਾਦਲਕਿਆਂ ਦੇ ਕਾਬਜ ਪ੍ਰਬੰਧ ਵਿੱਚ ਏਨਾ ਹੀ ਕੁਝ ਕਰ ਸਕਦੇ ਸਨ।

ਪਰ ਹੋਲੀ ਹੋਲੀ ਬਾਦਲ ਧੜੇ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਫ਼ੈਸਲਿਆਂ ਦੀ ਉਲੰਘਣਾ ਵੀ ਕੀਤੀ ਜਾ ਰਹੀ ਹੈ ਤੇ ਇਸ ਨੂੰ ਤਾਰਪੀਡੋ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਜਿਵੇਂ ਕਿ ਹਰਜਿੰਦਰ ਸਿੰਘ ਧਾਮੀ ਨੇ ਦਲੀਲ ਦਿਤੀ ਕਿ ਜਥੇਦਾਰਾਂ ਦੀ ਬਣਾਈ ਕਮੇਟੀ ਚੋਣ ਕਮਿਸ਼ਨ ਅਨੁਸਾਰ ਅਕਾਲੀ ਦਲ ਵਰਗੀ ਸਿਆਸੀ ਜਮਾਤ ਨਹੀਂ ਬਣਾ ਸਕਦੀ। ਇਸ ਬਾਰੇ ਅਕਾਲ ਤਖ਼ਤ ਸਾਹਿਬ ਵਿਚਾਰ ਕਰੇ।

ਸੁਆਲ ਇਹ ਹੈ ਕਿ ਜੇਕਰ ਅਕਾਲੀ ਦਲ ਸਿਰਫ਼ ਧਰਮ ਨਿਰਪੱਖ ਰਾਜਨੀਤਕ ਜਮਾਤ ਹੈ ਉਸ ਨੂੰ ਸ਼੍ਰੋਮਣੀ ਕਮੇਟੀ ਉੱਪਰ ਕਬਜ਼ਾ ਛੱਡਣਾ ਚਾਹੀਦਾ। ਇਸ ਨਾਲ ਖ਼ਾਲਸਾ ਜੀ ਦੇ ਬੋਲਬਾਲੇ ਸੱਭਿਆਚਾਰ, ਸਿੱਖੀ ਦੇ ਪ੍ਰਚਾਰ ਦਾ ਘਾਣ ਹੋ ਰਿਹਾ, ਪ੍ਰਚਾਰ ਦੀ ਘਾਟ ਹੋਣ ਕਾਰਨ ਸਿੱਖ ਵੱਡੀ ਗਿਣਤੀ ਵਿੱਚ ਈਸਾਈ ਬਣ ਰਹੇ ਹਨ, ਨਸ਼ਿਆਂ ਦੇ ਸ਼ਿਕਾਰ ਹੋ ਰਹੇ ਹਨ। ਸਿੱਖੀ ਤੋਂ ਦੂਰ ਹੋ ਰਹੇ ਹਨ। ਬਹੁਗਿਣਤੀ ਸਿੱਖਾਂ ਨੂੰ ਆਪਣੇ ਫ਼ਲਸਫ਼ੇ , ਸਿਧਾਂਤ ਤੇ ਇਤਿਹਾਸ ਦੀ ਜਾਣਕਾਰੀ ਵੀ ਨਹੀਂ ਹੈ।

ਸਿੱਖ ਪੰਥ ਨੂੰ ਪੰਥਕ ਜਮਾਤ ਦੀ ਲੋੜ ਹੈ, ਨਾ ਕਿ ਧਰਮ ਨਿਰਪਖ ਸਿਆਸੀ ਜਮਾਤ ਦੀ। ਫ਼ਿਰ ਸਿਆਸੀ ਜਮਾਤ ਕਾਂਗਰਸ, ਭਾਜਪਾ,ਆਪ ਵੀ ਹਨ, ਉਸ ਤੋਂ ਵੀ ਸਿੱਖ ਪੰਥ ਰਾਜਸੀ ਲਾਭ ਪ੍ਰਾਪਤ ਕਰ ਸਕਦਾ ਹੈ ਜਿੰਨੇ ਕੁ ਧਰਮ ਨਿਰਪੱਖ ਅਜਿਹੇ ਅਕਾਲੀ ਦਲ ਤੋਂ। ਜਥੇਦਾਰ ਅਕਾਲ ਤਖ਼ਤ ਸਾਹਿਬ ਇਸ ਫ਼ੈਸਲੇ ਨੂੰ ਬਦਲਣ ਦਾ ਯਤਨ ਨਾ ਕਰਨ। ਜੇ ਸੰਘ ਪਰਿਵਾਰ ਭਾਜਪਾ ਵਰਗੀ ਰਾਜਸੀ ਜਮਾਤ ਬਣਾ ਸਕਦਾ ਹੈ ਤਾਂ ਅਕਾਲੀ ਦਲ ਵੀ ਬਣਾ ਲਵੇਗਾ। ਪਰ ਸੱਤਾ ਪਿੱਛੇ ਅਕਾਲੀ ਦਲ ਦਾ ਸਰੂਪ ਵਿਗਾੜਨਾ ਪੰਥਕ ਵਿਰਾਸਤ ਨਾਲ ਧੋਖਾ ਹੈ ।

ਸੁਆਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਹੈ ਕਿ ਉਹ ਸੁਖਬੀਰ ਸਿੰਘ ਬਾਦਲ ਦੇ ਪ੍ਰਤੀਨਿਧ ਹਨ ਜਾਂ ਖ਼ਾਲਸਾ ਪੰਥ ਦੇ। ਜੇ ਉਹ ਖ਼ਾਲਸਾ ਪੰਥ ਦੇ ਪ੍ਰਤੀਨਿਧ ਹਨ ਤਾਂ ਉਨ੍ਹਾਂ ਸ਼੍ਰੋਮਣੀ ਕਮੇਟੀ ਵਿੱਚ ਮਤਾ ਕਿਉਂ ਨਹੀਂ ਪਾਸ ਕਰਾਇਆ ਕਿ ਸੁਖਬੀਰ ਸਿੰਘ ਬਾਦਲ ਨੂੰ ਸਿੱਖ ਪੰਥ ਵਿਚੋਂ ਛੇਕਿਆ ਜਾਵੇ। ਕੀ ਭਾਈ ਚੌੜੇ ਦੀ ਗਲਤੀ ਸੁਖਬੀਰ ਸਿੰਘ ਬਾਦਲ ਦੇ ਗੁਨਾਹਾਂ ਤੋਂ ਵੱਡੀ ਹੈ। ਇਸ ਗੱਲ ਦਾ ਜੁਆਬ ਧਾਮੀ ਨੂੰ ਦੇਣਾ ਪਵੇਗਾ। ਕਿਉਂ ਕਿ ਲੰਮੇ ਸਮੇਂ ਤੋਂ ਉਹ ਸੁਖਬੀਰ ਸਿੰਘ ਬਾਦਲ ਦੀ ਪੁਸ਼ਤ ਪਨਾਹੀ ਕਰਕੇ ਸਿੱਖ ਪੰਥ ਵਿੱਚ ਆਪਣਾ ਅਕਸ ਗੁਆ ਰਹੇ ਹਨ। ਗੁਰਮਤਿ ਦਾ ਸੰਦੇਸ਼ ਹੈ ਕਿ ਜੇ ਕੋਈ ਜਾਣਦਾ ਹੋਇਆ ਵੀ ਅਣਜਾਣ ਬਣ ਕੇ ਗਲਤ ਕਰਮ ਕਰੀ ਜਾਂਦਾ ਹੈ ਤਾਂ ਉਸਨੂੰ ਸਿਆਣਾ ਕੌਣ ਆਖੇਗਾ ? ਉਸ ਦੀ ਹਾਲਤ ਤਾਂ ਉਸ ਮਨੁੱਖ ਵਰਗੀ ਹੈ ਜੋ ਹੱਥ ਵਿੱਚ ਜਗਦਾ ਹੋਇਆ ਦੀਵਾ ਲੈ ਕੇ ਖੂਹ ਵਿੱਚ ਡਿਗ ਪਵੇ-

ਕਬੀਰ ਮਨ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ
ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥ ੨੧੬।

***

## ਬਹਿਬਲ ਗੋਲੀ ਕਾਂਡ ਦੇ ਪੀੜਤ ਪਰਿਵਾਰ

ਦਾ ਪੱਖ ਜ਼ਰੂਰ ਸੁਣਿਆ ਜਾਣਾ ਚਾਹੀਦਾ ਸੀ। ਪੀੜਤ ਪਰਿਵਾਰਾਂ ਦਾ ਕਹਿਣਾ ਹੈ ਕਿ ਇੱਥੇ ਹੀ ਬੱਸ ਨਹੀਂ ਅਕਾਲੀ ਦਲ ਦਾ ਕੋਈ ਹੇਠਲੇ ਪੱਧਰ ਦਾ ਆਗੂ ਵੀ ਉਨ੍ਹਾਂ ਦੇ ਘਰ ਮੌਤ ਉੱਪਰ ਅੱਜ ਤੱਕ ਹਮਦਰਦੀ ਪ੍ਰਗਟ ਕਰਨ ਨਹੀਂ ਆਇਆ। ਸਾਧੂ ਸਿੰਘ ਮਠਾੜੂ ਕਹਿੰਦੇ ਹਨ ਕਿ ਦੁਨੀਆਂ ਦੀ ਹਰ ਕਚਹਿਰੀ ਦਾ ਜੱਜ ਦੋਸ਼ ਕਰਨ ਵਾਲੇ ਜਾਂ ਪੀੜਤ ਦਾ ਪੂਰਾ ਪੱਖ ਸੁਣਨ ਤੋਂ ਬਾਅਦ ਹੀ ਦੋਸ਼ੀ ਨੂੰ ਸਜ਼ਾ ਸੁਣਾਉਂਦਾ ਹੈ। ਪਰ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਸਿੱਖਾਂ ਉੱਪਰ ਗੋਲੀ ਚਲਾਉਣ ਦੇ ਮਾਮਲੇ ਵਰਗੀ ਵੱਡੀ ਘਟਨਾ ਸਬੰਧੀ ਪੀੜਤ ਪਰਿਵਾਰਾਂ ਦਾ ਪੱਖ ਸਿੰਘ ਸਾਹਿਬਾਨਾਂ ਵੱਲੋਂ ਨਹੀਂ ਸੁਣਿਆ ਗਿਆ। ਬਿਨਾਂ ਸ਼ੱਕ ਸੁਖਬੀਰ ਸਿੰਘ ਬਾਦਲ ਨੇ ਅਕਾਲ ਤਖ਼ਤ ਸਾਹਿਬ ਉੱਪਰ ਆਪਣਾ ਗੁਨਾਹ ਕਬੂਲ ਕਰ ਲਿਆ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਕੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੁਨਿਆਵੀ ਅਦਾਲਤ ਵਿੱਚ ਇਸ ਗੱਲ ਦੀ ਗਵਾਹੀ ਦੇਣਗੇ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਰਨ ਗਵਾਚੀ ਹੋਈ ਆਪਣੀ ਸਿਆਸੀ ਜ਼ਮੀਨ ਲੱਭਣ ਦੀ ਲਈ ਡਰਾਮੇਬਾਜ਼ੀ ਕਰ ਰਹੇ ਹਨ। ਉਹ ਕਹਿੰਦੇ ਹਨ ਕਿ ਪੰਜ ਸਿੰਘ ਸਾਹਿਬਾਨਾਂ ਨੂੰ ਚਾਹੀਦਾ ਸੀ ਕਿ ਉਹ 2015 ਵਿੱਚ ਪੁਲਿਸ ਵੱਲੋਂ ਚਲਾਈ ਗਈ ਗੋਲੀ ਦੇ ਸਬੰਧ ਵਿੱਚ ਚਸ਼ਮਦੀਦਾਂ ਨੂੰ ਸੱਦ ਕੇ ਵੀ ਉਨ੍ਹਾਂ ਦੇ ਬਿਆਨ ਦਰਜ ਕਰਦੇ।

ਸੁਖਰਾਜ ਸਿੰਘ ਪਿੰਡ ਬਹਿਬਲ ਖੁਰਦ ਨਿਆਮੀਵਾਲਾ ਦੇ ਵਸਨੀਕ ਹਨ ਅਤੇ ਉਹ ਗੋਲੀਕਾਂਡ ਵਿੱਚ ਮਾਰੇ ਗਏ ਕ੍ਰਿਸ਼ਨ ਭਗਵਾਨ ਸਿੰਘ ਦੇ ਪੁੱਤਰ ਹਨ। ਸੁਖਰਾਜ ਸਿੰਘ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਵੱਲੋਂ ਅਕਾਲ ਤਖ਼ਤ ਸਾਹਿਬ ਉੱਪਰ ਕੀਤਾ ਗਿਆ ਕਬੂਲਨਾਮਾ ਸਮੇਂ ਦੀਆਂ ਸਰਕਾਰਾਂ ਦੇ ਮੂੰਹ ਉੱਪਰ ਇੱਕ ਕਰਾਰੀ 'ਚਪੇੜ' ਹੈ। ਹੁਣ ਸਰਕਾਰ ਕਿਸ ਗੱਲ ਦੀ ਉਡੀਕ ਕਰ ਰਹੀਆਂ ਹਨ ਜਦੋਂ ਦੋਸ਼ੀ ਨੇ ਗੁਨਾਹ ਮੰਨ ਲਿਆ ਹੈ ਤਾਂ ਉਸ ਦੇ ਖ਼ਿਲਾਫ਼ ਕਾਰਵਾਈ ਕਿਉਂ ਨਹੀਂ।

ਸੁਖਰਾਜ ਸਿੰਘ ਨੇ ਕਿਹਾ, 'ਪਿਛਲੇ ਕਰੀਬ 10 ਸਾਲ ਤੋਂ ਵੱਖ-ਵੱਖ ਸਿਆਸੀ ਪਾਰਟੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਫ਼ੜਨ ਅਤੇ ਗੋਲੀਕਾਂਡ ਦਾ ਨਿਆਂ ਦਵਾਉਣ ਦੇ ਵਾਅਦੇ ਅਤੇ ਗਰੰਟੀਆਂ ਦੇ ਕੇ ਸੱਤਾ ਵਿੱਚ ਆਈਆਂ। ਉਨ੍ਹਾਂ ਕਿਹਾ ਕਿ ਪਰ ਸਾਡੇ ਲਈ ਸਭ ਤੋਂ ਦੁੱਖ ਦੀ ਗੱਲ ਇਹ ਹੈ ਕਿ ਕਿਸੇ ਵੀ ਸਿਆਸੀ ਆਗੂ ਨੇ ਇਸ ਬਾਰੇ ਅੱਜ ਤੱਕ ਕੁਝ ਨਹੀਂ ਕੀਤਾ।

ਵੀਰਪਾਲ ਕੌਰ, ਜੋ ਗੋਲੀਕਾਂਡ ਵਿੱਚ ਮਾਰੇ ਗਏ ਕ੍ਰਿਸ਼ਨ ਭਗਵਾਨ ਸਿੰਘ ਦੇ ਪਤਨੀ ਹਨ, ਦਾ ਕਹਿਣਾ ਹੈ ਕਿ ਸੁਖਬੀਰ ਸਿੰਘ ਬਾਦਲ ਦੁਨਿਆਵੀ ਅਦਾਲਤ ਵਿੱਚ ਵੀ ਆਪਣਾ ਗੁਨਾਹ ਕਬੂਲ ਕਰ ਲਵੇ ਅਤੇ ਕਾਨੂੰਨ ਉਸ ਨੂੰ ਬਣਦੀ ਸਜ਼ਾ ਦੇਵੇ। ਸਾਨੂੰ ਇਸ ਗੱਲ ਦਾ ਗਿਲਾ ਹਮੇਸ਼ਾ ਰਹਿੰਦਾ ਹੈ ਕਿ ਗੁਰੂ ਦੇ ਨਾਂ ਉੱਤੇ ਅਕਾਲੀਆਂ ਨੇ ਹਮੇਸ਼ਾ ਸਰਕਾਰ ਬਣਾਈ ਅਤੇ ਉਸੇ ਹੀ ਸਰਕਾਰ ਵਿੱਚ ਗੁਰੂ ਦੀ ਬੇਅਦਬੀ ਹੋਈ। ਸਾਨੂੰ ਵਾਹਿਗੁਰੂ ਉੱਪਰ ਭਰੋਸਾ ਹੈ, ਇੱਕ ਨਾ ਇੱਕ ਦਿਨ ਸਾਨੂੰ ਅਕਾਲ ਪੁਰਖ ਦੀ ਕਚਹਿਰੀ ਵਿੱਚੋਂ ਨਿਆ ਜ਼ਰੂਰ ਮਿਲੇਗਾ।

***

## ਭਾਈ ਚੌੜਾ ਦੇ ਹੱਕ 'ਚ ਡਟੇ ਦਲ ਖ਼ਾਲਸਾ

ਕੰਵਰਪਾਲ ਸਿੰਘ ਖ਼ਾਲਸਾ ਨੇ ਕਿਹਾ ਕਿ ਅਕਾਲੀ ਦਲ ਮੁੜ ਸਿੱਖ ਕੌਮ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਸਿੰਘ ਸਾਹਿਬਾਨ ਨੂੰ ਅਪੀਲ ਕੀਤੀ ਕਿ ਉਹ ਅਕਾਲੀ ਦਲ ਬਾਦਲ ਦੇ ਜਾਲ ਵਿੱਚ ਨਾ ਫਸਣ ਜੋ ਉਨ੍ਹਾਂ ਨੇ ਐੱਸ.ਜੀ.ਪੀ.ਸੀ. ਰਾਹੀਂ ਵਿਛਾਇਆ ਗਿਆ ਹੈ। ਇਸ ਦਾ ਦਲ ਖ਼ਾਲਸਾ ਤੇ ਸਮੂਹ ਪੰਥਕ ਜਥੇਬੰਦੀਆਂ ਸਖ਼ਤ ਵਿਰੋਧ ਕਰਦੀਆਂ ਹਨ ਅਤੇ ਦੇਸ਼-ਵਿਦੇਸ਼ਾਂ 'ਚ ਬੈਠੇ ਸਮੂਹ ਸਿੱਖਾਂ ਨੂੰ ਵੀ ਅਪੀਲ ਕਰਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਦੇ ਇਸ ਕੋਝੇ ਯਤਨ ਦਾ ਸਖ਼ਤ ਵਿਰੋਧ ਕਰਨ। ਇਸ ਦੇ ਨਾਲ ਹੀ ਉਨ੍ਹਾਂ ਜੇ ਭਾਈ ਨਰਾਇਣ ਸਿੰਘ ਚੌੜਾ ਨੂੰ ਪੰਥ ਵਿਚੋਂ ਛੇਕਣ ਲਈ ਸਿਰਜੇ ਜਾ ਰਹੇ ਬਿਰਤਾਂਤ ਮੁਤਾਬਕ ਫ਼ੈਸਲਾ ਕੀਤਾ ਗਿਆ ਤਾਂ ਇਸ ਦਾ ਹਸ਼ਰ ਵੀ ਗੁਰਮੀਤ ਰਾਮ ਰਹੀਮ ਨੂੰ ਦਿੱਤੀ ਗਈ ਮਾਫ਼ੀ ਵਾਲਾ ਹੋਵੇਗਾ। ਸੇਵਾ ਕਰ ਰਹੇ ਵਿਅਕਤੀ 'ਤੇ ਗੋਲੀ ਚਲਾਉਣ ਬਾਰੇ ਪੁੱਛੇ ਜਾਣ 'ਤੇ ਕੰਵਰਪਾਲ ਸਿੰਘ ਖ਼ਾਲਸਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ, ਸੇਵਾ ਨਹੀਂ ਕਰ ਰਿਹਾ ਬਲਕਿ ਸਜ਼ਾ ਭੁਗਤ ਰਿਹਾ ਹੈ। ਉਨ੍ਹਾਂ ਨੇ ਆਪ ਗਲਤੀ ਨਹੀਂ ਮੰਨੀ ਬਲਕਿ ਕੌਮ ਨੇ ਉਨ੍ਹਾਂ ਨੂੰ ਘਸੀਟ ਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਲਿਆਂਦਾ ਹੈ। ਦਲ ਖ਼ਾਲਸਾ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਮੰਡ ਨੇ ਕਿਹਾ ਕਿ ਉਹ 18 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨ ਰਘਬੀਰ ਸਿੰਘ ਨੂੰ ਮਿਲ ਕੇ ਅਕਾਲੀ ਦਲ ਦੀ ਸ਼ਹਿ 'ਤੇ ਅੰਤ੍ਰਿੰਗ ਕਮੇਟੀ ਵੱਲੋਂ ਭਾਈ ਨਰਾਇਣ ਸਿੰਘ ਚੌੜਾ ਨੂੰ ਪੰਥ ਵਿਚੋਂ ਛੇਕੇ ਜਾਣ ਦੀ ਮੰਗ ਬਾਰੇ ਵਿਰੋਧ ਦਰਜ ਕਰਵਾਉਣ ਲਈ ਮਿਲਣਗੇ। ਇਸ ਦੇ ਨਾਲ ਹੀ ਮੰਗ ਕੀਤੀ ਜਾਵੇਗੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਨ੍ਹਾਂ ਵੱਲੋਂ ਜੋ ਸ਼ਾਨ ਬਹਾਲ ਕੀਤੀ ਗਈ ਹੈ, ਉਸ ਨੂੰ ਬਣਾਈ ਰੱਖਣ ਲਈ ਅਕਾਲੀ ਦਲ ਦੇ ਦਬਾਅ ਤੋਂ ਦੂਰ ਰਹਿਣ। ਇਸ ਮੌਕੇ ਦਲ ਖ਼ਾਲਸਾ ਦੇ ਸੀਨੀਅਰ ਆਗੂ ਹਰਪਾਲ ਸਿੰਘ ਚੀਮਾ, ਹਰਚਰਨਜੀਤ ਸਿੰਘ ਧਾਮੀ, ਪਰਮਜੀਤ ਸਿੰਘ ਟਾਂਡਾ, ਗੁਰਨਾਮ ਸਿੰਘ, ਗੁਰਪ੍ਰੀਤ ਸਿੰਘ, ਜਗਜੀਤ ਸਿੰਘ, ਸਾਰਜ ਸਿੰਘ ਵੀ ਮੌਜੂਦ ਸਨ।

ਅਕਾਲੀ ਦਲ ਅੰਮ੍ਰਿਤਸਰ ਦਾ ਪੱਖ

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਾਬਕਾ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਬਾਕੀ ਆਗੂਆਂ ਨੂੰ ਦਿੱਤੀ ਗਈ ਧਾਰਮਿਕ ਸਜ਼ਾ ਦੇ ਨਾਲ ਸਿੱਖਾਂ ਦੀ ਬਾਦਸ਼ਾਹੀ ਸੁਰਜੀਤ ਹੋਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਿੰਦੂਤਵ ਦੀ ਕੱਛ ਵਿੱਚ ਵੜ੍ਹ ਕੇ ਸਿੱਖੀ ਦਾ ਘਾਣ ਕੀਤਾ ਹੈ, ਪੰਥਕ ਮੁੱਦੇ ਖ਼ਤਮ ਕਰਕੇ ਸਿੱਖਾਂ ਨੂੰ ਮਰਵਾਇਆ, ਸੌਦਾ ਸਾਧ ਦਾ ਮੁਆਫ਼ੀਨਾਮਾ, ਸ਼੍ਰੋਮਣੀ ਕਮੇਟੀ ਦੇ ਫ਼ੰਡਾਂ ਦੀ ਦੁਰਵਰਤੋਂ ਕਰਕੇ ਇਹ ਮਸੰਦ ਬਣ ਗਏ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲਗਾਈ ਗਈ ਸਜ਼ਾ ਦੇ ਕਾਰਨ ਅੱਜ ਸਿੱਖ ਮਾਣ ਮਹਿਸੂਸ ਕਰਦੇ ਹਨ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਲਈ ਸਭ ਇੱਕ ਸਾਮਾਨ ਹਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹੇ ਮਸੰਦਾਂ ਨੂੰ ਦੇਹਰਾਦੂਨ ਜਾ ਕੇ ਫ਼ੂਕਿਆ ਸੀ ਪਰ ਅੱਜ ਮਸੰਦਾਂ ਨੂੰ ਫ਼ੂਕਿਆ ਨਹੀਂ ਜਾ ਸਕਦਾ ਪਰ ਇਨ੍ਹਾਂ ਮਸੰਦਾਂ ਤੋਂ ਦੂਰੀ ਬਣਾਈ ਜਾ ਸਕਦੀ ਹੈ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਉਣ ਸਬੰਧੀ ਉਨ੍ਹਾਂ ਕਿਹਾ ਕਿ 14 ਸਾਲਾਂ ਤੋਂ ਕੇਂਦਰ ਦੀ ਭਾਜਪਾ ਸਰਕਾਰ ਨੇ ਸਿੱਖਾਂ ਦੀ ਜਮਹੂਰੀਅਤ 'ਤੇ ਡਾਕਾ ਮਾਰਿਆ ਹੈ, ਚੋਣਾਂ ਕਰਵਾਉਣਾ ਸਮੇਂ ਦੀ ਮੁੱਖ ਲੋੜ ਹੈ ਅਤੇ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਵੀ ਇਸ ਮਾਮਲੇ ਸਬੰਧੀ ਗੰਭੀਰ ਨਜ਼ਰ ਆ ਰਿਹਾ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਹਰ ਫ਼ੈਸਲੇ ਦਾ ਸੁਆਗਤ ਕਰਦਾ ਹੈ ਕਿ ਸਿੱਖਾਂ ਦੀ ਬਾਦਸ਼ਾਹੀ ਸੁਰਜੀਤ ਹੋ ਰਹੀ ਹੈ। ਉਨ੍ਹਾਂ ਇਸ ਮੌਕੇ 'ਤੇ ਬੋਲਦਿਆਂ ਸੁਖਬੀਰ ਬਾਦਲ 'ਤੇ ਹਮਲਾ ਕਰਨ ਵਾਲੇ ਨਰਾਇਣ ਸਿੰਘ ਚੌੜਾ ਨੂੰ ਸਿੱਖ ਪੰਥ 'ਚੋਂ ਛੇਕਣ ਦਾ ਵਿਰੋਧ ਕਰਦਿਆਂ ਕਿਹਾ ਕਿ ਜਦੋਂ ਉਸ ਦੇ ਹਮਲੇ ਨਾਲ ਕੋਈ ਨੁਕਸਾਨ ਨਹੀਂ ਹੋਇਆ, ਜਿਸ 'ਤੇ ਕਾਨੂੰਨ ਆਪਣੀ ਕਾਰਵਾਈ ਕਰ ਰਿਹਾ ਹੈ ਤਾਂ ਉਸ ਨੂੰ ਧਾਰਮਿਕ ਸਜ਼ਾ ਦੀ ਲੋੜ ਨਹੀਂ। ਸਜ਼ਾ ਦਾ ਹੱਕਦਾਰ ਤਾਂ ਸੁਖਬੀਰ ਬਾਦਲ ਅਤੇ ਉਸਦੇ ਆਗੂ ਹਨ।

ਮਾਨ ਨੇ ਅੰਮ੍ਰਿਤਸਰ ਵਿੱਚ ਭਾਈ ਨਰਾਇਣ ਸਿੰਘ ਚੌੜਾ ਨੂੰ ਲਖੀਮਪੁਰ ਖੀਰੀ ਲਿਜਾਣ ਦੇ ਅਮਲ ਦੀ ਨਿਖੇਧੀ ਕਰਦਿਆਂ ਇਸ ਨੂੰ ਮਨੁੱਖੀ ਹੱਕਾਂ 'ਤੇ ਡਾਕਾ ਦੱਸਿਆ। ਉਨ੍ਹਾਂ ਕਿਹਾ ਕਿ 72 ਸਾਲਾ ਬਜ਼ੁਰਗ ਤੇ ਖ਼ਾਲਸਾ ਪੰਥ ਦੇ ਆਗੂ ਨਾਲ ਸੈਂਟਰ ਤੇ ਪੰਜਾਬ ਸਰਕਾਰ ਅਣਮਨੁੱਖੀ ਵਿਹਾਰ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜੇ ਨਰਾਇਣ ਸਿੰਘ ਨਾਲ ਕਿਸੇ ਤਰ੍ਹਾਂ ਦੀ ਅਣਹੋਣੀ ਹੋਈ ਤਾਂ ਕੇਂਦਰ ਤੇ ਪੰਜਾਬ ਸਰਕਾਰ ਜ਼ਿੰਮੇਵਾਰ ਹੋਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬੀਆਂ ਅਤੇ ਸਿੱਖਾਂ ਦੇ ਮਸਲਿਆਂ ਨੂੰ ਸਹਿਜਤਾ ਨਾਲ ਹੱਲ ਕਰਨ ਦੀ ਬਜਾਇ ਦੋਵੇਂ ਸਰਕਾਰਾਂ ਪੰਜਾਬ ਦੇ ਮਾਹੌਲ ਨੂੰ ਸਾਜ਼ਿਸ਼ ਅਧੀਨ ਖ਼ਰਾਬ ਕਰ ਰਹੀਆਂ ਹਨ।

ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿੱਚ ਭਾਈ ਚੌੜਾ ਬਾਰੇ ਹੋਵੇਗਾ ਫ਼ੈਸਲਾ

ਫ਼ਤਹਿਗੜ੍ਹ ਸਾਹਿਬ/ਏ.ਟੀ.ਨਿਊਜ਼ : ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਭਾਈ ਨਰਾਇਣ ਸਿੰਘ ਚੌੜਾ ਸੰਬੰਧੀ ਸਿੰਘ ਸਾਹਿਬਾਨ ਦੀ ਮੀਟਿੰਗ ਕਰ ਕੇ ਹੀ ਕੋਈ ਫ਼ੈਸਲਾ ਲਿਆ ਜਾ ਸਕਦਾ ਹੈ।

***

## ਮਜੀਠੀਆ ਨੇ ਪੇਸ਼ ਕੀਤੇ ਨਵੇਂ ਸਬੂਤ

ਅੰਮ੍ਰਿਤਸਰ ਪੁਲਿਸ ਨੇ ਕੇਸ ਨੂੰ ਹੋਰ ਕਮਜ਼ੋਰ ਕਰ ਦਿੱਤਾ ਕਿ ਧੱਕਾ ਮੁੱਕੀ ਕਾਰਨ ਗੋਲੀ ਹਵਾ ਵਿੱਚ ਚਲ ਗਈ ਜਦੋਂ ਕਿ ਸਪਸ਼ਟ ਲਿਖਣਾ ਚਾਹੀਦਾ ਸੀ ਕਿ ਸੁਖਬੀਰ ਸਿੰਘ ਬਾਦਲ ਹੁਰਾਂ ਦੇ ਨਿੱਜੀ ਸੁਰੱਖਿਆ ਅਫ਼ਸਰ (ਪੀ ਐਸ ਓ) ਵੱਲੋਂ ਸਮੇਂ ਸਿਰ ਚੁੱਕੇ ਕਦਮ ਕਾਰਨ ਤ੍ਰਾਸਦੀ ਹੁੰਦੇ ਹੁੰਦੇ ਬਚ ਗਈ। ਉਨ੍ਹਾਂ ਕਿਹਾ ਕਿ ਐਫ਼. ਆਈ. ਆਰ. ਵਿੱਚ ਇਹ ਗੱਲ ਦਰਜ ਨਹੀਂ ਕੀਤੀ ਕਿ ਚੌੜਾ, ਸੁਖਬੀਰ ਬਾਦਲ ਨੂੰ ਮਾਰਨਾ ਚਾਹੁੰਦਾ ਸੀ ਅਤੇ ਗੋਲੀ ਸ੍ਰੀ ਦਰਬਾਰ ਸਾਹਿਬ ਦੀ ਦਰਸ਼ਨੀ ਡਿਓੜੀ ਵਿੱਚ ਜਾ ਵੱਜੀ। ਉਨ੍ਹਾਂ ਦੁੱਖ ਪ੍ਰਗਟ ਕੀਤਾ ਕਿ ਐੱਫ਼. ਆਈ. ਆਰ. ਵਿੱਚ ਚੌੜਾ ਨੂੰ ਇੱਕ ਸ਼ਰਧਾਲੂ ਦੱਸਿਆ ਗਿਆ ਹੈ ਜਦੋਂ ਕਿ ਉਸਦਾ ਪਿਛੋਕੜ ਖਾੜਕੂ ਲਹਿਰ ਨਾਲ ਹੈ। ਮਜੀਠੀਆ ਨੇ ਕਿਹਾ ਕਿ ਐੱਸਪੀ ਰੰਧਾਵਾ ਦੀ ਗ੍ਰਿਫ਼ਤਾਰੀ ਅਤੇ ਹਿਰਾਸਤੀ ਪੁੱਛ ਗਿੱਛ ਹੀ ਕੇਸ ਦਾ ਸੱਚ ਸਾਹਮਣੇ ਲਿਆ ਸਕਦੀ ਹੈ।

****

## ਕੈਨੇਡੀਅਨ ਸੰਸਦ ਨੇ

ਅਗਸਤ ਵਿੱਚ, ਧਾਲੀਵਾਲ ਨੇ ਇੱਕ ਪਟੀਸ਼ਨ ਵੀ ਸਪਾਂਸਰ ਕੀਤੀ ਸੀ ਜਿਸ ਵਿੱਚ ਕੈਨੇਡੀਅਨ ਸਰਕਾਰ ਨੂੰ ਏਅਰ ਇੰਡੀਆ ਬੰਬ ਧਮਾਕੇ ਦੀ ਇੱਕ ਨਵੀਂ ਜਾਂਚ ਸ਼ੁਰੂ ਕਰਨ ਦੀ ਅਪੀਲ ਕੀਤੀ ਗਈ ਸੀ, ਜਿਸ ਵਿੱਚ ਦੋਸ਼ ਲਾਇਆ ਗਿਆ ਸੀ ਕਿ ਹਮਲੇ ਲਈ ਕੈਨੇਡੀਅਨ ਸਿੱਖਾਂ ਦੀ ਬਜਾਏ ਭਾਰਤ ਸਰਕਾਰ ਜ਼ਿੰਮੇਵਾਰ ਸੀ। ਆਪਣੇ ਪਰਿਵਾਰ ਗਵਾ ਚੁੱਕੇ ਇਹਨਾਂ ਸਿੱਖਾਂ ਨੂੰ ਅੱਜ ਵੀ ਵਿਚਾਰੇ ਦੇ ਤੌਰ 'ਤੇ ਵਿਚਾਰਿਆ ਜਾਂਦਾ ਹੈ ਅਤੇ ਇਸ ਨਸਲਕੁਸ਼ੀ ਦੇ ਦੋਸ਼ੀ ਕਹੇ ਜਾਂਦੇ ਲੋਕ ਅੱਜ ਵੀ ਧੌਣ ਅਕੜਾ ਕੇ ਆਜ਼ਾਦ ਘੁੰਮ ਰਹੇ ਹਨ। ਕੈਨੇਡੀਅਨ ਸਾਂਸਦ ਆਰੀਆ ਤੇ ਭਾਰਤ ਦੀਆਂ ਫ਼ਿਰਕੂ ਸਿਆਸੀ ਧਿਰਾਂ ਸਿੱਖਾਂ ਨੂੰ ਇਨਸਾਫ਼ ਦਿਵਾਉਣ ਵਿੱਚ ਅੜਿਕੇ ਖੜੇ ਕਰ ਰਹੀਆਂ ਹਨ।

1984 ਦੇ ਸਿੱਖ ਕਤਲੇਆਮ ਪੀੜਤ ਪਰਿਵਾਰਾਂ ਦੀ ਲੰਬੀ ਉਡੀਕ ਅੱਜ ਵੀ ਦੇਸ਼ ਦੇ ਕਾਨੂੰਨ ਦੇ 'ਲੰਮੇ ਹੱਥਾਂ' ਨੂੰ ਇਸ ਕਤਲੇਆਮ ਦੇ ਇਨਸਾਫ਼ ਦਾ ਸਵਾਲ ਪੁੱਛ ਰਹੀ ਹੈ। ਕੈਨੇਡਾ ਵਿੱਚ ਇਸ ਮਤੇ ਦੇ ਵਿਰੋਧ ਵਿੱਚ ਜੋ ਵਾਪਰਿਆ, ਉਹ ਨਸਲੀ ਫ਼ਿਰਕੂਵਾਦ ਸੀ।

***

## ਪਰਵਾਸ ਕਾਰਨ ਡੂੰਘੇ ਸੰਕਟ

ਇਸ ਦੇ ਉਲਟ ਚੀਨ, ਦੱਖਣੀ ਕੋਰੀਆ, ਇਜ਼ਰਾਈਲ, ਭਾਰਤੀ ਸੂਬੇ ਕੇਰਲ, ਪੱਛਮੀ ਬੰਗਾਲ ਆਦਿ ਤੋਂ ਆਉਣ ਵਾਲੇ ਵਿਦਿਆਰਥੀਆਂ ਦਾ ਸਾਰਾ ਦਾਰੋਮਦਾਰ ਚੰਗੀ ਸਿੱਖਿਆ ਹਾਸਲ ਕਰ ਕੇ ਸੰਸਥਾਈ ਢਾਂਚੇ ਦਾ ਹਿੱਸਾ ਬਣਨਾ ਹੈ। ਇਹ ਰੁਝਾਨ ਪੰਜਾਬੀਆਂ ਵਿਦਿਆਰਥੀਆਂ ਦੀ ਛੇਤੀ ਛੇਤੀ ਪਦਾਰਥਵਾਦੀ ਅਮੀਰ ਬਣਨ ਦੀ ਤਾਂਘ ਨੂੰ ਬਾਖੂਬੀ ਬਿਆਨ ਕਰਦਾ ਹੈ ਜਿਸ ਦੇ ਸਾਹਮਣੇ ਬਹੁਤੇ ਵਿਦਿਆਰਥੀਆਂ ਲਈ ਸਭ ਕੁਝ ਫ਼ਿੱਕਾ ਹੈ। ਇੱਕ ਗੱਲ ਤੈਅ ਹੈ ਕਿ ਪੰਜਾਬੀਆਂ ਦੀ ਨੌਜਵਾਨ ਪੀੜ੍ਹੀ ਦੁਆਰਾ ਛੇਤੀ ਛੇਤੀ ਪਦਾਰਥਵਾਦੀ ਅਮੀਰ ਬਣਨ ਨੂੰ ਪ੍ਰਮੁੱਖ ਰੱਖ ਕੇ ਆਪਣੇ ਚੰਗੇ ਭਵਿੱਖ ਵਿੱਚ ਉੱਚ ਪੱਧਰੀ ਸਿੱਖਿਆ ਨੂੰ ਮਨਫ਼ੀ ਕਰ ਦੇਣਾ ਪੰਜਾਬੀ ਕੌਮ ਨੂੰ ਕੈਨੇਡਾ ਅਤੇ ਵਿਸ਼ਵ ਪੱਧਰ 'ਤੇ ਸੂਝਵਾਨ ਕੌਮ ਬਣਨ ਅਤੇ ਉੱਚ ਸੰਸਥਾਈ ਢਾਂਚੇ ਨੂੰ ਸਮਝ ਕੇ ਉਸ ਦਾ ਹਿੱਸਾ ਬਣਨ ਜਾਂ ਉਸ ਨੂੰ ਕਿਸੇ ਬਿਹਤਰ ਢਾਂਚੇ ਵਿੱਚ ਪਰਿਵਰਤਨ ਕਰਨ ਦੀ ਪ੍ਰਤਿਭਾ ਨਾਲ ਮੇਲ ਨਹੀਂ ਖਾਂਦਾ। ਇਨ੍ਹਾਂ ਨੀਤੀਆਂ ਦੇ ਉਦੇਸ਼ਾਂ ਨੂੰ ਸਮਝੇ ਬਗੈਰ ਪੰਜਾਬ ਦੇ ਰਾਜਨੀਤਕ-ਆਰਥਿਕ ਸੰਕਟ ਤੋਂ ਨਿਕਲਣ ਵਾਲੀ ਨੌਜਵਾਨ ਪੀੜ੍ਹੀ ਜਿਹੜੀ ਸੋਚ ਨਾਲ ਕੈਨੇਡਾ ਜਾ ਕੇ ਜਿਸ ਨਵੇਂ ਰਾਜਨੀਤਕ-ਆਰਥਿਕ ਪ੍ਰਬੰਧ ਦਾ ਹਿੱਸਾ ਬਣਦੀ ਹੈ, ਉਹ ਉਨ੍ਹਾਂ ਅਤੇ ਕੈਨੇਡੀਅਨ ਮਜ਼ਦੂਰ ਜਮਾਤ ਲਈ ਕੋਈ ਆਸ਼ਾਵਾਦੀ ਭਵਿੱਖ ਨਹੀਂ ਸਿਰਜ ਸਕਦੀ।ਇਹੀ ਕਾਰਣ ਹੈ ਕਿ ਪੰਜਾਬੀ ਵਿਦਿਆਰਥੀ ਪ੍ਰਵਾਸ ਕਾਰਨ ਡੂੰਘੇ ਸੰਕਟ ਵਿੱਚ ਫ਼ਸੇ ਹਨ।

ਅਰਥ ਸ਼ਾਸ਼ਤਰੀ ਡਾਕਟਰ ਸੁੱਚਾ ਸਿੰਘ ਗਿੱਲ ਅਨੁਸਾਰ ਇੰਨੀ ਵੱਡੀ ਗਿਣਤੀ ਵਿੱਚ ਛੋਟੀ ਉਮਰੇ ਵਿਦਿਆਰਥੀਆਂ ਦਾ ਵਿਦੇਸ਼ ਜਾਣਾ ਬੱਚਿਆਂ ਵਾਸਤੇ ਮੁਸ਼ਕਿਲਾਂ ਪੈਦਾ ਕਰਦਾ ਹੈ। ਮਾਪਿਆਂ ਵਾਸਤੇ ਵੀ ਕਾਫ਼ੀ ਮਹਿੰਗਾ ਸੌਦਾ ਹੈ। ਕਈ ਵਾਰ ਇਹ ਉਨ੍ਹਾਂ ਦੀ ਸਾਰੀ ਉਮਰ ਦੀ ਕਮਾਈ ਅਤੇ ਜਾਇਦਾਦ ਨੂੰ ਵੀ ਖਾ ਜਾਣ ਦਾ ਸਬਬ ਬਣ ਜਾਂਦਾ ਹੈ। ਇਹ ਪੰਜਾਬ ਦੇ ਖਿੱਤੇ ਵਿਚੋਂ ਭੌਤਿਕ ਅਤੇ ਮਨੁੱਖੀ ਸਰਮਾਏ ਨੂੰ ਬਾਹਰ ਭੇਜ ਕੇ ਇਥੇ ਵਿਕਾਸ ਦੀ ਗਤੀ ਨੂੰ ਧੀਮਾ ਕਰਦਾ ਹੈ ਅਤੇ ਸੂਬੇ ਵਾਸਤੇ ਕਾਫ਼ੀ ਨੁਕਸਾਨ ਦਾ ਕਾਰਨ ਹੈ। ਇਸ ਵਰਤਾਰੇ ਨੂੰ ਸਮਝਣ ਦੀ ਜ਼ਰੂਰਤ ਹੈ। ਇਸ ਵਾਸਤੇ ਪੰਜਾਬ ਸਰਕਾਰ ਇਸ ਬਾਰੇ ਗੰਭੀਰ ਅਧਿਐਨ ਕਰ ਕੇ/ਕਰਵਾ ਕੇ ਨੀਤੀਗਤ ਫ਼ੈਸਲੇ ਕਰੇ। ਇਸ ਕਿਸਮ ਦੇ ਪਰਵਾਸ ਦੇ ਕਾਰਨਾਂ ਦਾ ਪਤਾ ਲਗਾਉਣ ਬਾਅਦ ਇਸ ਵਰਤਾਰੇ ਦੀ ਰੋਕਥਾਮ ਲਈ ਢੁਕਵੇਂ ਕਦਮ ਚੁੱਕਣਾ ਅੱਜ ਸਮੇਂ ਦੀ ਲੋੜ ਹੈ। ਇਸ ਦਾ ਮਤਲਬ ਇਹ ਨਹੀਂ ਕਿ ਵਿਦਿਆਰਥੀਆਂ ਦਾ ਵਿਦੇਸ਼ ਪੜ੍ਹਨਾ ਬਿਲਕੁਲ ਬੰਦ ਕਰਨਾ ਹੈ। ਕੁਝ ਵਿਦਿਆਰਥੀ ਉਚੇਰੀ ਸਿੱਖਿਆ ਅਤੇ ਨਵੀਂ ਤਕਨੀਕ ਵਾਸਤੇ ਵਿਦੇਸ਼ ਵੀ ਪੜ੍ਹਨੇ ਚਾਹੀਦੇ ਹਨ ਪਰ ਉਨ੍ਹਾਂ ਵਾਸਤੇ ਲੋੜੀਂਦੇ ਵਜ਼ੀਫ਼ਿਆਂ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ।

ਪੰਜਾਬ ਦੇ ਵਿਦਿਅਕ ਢਾਂਚੇ ਵਿੱਚ ਸੁਧਾਰ ਕਰ ਕੇ ਵਿਦਿਆ ਦਾ ਮਿਆਰ ਸੁਧਾਰਨਾ ਅਤੇ ਪੜ੍ਹੇ ਲਿਖੇ ਨੌਜਵਾਨਾਂ ਵਾਸਤੇ ਮਿਆਰੀ ਰੁਜ਼ਗਾਰ ਦਾ ਪ੍ਰਬੰਧ ਕਰਨਾ, ਸਿਵਲ ਤੇ ਪੁਲਿਸ ਪ੍ਰਸ਼ਾਸਨ ਸੁਧਾਰਨਾ ਤਾਂ ਕਿ ਲੋਕਾਂ ਦੀ ਜਾਨ ਮਾਲ ਸੁਰੱਖਿਅਤ ਹੋਵੇ ਅਤੇ ਲੋਕ ਪੰਜਾਬ ਵਿੱਚ ਰਹਿਣ 'ਤੇ ਮਾਣ ਮਹਿਸੂਸ ਕਰਨ। ਇਸ ਤੋਂ ਇਲਾਵਾ ਸਿਹਤ ਸਹੂਲਤਾਂ ਦਾ ਪਸਾਰ ਅਤੇ ਮਿਆਰ ਠੀਕ ਕਰਨ ਨਾਲ ਮਨੁੱਖੀ ਸਰੋਤ ਤੇ ਭੌਤਿਕ ਸਰਮਾਏ ਦੇ ਵਿਕਾਸ ਨਾਲ ਸੂਬਾ ਖੁਸ਼ਹਾਲੀ ਵੱਲ ਵਧ ਸਕਦਾ ਹੈ। ਪੰਜਾਬ ਸਰਕਾਰ ਇਸ ਬਾਬਤ ਮੌਲਿਕ ਭੂਮਿਕਾ ਨਿਭਾ ਸਕਦੀ ਹੈ।

## ਕੀ ਹੈ ਡੋਨਾਲਡ ਟਰੰਪ

ਪਿਛਲੇ 75 ਸਾਲਾਂ ਤੋਂ ਅਮਰੀਕਾ ਨਸਲਘਾਤ ਨੀਤੀ 'ਤੇ ਚੱਲ ਰਿਹਾ ਹੈ। ਟਰੰਪ ਪ੍ਰਸ਼ਾਸਨ ਵੀ ਇਸ ਵਿੱਚ ਕੋਈ ਤਬਦੀਲੀ ਨਹੀਂ ਕਰਨ ਵਾਲਾ। ਅਮਰੀਕਾ ਵਿਸ਼ਵ ਦੇ ਬਦਨਾਮ ਨਸਲਘਾਤੀ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਹਮਾਇਤ ਜਾਰੀ ਰੱਖੇਗਾ। ਅਮਰੀਕਾ ਦੀ ਅਮੀਰੀ ਦੇ ਮੱਥੇ 'ਤੇ ਬੇਘਰੇ ਟੱਪਰੀਵਾਸ, ਗਲੀਆਂ ਵਿੱਚ ਰੁਲਣ ਵਾਲੇ ਲੱਖਾਂ ਲੋਕਾਂ ਦਾ ਬਦਨੁਮਾ ਦਾਗ਼ ਕਾਇਮ ਹੈ। ਇਸ ਬਾਰੇ ਟਰੰਪ ਪ੍ਰਸ਼ਾਸਨ ਚੁੱਪ ਹੈ। ਦਸ ਵੱਡੇ ਸ਼ਹਿਰਾਂ ਜਿਵੇਂ ਸਾਨ ਫ਼੍ਰਾਂਸਿਸਕੋ ਵਿੱਚ 7082, ਸੈਕਰਾਮੈਂਟੋ 'ਚ 9281, ਫ਼ੋਨਿਕਸ 'ਚ 9642, ਓਕਲੈਂਡ 'ਚ 9759, ਸੇਨਜੋਸ਼ੇ 'ਚ 9903, ਡੈਨੇਵਰ 'ਚ 10054, ਸੇਨ ਡਾਇਗੋ 'ਚ 10264, ਸੀਆਟਲ 'ਚ 14444, ਲਾਸ ਏਂਜਲਸ 'ਚ 71312 ਅਤੇ ਨਿਊਯਾਰਕ ਵਿੱਚ 88000 ਬੇਘਰੇ ਲੋਕ ਰੁਲ ਰਹੇ ਹਨ।

ਰੂਸ-ਯੂਕਰੇਨ ਜੰਗ ਦੇ ਖ਼ਾਤਮੇ ਲਈ ਟਰੰਪ ਖ਼ੁਫ਼ੀਆ ਵਿਭਾਗ ਪ੍ਰਮੁੱਖ ਰਿਚਰਡ ਗ੍ਰੈਨੇਲ ਨੂੰ ਚੁਣ ਰਹੇ ਹਨ। ਇਹ ਅਤਿ-ਜ਼ਰੂਰੀ ਹੈ ਤੀਸਰੀ ਵਿਸ਼ਵ ਜੰਗ ਦੇ ਭਾਂਬੜ ਰੋਕਣ ਲਈ। ਅਮਰੀਕਾ ਦੀ ਵਿਸ਼ਵ ਵਿੱਚ ਘਟਦੀ ਸਾਖ਼ ਨੂੰ ਮੁੜ ਨੰਬਰ ਇੱਕ ਸਥਾਪਤ ਕਰਨ ਲਈ ਟਰੰਪ ਵਚਨਬੱਧ ਲੱਗਦਾ ਹੈ। ਇਹ ਤਾਂ ਹੀ ਸੰਭਵ ਹੋ ਸਕੇਗਾ ਜੇ ਉਹ ਸਭ ਅਮਰੀਕੀਆਂ ਨੂੰ ਨਾਲ ਲੈ ਕੇ ਚੱਲੇਗਾ। ਪਥਾੜੇਬਾਜ਼ੀ ਤੋਂ ਗੁਰੇਜ਼ ਕਰੇਗਾ।

****

## ਪੰਜਾਬ ਦੀ ਸਮਝ ਅਤੇ ਵਰਤਾਰੇ

ਫ਼ਿਰ ਯੂ.ਪੀ. ਵਾਪਰਿਆ, ਦਿੱਲੀ ਵਾਪਰਿਆ ਅਤੇ ਮਨੀਪੁਰ ਵਾਪਰ ਰਿਹਾ ਹੈ। ਇਸ ਵਿਰੁੱਧ ਜਿਸ ਤਰ੍ਹਾਂ ਪੰਜਾਬ ਲੜ ਰਿਹਾ ਹੈ, ਉਸ ਤਰ੍ਹਾਂ ਹੋਰ ਕੋਈ ਸੂਬਾ ਲੜਦਾ ਕਿਉਂ ਨਜ਼ਰ ਨਹੀਂ ਆਉਂਦਾ ਅਤੇ ਇਸ ਬਾਰੇ ਲੋੜੀਂਦੀ ਚੇਤਨਾ ਲਾਮਬੰਦੀ ਕਿਉਂ ਨਹੀਂ ਹੋ ਰਹੀ ? ਸਰਬ ਭਾਰਤੀ ਕਿਸਾਨ ਸੰਘਰਸ਼ ਜਿਸ ਤਰ੍ਹਾਂ ਪੰਜਾਬੀਆਂ ਵੱਲੋਂ ਲੜਿਆ ਜਾ ਰਿਹਾ ਹੈ, ਉਸ ਤਰ੍ਹਾਂ ਹੋਰ ਕਿਸੇ ਸੂਬੇ ਵੱਲੋਂ ਕਿਉਂ ਨਹੀਂ ਲੜਿਆ ਜਾ ਰਿਹਾ ?

ਇਸੇ ਤੋਂ ਪੰਜਾਬ ਦੀ ਸਮਝ ਅਤੇ ਵਰਤਾਰੇ ਦੀ ਸਿਆਸਤ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਕੌਣ ਕਿਸ ਨੂੰ ਦੱਸੇ ਕਿ ਕੋਈ ਵੀ ਸਮਕਾਲ ਜਦੋਂ ਸਿਆਸਤ ਦੇ ਪੈਰੋਂ ਬਦਲਿਆ-ਬਦਲਿਆ ਲੱਗਣ ਲੱਗ ਪਵੇ ਅਤੇ ਸਹਿਮਤੀ ਤੇ ਅਸਹਿਮਤੀ ਇੱਕ ਦੂਜੇ ਨਾਲ ਗੁੱਥਮਗੁੱਥਾ ਹੋ ਕੇ ਬੇਭਰੋਸਗੀ ਵਰਗੇ ਸਿੱਟੇ ਕੱਢਣ ਲੱਗ ਪੈਣ ਤਾਂ ਤਿਲਕਵੇਂ ਸਿਆਸੀ ਰਾਹਾਂ 'ਤੇ ਤੁਰਨ ਦੀਆਂ ਮਜਬੂਰੀਆਂ ਪੈਦਾ ਹੋ ਜਾਂਦੀਆਂ ਹਨ। ਇਹੋ ਜਿਹੀ ਹਾਲਤ ਵਿੱਚ ਭਾਸ਼ਾ ਵੀ ਉਹੀ ਰਹਿੰਦੀ ਹੈ, ਬੰਦੇ ਵੀ ਉਹੀ ਰਹਿੰਦੇ ਹਨ ਅਤੇ ਰਿਸ਼ਤੇ ਵੀ ਉਹੀ ਹੁੰਦੇ ਹਨ; ਫ਼ਿਰ ਵੀ ਸਭ ਕੁਝ ਬਦਲਿਆ-ਬਦਲਿਆ ਲੱਗਣ ਲੱਗ ਪੈਂਦਾ ਹੈ। ਇਸ ਦੀ ਜਿੰਮੇਵਾਰੀ ਹਰ ਕੋਈ ਦੂਜੇ 'ਤੇ ਸੁੱਟਣ ਦੀ ਸਿਆਸਤ ਕਰਦਾ ਨਜ਼ਰ ਆਉਣ ਲੱਗ ਪੈਂਦਾ ਹੈ। ਨਤੀਜੇ ਵਜੋਂ ਪਕਰੋੜ ਸਿਆਸੀ ਧਿਰਾਂ ਦੇ ਘਮਸਾਣ ਵਿੱਚ ਜਵਾਨੀ ਦੀ ਕੋਮਲਤਾ ਦਾ ਉਹੀ ਹਾਲ ਹੋਣ ਲੱਗ ਪੈਂਦਾ ਹੈ ਜਿਹੋ ਜਿਹਾ ਸਾਨ੍ਹਾਂ ਦੇ ਭੇੜ ਵਿੱਚ ਮੱਕੀ ਦੇ ਖੇਤ ਦਾ ਹੋ ਸਕਦਾ ਹੈ। ਇਸ ਹਾਲਤ ਦੇ ਜਿੰਮੇਵਾਰ ਹੀ ਜੇ ਇਹ ਕਹਿਣ ਲੱਗ ਪੈਣ ਕਿ ਪੰਜਾਬ ਦੀ ਜਵਾਨੀ ਕਿਧਰ ਨੂੰ ਜਾ ਰਹੀ ਹੈ ਤਾਂ 'ਬੋਲਣ ਦੀ ਨਹੀਂ ਜਾਹ ਵੇ ਅੜਿਆ' ਵਰਗੀ ਸਥਿਤੀ ਪੈਦਾ ਹੋ ਜਾਂਦੀ ਹੈ।

ਜਿਹੋ ਜਿਹੀ ਸਿਆਸਤ ਵਾਸਤੇ ਸਪੇਸ ਭਾਜਪਾ ਵੱਲੋਂ ਪੈਦਾ ਕੀਤੀ ਜਾ ਰਹੀ ਹੈ, ਉਹ ਪੰਜਾਬ ਨਾਲ ਵੀ ਜੁੜੀ ਹੋਈ ਲੱਗਣ ਲੱਗ ਪਈ ਹੈ। ਕੈਨੇਡਾ ਵਿੱਚ ਮੰਦਰ ਦੇ ਬਾਹਰ ਹੋਇਆ ਝਗੜਾ, ਹਰਿਆਣੇ ਨੂੰ ਚੰਡੀਗੜ੍ਹ ਵਿੱਚ ਜ਼ਮੀਨ ਦੇਣ ਦਾ ਮਾਮਲਾ ਅਤੇ ਸਿਆਸੀ ਵਿਰੋਧੀਆਂ ਤੇ 'ਜਹਾਦੀ' ਸਿਆਸਤ, ਰੀਐਕਟਿਵ ਏਜੰਡੇ ਵਾਂਗ ਪੰਜਾਬ ਦੇ ਗਲ ਪੈਂਦੀ ਲੱਗਣ ਲੱਗ ਪਈ ਹੈ। ਇਸ ਹਾਲਤ ਵਿੱਚ ਪੰਜਾਬ ਨੂੰ ਆਪਣੀ ਵਿਰਾਸਤ ਵੱਲ ਮੁੜੇ ਬਗੈਰ ਪੰਜਾਬ ਰੱਖਣਾ ਮੁਸ਼ਕਿਲ ਹੋ ਰਿਹਾ ਹੈ।

***

## ਬੰਗਲਾਦੇਸ਼ ਦੇ ਵਿਗੜਦੇ

ਭਾਰਤ ਦੀ ਅੰਦਰੂਨੀ ਸੁਰੱਖਿਆ ਨੂੰ ਪ੍ਰਭਾਵਤ ਕਰਨ ਦਾ ਚੀਨ ਦਾ ਮਨਸੂਬਾ ਵੀ ਕਾਮਯਾਬ ਸੀ ਨਹੀਂ ਹੋ ਸਕਿਆ। ਇਨ੍ਹਾਂ ਰਾਜਾਂ ਦਾ ਵੱਖਵਾਦੀ ਅੰਦੋਲਨ ਪੂਰੀ ਤਰਾਂ ਖ਼ਤਮ ਨਹੀਂ ਹੋ ਸਕਿਆ। ਕੁਕੀ, ਚਿਨ, ਲਸਾਈ ਜਨਜਾਤੀਆਂ ਦਾ ਰਵਾਇਤੀ ਨਿਵਾਸ ਤਿੰਨ ਦੇਸ਼ਾਂ ਦੀਆਂ ਸਰਹੱਦਾਂ ਵਿਚ ਵੰਡਿਆ ਹੈ। ਬੰਗਲਾਦੇਸ਼ ਨਾਲ ਪਾਕਿਸਤਾਨ ਦੇ ਮਜ਼ਬੂਤ ਹੁੰਦੇ ਸਬੰਧਾਂ ਕਰਕੇ ਆਈਐੱਸਆਈ ਭਾਰਤ ਦੇ ਉੱਤਰ ਪੂਰਬ ਦੇ ਵੱਖ-ਵੱਖ ਨਸਲੀ ਸਮੂਹਾਂ ਅਤੇ ਵੱਖਵਾਦੀ ਅਨਸਰਾਂ ਨੂੰ ਭਾਰਤ ਖ਼ਿਲਾਫ਼ ਆਪਣੀਆਂ ਸਾਜ਼ਿਸ਼ਾਂ ਦਾ ਹਿੱਸਾ ਬਣਾ ਸਕਦੀ ਹੈ। ਬੰਗਲਾਦੇਸ਼ ਅਤੇ ਮਿਆਂਮਾਰ ਦੀ ਸਰਹੱਦ ਤੋਂ ਭਾਰਤ ਵਿੱਚ ਅੱਤਵਾਦੀਆਂ ਦਾ ਦਾਖ਼ਲਾ, ਨਸ਼ੀਲੇ ਪਦਾਰਥਾਂ ਤੇ ਮਨੁੱਖੀ ਤਸਕਰੀ ਅਤੇ ਜਾਅਲੀ ਕਰੰਸੀ ਦੇ ਨਾਜਾਇਜ਼ ਕਾਰੋਬਾਰ ਨੂੰ ਰੋਕਣਾ ਭਾਰਤ ਲਈ ਇੱਕ ਵੱਡੀ ਚੁਣੌਤੀ ਹੋਵੇਗੀ।

***

## ਸਖ਼ਤ ਪੱਛਮੀ ਆਵਾਸ ਨੀਤੀਆਂ ਕਾਰਨ

ਸ਼ਰਤ ਇਹ ਹੋਵੇਗੀ ਕਿ ਉਹਨਾਂ ਕੋਲ ਉਹ ਹੁਨਰ ਹੋਵੇ, ਜਿਸ ਲਈ ਕੈਨੇਡਾ ਨੂੰ ਆਪਣੇ ਨਾਗਰਿਕਾਂ ਵਿੱਚੋਂ ਕਾਮੇ ਨਾ ਮਿਲ ਰਹੇ ਹੋਣ।

ਪਿਛਲੇ ਸਾਲ ਕੈਨੇਡਾ ਨੇ ਅਕਾਦਮਿਕ ਸੰਸਥਾਵਾਂ ਵਿੱਚ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ ਦੀ ਸ਼ਰਤ ਦੇ ਤੌਰ 'ਤੇ ਰਹਿਣ ਸਹਿਣ ਦੇ ਖਰਚਿਆਂ ਲਈ ਅਗਾਊਂ ਜਮ੍ਹਾਂ ਹੁੰਦੀ ਰਕਮ ਦੀ ਜ਼ਰੂਰਤ ਨੂੰ ਦੁੱਗਣਾ ਕਰ ਦਿੱਤਾ ਸੀ। ਪੀਆਰ ਦੇ ਨਿਯਮਾਂ ਅਤੇ ਵੀਜ਼ਾ ਨੀਤੀ ਵਿੱਚ ਆਈਆਂ ਤਬਦੀਲੀਆਂ ਕਾਰਨ ਭਾਰਤੀਆਂ ਸਣੇ ਵੱਡੀ ਗਿਣਤੀ ਵਿਦੇਸ਼ੀ ਵਿਦਿਆਰਥੀਆਂ ਅੱਗੇ ਪੜ੍ਹਾਈ ਤੋਂ ਬਾਅਦ ਕੈਨੇਡਾ ਵਿੱਚੋਂ ਕੱਢੇ ਜਾਣ ਦਾ ਖਤਰਾ ਖੜ੍ਹਾ ਹੋ ਗਿਆ ਹੈ। ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਵਿਦਿਆਰਥੀਆਂ ਤੇ ਵਰਕਰਾਂ ਲਈ ਕੈਨੇਡਾ ਪਸੰਦੀਦਾ ਦਾ ਟਿਕਾਣਾ ਬਣਿਆ ਹੋਇਆ ਸੀ। ਪਿਛਲੇ ਸਾਲ (2023 ਵਿੱਚ) ਕੈਨੇਡਾ ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ 4.27 ਲੱਖ ਸੀ, ਜਿਨ੍ਹਾਂ ਵਿੱਚੋਂ 1.47 ਲੱਖ 929% ਪੰਜਾਬ ਤੋਂ ਸਨ। ਇਸ ਤੋਂ ਇਲਾਵਾ ਵੱਡੀ ਗਿਣਤੀ ਨੌਜਵਾਨ ਪੰਜਾਬੀ ਅਜਿਹੇ ਸਨ ਜਿਨ੍ਹਾਂ ਕੋਲ ਆਰਜ਼ੀ ਰਿਹਾਇਸ਼ੀ ਪਰਮਿਟ ਹਨ ਜੋ ਕਿ ਮੁੱਕਣ ਵਾਲੇ ਹਨ। ਇਹਨਾਂ ਵਿੱਚੋਂ ਡੇਢ ਲੱਖ ਤੋਂ ਵੱਧ ਅਜਿਹੇ ਹਨ, ਜੋ ਡਿਪੋਰਟ ਹੋਣ ਦੇ ਖਤਰੇ ਨਾਲ ਜੂਝ ਰਹੇ ਹਨ। ਇਹਨਾਂ ਵਿੱਚੋਂ ਕਈ ਆਪਣੀਆਂ ਮੁਸ਼ਕਿਲਾਂ ਦੱਸਣ ਲਈ ਕੈਨੇਡਾ ਭਰ ਵਿੱਚ ਰੋਸ ਮੁਜ਼ਾਹਰੇ ਕਰ ਰਹੇ ਹਨ ਪਰ ਕੋਈ ਵੀ ਇਹਨਾਂ ਦਾ ਦੁੱਖ ਸੁਣਨ ਲਈ ਤਿਆਰ ਨਹੀਂ ਹੈ।

ਅਮਰੀਕਾ ਦੀ ਹਾਲੀਆ ਵਿੱਚ ਹੋਈ ਚੋਣ ਨੇ ਡੌਨਾਲਡ ਟਰੰਪ ਦੀ ਸੱਤਾ ਵਿੱਚ ਵਾਪਸੀ ਕਰਵਾ ਦਿੱਤੀ ਹੈ। ਉਹ 'ਅਮਰੀਕਾ ਫ਼ਸਟ' ਦੀ ਨੀਤੀ ਉੱਤੇ ਚੱਲ ਰਿਹਾ ਹੈ, ਸ਼ਾਇਦ ਆਵਾਸ ਨੀਤੀਆਂ ਸਖ਼ਤ ਕਰ ਸਕਦਾ ਹੈ। ਕਈ ਹੋਰ ਪੱਛਮੀ ਮੁਲਕਾਂ ਵਿੱਚ ਵੀ ਇਸੇ ਤਰ੍ਹਾਂ ਦੀਆਂ ਤਬਦੀਲੀਆਂ ਦੇ ਸੰਕੇਤ ਨਜ਼ਰ ਆ ਰਹੇ ਹਨ। ਇਸ ਨਾਲ ਪ੍ਰਵਾਸੀ ਭਾਰਤੀ ਭਾਈਚਾਰੇ ਅਤੇ ਭਾਰਤ ਨੂੰ ਭੇਜੀ ਜਾ ਰਹੀ ਕਮਾਈ ਉੱਤੇ ਗੰਭੀਰ ਅਸਰ ਪੈਣੇ ਤੈਅ ਹਨ। ਕੈਨੇਡਾ ਵਿੱਚ ਭਾਰਤੀ ਵਿਦਿਆਰਥੀਆਂ ਦੇ ਭਵਿੱਖ ਨੂੰ ਬਚਾਉਣ ਦੀ ਫ਼ੌਰੀ ਜ਼ਰੂਰਤ ਹੈ, ਜੋ ਉੱਥੇ ਪੱਕੇ ਤੌਰ 'ਤੇ ਵਸਣ ਦੀਆਂ ਖਾਹਿਸ਼ਾਂ ਲੈ ਕੇ ਗਏ ਸਨ। ਜੇਕਰ ਇਹਨਾਂ ਵਿੱਚੋਂ ਵੱਡੀ ਗਿਣਤੀ ਨੂੰ ਪੰਜਾਬ ਵਾਪਸ ਆਉਣ ਲਈ ਮਜਬੂਰ ਕਰ ਦਿੱਤਾ ਗਿਆ ਤਾਂ ਬਹੁਤ ਵੱਡੀ ਸਮੱਸਿਆ ਖੜ੍ਹੀ ਹੋਵੇਗੀ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਮਾਮਲੇ ਦੇ ਵਿਹਾਰਕ ਹੱਲ ਲਈ ਇਸ ਨੂੰ ਤੁਰੰਤ ਕੇਂਦਰ ਸਰਕਾਰ ਕੋਲ ਉਠਾਏ।

***

## ਨਿਆਂ ਪ੍ਰਣਾਲੀ ਵਿੱਚ ਵੱਡੇ ਪੱਧਰ

ਨਿਊਜ਼ਕਲਿੱਕ ਦੇ ਸੰਪਾਦਕ ਪ੍ਰਬੀਰ ਪੁਰਕਾਇਸਥ, ਐਡਵੋਕੇਟ ਤੀਸਤਾ ਸੀਤਲਵਾੜ ਆਦਿ ਨੂੰ ਕਈ ਕਈ ਮਹੀਨੇ ਬਿਨਾਂ ਕਿਸੇ ਮੁਕੱਦਮੇ ਦੀ ਸੁਣਵਾਈ ਦੇ ਜੇਲ੍ਹ 'ਚ ਨਜ਼ਰਬੰਦ ਕੀਤਾ ਗਿਆ। ਇਸ ਦੇ ਬਿਲਕੁਲ ਉਲਟ ਸੰਘ ਨਾਲ ਸੰਬੰਧਿਤ ਬੰਬ ਧਮਾਕਿਆਂ ਦੀਆਂ ਅੱਤਵਾਦੀ ਘਟਨਾਵਾਂ ਦੇ ਦੋਸ਼ੀ ਭਾਜਪਾ ਸੰਸਦ ਮੈਂਬਰ ਸਾਧਵੀ ਪ੍ਰਗਿਆ ਠਾਕੁਰ, ਕਰਨਲ ਪ੍ਰੋਹਿਤ, ਸਵਾਮੀ ਆਸੀਮਾਨੰਦ ਦੋਸ਼ ਸਾਬਤ ਹੋਣ ਦੇ ਬਾਵਜੂਦ ਕਈ ਸਾਲਾਂ ਤੋਂ ਜ਼ਮਾਨਤ 'ਤੇ ਬਾਹਰ ਹਨ। ਇਥੋਂ ਤੱਕ ਕਿ ਭਾਜਪਾ ਤੇ ਸੰਘ ਨਾਲ ਸੰਬੰਧਿਤ ਗੁਜਰਾਤ ਕਤਲੇਆਮ ਦੇ ਦੋਸ਼ੀ ਨੇਤਾ ਸਖਤ ਸਜ਼ਾਵਾਂ ਹੋਣ ਦੇ ਬਾਵਜੂਦ ਉਹ ਕਾਨੂੰਨੀ ਚੋਰ ਮੋਰੀਆਂ ਦਾ ਫ਼ਾਇਦਾ ਉਠਾ ਕੇ ਕਈ ਸਾਲਾਂ ਤੋਂ ਜ਼ਮਾਨਤ 'ਤੇ ਹਨ। ਕਤਲ ਤੇ ਬਲਾਤਕਾਰ ਦੇ ਗੰਭੀਰ ਦੋਸ਼ਾਂ ਹੇਠ ਉਮਰ ਕੈਦ ਦੀਆਂ ਦੋ ਸਜ਼ਾਵਾਂ ਭੁਗਤ ਰਿਹਾ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਭਾਜਪਾ ਦੀ ਕੇਂਦਰੀ ਹਕੂਮਤ ਤੇ ਹਰਿਆਣਾ ਸਰਕਾਰ ਦੀ ਸਰਪ੍ਰਸਤੀ ਹੇਠ ਬਿਨਾਂ ਕਿਸੇ ਠੋਸ ਵਜ੍ਹਾ ਦੇ ਪਿਛਲੇ 7 ਸਾਲਾਂ ਦੌਰਾਨ 13 ਵਾਰ ਪੈਰੋਲ/ਫ਼ਰਲੋ 'ਤੇ ਕਈ ਕਈ ਹਫ਼ਤੇ ਲਈ ਬਾਹਰ ਆ ਚੁੱਕਾ ਹੈ। ਸਵਾਲ ਹੈ ਕਿ ਨਿਆਂਪਾਲਿਕਾ ਤੇ ਹਕੂਮਤ ਵਲੋਂ ਆਖਿਰ ਨਿਆਂ ਦੇ ਅਜਿਹੇ ਦੋਹਰੇ ਮਿਆਰ ਕਿਉਂ ਅਪਣਾਏ ਜਾ ਰਹੇ ਹਨ ?

ਸੁਪਰੀਮ ਕੋਰਟ ਨੇ ਆਪਣੇ ਹੁਕਮਾਂ 'ਚ ਹਾਈ ਕੋਰਟਾਂ ਤੇ ਹੇਠਲੀਆਂ ਅਦਾਲਤਾਂ ਦੇ ਜੱਜਾਂ ਨੂੰ ਕਈ ਵਾਰ ਕਿਹਾ ਹੈ ਕਿ ਜ਼ਮਾਨਤ ਦੀ ਅਰਜ਼ੀ 'ਤੇ ਸੁਣਵਾਈ ਤੇ ਫ਼ੈਸਲੇ ਨੂੰ ਲੰਬੇ ਸਮੇਂ ਤੱਕ ਨਹੀਂ ਰੋਕਿਆ ਜਾ ਸਕਦਾ, ਕਿਉਂਕਿ ਜ਼ਮਾਨਤ ਇੱਕ ਨਿਯਮ ਹੈ ਅਤੇ ਜੇਲ੍ਹ ਇੱਕ ਅਪਵਾਦ ਹੈ, ਇਹੀ ਨਿਯਮ ਯੂ.ਏ.ਪੀ.ਏ. ਅਤੇ ਹਵਾਲਾ (ਪੀ.ਐਮ.ਐਲ.ਏ.) ਦੇ ਕਾਨੂੰਨਾਂ ਹੇਠ ਗ੍ਰਿਫ਼ਤਾਰ ਮੁਲਜ਼ਮਾਂ 'ਤੇ ਵੀ ਲਾਗੂ ਹੁੰਦਾ ਹੈ। ਇਸ ਲਈ ਸੁਪਰੀਮ ਕੋਰਟ ਦੇ ਰਿਟਾ: ਚੀਫ਼ ਜਸਟਿਸ ਡੀ. ਵਾਈ. ਚੰਦਰਚੂੜ ਨੇ ਨਵੰਬਰ 2021 'ਚ ਮੁਲਜ਼ਮਾਂ ਨੂੰ ਜ਼ਮਾਨਤ ਦੇਣ ਸੰਬੰਧੀ ਗੰਭੀਰ ਟਿੱਪਣੀ ਕਰਦਿਆਂ ਕਿਹਾ ਸੀ ਕਿ ਜੇ ਜ਼ਮਾਨਤ ਦੇ ਆਰਡਰ ਤੱਕ ਜੇਲ੍ਹ 'ਚ ਦੇਰੀ ਨਾਲ ਪਹੁੰਚਦੇ ਹਨ ਤਾਂ ਵੀ ਨਾਗਰਿਕਾਂ ਦੇ ਮਨੁੱਖੀ ਅਧਿਕਾਰਾਂ ਦੀ ਆਜ਼ਾਦੀ ਪ੍ਰਭਾਵਿਤ ਹੁੰਦੀ ਹੈ। ਸਵਾਲ ਹੈ ਕਿ ਉਮਰ ਖਾਲਿਦ ਤੇ ਗੁਲਫ਼ਿਸ਼ਾਂ ਦੇ ਮਾਮਲਿਆਂ 'ਚ ਹੇਠਲੀਆਂ ਤੇ ਉੱਚ ਅਦਾਲਤਾਂ ਵੱਲੋਂ ਜ਼ਮਾਨਤ ਸੰਬੰਧੀ ਅਜਿਹੇ ਹੁਕਮ ਕਿਉਂ ਨਹੀਂ ਲਾਗੂ ਕੀਤੇ ਜਾ ਰਹੇ ? ਕਿਸੇ ਨਿਰਦੋਸ਼ ਵਿਅਕਤੀ ਨੂੰ ਕਈ ਸਾਲ ਜੇਲ੍ਹ 'ਚ ਨਜਾਇਜ਼ ਨਜ਼ਰਬੰਦ ਰੱਖਣ ਤੋਂ ਬਾਅਦ ਉੱਚ ਅਦਾਲਤ ਵੱਲੋਂ ਉਸ ਨੂੰ ਬਾਇੱਜ਼ਤ ਬਰੀ ਕਰ ਦੇਣਾ ਇਨਸਾਫ਼ ਨਹੀਂ ਕਿਹਾ ਜਾ ਸਕਦਾ ਕਿਉਂਕਿ ਬੇਗੁਨਾਹ ਵਿਅਕਤੀ ਵਲੋਂ ਜੇਲ੍ਹ 'ਚ ਗੁਜ਼ਾਰੇ ਜ਼ਿੰਦਗੀ ਦੇ ਕੀਮਤੀ ਸਾਲ ਕਿਸੇ ਵੀ ਤਰ੍ਹਾਂ ਵਾਪਸ ਨਹੀਂ ਕੀਤੇ ਜਾ ਸਕਦੇ ਅਤੇ ਨਾ ਹੀ ਨਿਆਇਕ ਹਿਰਾਸਤ ਦੌਰਾਨ ਮੌਤ ਹੋਣ 'ਤੇ ਕਿਸੇ ਨਿਰਦੋਸ਼ ਮੁਲਜ਼ਮ ਨੂੰ ਉਸ ਦੀ ਜ਼ਿੰਦਗੀ ਵਾਪਸ ਕੀਤੀ ਜਾ ਸਕਦੀ ਹੈ।

ਨਿਆਂਪਾਲਿਕਾ ਵਲੋਂ ਇਨਸਾਫ਼ ਦਾ ਤਕਾਜ਼ਾ ਤਾਂ ਇਹ ਬਣਦਾ ਹੈ ਕਿ ਝੂਠੇ ਸਬੂਤਾਂ ਤੇ ਝੂਠੇ ਗਵਾਹਾਂ ਦੇ ਆਧਾਰ 'ਤੇ ਝੂਠੇ ਕੇਸ ਦਰਜ ਕਰਨ ਵਾਲੇ ਸੰਬੰਧਿਤ ਪੁਲਿਸ ਅਧਿਕਾਰੀਆਂ, ਗਵਾਹਾਂ, ਵਕੀਲਾਂ, ਜਾਂਚ ਏਜੰਸੀਆਂ ਦੇ ਅਧਿਕਾਰੀਆਂ ਤੇ ਉਨ੍ਹਾਂ ਦੇ ਸਿਆਸੀ ਆਕਾਵਾਂ ਦੇ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਕੇ ਉਨ੍ਹਾਂ ਨੂੰ ਮਿਸਾਲੀ ਸਜ਼ਾਵਾਂ ਦੇ ਕੇ ਪੀੜਤਾਂ ਨੂੰ ਯੋਗ ਮੁਆਵਜ਼ਾ ਤੇ ਸਹੀ ਇਨਸਾਫ਼ ਦਿਵਾਇਆ ਜਾਵੇ। ਉਪਰੋਕਤ ਸਭ ਕੁਝ ਦੇ ਬਾਵਜੂਦ ਦੇਸ਼ ਦੀ ਆਮ ਜਨਤਾ ਨੂੰ ਸੰਵਿਧਾਨ, ਜਮਹੂਰੀਅਤ, ਜਮਹੂਰੀ ਅਧਿਕਾਰਾਂ ਤੇ ਨਿਆਂ ਨੂੰ ਬਚਾਉਣ ਦੀ ਆਸ ਸਿਰਫ਼ ਉੱਚ ਨਿਆਂਪਾਲਿਕਾ ਤੋਂ ਹੀ ਬਚੀ ਹੈ। ਇਸ ਲਈ ਦੇਸ਼ ਦੀ ਉੱਚ ਨਿਆਂਪਾਲਿਕਾ ਨੂੰ ਹਕੂਮਤੀ ਦਬਾਅ, ਡਰ ਤੇ ਲਾਲਚ ਤੋਂ ਪੂਰੀ ਤਰ੍ਹਾਂ ਮੁਕਤ ਹੋ ਕੇ ਜਿਥੇ ਆਮ ਨਾਗਰਿਕਾਂ ਦੇ ਜਮਹੂਰੀ ਹੱਕਾਂ ਦੀ ਰਾਖੀ ਕਰਨੀ ਚਾਹੀਦੀ ਹੈ, ਉਥੇ ਹੀ ਲੱਖਾਂ ਨਿਰਦੋਸ਼ ਮੁਲਜ਼ਮਾਂ ਨੂੰ ਬਿਨਾਂ ਸ਼ਰਤ ਜੇਲ੍ਹਾਂ 'ਚੋਂ ਰਿਹਾਅ ਕਰਨ ਦੇ ਵਿਸ਼ੇਸ਼ ਯਤਨ ਵੀ ਕਰਨੇ ਚਾਹੀਦੇ ਹਨ। ਇਸ ਦੇ ਨਾਲ ਹੀ ਲੋਕ ਅਦਾਲਤਾਂ, ਪਰਿਵਾਰਕ ਅਦਾਲਤਾਂ ਤੇ ਜੱਜਾਂ ਦੀ ਗਿਣਤੀ ਵਧਾਉਣ ਸਮੇਤ ਮੌਜੂਦਾ ਨਿਆਂ ਪ੍ਰਣਾਲੀ 'ਚ ਵੱਡੇ ਪੱਧਰ 'ਤੇ ਸੁਧਾਰ ਕੀਤੇ ਜਾਣ ਦੀ ਵੀ ਲੋੜ ਹੈ ਤਾਂ ਕਿ ਕੋਈ ਵੀ ਨਿਰਦੋਸ਼ ਵਿਅਕਤੀ ਨਜਾਇਜ਼ ਹੀ ਜੇਲ੍ਹ 'ਚ ਨਜ਼ਰਬੰਦ ਨਾ ਕੀਤਾ ਜਾ ਸਕੇ ਤੇ ਹਰੇਕ ਨੂੰ ਬਰਾਬਰੀ ਦੇ ਆਧਾਰ 'ਤੇ ਸਹੀ, ਜਲਦੀ ਤੇ ਸਸਤਾ ਨਿਆਂ ਮਿਲ ਸਕੇ।

***

## ਦੁਨੀਆਂ ਦੇ 10 ਸਭ ਤੋਂ ਆਕਰਸ਼ਕ

ਲੰਡਨ, ਜੋ ਪਿਛਲੇ ਸਾਲ 10ਵੇਂ ਸਥਾਨ 'ਤੇ ਸੀ ਅਤੇ ਹਾਲ ਹੀ ਵਿੱਚ ਵਿਕਲਪਕ ਵਿਸ਼ਵ ਦੇ ਸਰਵੋਤਮ ਸ਼ਹਿਰਾਂ ਦੇ ਸੂਚਕਾਂਕ ਵਿੱਚ ਸਿਖਰ 'ਤੇ ਸੀ, ਇਸ ਸੂਚੀ ਵਿੱਚ 13ਵੇਂ ਸਥਾਨ 'ਤੇ ਹੈ। ਉਥੇ ਹੀ ਦੱਖਣੀ ਕੋਰੀਆ ਦੀ ਰਾਜਧਾਨੀ ਸਿਓਲ 12ਵੇਂ ਅਤੇ ਸੰਯੁਕਤ ਅਰਬ ਅਮੀਰਾਤ ਦਾ ਸ਼ਹਿਰ ਦੁਬਈ 14ਵੇਂ ਸਥਾਨ 'ਤੇ ਹੈ। ਹਾਲਾਂਕਿ, ਵਧੀਆ ਸੈਰ-ਸਪਾਟਾ ਬੁਨਿਆਦੀ ਢਾਂਚੇ ਦੇ ਮਾਮਲੇ ਵਿੱਚ ਲੰਡਨ ਪੈਰਿਸ ਤੋਂ ਬਿਲਕੁਲ ਹੇਠਾਂ ਹੈ। ਇਸ ਦੇ ਬਾਵਜੂਦ ਯੂਨਾਈਟਿਡ ਕਿੰਗਡਮ ਦੀ ਰਾਜਧਾਨੀ ਸੈਰ-ਸਪਾਟਾ ਨੀਤੀ, ਸਿਹਤ ਅਤੇ ਸੁਰੱਖਿਆ ਜਾਂ ਸਥਿਰਤਾ ਲਈ ਯੂਰੋਮੋਨੀਟਰ ਇੰਟਰਨੈਸ਼ਨਲ ਦੇ ਚੋਟੀ ਦੇ 10 ਵਿੱਚ ਸ਼ਾਮਲ ਹੋਣ ਵਿੱਚ ਅਸਫਲ ਰਹੀ।

***

## ਕੈਨੇਡਾ ਛੱਡ ਹੁਣ ਨਿਊਜ਼ੀਲੈਂਡ ਵੱਲ

ਉਸ ਨੇ ਦੱਸਿਆ ਕਿ ਫੰਡ ਪ੍ਰਾਪਤ ਪ੍ਰਾਈਵੇਟ ਸਿਖਲਾਈ ਅਦਾਰੇ ਵੀ ਪਿਛਲੇ ਸਾਲ 80% ਵਧੇ ਹਨ। ਸਿਮੰਡਜ਼ ਨੇ ਅੱਗੇ ਦੱਸਿਆ ਕਿ ਨਾਮਾਂਕਣ ਰਾਸ਼ਟਰੀ ਰਿਕਵਰੀ ਦੇ ਨਾਲ-ਨਾਲ 2023 ਤੋਂ ਮਹੱਤਵਪੂਰਨ ਖੇਤਰੀ ਲਾਭ ਵੀ ਦਰਸਾਉਂਦੇ ਹਨ। ਗਿਸਬੋਰਨ ਨੇ 126% ਦੇ ਵਾਧੇ ਦੇ ਨਾਲ ਸ਼ਾਨਦਾਰ ਵਾਧਾ ਦਰਜ ਕੀਤਾ ਹੈ, ਮਾਰਲਬਰੋ ਵਿੱਚ 45% ਦਾ, ਹਾਕਸ ਬੇ ਵਿੱਚ 28% ਦਾ ਅਤੇ ਵਾਈਕਾਟੋ ਵਿੱਚ 26% ਦਾ ਵਾਧਾ ਹੋਇਆ ਹੈ।

## ਹਰਿਆਣਾ ਤੇ ਮਹਾਰਾਸ਼ਟਰ ਵਿੱਚ ਮਿਲੀ

ਕਾਂਗਰਸ ਕੋਲ ਆਪਣੇ ਭਾਈਵਾਲਾਂ ਨੂੰ ਸੁਣਨ ਤੋਂ ਬਿਨਾਂ ਕੋਈ ਚਾਰਾ ਨਹੀਂ ਹੈ। ਲੋੜੋਂ ਵੱਧ ਭਰੋਸਾ ਇਸ ਨੂੰ ਹਰਿਆਣਾ ਵਿੱਚ ਮਹਿੰਗਾ ਪੈ ਚੁੱਕਾ ਹੈ ਜਿੱਥੇ ਇਸ ਨੇ 'ਇੰਡੀਆ' ਦੇ ਬਾਕੀ ਮੈਂਬਰਾਂ ਨੂੰ ਭੋਰਾ ਥਾਂ ਨਹੀਂ ਦਿੱਤੀ। ਊਧਵ ਠਾਕਰੇ ਦੀ ਸ਼ਿਵ ਸੈਨਾ ਉਨ੍ਹਾਂ ਲੋਕਾਂ ਦੀ ਸ਼ਲਾਘਾ ਕਰ ਕੇ ਮਾਮਲਾ ਹੋਰ ਵੀ ਗੁੰਝਲਦਾਰ ਕਰ ਰਹੀ ਹੈ ਜਿਨ੍ਹਾਂ ਬਾਬਰੀ ਮਸਜਿਦ ਢਾਹੀ ਸੀ; ਸੈਨਾ ਦੇ ਰੁਖ਼ ਦਾ ਸਮਾਜਵਾਦੀ ਪਾਰਟੀ ਨੇ ਪੁੱਠਾ ਜਵਾਬ ਦਿੱਤਾ ਹੈ ਕਿਉਂਕਿ ਉੱਤਰ ਪ੍ਰਦੇਸ਼ ਵਿੱਚ ਪਾਰਟੀ ਦਾ ਮੁਸਲਿਮ ਵੋਟ ਬੈਂਕ ਕਾਫ਼ੀ ਵੱਡਾ ਹੈ। ਗੱਠਜੋੜ ਨੂੰ ਇਕੱਠਾ ਰੱਖਣ ਲਈ ਜ਼ਰੂਰੀ ਹੈ ਨਹੀਂ ਤਾਂ ਇਹ ਗੱਠਜੋੜ ਅੱਜ ਨਹੀਂ ਤਾਂ ਕੱਲ੍ਹ ਸ਼ਾਇਦ ਤਿੜਕ ਜਾਵੇਗਾ ਜਿਸ ਨਾਲ ਭਾਰਤੀ ਜਨਤਾ ਪਾਰਟੀ ਲਈ ਮੈਦਾਨ ਪੱਧਰਾ ਹੋ ਜਾਵੇਗਾ। ਇਸ ਸਾਲ 4 ਜੂਨ ਨੂੰ ਲੋਕ ਸਭਾ ਚੋਣਾਂ ਦੇ ਨਤੀਜੇ ਆਉਣ ਬਾਅਦ ਤੋਂ ਅਜੇ ਤੱਕ ਇੰਡੀਆ ਗੱਠਜੋੜ ਦੀ ਕੋਈ ਵੀ ਉੱਚ-ਪੱਧਰੀ ਬੈਠਕ ਨਹੀਂ ਹੋਈ ਹੈ। ਹੁਣ ਇੰਡੀਆ ਗੱਠਜੋੜ ਨੂੰ ਇੱਕ ਸਰਗਰਮ ਤਾਲਮੇਲ ਸੰਸਥਾ ਦੇ ਰੂਪ ਵਿੱਚ ਕੰਮ ਕਰਨ ਦਾ ਸਮਾਂ ਆ ਗਿਆ ਹੈ।

***

## ਕੈਲੀਫ਼ੋਰਨੀਆ ਵਿੱਚ ਚੋਣ

ਬਹੁਤ ਉਤਸਕ ਹਾਂ। ਮੈਂ ਇਸ ਜਿੰਮੇਵਾਰੀ ਨੂੰ ਬਹੁਤ ਹੀ ਗੰਭੀਰਤਾ ਤੇ ਸੁਹਿਰਦਤਾ ਨਾਲ ਨਿਭਾਵਾਂਗੀ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਮੇਰੇ ਉਪਰ ਭਰੋਸਾ ਪ੍ਰਗਟਾਇਆ ਹੈ ਮੈ ਉਨ੍ਹਾਂ ਪ੍ਰਤੀ

ਸਮਰਪਿਤ ਭਾਵਨਾ ਨਾਲ ਕੰਮ ਕਰਾਂਗਾ। ਪਟੇਲ ਨੇ ਰਿਪਬਲੀਕਨ ਉਮੀਦਵਾਰ ਕ੍ਰਿਸਟੀ ਬਰੂਸ ਲੇਨ ਨੂੰ 53% ਵੋਟਾਂ ਪ੍ਰਾਪਤ ਕਰਕੇ 14000 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ। ਰਿਪਬਲੀਕਨ ਪ੍ਰਭਾਵ ਵਾਲੇ 76ਵੇਂ ਡਿਸਟ੍ਰਿਕਟ ਵਿੱਚ ਪਟੇਲ ਦੀ ਜਿੱਤ ਨੂੰ ਅਹਿਮ ਮੰਨਿਆ ਜਾ ਰਿਹਾ ਹੈ। ਚੋਣ ਮੁਹਿੰਮ ਦੌਰਾਨ ਜਿਥੇ ਵਿਰੋਧੀ ਉਮੀਦਵਾਰ ਬਰੂਸ ਲੇਨ ਪਟੇਲ ਦੀ ਨਿੱਜੀ ਅਲੋਚਨਾ ਕਰਦੀ ਰਹੀ ਉਥੇ ਪਟੇਲ ਨੇ ਆਪਣੇ ਪ੍ਰਚਾਰ ਦੌਰਾਨ ਲੋਕਾਂ ਦੇ ਮੁੱਦਿਆਂ ਨੂੰ ਉਭਾਰਿਆ ਤੇ ਉਨ੍ਹਾਂ ਮੁੱਦਿਆਂ ਲਈ ਕੰਮ ਕਰਨ ਦਾ ਵਾਅਦਾ ਕੀਤਾ।

***

## ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨੂੰ

ਸੱਤ ਮੈਂਬਰੀ ਕਮੇਟੀ ਦੀ ਮੀਟਿੰਗ ਤੋਂ ਪਹਿਲਾਂ ਹੀ ਸ੍ਰੀ ਧਾਮੀ ਦੇ ਕਮੇਟੀ ਦੀ ਮੀਟਿੰਗ ਸਬੰਧੀ ਆਏ ਬਿਆਨ ਤੋਂ ਉਹ ਹੈਰਾਨ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮਿਲਣਗੇ ਤੇ ਸਮੁੱਚੀ ਸਥਿਤੀ ਤੋਂ ਜਾਣੂ ਕਰਵਾਉਣਗੇ।

ਇਸ ਦੌਰਾਨ ਸੁਧਾਰ ਲਹਿਰ ਦੇ ਆਗੂਆਂ ਵਿੱਚ ਸ਼ਾਮਲ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਅਕਾਲ ਤਖ਼ਤ ਵੱਲੋਂ ਲਾਈ ਤਨਖ਼ਾਹ ਨੂੰ ਮੁਕੰਮਲ ਕਰ ਲਿਆ ਹੈ। ਇਸ ਸਬੰਧ ਵਿੱਚ ਅਕਾਲ ਤਖ਼ਤ ਵਿਖੇ ਤਨਖ਼ਾਹ ਦੀ ਸਮਾਪਤੀ ਅਤੇ ਖਿਮਾ ਯਾਚਨਾ ਦੀ ਅਰਦਾਸ ਕਰਵਾਈ ਹੈ।

***

## ਸੁਖਬੀਰ ਬਾਦਲ 'ਤੇ ਹੋਏ ਹਮਲੇ ਦੇ

ਜਿਵੇਂ ਮੈਂ ਪਹਿਲਾਂ ਵੀ ਕਹਿ ਚੁੱਕਾ ਹਾਂ ਕਿ ਭਾਈ ਨਰਾਇਣ ਸਿੰਘ ਚੌੜਾ ਦੇ ਧੁਰ ਅੰਦਰਲੇ ਨੂੰ ਫ਼ਰੋਲਣਾ ਇਨ੍ਹਾਂ ਆਸਾਨ ਨਹੀਂ ਹੈ। ਉਸ ਦੇ ਅੰਦਰ 'ਵਿਦਵਤਾ' ਤੇ 'ਐਕਸ਼ਨ' ਦੀ ਸਿਧਾਂਤਕ ਨਦੀ ਹਰ ਵੇਲੇ ਵਗਦੀ ਰਹਿੰਦੀ ਹੈ। ਕਦੇ ਇਹ ਨਦੀ ਖਾਮੋਸ਼, ਚੁੱਪ ਚੁਪੀਤੇ ਡੀਲੇ ਘਾਹ ਵਾਂਗ ਵੱਧਦੀ ਅਤੇ ਵਗਦੀ ਹੈ ਅਤੇ ਕਦੇ ਇਹ ਕੰਢਿਆਂ ਨੂੰ ਤੋੜਦੀ ਹੋਈ ਸ਼ੂਕਦੀ ਨਦੀ ਦਾ ਰੂਪ ਧਾਰਨ ਕਰ ਲੈਂਦੀ ਹੈ।

ਭਾਈ ਨਰਾਇਣ ਸਿੰਘ ਚੌੜਾ ਸਾਦਗੀ ਵਿੱਚ ਜੀਵਨ ਬਤੀਤ ਕਰਦੇ ਹਨ। ਸ਼ਹੀਦ ਖਾੜਕੂਆਂ ਦੇ ਭੋਗਾਂ 'ਤੇ ਜਾਂਦੇ ਹਨ। ਬਹੁਤੀ ਵਾਰ ਬੱਸਾਂ ਵਿੱਚ ਹੀ ਸਫ਼ਰ ਕਰਦੇ ਹਨ। ਬਹੁਤੇ ਸਾਬਕਾ ਖਾੜਕੂਆਂ ਵਾਂਗ ਉਹਨਾਂ ਕੋਲ ਵੱਡੀਆਂ ਗੱਡੀਆਂ ਵੀ ਨਹੀਂ ਹਨ। ਕਿੰਨੇ ਸਾਲਾਂ ਤੋਂ ਉਹ ਇਹ ਕੋਸ਼ਿਸ਼ ਕਰ ਲਏ ਸਨ ਕਿ ਖੇਤੀ ਤੋਂ ਮਿਲਣ ਵਾਲਾ ਮੁਨਾਫ਼ੇ ਨਾਲ ਉਹ ਕਾਰ ਲੈਣ, ਪਰ ਅਜੇ ਤੱਕ ਉਹ ਸਫ਼ਲ ਨਹੀਂ ਹੋ ਸਕੇ। ਕਈ ਕਈ ਮੀਲ ਪੈਦਲ ਵੀ ਚਲਦੇ ਹਨ, ਚਾਹ ਤੱਕ ਨਹੀਂ ਪੀਂਦੇ। ਥੋੜੇ ਦਿਨ ਪਹਿਲਾਂ ਝੋਨਾ ਵੇਚਣ ਤੋਂ ਪਿੱਛੋਂ ਕਣਕ ਦੀ ਬਿਜਾਈ ਵੀ ਉਹਨਾਂ ਨੇ ਖੁਦ ਕੀਤੀ ਹੈ। ਸਫ਼ਰ ਵਿੱਚ ਹਰ ਸਮੇਂ ਇੱਕ ਲੈਪਟਾਪ ਉਹਨਾਂ ਦਾ ਸਾਥੀ ਹੁੰਦਾ ਹੈ, ਜਿਸ ਵਿੱਚ ਉਹ ਆਪਣੇ ਅਨੁਭਵ, ਆਪਣੀਆਂ ਯਾਦਾਂ, ਆਪਣੇ ਤਜਰਬੇ ਤੇ ਆਰਟੀਕਲ ਲਿਖਦੇ ਰਹਿੰਦੇ ਹਨ। ਗੁਰੂ ਗ੍ਰੰਥ ਸਾਹਿਬ ਦੇ ਦਰਜਨਾਂ ਸਹਿਜ ਪਾਠ ਉਹਨਾਂ ਨੇ ਕੀਤੇ ਹਨ। ਗੁਰਬਾਣੀ, ਸਿੱਖ ਇਤਿਹਾਸ ਤੇ ਜੁਝਾਰੂ ਲਹਿਰ ਉਹਨਾਂ ਦੀ ਜਿੰਦ ਜਾਨ ਹੈ। ਗੁਰਬਾਣੀ ਦੀ ਇੱਕ ਪਾਵਨ ਸਤਰ ਉਹਨਾਂ ਦੀ ਹਰ ਸਮੇਂ ਅਗਵਾਈ ਕਰਦੀ ਹੈ:

"ਊਠਤ ਬੈਠਤ ਸੋਵਤ ਜਾਗਤ ਇਹ ਮਨ ਤੁਝਹਿ ਚਿਤਾਰੈ।" ਉਹਨਾਂ ਦਾ ਯਕੀਨ ਹੈ ਕਿ ਖ਼ਾਲਸਾ ਪੰਥ ਦੀ ਯਾਦ ਨੂੰ ਚਿਤਵਣਾ ਹੀ ਰੱਬ ਦੀ ਯਾਦ ਦਾ ਦੂਜਾ ਰੂਪ ਹੈ।

ਪਿਛਲੇ ਬੁੱਧਵਾਰ ਵਾਲੇ ਦਿਨ ਪਤਾ ਨਹੀਂ ਕਦੋਂ 68 ਸਾਲਾਂ ਦੇ ਨਰਾਇਣ ਸਿੰਘ ਚੌੜਾ ਅੰਦਰ ਬੁੱਢੇ ਜਰਨੈਲ ਸ਼ਾਮ ਸਿੰਘ ਅਟਾਰੀ ਵਾਲੇ ਦੀ ਰੂਹ ਆ ਗਈ ਜਾਂ ਬੋਤਾ ਸਿੰਘ ਤੇ ਗਰਜਾ ਸਿੰਘ ਦਾ ਪਹਿਰਾ ਦੇ ਗਿਆ ਕਿ ਸਿੱਖ ਪੰਥ 'ਤੇ ਹੋਏ ਤੇ ਹੋ ਰਹੇ ਅਣਗਿਣਤ ਜ਼ੁਲਮ ਉਸ ਦੇ ਸਾਰੇ ਜਿਸਮ ਅੰਦਰ ਇੱਕ ਥਾਂ 'ਤੇ ਇਕੱਠੇ ਹੋ ਗਏ ਅਤੇ ਉਸ ਨੂੰ ਇਉਂ ਮਹਿਸੂਸ ਹੋਇਆ ਕਿ ਸਿੱਖੀ ਸਿਧਾਂਤਾਂ ਦਾ ਘਾਣ ਕਰਨ ਵਾਲੇ ਵਿਅਕਤੀ ਨੂੰ ਉਹ ਸਜ਼ਾ ਅਸਲ ਵਿੱਚ ਨਹੀਂ ਮਿਲੀ ਜਿਸ ਦਾ ਉਹ ਹੱਕਦਾਰ ਸੀ ਤੇ ਇਸੇ ਲਈ ਹੀ ਉਸ ਦੇ ਬੌਧਿਕ ਜਜ਼ਬਿਆਂ ਨਾਲ ਲੱਦੇ ਕਦਮ ਸੁਖਬੀਰ ਬਾਦਲ ਵੱਲ ਹੋ ਤੁਰੇ।

ਹੁਣ ਵਿਦਵਾਨ ਅਤੇ ਸਿਆਸਤਦਾਨ ਉਸ ਦੀ ਕਾਰਵਾਈ ਦਾ ਇੱਕ ਬਿਰਤਾਂਤ ਘੜਨਗੇ, ਘੜ ਵੀ ਰਹੇ ਹਨ। ਇੱਕ ਸਾਂਝਾ ਬਿਰਤਾਂਤ ਸਾਡੇ ਸਾਹਮਣੇ ਆਵੇਗਾ ਜਾਂ ਇੰਝ ਕਹਿ ਲਵੋ ਕਿ ਵਨ ਸਵੰਨੇ ਝੂਠ ਇੱਕ ਥਾਂ 'ਤੇ ਇਕੱਠੇ ਹੋ ਜਾਣਗੇ ਜਾਂ ਦੂਜੇ ਲਫ਼ਜ਼ਾਂ ਵਿੱਚ ਸਮਕਾਲੀ ਰਾਜਨੀਤਿਕ ਪੰਛੀ ਇੱਕੋ ਟਾਹਣ 'ਤੇ ਬੈਠੇ ਨਜ਼ਰ ਆਉਣਗੇ। ਇਹ ਉਹ ਪਲ ਹੁੰਦੇ ਹਨ ਜਦੋਂ ਦਾਨੇ ਸੌਂ ਜਾਂਦੇ ਹਨ ਪਰ ਦੀਵਾਨੇ ਹੀ ਜਾਗਦੇ ਹਨ।

ਪਰ ਇੱਕ ਬਿਰਤਾਂਤ ਆਉਣ ਵਾਲੇ ਕੱਲ ਦੇ ਇਤਿਹਾਸਕਾਰ ਤੇ ਬੁੱਧੀਜੀਵੀ ਪੇਸ਼ ਕਰਨਗੇ ਜੋ ਅੱਜ ਦੇ ਬਿਰਤਾਂਤ ਨਾਲੋਂ ਵੱਖਰਾ ਵੀ ਹੋਵੇਗਾ ਤੇ ਸ਼ਾਇਦ ਉਲਟ ਵੀ। ਉਦੋਂ ਤੱਕ ਸਭ ਕਿਸਮ ਦੀਆਂ ਸਮਕਾਲੀ ਈਰਖਾਵਾਂ, ਲੋਭ, ਲਾਲਚ, ਸੱਤਾ ਦੀਆਂ ਭੁੱਖਾਂ, ਡਰ, ਖ਼ਤਰੇ ਮੁਰਝਾ ਜਾਂਦੇ ਹਨ ਤੇ ਸੱਚ ਨਿਖਰ ਕੇ ਸਾਹਮਣੇ ਆ ਜਾਂਦਾ ਹੈ। ਸੱਚ ਤੱਕ ਪੁੱਜਣ ਦੇ ਸਫ਼ਰ ਬਹੁਤ ਵਿੰਗ ਤੜਿੰਗੇ ਤੇ ਟੇਢੇ ਮੇਢੇ ਹੁੰਦੇ ਹਨ। ਇਤਿਹਾਸ ਹੀ ਇਹੋ ਜਿਹੇ ਡਾਂਡੇ ਮੀਡੇ ਰਾਹਾਂ ਦਾ ਮੁਸਾਫ਼ਰ ਬਣ ਕੇ ਸੱਚ ਦਾ ਹਾਣੀ ਸਿੱਧ ਹੁੰਦਾ ਹੈ। ਗੁਰਬਾਣੀ ਦਾ ਐਲਾਨ ਹੈ: "ਜਿਨ੍ਹਾਂ ਪਛਾਤਾ ਸਚੁ ਚੁੰਮਾ ਪੈਰ ਮੂੰ।"


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com